ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 21 | Issue 130| 3 to 9 July , 2024 | Ph.: (510) 240-5949 | Email: asrtimes@gmail.com

## ਖਡੂਰ ਸਾਹਿਬ ਤੋਂ ਸਾਂਸਦ ਅੰਮ੍ਰਿਤਪਾਲ ਸਿੰਘ 5 ਜੁਲਾਈ ਨੂੰ ਚੁੱਕ ਸਕਦੇ ਨੇ ਸਹੁੰ

### ਪੰਜਾਬ ਸਰਕਾਰ ਨੇ ਲੋਕ ਸਭਾ ਸਪੀਕਰ ਬਿਰਲਾ ਨੂੰ ਭੇਜੀ ਅਰਜ਼ੀ

ਨਵੀਂ ਦਿੱਲੀ/ਏ.ਟੀ.ਨਿਊਜ਼: ਖਡੂਰ ਸਾਹਿਬ ਤੋਂ ਚੁਣੇ ਗਏ ਸਾਂਸਦ ਭਾਈ ਅੰਮ੍ਰਿਤਪਾਲ ਸਿੰਘ ਦੀ ਸਹੁੰ ਚੁੱਕਣ ਦੀ ਸੰਭਾਵਨਾ ਜਲਦ ਹੈ। ਸੂਤਰਾਂ ਮੁਤਾਬਕ ਅੰਮ੍ਰਿਤਪਾਲ ਸਿੰਘ 5 ਜੁਲਾਈ ਨੂੰ ਸਹੁੰ ਚੁੱਕ ਸਕਦੇ ਹਨ। ਪੰਜਾਬ ਸਰਕਾਰ ਨੇ ਅੰਮ੍ਰਿਤਪਾਲ ਸਿੰਘ ਨੂੰ ਸਹੁੰ ਚੁਕਾਉਣ ਲਈ ਲੋਕ ਸਭਾ ਸਪੀਕਰ ਓਮ ਬਿਰਲਾ ਨੂੰ ਅਰਜ਼ੀ ਭੇਜੀ ਹੈ। ਦੱਸ ਦਈਏ ਅੰਮ੍ਰਿਤਪਾਲ ਇਸ ਸਮੇਂ ਐਨ.ਐਸ.ਏ. ਤਹਿਤ ਆਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹੈ।

ਤੁਹਾਨੂੰ ਦੱਸ ਦੇਈਏ ਕਿ ਜੇਲ੍ਹ ਵਿੱਚ ਬੰਦ ਭਾਈ ਅੰਮ੍ਰਿਤਪਾਲ ਸਿੰਘ ਨੇ ਖਡੂਰ ਸਾਹਿਬ ਤੋਂ ਆਜ਼ਾਦ ਉਮੀਦਵਾਰ ਵਜੋਂ ਚੋਣ ਜਿੱਤੀ ਹੈ। ਸਾਬਕਾ ਸੰਸਦ ਮੈਂਬਰ ਅਤੇ ਅੰਮ੍ਰਿਤਪਾਲ ਦੇ ਬੁਲਾਰੇ ਰਾਜਦੇਵ ਸਿੰਘ ਖਾਲਸਾ ਨੇ ਦੱਸਿਆ ਕਿ ਅੰਮ੍ਰਿਤਸਰ ਦੇ ਜ਼ਿਲ੍ਹਾ ਮੈਜਿਸਟ੍ਰੇਟ ਅੱਗੇ ਅੰਮ੍ਰਿਤਪਾਲ ਦੀ ਪੈਰੋਲ ਲਈ ਪਟੀਸ਼ਨ ਦਾਇਰ ਕੀਤੀ ਗਈ ਹੈ। ਖਾਲਸਾ ਨੇ ਕਿਹਾ, ਮੈਜਿਸਟਰੇਟ ਨੇ ਇਹ ਪਟੀਸ਼ਨ ਪੰਜਾਬ ਦੇ ਗ੍ਰਹਿ ਸਕੱਤਰ ਨੂੰ ਭੇਜੀ ਅਤੇ ਉਸ ਤੋਂ ਬਾਅਦ ਇਸ ਨੂੰ ਲੋਕ ਸਭਾ ਸਪੀਕਰ ਨੂੰ ਭੇਜ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਚੁਣੇ ਗਏ ਮੈਂਬਰ ਨੂੰ 60 ਦਿਨਾਂ ਦੇ ਅੰਦਰ ਮੈਂਬਰਸ਼ਿਪ ਲੈਣੀ ਪੈਂਦੀ ਹੈ। ਹਾਲਾਂਕਿ ਲੋਕ ਸਭਾ ਨੇ ਹੁਣ ਤੱਕ ਕੋਈ ਕਾਰਵਾਈ ਨਹੀਂ ਕੀਤੀ ਹੈ। ਪੰਜਾਬ ਤੋਂ ਚੁਣੇ ਗਏ ਕੁੱਲ 13 ਸੰਸਦ ਮੈਂਬਰਾਂ 'ਚੋਂ 12 ਨੇ ਸਹੁੰ ਚੁੱਕੀ ਹੈ।




ਅੰਮ੍ਰਿਤਪਾਲ ਦੇ ਵਕੀਲ ਮੁਤਾਬਕ ਅੰਮ੍ਰਿਤਪਾਲ ਸਿੰਘ ਨੇ 11 ਜੂਨ ਨੂੰ ਪੰਜਾਬ ਸਰਕਾਰ ਨੂੰ ਪੱਤਰ ਲਿਖ ਕੇ ਸੰਸਦ ਮੈਂਬਰ ਵਜੋਂ ਸਹੁੰ ਚੁੱਕਣ ਲਈ ਹਿਰਾਸਤ ਤੋਂ ਆਰਜ਼ੀ ਰਿਹਾਈ ਦੀ ਮੰਗ ਕੀਤੀ ਸੀ। 'ਵਾਰਿਸ ਪੰਜਾਬ ਦੇ' ਸੰਸਥਾ ਦੇ ਮੁਖੀ ਅੰਮ੍ਰਿਤਪਾਲ ਸਿੰਘ ਇਸ ਸਮੇਂ ਐਨ.ਐਸ.ਏ. ਅਧੀਨ ਆਪਣੇ ਨੌਂ ਸਾਥੀਆਂ ਸਮੇਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਹਨ। ਇਸ ਦੌਰਾਨ ਜੰਮੂ-ਕਸ਼ਮੀਰ ਦੇ ਬਾਰਾਮੂਲਾ ਤੋਂ ਸੰਸਦ ਮੈਂਬਰ ਇੰਜੀਨੀਅਰ ਰਸ਼ੀਦ ਸਹੁੰ ਨਹੀਂ ਚੁੱਕ ਸਕੇ। ਉਹ ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ (ਯੂ.ਏ.ਪੀ.ਏ.) ਦੇ ਤਹਿਤ ਦਰਜ ਇੱਕ ਕੇਸ ਵਿੱਚ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਬੰਦ ਹੈ। ਹਾਲਾਂਕਿ ਹੁਣ ਐਨ.ਆਈ.ਏ. ਉਨ੍ਹਾਂ ਨੂੰ ਸਹੁੰ ਚੁੱਕਣ ਲਈ ਪੈਰੋਲ ਦੇਣ ਲਈ ਤਿਆਰ ਹੋ ਗਈ ਹੈ।

### ਰਾਹੁਲ ਗਾਂਧੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ ਦੀ ਕੀਤੀ ਸੰਸਦ 'ਚ ਚਰਚਾ



ਨਵੀਂ ਦਿੱਲੀ/ਏ.ਟੀ.ਨਿਊਜ਼: 18ਵੀਂ ਲੋਕ ਸਭਾ ਦੇ ਗਠਨ ਤੋਂ ਬਾਅਦ ਸੰਸਦ ਦਾ ਪਹਿਲਾ ਸੈਸ਼ਨ ਚੱਲ ਰਿਹਾ ਹੈ। ਕਾਂਗਰਸ ਨੇਤਾ ਅਤੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਵਲੋਂ ਸੰਸਦ ਵਿੱਚ ਸਿੱਖਾਂ ਦੇ ਪਹਿਲੇ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਸਵੀਰ ਦਿਖਾਈ ਗਈ, ਜਿਸ ਤੋਂ ਬਾਅਦ ਉਹਨਾਂ ਨੇ ਗੁਰੂ ਜੀ ਦੀਆਂ ਉਦਾਸੀਆਂ ਦੀ ਚਰਚਾ ਕੀਤੀ। ਰਾਹੁਲ ਗਾਂਧੀ ਨੇ ਸੰਸਦ ਵਿੱਚ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਤਸਵੀਰ ਵਿੱਚ ਵੀ ਅਭੈ ਮੁੱਦਰਾ ਵਿਖਾਈ ਦੇਵੇਗੀ। ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਡਰੋ ਨਾ, ਡਰਾਓ ਨਾ।

ਰਾਹੁਲ ਗਾਂਧੀ ਨੇ ਸ੍ਰੀ ਗੁਰੂ ਨਾਨਕ ਦੇਵ ਦੀ ਦੀਆਂ ਯਾਤਰਾਵਾਂ (ਉਦਾਸੀਆਂ) ਦਾ ਸੰਸਦ ਵਿੱਚ ਜ਼ਿਕਰ ਕਰਦੇ ਹੋਏ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਪੰਜਾਬ ਤੋਂ ਮਕਾ ਗਏ। ਫਿਰ ਉਹ ਥਾਈਲੈਂਡ ਤੱਕ ਗਏ, ਅਫ਼ਗਾਨਿਸਤਾਨ ਗਏ, ਸ਼੍ਰੀਲੰਕਾ ਗਏ। ਰਾਹੁਲ ਗਾਂਧੀ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਹਮੇਸ਼ਾ ਸੱਚ ਦੀ ਗੱਲ ਕੀਤੀ ਹੈ। ਉਹਨਾਂ ਨੇ ਕਦੇ ਵੀ ਆਪਣੀ ਜ਼ਿੰਦਗੀ ਵਿੱਚ ਕਿਸੇ ਨੂੰ ਨਹੀਂ ਡਰਾਇਆ।

## ਕੰਗਨਾ ਰਣੌਤ ਦੇ ਥੱਪੜ ਮਾਰਨ ਵਾਲੀ ਸੀ.ਆਈ.ਐਸ.ਐਫ. ਮੁਲਾਜ਼ਮ ਕੁਲਵਿੰਦਰ ਕੌਰ ਦੀ ਬੰਗਲੌਰ ਕੀਤੀ ਬਦਲੀ

ਐਮ ਪੀ ਕੰਗਨਾ ਰਣੌਤ ਦੇ ਥੱਪੜ ਮਾਰਨ ਵਾਲੀ ਕੁਲਵਿੰਦਰ ਕੌਰ ਖਿਲਾਫ ਵੱਡੀ ਕਾਰਵਾਈ ਕੀਤੀ ਗਈ ਹੈ। ਕੁਲਵਿੰਦਰ ਕੌਰ ਦੀ ਪੰਜਾਬ ਤੋਂ ਮੀਲਾਂ ਦੂਰ ਬਦਲੀ ਕੀਤੀ ਗਈ ਹੈ। ਸੀ.ਆਈ.ਐਸ.ਐਫ. ਦੀ ਮੁਲਾਜ਼ਮ ਕੁਲਵਿੰਦਰ ਕੌਰ ਦੀ ਚੰਡੀਗੜ੍ਹ ਤੋਂ ਬੰਗਲੌਰ ਵਿਚ ਬਦਲੀ ਕੀਤੀ ਗਈ ਹੈ। ਦੱਸ ਦੇਈਏ ਕਿ ਕਿਸਾਨਾਂ ਬਾਰੇ ਮਾੜਾ ਬੋਲਣ 'ਤੇ ਕੁਲਵਿੰਦਰ ਕੌਰ ਨੇ 6 ਜੂਨ ਨੂੰ ਚੰਡੀਗੜ੍ਹ ਏਅਰਪੋਰਟ 'ਤੇ ਕੰਗਨਾ ਰਣੌਤ ਦੇ ਥੱਪੜ ਮਾਰਿਆ ਸੀ। ਥੱਪੜ ਕਾਂਡ ਮਗਰੋਂ ਕੁਲਵਿੰਦਰ ਕੌਰ ਨੂੰ ਮੁਅੱਤਲ ਕਰ ਦਿੱਤਾ



ਗਿਆ ਸੀ ਤੇ ਮਾਮਲੇ 'ਚ ਮੋਹਾਲੀ ਪੁਲਿਸ ਨੇ 'ਸਿਟ' ਵੀ ਬਣਾਈ ਸੀ।

ਪੁਲਿਸ ਨੇ ਉਸ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਸੀ। ਇਹ ਕਾਰਵਾਈ ਆਈਪੀਸੀ ਦੀ ਧਾਰਾ 323 (ਹਮਲਾ) ਅਤੇ 341 (ਰਸਤੇ ਵਿਚ ਰੁਕਾਵਟ) ਦੇ ਤਹਿਤ ਕੀਤੀ ਹੈ ਪਰ ਕਿਸਾਨ ਜਥੇਬੰਦੀਆਂ ਵੱਲੋਂ ਇਸ ਦਾ ਵਿਰੋਧ ਕੀਤਾ ਗਿਆ। ਕੰਗਨਾ ਨੇ ਕਿਸਾਨ ਅੰਦੋਲਨ ਦੌਰਾਨ ਕਈ ਬਿਆਨ ਦਿੱਤੇ ਸਨ। ਉਸ ਨੇ ਸੋਸ਼ਲ ਮੀਡੀਆ 'ਤੇ ਅੰਦੋਲਨਕਾਰੀਆਂ ਦੀ ਤੁਲਨਾ ਅਤਿਵਾਦੀਆਂ ਨਾਲ ਕੀਤੀ ਸੀ।

### ਯੂ.ਪੀ. 'ਚ ਸਤਿਸੰਗ ਦੌਰਾਨ ਪਈ ਭਾਜੜ ਦੌਰਾਨ 124 ਮੌਤਾਂ ਹੋਣ ਦਾ ਮਾਮਲਾ

## ਸਮਾਗਮਾਂ ਦੌਰਾਨ ਭਾਜੜ: ਜ਼ਿੰਮੇਵਾਰ ਕੌਣ?

ਪਟਿਆਲਾ/ਏ.ਟੀ.ਨਿਊਜ਼ : ਉੱਤਰ ਪ੍ਰਦੇਸ਼ ਦੇ ਹਾਥਰਸ ਜ਼ਿਲ੍ਹੇ ਦੇ ਪੁਲਰਾਈ ਪਿੰਡ ਵਿੱਚ ਨਾਰਾਇਣ ਸਾਕਾਰ ਉਰਫ ਭੋਲੇ ਬਾਬਾ ਦੇ ਸਤਿਸੰਗ ਤੋਂ ਬਾਅਦ ਮੱਚੀ ਭਾਜੜ ਵਿੱਚ 124 ਤੋਂ ਜ਼ਿਆਦਾ ਸ਼ਰਧਾਲੂਆਂ ਦੀ ਮੌਤ ਹੋ ਗਈ ਅਤੇ ਸੈਂਕੜੇ ਲੋਕ ਜ਼ਖ਼ਮੀ ਹੋ ਗਏ, ਜਿਹਨਾਂ ਵਿੱਚ ਬੱਚਿਆਂ ਅਤੇ ਮਹਿਲਾਵਾਂ ਦੀ ਗਿਣਤੀ ਬਹੁਤ ਹੈ। ਹਾਦਸੇ ਤੋਂ ਬਾਅਦ ਬਾਬਾ ਨਾਰਾਇਣ ਸਾਕਾਰ ਫਰਾਰ ਹੋ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਬੀਤੇ ਦਿਨ ਦੁਪਹਿਰ 12.30 ਵਜੇ ਸਤਿਸੰਗ ਦੇ ਬਾਅਦ ਭੀੜ ਬਾਬਾ ਦੇ ਦਰਸ਼ਨ ਕਰਨ ਲਈ ਉਤਾਵਲੀ ਸੀ, ਸੇਵਾਦਾਰ ਭੀੜ ਨੂੰ ਰੋਕ ਕੇ ਬਾਬੇ ਨੂੰ ਸਤਿਸੰਗ ਸਥਾਨ ਦੇ ਪਿਛਲੇ ਪਾਸਿਓਂ ਲੈ ਕੇ ਜਾਣ ਦਾ ਯਤਨ ਕਰ ਰਹੇ ਸਨ। ਬਾਬੇ ਦੇ ਦਰਸ਼ਨ ਕਰਨ ਲਈ ਭੀੜ ਬੇਕਾਬੂ ਹੋ ਗਈ ਅਤੇ ਭਾਜੜ ਪੈ ਗਈ, ਜਿਸ ਕਾਰਨ ਇਹ ਦੁਖਾਂਤ ਵਾਪਰ ਗਿਆ। (ਬਾਕੀ ਸਫ਼ਾ 30 'ਤੇ)



### ਜਾਣੋ ਕੌਣ ਹੈ ਭੋਲੇ ਬਾਬਾ ?



ਸਾਕਾਰ ਵਿਸ਼ਵ ਹਰੀ ਭੋਲੇ ਬਾਬਾ ਜਿਸ ਦੇ ਧਾਰਮਿਕ ਪ੍ਰਵਚਨ ਦੌਰਾਨ ਉੱਤਰ ਪ੍ਰਦੇਸ਼ ਦੇ ਹਾਥਰਸ ਵਿਚ ਭਗਦੜ ਮਚਣ ਕਾਰਨ 124 ਲੋਕਾਂ ਦੀ ਮੌਤ ਹੋ ਗਈ, ਹਾਲ ਦੀ ਘੜੀ ਗਾਇਬ ਹੈ। ਭੋਲੇ ਬਾਬਾ ਦੀ ਭਾਲ ਵਿਚ ਪੁਲੀਸ ਵੱਲੋਂ ਮੈਨਪੁਰੀ ਜ਼ਿਲ੍ਹੇ ਦੇ ਰਾਮ ਕੁਟੀਰ ਚੈਰੀਟੇਬਲ ਟਰੱਸਟ ਵਿਚ ਖੋਜ ਮੁਹਿੰਮ ਵੀ ਚਲਾਈ ਗਈ, ਪਰ ਉਹ ਉਥੇ ਨਹੀਂ ਮਿਲਿਆ। ਇਸ ਮਾਮਲੇ ਨੂੰ ਲੈ ਕੇ ਦਿਲਚਸਪ ਗੱਲ ਇਹ ਹੈ ਕਿ ਦਰਜ ਕੀਤੀ ਗਈ ਐਫ਼ਆਈਆਰ ਵਿਚ ਭੋਲੇ ਬਾਬਾ ਦਾ ਦੋਸ਼ੀ ਵਜੋਂ ਜ਼ਿਕਰ ਨਹੀਂ ਕੀਤਾ ਗਿਆ ਹੈ। ਪੁਲੀਸ ਵੱਲੋਂ ਉਸਦੇ(ਭੋਲੇ ਬਾਬਾ) ਮੈਨੇਜਰ, ਪ੍ਰਬੰਧਕ ਅਤੇ ਮੁੱਖ ਸੇਵਾਦਾਰ ਕਹੇ ਜਾਂਦੇ ਦੇਵ ਪ੍ਰਕਾਸ਼ ਮਾਧੁਕਰ ਅਤੇ ਧਾਰਮਿਕ ਸਮਾਗਮ ਕਰਨ ਵਾਲੇ ਹੋਰ ਪ੍ਰਬੰਧਕਾਂ ਨੂੰ ਐਫ਼ਆਈਆਰ ਵਿਚ ਨਾਮਜ਼ਦ ਕੀਤਾ ਗਿਆ ਹੈ। ਸਾਕਾਰ ਵਿਸ਼ਵ ਹਰੀ ਭੋਲੇ ਬਾਬਾ ਨੂੰ ਜਿਸਨੂੰ ਪਹਿਲਾਂ ਸੌਰਭ ਕੁਮਾਰ ਦੇ ਨਾਮ ਨਾਲ ਜਾਣਿਆ ਜਾਂਦਾ ਸੀ, ਉੱਤਰ ਪ੍ਰਦੇਸ ਪੁਲੀਸ ਦੇ (ਬਾਕੀ ਸਫ਼ਾ 30 'ਤੇ)



# ਅਪਰਾਧਾਂ ਨੂੰ ਰੋਕਣ 'ਚ ਕਿੰਨੇ ਕੁ ਸਫ਼ਲ ਹੋਣਗੇ ਨਵੇਂ ਅਪਰਾਧਿਕ ਕਾਨੂੰਨ ?

## ਕਾਨੂੰਨਾਂ ਦੀ ਦੁਰਵਰਤੋਂ ਰੋਕਣ ਲਈ ਵੀ ਉਪਰਾਲੇ ਕਰਨ ਦੀ ਲੋੜ

ਪਟਿਆਲਾ/ਏ.ਟੀ.ਨਿਊਜ਼ : ਭਾਰਤ ਵਿੱਚ 1 ਜੁਲਾਈ ਤੋਂ ਤਿੰਨ ਮੁੱਖ ਕਾਨੂੰਨ ਲਾਗੂ ਕਰ ਦਿੱਤੇ ਗਏ ਹਨ। ਕਾਨੂੰਨ ਦੇ ਇਹ ਕੋਡ ਭਾਰਤੀ ਸਿਵਲ ਡਿਫੈਂਸ ਕੋਡ , ਭਾਰਤੀ ਨਿਆਂਇਕ ਸੰਹਿਤਾ ਅਤੇ ਭਾਰਤੀ ਸਬੂਤ ਐਕਟ ਹਨ। ਨਵੇਂ ਕਾਨੂੰਨਾਂ 'ਚ ਕੁਝ ਧਾਰਾਵਾਂ ਨੂੰ ਹਟਾ ਕੇ ਕੁਝ ਨਵੀਆਂ ਧਾਰਾਵਾਂ ਜੋੜੀਆਂ ਗਈਆਂ ਹਨ। ਕਾਨੂੰਨ ਵਿੱਚ ਨਵੀਆਂ ਧਾਰਾਵਾਂ ਸ਼ਾਮਲ ਹੋਣ ਤੋਂ ਬਾਅਦ ਆਮ ਲੋਕਾਂ ਦੇ ਨਾਲ-ਨਾਲ ਪੁਲਿਸ, ਵਕੀਲਾਂ ਅਤੇ ਅਦਾਲਤਾਂ ਦੇ ਕੰਮਕਾਜ ਵਿੱਚ ਵੀ ਕਾਫ਼ੀ ਬਦਲਾਅ ਆ ਜਾਵੇਗਾ ਪਰ ਹੁਣ ਵੱਡਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਨਵੇਂ ਕਾਨੂੰਨਾਂ ਨੂੰ ਲਾਗੂ ਕਰਨ ਨਾਲ ਭਾਰਤ ਵਿੱਚ ਹੋ ਰਹੇ ਅਪਰਾਧਾਂ ਵਿੱਚ ਕਮੀ ਆ ਜਾਵੇਗੀ ? ਅਤੇ ਇਹ ਨਵੇਂ ਕਾਨੂੰਨ ਭਾਰਤ ਵਿੱਚ ਅਪਰਾਧਾਂ ਨੂੰ ਰੋਕਣ ਵਿੱਚ ਕਿੰਨੇ ਕੁ ਸਫ਼ਲ ਹੋਣਗੇ ?

ਮਹਾਨ ਦੇਸ਼ ਕਹੇ ਜਾਂਦੇ ਭਾਰਤ ਦੀ ਇੱਕ ਅਸਲੀਅਤ ਇਹ ਵੀ ਹੈ, ਕਿ ਇਸ ਦੇਸ਼ ਵਿੱਚ ਵੱਡੇ ਪੱਧਰ 'ਤੇ ਹਰ ਕਿਸਮ ਦੇ ਅਪਰਾਧ ਹੁੰਦੇ ਹਨ ਭਾਵੇਂ ਕਿ ਅਪਰਾਧਾਂ ਦੀ ਰੋਕਥਾਮ ਅਤੇ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਕਾਨੂੰਨ ਹਨ, ਪਰ ਅਕਸਰ ਅਨੇਕਾਂ ਅਪਰਾਧੀ ਕਾਨੂੰਨ ਦੀ ਗ੍ਰਿਫ਼ਤ ਵਿੱਚ ਆਉਣ ਤੋਂ ਬਚੇ ਰਹਿੰਦੇ ਹਨ ਜਾਂ ਫਿਰ ਕਾਨੂੰਨਾਂ ਦੀਆਂ ਚੋਰ ਮੋਰੀਆਂ ਰਾਹੀਂ ਉਹ ਬਚ ਨਿਕਲਦੇ ਹਨ। ਹੁਣ ਭਾਰਤ ਵਿੱਚ ਜਿਹੜੇ ਤਿੰਨ ਨਵੇਂ ਅਪਰਾਧਿਕ ਕਾਨੂੰਨ ਲਾਗੂ ਕੀਤੇ ਗਏ ਹਨ, ਉਹਨਾਂ ਬਾਰੇ ਕਿਹਾ ਜਾ ਰਿਹਾ ਹੈ ਕਿ ਇਹਨਾਂ ਕਾਨੂੰਨਾਂ ਕਾਰਨ ਹੁਣ ਅਪਰਾਧੀਆਂ ਦਾ ਬਚਣਾ ਮੁਸ਼ਕਿਲ ਹੋ ਜਾਵੇਗਾ ਪਰ ਸਵਾਲ ਇਹ ਵੀ ਉਠਾਇਆ ਜਾ ਰਿਹਾ ਹੈ ਕਿ ਕੀ ਇਹ ਕਾਨੂੰਨ ਸਿਰਫ਼ ਅਪਰਾਧੀਆਂ ਲਈ ਹੀ ਵਰਤੇ ਜਾਣਗੇ ? ਜਾਂ ਤਾਕਤਵਰ ਲੋਕਾਂ ਵੱਲੋਂ ਇਹਨਾਂ ਕਾਨੂੰਨਾਂ ਦੀ ਦੁਰਵਰਤੋਂ ਆਪਣੇ ਵਿਰੋਧੀਆਂ ਨੂੰ ਠਿਕਾਣੇ ਲਗਾਉਣ ਲਈ ਵੀ ਕੀਤੀ ਜਾਵੇਗੀ ? ਭਾਰਤ ਵਿੱਚ ਅਕਸਰ ਵੇਖਣ ਵਿੱਚ ਆਇਆ ਹੈ ਕਿ ਸੱਤਾਧਾਰੀ ਪਾਰਟੀ ਵੱਲੋਂ ਵੀ ਆਪਣੇ ਵਿਰੋਧੀ ਨੇਤਾਵਾਂ ਨੂੰ ਰੋਕਣ ਲਈ ਅਕਸਰ ਕਾਨੂੰਨਾਂ




ਦੀ ਵਰਤੋ ਜਾਂ ਦੁਰਵਰਤੋਂ ਕੀਤੀ ਜਾਂਦੀ ਹੈ। ਇਸੇ ਤਰ੍ਹਾਂ ਕੁਝ ਲੋਕ ਸਿਰਫ਼ ਆਪਣੇ ਵਿਰੋਧੀਆਂ ਨੂੰ ਪ੍ਰੇਸ਼ਾਨ ਕਰਨ ਲਈ ਹੀ ਕਾਨੂੰਨਾਂ ਦਾ ਸਹਾਰਾ ਲੈ ਕੇ ਉਹਨਾਂ ਨੂੰ ਝੂਠੇ ਕੇਸਾਂ ਵਿੱਚ ਫਸਾਈ ਰੱਖਦੇ ਹਨ। ਇਸ ਤੋਂ ਇਲਾਵਾ ਨਵੇਂ ਕਾਨੂੰਨਾਂ ਵਿੱਚ ਮਹਿਲਾਵਾਂ ਦੀ ਸੁਰੱਖਿਆ ਵੱਲ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ ਅਤੇ ਮਹਿਲਾਵਾਂ ਵਿਰੁੱਧ ਅਪਰਾਧਾਂ ਲਈ ਨਵੇਂ ਕਾਨੂੰਨ ਕਾਫ਼ੀ ਸਖ਼ਤ ਹਨ ਪਰ ਇਥੇ ਸਵਾਲ ਇਹ ਕੀਤਾ ਜਾ ਰਿਹਾ ਹੈ ਕਿ ਅਨੇਕਾਂ ਮਹਿਲਾਵਾਂ ਵੀ ਮਹਿਲਾਵਾਂ ਦੀ ਰੱਖਿਆ ਲਈ ਬਣਾਏ ਹੋਏ ਕਾਨੂੰਨਾਂ ਦਾ ਨਾਜਾਇਜ਼ ਲਾਭ ਲੈ ਕੇ ਕਈ ਵਾਰ ਭੋਲੇ ਭਾਲੇ ਵਿਅਕਤੀਆਂ ਨੂੰ ਵੀ ਝੂਠੇ ਕੇਸਾਂ ਵਿੱਚ ਫਸਾ ਦਿੰਦੀਆਂ ਹਨ। ਹੁਣ ਨਵੇਂ ਕਾਨੂੰਨਾਂ ਵਿੱਚ ਮਹਿਲਾਵਾਂ ਪ੍ਰਤੀ ਅਪਰਾਧ ਕਰਨ ਵਾਲਿਆਂ ਨੂੰ ਸਖ਼ਤ ਸਜ਼ਾਵਾਂ ਮਿਲਣ ਦੀ ਸੰਭਾਵਨਾ ਪ੍ਰਗਟਾਈ ਜਾ ਰਹੀ ਹੈ, ਪਰ ਕੀ ਕੁਝ ਮਹਿਲਾਵਾਂ ਇਹਨਾਂ ਕਾਨੂੰਨਾਂ ਦੀ ਦੁਰਵਰਤੋਂ ਤਾਂ ਨਹੀਂ ਕਰਨ ਲੱਗਣਗੀਆਂ। ਇਹਨਾਂ ਨਵੇਂ ਕਾਨੂੰਨਾਂ ਸਬੰਧੀ ਇਹ ਖਿਆਲ ਵੱਡੀ ਗਿਣਤੀ ਆਮ ਲੋਕਾਂ ਦੇ ਦਿਮਾਗ ਵਿੱਚ ਘੁੰਮ ਰਹੇ ਹਨ ਅਤੇ ਇਹਨਾਂ ਸਵਾਲਾਂ ਦੇ ਜਵਾਬ ਉਹਨਾਂ ਨੂੰ ਮਿਲਣੇ ਮੁਸ਼ਕਿਲ ਹਨ।

ਕਿਹਾ ਜਾਂਦਾ ਹੈ ਕਿ ਦੇਰ ਨਾਲ ਮਿਲਿਆ ਨਿਆਂ ਵੀ ਅਨਿਆਂ ਹੁੰਦਾ ਹੈ। ਮੋਦੀ ਸਰਕਾਰ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਨਵੇਂ ਕਾਨੂੰਨਾਂ ਨਾਲ ਹੁਣ ਪੀੜਤਾਂ ਨੂੰ ਜਲਦੀ ਨਿਆਂ ਮਿਲ ਜਾਵੇਗਾ। ਸਰਕਾਰ ਅਨੁਸਾਰ ਜਲਦੀ ਨਿਆਂ ਦੇਣ ਲਈ ਇਹਨਾਂ ਕਾਨੂੰਨਾਂ ਵਿੱਚ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਹਨਾਂ ਕਾਨੂੰਨਾਂ ਰਾਹੀਂ ਹੁਣ ਨਿਆਂ ਦੇਣ ਲਈ ਸਮਾਂ ਸੀਮਾ ਨਿਸ਼ਚਿਤ ਕਰ ਦਿੱਤੀ ਗਈ ਹੈ ਤਾਂ ਕਿ ਆਮ ਲੋਕਾਂ ਨੂੰ ਨਿਆਂ ਲੈਣ ਲਈ ਲੰਬਾ ਸਮਾਂ ਭਟਕਣਾ ਨਾ ਪਵੇ।

ਜ਼ਿਕਰਯੋਗ ਹੈ ਕਿ ਨਵੇਂ ਕਾਨੂੰਨ ਦਾ ਉਨ੍ਹਾਂ ਕੇਸਾਂ ਦੀ ਜਾਂਚ ਅਤੇ ਸੁਣਵਾਈ 'ਤੇ ਕੋਈ ਅਸਰ ਨਹੀਂ ਪਵੇਗਾ ਜੋ 1 ਜੁਲਾਈ ਤੋਂ ਪਹਿਲਾਂ ਦਰਜ ਕੀਤੇ ਗਏ ਸਨ। 1 ਜੁਲਾਈ ਤੋਂ ਸਾਰੇ ਅਪਰਾਧ ਨਵੇਂ ਕਾਨੂੰਨ ਤਹਿਤ ਦਰਜ ਕੀਤੇ ਜਾਣਗੇ। ਅਦਾਲਤਾਂ ਵਿੱਚ ਪੁਰਾਣੇ ਕੇਸਾਂ ਦੀ ਸੁਣਵਾਈ ਪੁਰਾਣੇ ਕਾਨੂੰਨ ਤਹਿਤ ਹੀ ਹੋਵੇਗੀ। ਨਵੇਂ ਕਾਨੂੰਨ ਦੇ ਦਾਇਰੇ ਵਿੱਚ ਨਵੇਂ ਕੇਸਾਂ ਦੀ ਜਾਂਚ ਅਤੇ ਸੁਣਵਾਈ ਕੀਤੀ ਜਾਵੇਗੀ।

ਭਾਰਤ ਵਿੱਚ ਤਿੰਨ ਨਵੇਂ ਅਪਰਾਧਿਕ ਕਾਨੂੰਨਾਂ ਦੇ ਲਾਗੂ ਹੋਣ ਤੋਂ ਬਾਅਦ ਕੇਂਦਰ ਸਰਕਾਰ ਵੱਲੋਂ ਆਸ ਪ੍ਰਗਟਾਈ ਜਾ ਰਹੀ ਹੈ ਕਿ ਇਹ ਨਵੇਂ ਕਾਨੂੰਨ ਭਾਰਤ ਵਿੱਚ ਅਪਰਾਧਾਂ ਨੂੰ ਰੋਕਣ ਵਿੱਚ ਅਤੇ ਪੀੜਤਾਂ ਨੂੰ ਜਲਦੀ ਨਿਆਂ ਦੇਣ ਵਿੱਚ ਕਾਰਗਰ ਹੋਣਗੇ। ਚਾਹੀਦਾ ਤਾਂ ਇਹ ਹੈ ਕਿ ਇਹਨਾਂ ਕਾਨੂੰਨਾਂ ਨੂੰ ਲਾਗੂ ਕਰਨ ਤੋਂ ਬਾਅਦ ਇਹਨਾਂ ਕਾਨੂੰਨਾਂ ਸਮੇਤ ਪੁਰਾਣੇ ਕਾਨੂੰਨਾਂ ਦੀ ਕੁਝ ਲੋਕਾਂ ਵੱਲੋਂ ਦੁਰਵਰਤੋਂ ਕੀਤੇ ਜਾਣ ਤੋਂ ਰੋਕਣ ਲਈ ਵੱਡੇ ਅਤੇ ਅਸਰਦਾਇਕ ਕਾਨੂੰਨੀ ਉਪਰਾਲੇ ਕੀਤੇ ਜਾਣ ਤਾਂ ਕਿ ਕੋਈ ਸ਼ਰਾਰਤੀ ਅਨਸਰ, ਤਾਕਤਵਰ ਲੋਕ ਜਾਂ ਸੱਤਾ ਦੇ ਨਸ਼ੇ ਵਿੱਚ ਚੂਰ ਸਿਆਸੀ ਨੇਤਾ ਆਮ ਲੋਕਾਂ ਜਾਂ ਆਪਣੇ ਵਿਰੋਧੀਆਂ ਨੂੰ ਝੂਠੇ ਕੇਸਾਂ ਵਿੱਚ ਨਾ ਫਸਾ ਸਕਣ। ਨਵੇਂ ਕਾਨੂੰਨ ਤਾਂ ਹੀ ਸਹੀ ਤਰੀਕੇ ਨਾਲ ਆਪਣਾ ਕੰਮ ਕਰ ਸਕਦੇ ਹਨ ਜੇ ਇਹਨਾਂ ਕਾਨੂੰਨਾਂ ਦੀ ਦੁਰਵਰਤੋਂ ਹੋਣ ਤੋਂ ਰੋਕੇ ਜਾਣ ਲਈ ਹੁਣੇ ਤੋਂ ਯਤਨ ਕੀਤੇ ਜਾਣ। ਇਸ ਲਈ ਨਿਆਂਪਾਲਿਕਾ, ਵਿਧਾਨਪਾਲਿਕਾ ਅਤੇ ਕਾਰਜਪਾਲਿਕਾ ਵਿਚਾਲੇ ਆਪਸੀ ਤਾਲਮੇਲ ਸਹੀ ਤਰੀਕੇ ਨਾਲ ਹੋਣਾ ਬਹੁਤ ਜ਼ਰੂਰੀ ਹੈ।

## ਹਰ ਘੰਟੇ ਤਿੰਨ ਕਤਲ, ਹਰ ਰੋਜ਼ 78 ਕਤਲ...




ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐੱਨ.ਸੀ.ਆਰ.ਬੀ.) ਦੇ ਅੰਕੜਿਆਂ ਅਨੁਸਾਰ ਸਾਲ 2022 ਵਿੱਚ ਦੇਸ਼ ਵਿੱਚ 28 ਹਜ਼ਾਰ 522 ਕਤਲ ਦੇ ਮਾਮਲੇ ਦਰਜ ਕੀਤੇ ਗਏ। ਮਤਲਬ ਹਰ ਰੋਜ਼ ਔਸਤਨ 78 ਕਤਲ ਹੁੰਦੇ ਹਨ। ਨਾਲ ਹੀ, ਕਤਲ ਦੇ ਕੁੱਲ 28,522 ਮਾਮਲੇ ਦਰਜ ਕੀਤੇ ਗਏ, ਜੋ ਕਿ 2021 (29,272 ਕੇਸ) ਦੇ ਮੁਕਾਬਲੇ 2.6% ਦੀ ਮਾਮੂਲੀ ਗਿਰਾਵਟ ਨੂੰ ਦਰਸਾਉਂਦਾ ਹੈ।

ਇਸ ਦੇ ਨਾਲ ਹੀ, 2022 ਵਿੱਚ ਔਰਤਾਂ ਵਿਰੁੱਧ ਅਪਰਾਧਾਂ ਦੇ ਕੁੱਲ 4,45,256 ਮਾਮਲੇ ਦਰਜ ਕੀਤੇ ਗਏ, ਜੋ ਕਿ 2021 (4,28,278 ਕੇਸ) ਦੇ ਮੁਕਾਬਲੇ 4.0% ਦਾ ਵਾਧਾ ਦਰਸਾਉਂਦਾ ਹੈ।

ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐੱਨ.ਸੀ.ਆਰ.ਬੀ.) ਦੀ ਸਾਲਾਨਾ ਅਪਰਾਧ ਰਿਪੋਰਟ ਦੇ ਅਨੁਸਾਰ, 2022 ਵਿੱਚ ਕਤਲ ਦੀਆਂ ਕੁੱਲ 28,522 ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਸਨ, ਜਿਸ ਦਾ ਮਤਲਬ ਹੈ ਕਿ ਹਰ ਦਿਨ ਔਸਤਨ 78 ਕਤਲ ਜਾਂ ਹਰ ਘੰਟੇ ਤਿੰਨ ਤੋਂ ਵੱਧ ਕਤਲ। ਹਾਲਾਂ ਕਿ, ਇਹ 2021 ਵਿੱਚ ਕਤਲ ਦੇ 29,272 ਅਤੇ 2020 ਵਿੱਚ 29,193 ਕਤਲ ਕੇਸਾਂ ਤੋਂ ਘੱਟ ਹਨ।

ਅੰਕੜਿਆਂ ਮੁਤਾਬਕ 2022 'ਚ ਕਤਲ ਦੇ 9,962 ਮਾਮਲਿਆਂ ਦਾ ਕਾਰਨ 'ਮਾਮੂਲੀ ਝਗੜਾ' ਸੀ। ਇਸ ਤੋਂ ਬਾਅਦ 3,761 ਕੇਸਾਂ ਵਿੱਚ 'ਨਿੱਜੀ ਬਦਲਾਖੋਰੀ ਜਾਂ ਦੁਸ਼ਮਣੀ' ਅਤੇ 1,884 ਕੇਸਾਂ ਵਿੱਚ 'ਲਾਲਚ/ਲਾਭ' ਕਾਰਨ ਸੀ। ਇਸ ਦੇ ਨਾਲ ਹੀ ਦੇਸ਼ ਭਰ ਵਿੱਚ ਪ੍ਰਤੀ ਲੱਖ ਆਬਾਦੀ ਵਿੱਚ ਕਤਲ ਦੀ ਦਰ 2.1 ਸੀ, ਜਦੋਂ ਕਿ ਅਜਿਹੇ ਮਾਮਲਿਆਂ ਵਿੱਚ ਚਾਰਜਸ਼ੀਟ ਦਾਇਰ ਕਰਨ ਦੀ ਦਰ 81.5 ਸੀ।

ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐੱਨ. ਸੀ. ਆਰ. ਬੀ.) ਦੀਆਂ ਤਾਜ਼ਾ ਖੋਜਾਂ ਦੇ ਆਧਾਰ 'ਤੇ, 2023 ਲਈ ਭਾਰਤ ਵਿੱਚ ਅਪਰਾਧ ਦਰ 445.9 ਪ੍ਰਤੀ 100,000 ਵਿਅਕਤੀ ਸੀ। ਇਸ ਸਾਲ ਚੋਰੀ ਸਭ ਤੋਂ ਵੱਧ ਪ੍ਰਚਲਿਤ ਅਪਰਾਧ ਵਜੋਂ ਉਭਰੀ, ਇਸ ਤੋਂ ਬਾਅਦ ਲੁੱਟ- ਖੋਹ ਅਤੇ ਹਮਲੇ ਦੇ ਅਪਰਾਧ ਹੋਏ। ਉੱਤਰ ਪ੍ਰਦੇਸ਼, ਕੇਰਲ, ਮਹਾਰਾਸ਼ਟਰ, ਦਿੱਲੀ ਅਤੇ ਬਿਹਾਰ ਨੂੰ ਦੇਸ਼ ਵਿੱਚ ਸਭ ਤੋਂ ਵੱਧ ਅਪਰਾਧ ਦਰ ਵਾਲੇ ਰਾਜਾਂ ਵਜੋਂ ਪਛਾਣਿਆ ਗਿਆ ਹੈ।

## ਨਿਆਂ ਵਿਵਸਥਾ ਦਾ ਭਾਰਤੀਕਰਨ ਹੋਇਆ : ਅਮਿਤ ਸ਼ਾਹ

ਨਵੀਂ ਦਿੱਲੀ/ਏ.ਟੀ.ਨਿਊਜ਼ : ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੰਸਦ ਭਵਨ ਦੇ ਕੰਪਲੈਕਸ ਵਿੱਚ ਮੀਡੀਆ ਨੂੰ ਸੰਬੋਧਿਤ ਕਰਦਿਆਂ ਕਿਹਾ ਕਿ ਆਖ਼ਰਕਾਰ ਨਵੇਂ ਕਾਨੂੰਨਾਂ ਦੀ ਲੋੜ ਕਿਉਂ ਪਈ ? ਉਨ੍ਹਾਂ ਨੇ ਤਿੰਨ ਨਵੇਂ ਅਪਰਾਧਕ ਕਾਨੂੰਨਾਂ ਨੂੰ ਵਿਸਥਾਰ ਨਾਲ ਸਮਝਾਉਂਦਿਆ ਕਿਹਾ ਕਿ ਇੰਡੀਅਨ ਪੀਨਲ ਕੋਡ ਹੁਣ ਭਾਰਤੀ ਨਿਆਂ ਸੰਹਿਤਾ ਬਣ ਚੁੱਕਾ ਹੈ। ਆਜ਼ਾਦੀ ਦੀ 77 ਸਾਲਾਂ ਬਾਅਦ ਅਪਰਾਧਕ ਨਿਆਂ ਸਿਸਟਮ ਹੁਣ ਪੂਰੀ ਤਰ੍ਹਾਂ ਸਵਦੇਸ਼ੀ ਹੋ ਚੁੱਕਾ ਹੈ। ਗ੍ਰਹਿ ਮੰਤਰੀ ਨੇ ਦੱਸਿਆ ਕਿ 6 ਧਾਰਾਵਾਂ ਨੂੰ ਰੱਦ ਕਰ ਕੇ ਦੋ ਨਵੀਆਂ ਧਾਰਾਵਾਂ ਜੋੜੀਆਂ ਗਈਆਂ ਹਨ। ਉਨ੍ਹਾਂ ਨੇ ਇਸ ਨਵੇਂ ਕਾਨੂੰਨਾਂ ਨੂੰ ਨਵਾਂ ਨਜ਼ਰੀਆ ਦੱਸਿਆ। ਸ਼ਾਹ ਮੁਤਾਬਕ ਸਹੀ ਮਾਇਨਿਆਂ ਵਿੱਚ ਨਿਆਂ ਵਿਵਸਥਾ ਦਾ ਭਾਰਤੀਕਰਨ ਹੋਇਆ ਹੈ।



ਗ੍ਰਹਿ ਮੰਤਰੀ ਨੇ ਕਿਹਾ ਕਿ ਨਵੇਂ ਅਪਰਾਧਕ ਸਿਸਟਮ ਤਹਿਤ ਹੁਣ ਸਜ਼ਾ ਦੀ ਥਾਂ ਨਿਆਂ ਹੋਵੇਗਾ। ਰਾਜਧਰੋਹ ਦੀ ਥਾਂ ਦੇਸ਼ਧਰੋਹ ਕੀਤਾ ਗਿਆ ਹੈ, ਜੋ ਕਿ ਅੰਗਰੇਜ਼ਾਂ ਨੇ ਆਪਣੀ ਸੁਰੱਖਿਆ ਲਈ ਬਣਾਇਆ ਸੀ। ਗਵਾਹਾਂ ਦੀ ਸੁਰੱਖਿਆ ਲਈ ਪ੍ਰਸਤਾਵ ਲਿਆਂਦਾ ਗਿਆ ਹੈ। ਮੌਬ ਲਿਚਿੰਗ (ਭੀੜ ਵਲੋਂ ਕੁੱਟਮਾਰ) ਖ਼ਿਲਾਫ਼ ਵੀ ਨਵੇਂ ਅਪਰਾਧਕ ਕਾਨੂੰਨ ਵਿੱਚ ਵਿਵਸਥਾ ਹੈ। ਹੁਣ ਮਹਿਲਾ ਅਪਰਾਧ ਪ੍ਰਤੀ ਸਖ਼ਤ ਸਜ਼ਾ ਦਿੱਤੀ ਜਾਵੇਗੀ। ਸ਼ਾਹ ਨੇ ਦੱਸਿਆ ਕਿ ਨਵੇਂ ਕਾਨੂੰਨ ਵਿੱਚ, ਕਈ ਵਿਵਸਥਾਵਾਂ ਜੋ ਅੰਗਰੇਜ਼ਾਂ ਦੇ ਸਮੇਂ ਤੋਂ ਵਿਵਾਦਾਂ ਵਿੱਚ ਸਨ, ਇਨ੍ਹਾਂ ਵਿਵਸਥਾਵਾਂ ਨੂੰ ਬਦਲਿਆ ਗਿਆ ਹੈ।

ਗ੍ਰਹਿ ਮੰਤਰੀ ਸ਼ਾਹ ਨੇ ਕਿਹਾ ਕਿ ਸਜ਼ਾ ਦੀ ਥਾਂ ਨਿਆਂ ਹੋਵੇਗਾ, ਦੇਰੀ ਦੀ ਥਾਂ ਤੁਰੰਤ ਸੁਣਵਾਈ ਅਤੇ ਨਿਆਂ ਹੋਵੇਗਾ। ਪਹਿਲਾਂ ਸਿਰਫ ਪੁਲਿਸ ਦੇ ਅਧਿਕਾਰ ਸੁਰੱਖਿਅਤ ਸਨ, ਹੁਣ ਪੀੜਤਾਂ ਅਤੇ ਸ਼ਿਕਾਇਤਕਰਤਾਵਾਂ ਦੇ ਅਧਿਕਾਰ ਸੁਰੱਖਿਅਤ ਹੋਣਗੇ।

## 'ਬੁਲਡੋਜ਼ਰ ਇਨਸਾਫ਼' ਨੂੰ ਬਰਦਾਸ਼ਤ ਨਹੀਂ ਕਰਾਂਗੇ : ਕਾਂਗਰਸ

ਤਿੰਨ ਨਵੇਂ ਅਪਰਾਧਿਕ ਕਾਨੂੰਨਾਂ ਨੂੰ ਵਿਰੋਧੀ ਧਿਰ ਦੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਕਿਉਂਕਿ ਵਿਰੋਧੀ ਧਿਰ ਦਾ ਦੋਸ਼ ਹੈ ਕਿ ਉਨ੍ਹਾਂ ਨੂੰ ਸੰਸਦ ਵਿੱਚ ਜ਼ਬਰਦਸਤੀ ਪਾਸ ਕੀਤਾ ਗਿਆ ਸੀ। ਕਾਂਗਰਸੀ ਆਗੂਆਂ ਨੇ ਇਨ੍ਹਾਂ ਕਾਨੂੰਨਾਂ ਦੀ ਨਿਖੇਧੀ ਕਰਦਿਆਂ ਇਨ੍ਹਾਂ ਨੂੰ ਗੈਰ-ਸੰਵਿਧਾਨਕ ਅਤੇ ਬੇਲੋੜਾ ਦੱਸਿਆ ਹੈ। ਇਨ੍ਹਾਂ ਤਿੰਨਾਂ ਕਾਨੂੰਨਾਂ ਖ਼ਿਲਾਫ਼ ਸੁਪਰੀਮ ਕੋਰਟ ਵਿੱਚ ਜਨਹਿਤ ਪਟੀਸ਼ਨ ਵੀ ਦਾਇਰ ਕੀਤੀ ਗਈ ਹੈ।



ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਾਨੂੰਨ ਲਾਗੂ ਹੋਣ ਦੇ ਦਿਨ 1 ਜੁਲਾਈ ਨੂੰ ਐਕਸ (ਪਹਿਲਾਂ ਟਵਿੱਟਰ) 'ਤੇ ਇੱਕ ਟਵੀਟ ਵਿੱਚ ਇਨ੍ਹਾਂ ਕਾਨੂੰਨਾਂ ਦੀ ਨਿੰਦਾ ਕੀਤੀ ਹੈ। ਖੜਗੇ ਨੇ ਇੱਕ ਪੋਸਟ ਵਿੱਚ ਲਿਖਿਆ, '146 ਸੰਸਦ ਮੈਂਬਰਾਂ ਨੂੰ ਮੁਅੱਤਲ ਕਰਕੇ ਉਨ੍ਹਾਂ ਨੂੰ ਜ਼ਬਰਦਸਤੀ ਪਾਸ ਕੀਤਾ ਗਿਆ। 'ਇੰਡੀਆ' ਗੱਠਜੋੜ ਹੁਣ ਇਸ 'ਬੁਲਡੋਜ਼ਰ ਇਨਸਾਫ਼' ਸੰਸਦੀ ਪ੍ਰਣਾਲੀ ਨੂੰ ਕੰਮ ਕਰਨ ਦੀ ਇਜਾਜ਼ਤ ਨਹੀਂ ਦੇਵੇਗਾ।

ਕਾਂਗਰਸ ਨੇਤਾ ਪੀ. ਚਿਦੰਬਰਮ ਨੇ ਸਰਕਾਰ 'ਤੇ ਨਿਸ਼ਾਨਾ ਸਾਧਦੇ ਹੋਏ ਦੋਸ਼ ਲਗਾਇਆ ਕਿ ਨਵੇਂ ਕਾਨੂੰਨਾਂ ਦਾ ਵੱਡਾ ਹਿੱਸਾ 'ਕੱਟ, ਕਾਪੀ ਅਤੇ ਪੇਸਟ' ਹੈ, ਜਿਸ ਨੂੰ ਕੁਝ ਸੋਧਾਂ ਨਾਲ ਪੂਰਾ ਕੀਤਾ ਜਾ ਸਕਦਾ ਸੀ।

ਚਿਦੰਬਰਮ ਨੇ ਇੱਕ ਪੋਸਟ ਵਿੱਚ ਕਿਹਾ, 'ਮੌਜੂਦਾ ਤਿੰਨ ਕਾਨੂੰਨਾਂ ਵਿੱਚ ਕੁਝ ਸੋਧਾਂ ਨਾਲ ਜੋ ਕੰਮ ਪੂਰਾ ਕੀਤਾ ਜਾ ਸਕਦਾ ਸੀ, ਉਹ ਇੱਕ ਬੇਕਾਰ ਅਭਿਆਸ ਵਿੱਚ ਬਦਲ ਗਿਆ ਹੈ।' ਚਿਦੰਬਰਮ ਨੇ ਇਹ ਵੀ ਦੋਸ਼ ਲਗਾਇਆ ਕਿ ਅਪਰਾਧਿਕ ਨਿਆਂ ਪ੍ਰਣਾਲੀ ਵਿੱਚ ਕੁਝ ਬਦਲਾਅ 'ਪ੍ਰਥਮ ਤੌਰ 'ਤੇ ਗੈਰ-ਸੰਵਿਧਾਨਕ' ਸਨ।

# ਬਾਗ਼ੀ ਅਕਾਲੀਆਂ ਦੇ ਕਬੂਲਨਾਮੇ ਕਾਰਨ ਬਾਦਲ ਦਲ ਤੇ ਜਥੇਦਾਰ ਧਰਮ ਸੰਕਟ ਵਿੱਚ

## ਅਕਾਲੀ ਸਰਕਾਰ ਵੇਲੇ ਦੀਆਂ ਗਲਤੀਆਂ ਦੀ ਖਿਮਾ ਯਾਚਨਾ ਦੀ ਅਕਾਲ ਤਖ਼ਤ ਦੇ ਜਥੇਦਾਰ ਅੱਗੇ ਕੀਤੀ ਅਪੀਲ

## ਬਾਗ਼ੀ ਨਵਾਂ ਅਕਾਲੀ ਦਲ ਬਣਾਉਣ ਦੀ ਥਾਂ ਸੰਗਠਨ 'ਚ ਰਹਿਕੇ ਕਰਨਗੇ ਜਦੋ - ਜਹਿਦ

ਅਕਾਲੀ ਸਰਕਾਰ ਵੇਲੇ ਹੋਈਆਂ ਭੁੱਲਾਂ-ਗਲਤੀਆਂ ਦੀ ਖਿਮਾ ਯਾਚਨਾ ਕਰਨ ਲਈ ਅਕਾਲੀ ਦਲ ਦਾ ਬਾਗ਼ੀ ਧੜਾ ਬੀਤੇ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ ਸਨਮੁਖ ਪੇਸ਼ ਹੋਇਆ। ਡੇਰਾ ਸਿਰਸਾ ਦੇ ਮੁਖੀ ਨੂੰ ਮੁਆਫ਼ੀ ਦੇਣੀ, ਸੁਮੇਧ ਸੈਣੀ ਨੂੰ ਡੀ.ਜੀ.ਪੀ. ਲਾਉਣਾ, ਇਜ਼ਹਾਰ ਆਲਮ ਦੀ ਪਤਨੀ ਨੂੰ ਟਿਕਟ ਦੇ ਕੇ ਮੁੱਖ ਸੰਸਦੀ ਸਕੱਤਰ ਬਣਾਉਣਾ, ਬੇਅਦਬੀਆਂ ਦਾ ਇਨਸਾਫ਼ ਨਾ ਦਿਵਾ ਸਕਣਾ ਵੱਡੀਆਂ ਭੁੱਲਾਂ-ਗਲਤੀਆਂ ਦੱਸ ਕੇ ਕਬੂਲੀਆਂ ਗਈਆਂ। ਨਾਲ ਹੀ ਕਿਹਾ ਗਿਆ ਕਿ ਉਦੋਂ ਅਸੀਂ ਬੋਲ ਨਹੀਂ ਸਕੇ, ਚੁੱਪ ਰਹੇ ਸੀ, ਮਜਬੂਰੀ ਵੱਸ ਬੋਲਿਆ ਨਹੀਂ ਜਾ ਸਕਿਆ। ਉਸੇ ਗੱਲ ਦਾ ਪਛਤਾਵਾ ਕਰਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਮੁਆਫ਼ੀ ਮੰਗਣ ਆਏ ਹਾਂ। ਨਾਰਾਜ਼ ਗਰੁੱਪ ਨਾਲ ਸੰਬੰਧਿਤ ਸੀਨੀਅਰ ਅਕਾਲੀ ਆਗੂਆਂ ਨੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਚਾਰ ਸਫ਼ਿਆਂ ਦਾ ਬੇਨਤੀ ਪੱਤਰ ਸੌਂਪ ਕੇ ਗੁਰੂ ਅਤੇ ਗੁਰੂ ਪੰਥ ਤੋਂ ਖਿਮਾ ਯਾਚਨਾ ਦੀ ਮੰਗ ਕਰਦਿਆਂ ਅਕਾਲ ਤਖ਼ਤ ਸਾਹਿਬ ਵੱਲੋਂ ਗੁਰਮਤਿ ਪਰੰਪਰਾ ਅਨੁਸਾਰ ਬਣਦੀ ਸਜ਼ਾ ਦੇਣ ਦੀ ਅਪੀਲ ਕੀਤੀ ਅਤੇ ਅਕਾਲ ਤਖ਼ਤ ਦੇ ਸਨਮੁਖ ਹੋ ਕੇ ਅਕਾਲੀ ਦਲ ਨੂੰ ਪਹਿਲਾਂ ਵਾਂਗ ਮੁੜ ਸੁਰਜੀਤ ਕਰਨ ਲਈ ਅਰਦਾਸ ਕੀਤੀ ਗਈ।

ਇਨ੍ਹਾਂ ਪੰਥਕ ਆਗੂਆਂ ਵਿੱਚ ਪ੍ਰੇਮ ਸਿੰਘ ਚੰਦੂਮਾਜਰਾ, ਬੀਬੀ ਜਗੀਰ ਕੌਰ, ਪਰਮਿੰਦਰ ਸਿੰਘ ਢੀਂਡਸਾ, ਸੁਰਜੀਤ ਸਿੰਘ ਰੱਖੜਾ, ਭਾਈ ਮਨਜੀਤ ਸਿੰਘ ਭੂਰਾ ਕੋਹਨਾ, ਗੁਰਪ੍ਰਤਾਪ ਸਿੰਘ ਵਡਾਲਾ, ਚਰਨਜੀਤ ਸਿੰਘ ਬਰਾੜ, ਬੀਬੀ ਪਰਮਜੀਤ ਕੌਰ ਲਾਂਡਰਾਂ, ਬੀਬੀ ਪਰਮਜੀਤ ਕੌਰ ਗੁਲਸ਼ਨ, ਸਰਵਨ ਸਿੰਘ ਫਿਲੌਰ, ਹਰਮੇਲ ਸਿੰਘ ਟੌਹੜਾ, ਸੁੱਚਾ ਸਿੰਘ ਛੋਟੇਪੁਰ, ਸੀਨੀਅਰ ਅਕਾਲੀ ਆਗੂ ਗਗਨਜੀਤ ਸਿੰਘ ਬਰਨਾਲਾ, ਜਸਟਿਸ ਨਿਰਮਲ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਸਤਵਿੰਦਰ ਸਿੰਘ ਟੌਹੜਾ, ਸੰਤ ਬਲਬੀਰ ਸਿੰਘ ਘੁੰਨਸ, ਬੀਬੀ ਕਿਰਨਜੋਤ ਕੌਰ, ਆਦਿ ਸਮੇਤ ਹੋਰ ਵੱਖ-ਵੱਖ ਜ਼ਿਲ੍ਹਿਆਂ ਤੋਂ ਆਏ



ਸ਼੍ਰੋਮਣੀ ਕਮੇਟੀ ਮੈਂਬਰ ਅਤੇ ਅਕਾਲੀ ਆਗੂਆਂ ਵੱਲੋਂ ਭੁੱਲਾਂ ਬਖ਼ਸ਼ਾਉਣ ਲਈ ਇਹ ਬੇਨਤੀ ਪੱਤਰ ਅਕਾਲ ਤਖ਼ਤ ਸਕੱਤਰੇਤ ਵਿਖੇ ਜਥੇਦਾਰ ਨੂੰ ਸੌਂਪਿਆ ਗਿਆ। ਪੱਤਰ ਪ੍ਰਾਪਤ ਕਰਨ ਉਪਰੰਤ ਜਥੇਦਾਰ ਵੱਲੋਂ ਇਸ ਵਫ਼ਦ ਨੂੰ ਪੰਜ ਸਿੰਘ ਸਾਹਿਬਾਨ ਦੀ ਜਲਦ ਹੋਣ ਵਾਲੀ ਇਕੱਤਰਤਾ ਵਿੱਚ ਮਾਮਲੇ ਨੂੰ ਵਿਚਾਰਨ ਦਾ ਭਰੋਸਾ ਦਿੱਤਾ ਗਿਆ। ਜਥੇਦਾਰ ਨੂੰ ਦਿੱਤੇ ਗਏ ਪੱਤਰ ਵਿੱਚ ਅਕਾਲੀ ਦਲ ਦੇ ਸਰਪ੍ਰਸਤ ਸੁਖਦੇਵ ਸਿੰਘ ਢੀਂਡਸਾ ਦੇ ਵੀ ਦਸਤਖ਼ਤ ਸਨ, ਪਰ ਉਹ ਸਿਹਤ ਠੀਕ ਨਾ ਹੋਣ ਕਾਰਨ ਖੁਦ ਨਹੀਂ ਪੁੱਜ ਸਕੇ। ਹਾਲਾਂ ਕਿ ਇਸ ਗਰੁੱਪ ਵਿੱਚ ਸੀਨੀਅਰ ਅਕਾਲੀ ਆਗੂ ਸਿਕੰਦਰ ਸਿੰਘ ਮਲੂਕਾ ਵੀ ਸ਼ਾਮਿਲ ਨਹੀਂ ਸਨ।

ਬਾਗੀਆਂ ਦੇ ਕਬੂਲਨਾਮੇ ਕਾਰਨ ਬਾਦਲ ਦਲ ਤੇ ਜਥੇਦਾਰ ਧਰਮ ਸੰਕਟ ਵਿੱਚ ਬਾਗੀ ਅਕਾਲੀਆਂ ਦੇ ਇਸ ਕਬੂਲਨਾਮੇ ਕਾਰਨ ਬਾਦਲ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਤੇ ਜਥੇਦਾਰ ਅਕਾਲ ਤਖਤ ਸਾਹਿਬ ਧਰਮ ਸੰਕਟ ਵਿੱਚ ਫਸ ਗਏ ਹਨ। ਹੁਣ ਤੱਕ ਅਕਾਲੀ ਦਲ ਦੇ ਬੁਲਾਰੇ ਦਲਜੀਤ ਸਿੰਘ ਚੀਮਾ, ਬਲਵਿੰਦਰ ਸਿੰਘ ਭੂੰਦੜ ਸਮੇਤ ਸੁਖਬੀਰ ਸਿੰਘ ਬਾਦਲ ਸਮੇਤ ਇਹਨਾਂ ਬੱਜਰ ਇਤਿਹਾਸਕ ਗਲਤੀਆਂ ਤੋਂ ਕਿਨਾਰਾ (ਬਾਕੀ ਸਫ਼ਾ 30 'ਤੇ)

### ਜਥੇਦਾਰ ਪੰਥਕ ਏਕਤਾ ਲਈ ਨਿਰਪੱਖ ਭੂਮਿਕਾ ਨਿਭਾਉਣ: ਚੰਦੂਮਾਜਰਾ

ਇਸ ਮੌਕੇ ਸੀਨੀਅਰ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਨਵੇਂ ਅਕਾਲੀ ਦਲ ਦੀ ਕੋਈ ਲੋੜ ਨਹੀਂ ਹੈ, ਬਲਕਿ ਮੌਜੂਦਾ ਅਕਾਲੀ ਦਲ ਨੂੰ ਹੀ ਤਕੜਾ ਤੇ ਮਜ਼ਬੂਤ ਕਰਨ ਹਿਤ ਉਹ ਅਕਾਲ ਤਖ਼ਤ ਸਾਹਿਬ ਸਨਮੁਖ ਅਰਦਾਸ ਕਰਨ ਤੇ ਭੁੱਲਾਂ ਬਖ਼ਸ਼ਾਉਣ ਆਏ ਹਨ। ਉਨ੍ਹਾਂ ਕਿਹਾ ਕਿ ਅਸੀਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਲਿਖਤੀ ਬੇਨਤੀ ਕੀਤੀ ਹੈ ਤੇ ਸਾਨੂੰ ਆਸ ਹੈ ਕਿ ਜਥੇਦਾਰ ਪੰਥਕ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਵਿੱਚ ਏਕਤਾ ਲਈ ਨਿਰਪੱਖ ਭੂਮਿਕਾ ਨਿਭਾਉਣਗੇ ਤੇ ਪੰਥਕ ਰਹੁ-ਰੀਤਾਂ ਨਾਲ ਫ਼ੈਸਲਾ ਦੇਣਗੇ।

## ਬਾਗ਼ੀ ਅਕਾਲੀ ਝੂੰਦਾ ਕਮੇਟੀ ਦੀ ਰਿਪੋਰਟ ਲਾਗੂ ਕਰਨ ਉੱਪਰ ਅੜੇ

ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਧੜੇ ਦੇ ਦੋ ਸੀਨੀਅਰ ਆਗੂਆਂ ਪ੍ਰੇਮ ਸਿੰਘ ਚੰਦੂਮਾਜਰਾ ਅਤੇ ਗੁਰਪ੍ਰਤਾਪ ਸਿੰਘ ਵਡਾਲਾ ਨੇ ਝੂੰਦਾਂ ਕਮੇਟੀ ਦੀ ਰਿਪੋਰਟ ਦੇ ਕੁਝ ਅੰਸ਼ ਜਨਤਕ ਕਰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਲਈ ਜੇਕਰ ਇਸ ਰਿਪੋਰਟ ਨੂੰ ਲਾਗੂ ਕੀਤਾ ਹੁੰਦਾ ਤਾਂ ਪਾਰਟੀ ਨੂੰ ਅੱਜ ਇਹ ਦਿਨ ਨਹੀਂ ਸੀ ਦੇਖਣੇ ਪੈਂਦੇ। ਸ਼੍ਰੋਮਣੀ ਅਕਾਲੀ ਦਲ ਦੇ ਬਾਗੀ ਧੜੇ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋ ਕੇ ਖਿਮਾ ਜਾਚਨਾ ਕਰਨ ਤੋਂ ਇੱਕ ਦਿਨ ਪਹਿਲਾਂ ਭੂੰਦਾਂ ਕਮੇਟੀ ਦੇ ਮੈਂਬਰ ਰਹੇ ਚੰਦੂਮਾਜਰਾ ਅਤੇ ਜਥੇਦਾਰ ਵਡਾਲਾ ਨੇ ਰਿਪੋਰਟ ਦਾ ਕੁਝ ਹਿੱਸਾ ਪੇਸ਼ ਕਰਕੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਲਈ ਨਵੀਂ ਮੁਸੀਬਤ ਖੜ੍ਹੀ ਕਰ ਦਿੱਤੀ ਹੈ। ਦੋਵਾਂ ਆਗੂਆਂ ਨੇ ਕਿਹਾ ਕਿ ਉਨ੍ਹਾਂ ਕੋਲ ਇਸ ਰਿਪੋਰਟ ਦੀ ਨਕਲ ਵੀ ਨਹੀਂ ਹੈ। ਉਨ੍ਹਾਂ ਇਸ ਰਿਪੋਰਟ ਵਿੱਚ ਸ਼ਾਮਿਲ ਕੀਤੇ 16 ਨੁਕਤੇ ਪਹਿਲੀ ਵਾਰ ਜਨਤਕ ਕੀਤੇ ਗਏ।

### ਰਿਪੋਰਟ ਵਿੱਚ ਸੋਈ ਨੂੰ ਭੰਗ ਕਰਨ ਦੀ ਸਿਫ਼ਾਰਸ਼

ਝੂੰਦਾ ਕਮੇਟੀ ਦੀ ਰਿਪੋਰਟ ਵਿੱਚ ਸਟੂਡੈਂਟਸ ਆਰਗੇਨਾਈਜ਼ੇਸ਼ਨ ਆਫ਼ ਇੰਡੀਆ (ਸੋਈ) ਨੂੰ ਭੰਗ ਕਰਨ ਦੀ ਸਿਫਾਰਸ਼ ਕੀਤੀ ਗਈ ਸੀ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਬਹਾਲ ਕਰਨ ਦੀ ਗੱਲ 'ਤੇ ਜ਼ੋਰ ਦਿੱਤਾ ਗਿਆ ਸੀ। ਟਿਕਟਾਂ ਦੀ ਵੰਡ ਲਈ ਪਾਰਲੀਮਾਨੀ ਬੋਰਡ ਬਣਾਉਣ, ਸ਼੍ਰੋਮਣੀ ਅਕਾਲੀ ਦਲ ਦਾ ਦਫ਼ਤਰ ਮੁੜ ਅੰਮ੍ਰਿਤਸਰ ਵਿੱਚ ਸਥਾਪਤ ਕਰਨ ਅਤੇ ਪ੍ਰਧਾਨ ਦੀ ਮਿਆਦ ਦੋ ਵਾਰ ਤੋਂ ਬਾਅਦ ਲਗਾਤਾਰ ਨਾ ਹੋਣ ਦੀ ਸਿਫਾਰਸ਼ ਕੀਤੀ ਗਈ ਸੀ। ਜਥੇਦਾਰ ਵਡਾਲਾ ਨੇ ਕਿਹਾ ਕਿ ਝੂੰਦਾ ਰਿਪੋਰਟ ਵਿੱਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਸੀ ਕਿ ਪਾਰਟੀ ਵਿੱਚੋਂ ਏਕਾਧਿਕਾਰ ਖਤਮ ਕਰਕੇ ਸਮੂਹਿਕ ਲੀਡਰਸ਼ਿਪ ਸਾਹਮਣੇ ਆਉਣੀ ਚਾਹੀਦੀ ਹੈ ਜਿਵੇਂ ਪਹਿਲਾਂ ਵਾਲੇ ਸਮਿਆਂ ਵਿੱਚ ਸੀ। ਸ਼੍ਰੋਮਣੀ ਕਮੇਟੀ ਮੈਂਬਰ ਵੀ ਰਾਜਨੀਤਕ ਚੋਣ ਨਹੀਂ ਲੜ ਸਕਦਾ। ਫੈਡਰਲ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਪੰਜਾਬ ਦੇ ਬੁਨਿਆਦੀ ਮੁੱਦਿਆਂ 'ਤੇ ਡੱਟ ਕੇ ਪਹਿਰੇਦਾਰੀ ਕਰਨ ਦੀ ਜ਼ੋਰਦਾਰ ਵਕਾਲਤ ਕੀਤੀ ਗਈ ਸੀ। ਇੱਕ ਪਰਿਵਾਰ ਇੱਕ ਟਿਕਟ ਅਤੇ ਸ਼੍ਰੋਮਣੀ ਕਮੇਟੀ ਵਿੱਚ ਰਾਜਨੀਤਕ ਦਖ਼ਲ-ਅੰਦਾਜ਼ੀ ਬੰਦ ਕਰਨ ਦੀ ਵੀ ਸਿਫਾਰਿਸ਼ ਕੀਤੀ ਗਈ ਸੀ।

## ਬਾਗ਼ੀ ਅਕਾਲੀ ਗਿ. ਹਰਪ੍ਰੀਤ ਸਿੰਘ ਜਾਂ ਅੰਮ੍ਰਿਤਪਾਲ ਸਿੰਘ ਨੂੰ ਬਣਾ ਸਕਦੇ ਨੇ ਅਕਾਲੀ ਦਲ ਦਾ ਪ੍ਰਧਾਨ

ਅਕਾਲੀ ਦਲ ਦੀ ਬਗਾਵਤ ਵਿੱਚ ਇੱਕ ਨਾਂ ਸਭ ਤੋਂ ਜ਼ਿਆਦਾ ਚਰਚਾ ਵਿੱਚ ਹੈ ਉਹ ਹੈ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਸਮਝਿਆ ਜਾਂਦਾ ਹੈ ਕਿ ਅਕਾਲੀ ਦਲ ਦਾ ਬਾਗ਼ੀ ਧੜਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਅਕਾਲੀ ਦਲ ਦਾ ਪ੍ਰਧਾਨ ਬਣਾਉਣਾ ਚਾਹੁੰਦਾ ਹੈ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਜੇਕਰ ਸਮੁੱਚੀ ਪਾਰਟੀ ਇਸ 'ਤੇ ਰਾਜ਼ੀ ਹੁੰਦੀ ਹੈ ਤਾਂ ਵਿਚਾਰ ਕੀਤਾ ਜਾ ਸਕਦਾ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਇਹ ਵੀ ਕਿਹਾ ਕਿ ਇਸ ਮਾਮਲੇ ਵਿੱਚ ਹੁਣ ਤੱਕ ਕਿਸੇ ਵੀ ਅਕਾਲੀ ਧੜੇ ਨੇ ਉਨ੍ਹਾਂ ਤੱਕ ਕੋਈ ਪਹੁੰਚ ਨਹੀਂ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ 'ਤੇ ਬਣੇ ਸੰਕਟ ਬਾਰੇ ਉਨ੍ਹਾਂ ਕਿਹਾ ਕਿ ਇਹ ਸਿੱਖਾਂ ਦੀ ਪੁਰਾਤਨ ਸਿਆਸੀ ਜਥੇਬੰਦੀ ਹੈ ਅਤੇ ਇਸ ਵਿੱਚ ਦੋਫਾੜ ਨਹੀਂ ਹੋਣਾ ਚਾਹੀਦਾ। ਜੇਕਰ ਦੋਵਾਂ ਧਿਰਾਂ ਵਿਚਾਲੇ ਕੋਈ ਮਤਭੇਦ ਹਨ ਤਾਂ ਉਹ ਆਪਸ ਵਿੱਚ ਮਿਲ ਬੈਠ ਕੇ ਇਸ ਨੂੰ ਦੂਰ ਕਰ ਲੈਣ। ਉਨ੍ਹਾਂ ਕਿਹਾ ਕਿ ਦੋਹਾਂ ਧਿਰਾਂ ਨੂੰ ਇੱਕ ਕਮਰੇ ਵਿੱਚ ਬੈਠ ਕੇ ਅਜਿਹੇ ਮਸਲੇ ਹੱਲ ਕਰ ਲੈਣੇ ਚਾਹੀਦੇ ਹਨ ਪਰ ਪਾਰਟੀ ਦੋਫਾੜ ਨਹੀਂ ਹੋਣੀ ਚਾਹੀਦੀ। ਪਰ ਵੱਡਾ ਸਵਾਲ ਇਹ ਹੈ ਕੀ ਅਜਿਹਾ ਹੋ ਸਕਦਾ ਹੈ? ਕੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਨਾਂ 'ਤੇ ਦੋਵੇਂ ਧਿਰਾਂ ਇਕੱਠੀਆਂ ਹੋ ਸਕਦੀਆਂ ਹਨ। ਇਹ ਪਹਿਲਾਂ ਮੌਕਾ ਨਹੀਂ ਹੈ ਜਦੋਂ ਅਕਾਲੀ ਦਲ ਦੇ ਪ੍ਰਧਾਨ ਦੀ ਰੇਸ ਵਿੱਚ ਕਿਸੇ ਤਖਤ ਦੇ ਜਥੇਦਾਰ ਦਾ ਨਾਂ ਸਾਹਮਣੇ ਆਇਆ ਹੋਵੇ। 44 ਸਾਲ ਪਹਿਲਾਂ ਅਜਿਹਾ ਹੋ ਚੁੱਕਾ ਹੈ। ਪਹਿਲਾਂ ਵੀ ਇਤਿਹਾਸ ਵਿੱਚ ਮੌਕਾ ਆਇਆ ਸੀ ਜਦੋਂ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਨੂੰ ਅਕਾਲੀ ਦਲ ਦੇ ਪ੍ਰਧਾਨ ਦੀ ਵੱਡੀ ਜ਼ਿੰਮੇਵਾਰੀ ਸੌਂਪੀ ਗਈ ਸੀ। ਉਸ ਵੇਲੇ ਅਕਾਲੀ ਦਲ ਵਿੱਚ ਪ੍ਰਧਾਨਗੀ ਦੀ ਲੜਾਈ ਚੱਲ



ਰਹੀ ਸੀ, ਉਸ ਸਾਰੀ ਸਿਆਸੀ ਖੇਡ ਵਿੱਚ ਬਾਦਲ ਪਰਿਵਾਰ ਦਾ ਵੱਡਾ ਹੱਥ ਸੀ।

### 1980 ਵਿੱਚ ਲੌਂਗੋਵਾਲ ਨੂੰ ਪ੍ਰਧਾਨ ਬਣਾਇਆ ਗਿਆ

1980 ਦਾ ਹੀ ਉਹ ਸਮਾਂ ਸੀ ਜਦੋਂ ਸਿੱਖ ਪੰਥ ਵਿੱਚ ਮੋਰਚਿਆਂ ਦਾ ਦੌਰ ਸੀ, ਦੂਜੇ ਪਾਸੇ ਅਕਾਲੀ ਦਲ ਵਿੱਚ ਪਾਵਰ ਦੀ ਲੜਾਈ ਚੱਲ ਰਹੀ ਸੀ, ਤੀਜੇ ਪਾਸੇ ਕੇਂਦਰ ਖ਼ਿਲਾਫ਼ ਖਿੱਚੋਤਾਣ ਸੀ। 1978 ਵਿੱਚ ਜਿਸ ਜਗਦੇਵ ਸਿੰਘ ਤਲਵੰਡੀ ਨੂੰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਅਕਾਲੀ ਦਲ ਦਾ ਪ੍ਰਧਾਨ ਬਣਾਇਆ ਉਸੇ ਨੇ ਜਦੋਂ ਬਾਗ਼ੀ ਅੱਖ ਵਿਖਾਉਣੀ ਸ਼ੁਰੂ ਕੀਤੀ ਤਾਂ ਪ੍ਰਕਾਸ਼ ਸਿੰਘ ਬਾਦਲ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਪ੍ਰਧਾਨ ਦੇ ਅਹੁਦੇ ਦੀ ਜ਼ਿੰਮੇਵਾਰੀ ਦਿੱਤੀ। ਸੰਤ ਲੌਂਗੋਵਾਲ 1962 ਵਿੱਚ ਤਖ਼ਤ ਦਮਦਮਾ ਸਾਹਿਬ ਦੇ ਪਹਿਲੇ ਜਥੇਦਾਰ ਥਾਪੇ ਗਏ ਸਨ। ਪਰ 1964 ਵਿੱਚ ਉਨ੍ਹਾਂ ਪਾਉਂਟਾ ਸਾਹਿਬ ਦੇ ਇਤਿਹਾਸਕ ਗੁਰਦੁਆਰੇ ਨੂੰ ਸਰਕਾਰੀ ਕਬਜ਼ੇ ਵਿਚੋਂ ਛੁਡਾਉਣ ਲਈ ਜਥੇਦਾਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਕੇ ਮੋਰਚਾ ਲਾਇਆ। ਉਸ ਤੋਂ ਬਾਅਦ ਉਹ ਅਕਾਲੀ ਦਲ ਦੇ ਕਈ ਮੋਰਚਿਆਂ ਵਿੱਚ ਸ਼ਾਮਲ ਹੋਏ ਅਤੇ ਸਿੱਖ ਸਿਆਸਤ ਦੇ ਮੋਢੀ ਬਣੇ ਸਨ। ਪਰ ਵੱਡਾ ਸਵਾਲ ਇਹ ਹੈ ਕਿ ਹੁਣ ਜਦੋਂ ਅਕਾਲੀ ਦਲ ਆਪਣੀ ਸਭ ਤੋਂ ਵੱਡੀ ਬਗਾਵਤ ਤੋਂ ਗੁਜ਼ਰ ਰਿਹਾ ਹੈ ਤਾਂ ਕੀ ਜਥੇਦਾਰ ਸਾਹਿਬ ਹਰਪ੍ਰੀਤ ਸਿੰਘ ਨੂੰ (ਬਾਕੀ ਸਫ਼ਾ 30 'ਤੇ)

# ਕੀ ਪ੍ਰੋ.ਫ਼ੈਸਰ ਚੰਦੂਮਾਜਰਾ ਸ੍ਰੀ ਅਕਾਲ ਤਖ਼ਤ ਉੱਪਰ ਹਮਲਾਵਰ ਰਿਹਾ?

ਬਲਵਿੰਦਰ ਪਾਲ ਸਿੰਘ ਪ੍ਰੋਫੈਸਰ
9815709916

ਬਰਨਾਲਾ ਸਰਕਾਰ ਵੇਲੇ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਦਮਦਮੀ ਟਕਸਾਲ ਕਾਰ ਸੇਵਾ ਕਰਨ ਲਈ ਉਥੇ ਮੌਜੂਦ ਸੀ। 26 ਜਨਵਰੀ 1986 ਨੂੰ ਅਕਾਲ ਤਖਤ ਸਾਹਿਬ ਵਿਖੇ ਕਾਰ ਸੇਵਾ ਸ਼ੁਰੂ ਹੋਣੀ ਸੀ ਕਿਉਂਕਿ ਖਾਲਸਾ ਪੰਥ ਨੇ ਫ਼ੌਜੀ ਹਮਲੇ ਸਮੇਂ ਤਬਾਹ ਕੀਤੇ ਅਕਾਲ ਤਖਤ ਦੀ ਸਰਕਾਰੀ ਮੁਰੰਮਤ ਮਨਜ਼ੂਰ ਨਹੀਂ ਕੀਤੀ।

ਯਾਦ ਰਹੇ ਕਿ ਸਾਲ 1984 ਵਿੱਚ ਫ਼ੌਜੀ ਹਮਲੇ ਬਨਾਮ ਨੀਲਾ ਤਾਰਾ ਤੋਂ ਬਾਅਦ ਅਕਾਲ ਤਖ਼ਤ ਦੀ ਇਮਾਰਤ ਦਾ ਭਾਰੀ ਨੁਕਸਾਨ ਹੋਇਆ ਸੀ। ਬਾਅਦ ਵਿੱਚ ਭਾਰਤ ਸਰਕਾਰ ਵੱਲੋਂ ਇਸ ਦੀ ਮੁਰੰਮਤ ਕਰਵਾਈ ਗਈ।

ਉਸ ਵੇਲੇ ਦੇ ਕੇਂਦਰੀ ਗ੍ਰਹਿ ਮੰਤਰੀ ਬੂਟਾ ਸਿੰਘ ਅਤੇ ਬੁੱਢਾ ਦਲ ਦੇ ਸੰਤਾ ਸਿੰਘ ਵੱਲੋਂ ਇਸ ਦੀ ਜ਼ਿੰਮੇਦਾਰੀ ਲਈ ਗਈ ਸੀ।

ਸਰਕਾਰੀ ਸਹਾਇਤਾ ਨਾਲ ਬਣੀ ਇਸੇ ਇਮਾਰਤ ਨੂੰ ਸਿੱਖ ਪੰਥ ਵੱਲੋਂ ਨਾ ਮਨਜ਼ੂਰ ਕਰ ਦਿੱਤਾ ਗਿਆ ਅਤੇ 1986 ਵਿੱਚ ਸਰਬੱਤ ਖਾਲਸਾ ਬੁਲਾਉਣ ਤੋਂ ਬਾਅਦ ਇਸ ਨੂੰ ਤੋੜਨ ਦਾ ਤੇ ਨਵੀਂ ਉਸਾਰੀ ਦਾ ਫ਼ੈਸਲਾ ਕੀਤਾ ਗਿਆ। ਸੰਤਾ ਸਿੰਘ ਨੂੰ ਸਿੱਖ ਪੰਥ ਵਿੱਚੋਂ ਛੇਕ ਕੇ 'ਤਨਖਾਹੀਆ' ਕਰਾਰ ਦਿੱਤਾ ਗਿਆ।

19 ਜਨਵਰੀ 1986 ਨੂੰ ਬਰਨਾਲਾ ਸਰਕਾਰ ਦੇ ਵਜੀਰ ਪ੍ਰੋ.ਫ਼ੈਸਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਆਪਣੇ ਸਾਥੀਆਂ ਨਾਲ ਅਕਾਲ ਤਖਤ ਨੂੰ ਘੇਰਾ ਪਾ ਲਿਆ ਅਤੇ ਹਵਾਈ ਫ਼ਾਇਰਿੰਗ ਸ਼ੁਰੂ ਕਰ ਦਿਤੀ। 200 ਰੌਂਦ ਚਲਾਏ। ਦਮਦਮੀ ਟਕਸਾਲ ਨੇ ਦੋਸ਼ ਲਗਾਏ ਸਨ ਕਿ ਕਾਰ



ਸੇਵਾ ਵਾਲੀ ਗੋਲਕ ਲੁਟੀ ਗਈ।

ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਉਸ ਸਮੇਂ ਦੇ ਪ੍ਰਧਾਨ ਹਰਿੰਦਰ ਸਿੰਘ ਕਾਹਲੋਂ ਦਸਦੇ ਹਨ ਕਿ ਸਾਡੇ ਕੁਝ ਫ਼ੈਡਰੇਸ਼ਨ ਦੇ ਸਾਥੀ ਜਖਮੀ ਹੋ ਗਏ। ਚੰਦੂਮਾਜਰਾ ਦੇ ਸਾਥੀਆਂ ਨੇ ਅਖੰਡ ਪਾਠ ਖੰਡਿਤ ਕਰਨ ਦੀ ਕੋਸ਼ਿਸ਼ ਕੀਤੀ ਪਰ ਫ਼ੈਡਰੇਸ਼ਨ ਦੇ ਸਿੰਘਾਂ ਨੇ ਇਸ ਗਿਰੋਹ ਨੂੰ ਖਦੇੜ ਦਿਤਾ। ਗਗਨਦੀਪ ਸਿੰਘ ਬਰਨਾਲਾ ਵੀ ਇਹਨਾਂ ਨਾਲ ਸੀ। ਇਹ ਰਾਈਫ਼ਲਾਂ ਛੱਡ ਕੇ ਭੱਜ ਆਏ ਸਨ। ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਨੇ ਵਾਪਸ ਦਿਵਾਈਆਂ ਸਨ ਜੋ ਦਮਦਮੀ ਟਕਸਾਲ ਦੇ ਨੇੜੇ ਸਨ। ਇਸ ਦੀ ਚਰਚਾ ਹਰਿੰਦਰ ਸਿੰਘ ਕਾਹਲੋਂ, ਭਾਈ ਮੋਹਕਮ ਸਿੰਘ, ਬਾਬਾ ਜੋਗਿੰਦਰ ਸਿੰਘ ਨੇ ਕੀਤੀ ਸੀ।

ਭਾਈ ਮੋਹਕਮ ਸਿੰਘ, ਹਰਿੰਦਰ ਸਿੰਘ ਕਾਹਲੋ, ਭਾਈ ਅਜਾਇਬ ਸਿੰਘ ਅਭਿਆਸੀ ਦਮਦਮੀ ਟਕਸਾਲ, ਪ੍ਰੋ.ਫ਼ੈਸਰ ਦਰਸ਼ਨ ਸਿੰਘ ਇਨ੍ਹਾਂ ਘਟਨਾਵਾਂ ਦੇ ਗਵਾਹ ਹਨ।

ਸੁਆਲ ਇਹ ਹੈ ਕਿ ਕੀ ਚੰਦੂਮਾਜਰਾ ਤੇ ਬਰਨਾਲਾ ਪਰਿਵਾਰ ਵਲੋਂ ਅਕਾਲ ਤਖਤ ਸਾਹਿਬ ਅਗੇ ਪੇਸ਼ ਹੋਕੇ ਇਸ ਘਟਨਾ ਦੀ ਮਾਫ਼ੀ ਮੰਗੀ ਗਈ? ਜਾਂ ਇਸ ਘਟਨਾ ਦਾ ਸਪੱਸ਼ਟੀਕਰਨ ਦਿੱਤਾ ਗਿਆ।

ਇਸ ਬਾਰੇ ਮੇਰੇ ਨਾਲ ਤਾਜ਼ਾ ਇੰਟਰਵਿਊ ਵਿੱਚ ਭਾਈ ਮੋਹਕਮ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਇਹ ਘਟਨਾ ਇਤਿਹਾਸਕ ਸੱਚ ਹੈ। ਉਸ ਸਮੇਂ ਅਕਾਲ ਤਖਤ ਸਾਹਿਬ ਦੇ ਦੋ ਨਿਸ਼ਾਨ ਸਾਹਿਬ ਦੇ ਨੇੜੇ ਬਰਾਂਡੇ ਵਿੱਚ ਪੰਜਵਾਂ ਅਖੰਡ ਪਾਠ ਚਲ ਰਿਹਾ ਸੀ। ਬਰਾਂਡਾ ਚਿੱਟੇ ਪਰਦਿਆਂ ਨਾਲ ਢਕਿਆ ਹੋਇਆ ਸੀ। ਭਾਈ ਲੱਖਾ ਸਿੰਘ ਦਮਦਮੀ ਟਕਸਾਲ ਪਾਠ ਕਰ ਰਹੇ ਸਨ। ਇਹਨਾਂ ਅਨਸਰਾਂ ਨੇ ਅਖੰਡ ਪਾਠ ਦੀ ਮਰਿਆਦਾ ਭੰਗ ਕਰਨ ਦੀ ਕੋਸ਼ਿਸ਼ ਕੀਤੀ। ਪਰ ਦਮਦਮੀ ਟਕਸਾਲ ਤੇ ਫ਼ੈਡਰੇਸ਼ਨ ਦੇ ਸਿੰਘਾਂ ਨੇ ਇਹਨਾਂ ਨੂੰ ਖਦੇੜ ਦਿਤਾ। ਅਸੀਂ ਇਹਨਾਂ ਦੀਆਂ 16 ਰਾਈਫ਼ਲਾਂ ਖੋਹੀਆਂ। ਇੱਕ ਗੰਨ ਸੁਰਜੀਤ ਸਿੰਘ ਬਰਨਾਲੇ ਦੇ ਨਾਮ ਸੀ। ਅਬਿਨਾਸ਼ੀ ਸਿੰਘ, ਬਲਦੇਵ ਸਿੰਘ ਬਰਨਾਲੇ ਦੀ ਰਾਈਫ਼ਲ ਮੰਗਣ ਆ ਗਏ। ਅਸੀਂ ਦੇਣ ਤੋਂ ਇਨਕਾਰ ਕਰ ਦਿੱਤਾ। ਅਸੀਂ ਇਹ ਰਾਈਫ਼ਲ ਦਰਬਾਰ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਪੂਰਨ ਸਿੰਘ ਨੂੰ ਸੌਂਪ ਦਿੱਤੀ। ਗਿਆਨੀ ਪੂਰਨ ਸਿੰਘ ਕੋਲੋਂ ਪੁਲਿਸ ਲੈ ਗਈ। ਸ਼ਾਮ ਦੌਰਾਨ ਬੀਬੀ ਬਿਮਲ ਕੌਰ ਖਾਲਸਾ ਦੀ ਅਗਵਾਈ ਵਿੱਚ ਵੱਡਾ ਜਥਾ ਅਕਾਲ ਤਖਤ ਸਾਹਿਬ ਪਹੁੰਚ ਗਿਆ।

# ਅਮਰੀਕਾ ਖ਼ਬਰਨਾਮਾ

## ਅਮਰੀਕਾ ਵਿੱਚ ਜਨਤਕ ਸੰਕਟ ਬਣੀ ਗੰਨ ਹਿੰਸਾ : ਵਿਵੇਕ ਮੂਰਤੀ



ਸੈਕਰਾਮੈਂਟੋ,ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਯੂ. ਐਸ. ਸਰਜਨ ਜਨਰਲ ਨੇ ਐਲਾਨ ਕੀਤਾ ਹੈ ਕਿ ਦੇਸ਼ ਵਿੱਚ ਗੰਨ ਹਿੰਸਾ ਇੱਕ ਜਨਤਕ ਸਿਹਤ ਸੰਕਟ ਬਣ ਚੁੱਕੀ ਹੈ। ਉਨ੍ਹਾਂ ਨੇ ਅਮਰੀਕੀਆਂ ਨੂੰ ਸੱਦਾ ਦਿੱਤਾ ਹੈ ਕਿ ਉਹ ਗੰਨ ਹਿੰਸਾ ਨਾਲ ਵਧ ਰਹੀਆਂ ਮੌਤਾਂ ਤੇ ਇਸ ਦੇ ਖਾਸ ਕਰਕੇ ਕਾਲੇ ਅਮਰੀਕੀਆਂ, ਅਮਰੀਕੀ ਨੌਜਵਾਨਾਂ ਤੇ ਹੋਰ ਵੱਸੋਂ ਉਪਰ ਪੈ ਰਹੇ ਬੁਰੇ ਪ੍ਰਭਾਵਾਂ ਨੂੰ ਰੋਕਣ ਲਈ ਅੱਗੇ ਆਉਣ। ਗੰਨ ਹਿੰਸਾ ਬਾਰੇ ਆਪਣੀ ਪਹਿਲੀ ਜਨਤਿਕ ਸਿਹਤ ਸਲਾਹ ਵਿੱਚ ਦੇਸ਼ ਦੇ ਚੋਟੀ ਦੇ ਜਨਤਕ ਸਿਹਤ ਅਧਿਕਾਰੀ ਵਿਵੇਕ ਮੂਰਤੀ ਨੇ ਕਿਹਾ ਹੈ ਕਿ ਜੋ ਕੁਝ ਹੋ ਰਿਹਾ ਹੈ ਇਸ ਬਹੁਤ ਭਿਆਨਕ ਹੈ। ਇਸ ਨੂੰ ਰੋਕਣ ਲਈ ਹੋਰ ਖੋਜ਼ ਫੰਡਾਂ, ਵਧੀਆ ਮਾਨਸਿਕ ਸਿਹਤ ਮੁਲਾਂਕਣ ਤੇ ਨੁਕਸਾਨ ਨੂੰ ਘਟਾਉਣ ਲਈ ਹੋਰ ਕਦਮ ਚੁੱਕਣ ਦੀ ਲੋੜ ਹੈ। ਉਨ੍ਹਾਂ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਅਗਨ ਸ਼ਸ਼ਤਰ ਹਿੰਸਾ ਇੱਕ ਜਨਤਿਕ ਸਿਹਤ ਸੰਕਟ ਬਣ ਚੁੱਕੀ ਹੈ ਜਿਸ ਨੇ ਅਨੇਕਾਂ ਜਾਨਾਂ ਲਈਆਂ ਹਨ ਤੇ ਬਹੁਤ ਸਾਰੇ ਅਮਰੀਕੀਆਂ ਨੂੰ ਅਥਾਹ ਦੁੱਖ ਤੇ ਤਕਲੀਫਾਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ ਗੰਨ ਹਿੰਸਾ ਦਾ ਪ੍ਰਭਾਵ ਬਹੁਤ ਵਿਆਪਕ ਹੈ ਤੇ ਇਸ ਨੇ ਲੱਖਾਂ-ਕਰੋੜਾਂ ਲੋਕਾਂ ਉੱਪਰ ਅਸਰ ਪਾਇਆ ਹੈ। ਇਸ ਨੇ ਗੰਨ ਹਿੰਸਾ ਵਿੱਚ ਮਾਰ ਗਏ ਲੋਕਾਂ ਦੇ ਪਰਿਵਾਰਾਂ, ਬਚ ਗਏ ਲੋਕਾਂ ਦੇ ਪਰਿਵਾਰਾਂ ਤੇ ਇਸ ਦੇ ਨਾਲ ਹੀ ਜਿਨ੍ਹਾਂ ਲੋਕਾਂ ਨੇ ਇਨ੍ਹਾਂ ਘਟਨਾਵਾਂ ਨੂੰ ਅੱਖੀਂ ਵੇਖਿਆ ਜਾਂ ਖਬਰਾਂ ਰਾਹੀਂ ਪੜ੍ਹਿਆ ਜਾਂ ਸੁਣਿਆ, ਉੱਪਰ ਬਹੁਤ ਬੁਰਾ ਅਸਰ ਪਾਇਆ ਹੈ। ਉਨ੍ਹਾਂ ਕਿਹਾ ਕਿ ਗੰਨ ਹਿੰਸਾ ਨੂੰ ਰੋਕਣਾ ਸਾਡੀ ਫੌਰੀ ਪਹਿਲੀ ਤਰਜੀਹ ਹੋਣੀ ਚਾਹੀਦੀ ਹੈ।

## ਭਾਰਤੀ ਮੂਲ ਦੇ ਗੁਜਰਾਤੀ ਮੋਟਲ ਮੈਨੇਜਰ ਦੀ ਇੱਕ ਹਮਲੇ ਵਿੱਚ ਹੋਈ ਮੌਤ

### ਸ਼ੱਕੀ ਦੋਸ਼ੀ ਗ੍ਰਿਫ਼ਤਾਰ



ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਭਾਰਤੀ ਮੂਲ ਦੇ ਮੋਟਲ ਜਨਰਲ ਮੈਨੇਜਰ 59 ਸਾਲਾ ਹੇਮੰਤ ਮਿਸਤਰੀ ਦੀ ਇੱਕ ਹਮਲੇ ਵਿੱਚ ਮੌਤ ਹੋ ਜਾਣ ਦੀ ਖ਼ਬਰ ਹੈ।

ਹਮਲੇ ਵਿੱਚ ਉਹ ਗੰਭੀਰ ਜ਼ਖਮੀ ਹੋ ਗਿਆ, ਜਿਸ ਉਪਰੰਤ ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿਥੇ ਉਹ ਇੱਕ ਦਿਨ ਬਾਅਦ ਦਮ ਤੋੜ ਗਿਆ। ਓਕਲਾਹੋਮਾ ਸਿਟੀ ਪੁਲਿਸ ਵਿਭਾਗ ਅਨੁਸਾਰ ਰਿਚਰਡ ਲੇਵਿਸ (41) ਨਾਮੀ ਵਿਅਕਤੀ ਨੇ ਮਿਸਤਰੀ ਉੱਪਰ ਉਸ ਵੇਲੇ ਹਮਲਾ ਕੀਤਾ ਜਦੋਂ ਉਸ ਨੂੰ ਮੋਟਲ ਵਿਚੋਂ ਬਾਹਰ ਜਾਣ ਲਈ ਕਿਹਾ ਗਿਆ। ਲੇਵਿਸ ਨੇ ਮਿਸਤਰੀ ਦੇ ਮੁੱਕਾ ਮਾਰ ਕੇ ਉਸ ਨੂੰ ਜ਼ਮੀਨ ਉੱਪਰ ਸੁੱਟ ਦਿੱਤਾ। ਪੁਲਿਸ ਜਦੋਂ ਮੌਕੇ ਉੱਪਰ ਪੁੱਜੀ ਤਾਂ ਮਿਸਤਰੀ ਬੇਹੋਸ਼ ਸੀ। ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਪਰ ਉਹ ਬਚ ਨਹੀਂ ਸਕਿਆ।

ਇਸ ਹਮਲੇ ਦੀ ਸੋਸ਼ਲ ਮੀਡੀਆ ਉੱਪਰ ਇੱਕ ਵੀਡੀਓ ਵੀ ਵਾਇਰਲ ਹੋਈ ਹੈ। ਪੁਲਿਸ ਨੇ ਕਿਹਾ ਹੈ ਕਿ ਲੇਵਿਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਤੇ ਮਾਮਲੇ ਦੀ ਜਾਂਚ ਅਜੇ ਮੁੱਢਲੀ ਪੱਧਰ 'ਤੇ ਹੈ। ਮਿਸਤਰੀ ਗੁਜਰਾਤੀ ਭਾਈਚਾਰੇ ਦੀ ਜਾਣੀ ਪਛਾਣੀ ਸਖਸ਼ੀਅਤ ਸਨ।

# ਰਾਸ਼ਟਰਪਤੀ ਚੋਣ: ਬਾਇਡਨ ਤੇ ਟਰੰਪ ਮਿਹਣੋ-ਮਿਹਣੀ

## ਦੋਵਾਂ ਆਗੂਆਂ ਨੇ ਬਹਿਸ ਤੋਂ ਪਹਿਲਾਂ ਤੇ ਬਾਅਦ 'ਚ ਨਹੀਂ ਮਿਲਾਇਆ ਹੱਥ

ਐਟਲਾਂਟਾ/ਏ.ਟੀ.ਨਿਊਜ਼ : ਰਾਸ਼ਟਰਪਤੀ ਜੋਅ ਬਾਇਡਨ ਤੇ ਉਨ੍ਹਾਂ ਦੇ ਰਿਪਬਲਿਕਨ ਵਿਰੋਧੀ ਡੋਨਲਡ ਟਰੰਪ ਵਿਚਾਲੇ ਰਾਸ਼ਟਰਪਤੀ ਚੋਣਾਂ ਨੂੰ ਲੈ ਕੇ ਹੋਈ ਪਹਿਲੀ ਬਹਿਸ ਦੌਰਾਨ ਦੋਵਾਂ ਆਗੂਆਂ ਨੇ ਅਰਥਚਾਰੇ, ਸਰਹੱਦ, ਵਿਦੇਸ਼ ਨੀਤੀ, ਗਰਭਪਾਤ ਤੇ ਕੌਮੀ ਸੁਰੱਖਿਆ ਜਿਹੇ ਮੁੱਦਿਆਂ 'ਤੇ ਚਰਚਾ ਕੀਤੀ। ਇਸ ਦੌਰਾਨ ਦੋਵਾਂ ਨੇ ਇਕ ਦੂਜੇ ਨੂੰ ਝੂਠਾ ਤੇ ਅਮਰੀਕੀ ਇਤਿਹਾਸ ਦਾ ਸਭ ਤੋਂ ਖਰਾਬ ਰਾਸ਼ਟਰਪਤੀ ਕਰਾਰ ਦਿੱਤਾ।



ਬਾਇਡਨ ਤੇ ਟਰੰਪ ਵਿਚਾਲੇ ਲਗਪਗ ਡੇਢ ਘੰਟੇ ਚੱਲੀ ਬਹਿਸ ਦੌਰਾਨ ਦੋਵਾਂ ਨੇ ਇਕ ਦੂਜੇ 'ਤੇ ਨਿੱਜੀ ਹਮਲੇ ਵੀ ਕੀਤੇ। ਬਹਿਸ ਤੋਂ ਪਹਿਲਾਂ ਤੇ ਬਾਅਦ ਵਿੱਚ ਦੋਵਾਂ ਆਗੂਆਂ ਨੇ ਇੱਕ ਦੂਜੇ ਨਾਲ ਹੱਥ ਨਹੀਂ ਮਿਲਾਇਆ।

ਬਾਇਡਨ ਨੇ ਸਾਬਕਾ ਰਾਸ਼ਟਰਪਤੀ ਟਰੰਪ ਨੂੰ 'ਮੂਰਖ ਤੇ ਹਾਰਿਆ ਹੋਇਆ ਵਿਅਕਤੀ' ਕਰਾਰ ਦਿੱਤਾ। ਡੈਮੋਕਰੈਟਿਕ ਪਾਰਟੀ ਦੇ ਸੰਭਾਵੀ ਉਮੀਦਵਾਰ ਬਾਇਡਨ ਨੇ ਟਰੰਪ ਦਾ ਜ਼ਿਕਰ ਕਰਦਿਆਂ ਕਿਹਾ, "ਮੈਂ ਹਾਲ ਹੀ ਵਿੱਚ 'ਡੀ ਡੇਅ' ਲਈ ਫਰਾਂਸ ਵਿੱਚ ਸੀ ਤੇ ਮੈਂ ਉਨ੍ਹਾਂ ਸਾਰੇ ਨਾਇਕਾਂ ਬਾਰੇ ਗੱਲ ਕੀਤੀ ਜਿਨ੍ਹਾਂ ਆਪਣੀਆਂ ਜਾਨਾਂ ਵਾਰੀਆਂ ਸਨ। ਮੈਂ ਪਹਿਲੀ ਤੇ ਦੂਜੀ ਆਲਮੀ ਜੰਗਾਂ ਵਿੱਚ ਮਾਰੇ ਗਏ ਨਾਇਕਾਂ ਦੇ ਕਬਰਿਸਤਾਨ ਵਿੱਚ ਗਿਆ, ਜਿੱਥੇ ਉਨ੍ਹਾਂ (ਟਰੰਪ) ਜਾਣ ਤੋਂ ਇਨਕਾਰ ਕੀਤਾ ਸੀ।"

## ਮੇਰੀ ਬਹਿਸ ਇੱਕ ਝੂਠੇ ਵਿਅਕਤੀ ਨਾਲ ਸੀ: ਬਾਇਡਨ



ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ: ਅਮਰੀਕਾ ਦੇ ਰਾਸ਼ਟਰਪਤੀ ਜੋ ਬਾਇਡਨ ਨੇ ਕਿਹਾ ਹੈ ਕਿ ਉਸ ਨੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨਾਲ ਬਹਿਸ ਦੌਰਾਨ ਵਧੀਆ ਕੰਮ ਕੀਤਾ ਹੈ ਤੇ ਉਨ੍ਹਾਂ ਨੇ ਕੁਝ ਡੈਮੋਕਰੈਟਿਕ ਸਮਰਥਕਾਂ ਵੱਲੋਂ ਮੁਕਾਬਲੇ ਵਿਚੋਂ ਹਟਣ ਦੀ ਕੀਤੀ ਜਾ ਰਹੀ ਮੰਗ ਨੂੰ ਰੱਦ ਕਰ ਦਿੱਤਾ ਹੈ। ਬਾਇਡਨ ਨੇ ਸਮਰਥਕਾਂ ਨੂੰ ਕਿਹਾ ਹੈ ਕਿ ਆਓ ਅੱਗੇ ਵਧੀਏ। ਬਾਇਡਨ ਨੂੰ ਇੱਕ ਪੱਤਰਕਾਰ ਵੱਲੋਂ ਇਹ ਪੁੱਛੇ ਜਾਣ 'ਤੇ ਕਿ ਕੀ ਉਹ ਮੈਦਾਨ ਛੱਡ ਰਹੇ ਹਨ ਤੇ ਕੀ ਉਨ੍ਹਾਂ ਨੂੰ ਕੋਈ ਸ਼ੱਕ ਹੈ ਤਾਂ ਬਾਇਡਨ ਨੇ ਕਿਹਾ ਕਿ ਨਹੀਂ, ਇੱਕ ਝੂਠੇ ਵਿਅਕਤੀ ਨਾਲ ਬਹਿਸ ਕਰਨਾ ਬਹੁਤ ਕਠਿਨ ਹੁੰਦਾ ਹੈ। 'ਦ ਨਿਊਯਾਰਕ ਟਾਈਮਜ਼' ਨੇ

ਸਪੱਸ਼ਟ ਕੀਤਾ ਹੈ ਕਿ ਉਸ (ਟਰੰਪ) ਨੇ 26 ਵਾਰ ਝੂਠ ਬੋਲਿਆ। ਬਾਇਡਨ ਨੇ ਮੰਨਿਆ ਕਿ ਉਹ ਠੀਕ ਨਹੀਂ ਸੀ ਤੇ ਉਸ ਦਾ ਗਲਾ ਪੱਕਿਆ ਹੋਇਆ ਸੀ। ਇਸ ਬਹਿਸ ਵਿਚੋਂ ਜੋ ਤੱਥ ਸਾਹਮਣੇ ਆਏ ਹਨ, ਉਨ੍ਹਾਂ ਤੋਂ ਸਪੱਸ਼ਟ ਹੈ ਕਿ ਬਹਿਸ ਨੂੰ ਵੇਖਣ ਤੇ ਸੁਣਨ ਵਾਲਿਆਂ ਨੂੰ ਇਸ ਤੱਥ ਬਾਰੇ ਬਹੁਤ ਘੱਟ ਪਤਾ ਲੱਗਾ ਹੈ ਕਿ ਦੋਵੇਂ ਉਮੀਦਵਾਰਾਂ ਦੀ ਮੁੱਖ ਮੁੱਦਿਆਂ ਪ੍ਰਤੀ ਪਹੁੰਚ ਕੀ ਹੈ? ਦੋਵੇਂ ਉਮੀਦਵਾਰਾਂ ਦੀ ਉਮਰ, ਜਿਨ੍ਹਾਂ ਨੂੰ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਨੂੰ ਲੈ ਕੇ ਸਰੀਰਕ ਯੋਗਤਾ ਬਾਰੇ ਸਵਾਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਬਹਿਸ ਦਾ ਮੁੱਖ ਸਵਾਲ ਸੀ ਜਿਸ ਦਾ ਜਵਾਬ ਅਮਰੀਕੀ ਲੋਕਾਂ ਨੂੰ ਨਹੀਂ ਮਿਲਿਆ। ਬਹਿਸ ਦੌਰਾਨ ਸ਼ੁਰੂ ਵਿੱਚ

78 ਸਾਲਾ ਟਰੰਪ ਬਾਇਡਨ (81) ਦੀ ਤੁਲਨਾ ਵਿੱਚ ਵਧੇਰੇ ਤਾਕਤਵਾਰ ਤੇ ਉਤਸ਼ਾਹਿਤ ਨਜਰ ਆਏ ਤੇ ਉਨ੍ਹਾਂ ਨੇ ਹਮਲਾਵਰ ਅੰਦਾਜ਼ ਅਪਣਾਇਆ ਪਰੰਤੂ ਬਾਅਦ ਵਿੱਚ ਜਦੋਂ ਬਾਇਡਨ ਨੇ ਆਪਣੇ ਕਾਰਜਕਾਲ ਦੌਰਾਨ ਕੀਤੇ ਕੰਮਾਂ ਦੀ ਪੈਰਵਾਈ ਕਰਨੀ ਸ਼ੁਰੂ ਕੀਤੀ ਤੇ ਟਰੰਪ ਦੇ ਚਰਿੱਤਰ ਬਾਰੇ ਗੱਲਾਂ ਕੀਤੀਆਂ ਤਾਂ ਉਹ ਵਧੀਆ ਨਜ਼ਰ ਆਏ। ਬਹਿਸ ਵਿਸ਼ੇਸ਼ ਤੌਰ 'ਤੇ ਬਹਿਸ ਦੇ ਸ਼ੁਰੂਆਤੀ ਮਿੰਟਾਂ ਦੌਰਾਨ ਲੱਖਾਂ ਦਰਸ਼ਕਾਂ ਦੇ ਜੋ ਪ੍ਰਤੀਕਰਮ ਸਾਹਮਣੇ ਆਏ ਹਨ, ਉਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਰੀਪਬਲੀਕਨ ਸਮਰਥਕਾਂ ਵੱਲੋਂ ਭਵਿੱਖ ਵਿੱਚ ਬਾਇਡਨ ਦੀ ਉਮਰ ਤੇ ਉਨ੍ਹਾਂ ਵੱਲੋਂ ਅਹੁਦਾ ਸੰਭਾਲਣ ਦੀ ਯੋਗਤਾ ਨੂੰ ਲੈ ਕੇ ਵੱਡੀ ਪੱਧਰ ਉੱਪਰ ਸਵਾਲ ਖੜੇ ਕੀਤੇ ਜਾਣਗੇ ਪਰੰਤੂ ਡੈਮੋਕਰੈਟਿਕਾਂ ਵੱਲੋਂ ਬਾਇਡਨ ਦੀ ਜਗ੍ਹਾ ਹੋਰ ਕਿਸੇ ਨੂੰ ਉਮੀਦਵਾਰ ਬਣਾਉਣਾ ਜੇਕਰ ਸੰਭਵ ਨਹੀਂ ਹੈ ਤਾਂ ਮੁਸ਼ਕਿਲ ਜ਼ਰੂਰ ਹੈ। ਹਾਲਾਂ ਕਿ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਸਪੱਸ਼ਟ ਕਰ ਚੁੱਕੇ ਹਨ ਕਿ ਜੇਕਰ ਹਾਲਾਤ ਬਣਦੇ ਹਨ ਤਾਂ ਉਹ ਰਾਸ਼ਟਰਪਤੀ ਦੀ ਭੂਮਿਕਾ ਨਿਭਾਉਣ ਲਈ ਤਿਆਰ ਹਨ। ਫਿਲਹਾਲ ਬਾਇਡਨ ਇੱਕ ਮਜ਼ਬੂਤ ਉਮੀਦਵਾਰ ਵਜੋਂ ਡਟੇ ਹੋਏ ਹਨ।

## ਬਾਇਡਨ ਦੇ ਦੌੜ 'ਚੋਂ ਲਾਂਭੇ ਹੋਣ ਦੀ ਮੰਗ ਜ਼ੋਰ ਫੜਨ ਲੱਗੀ

ਵਾਸ਼ਿੰਗਟਨ/ਏ.ਟੀ.ਨਿਊਜ਼ : ਰਾਸ਼ਟਰਪਤੀ ਦੀ ਚੋਣ ਸਬੰਧੀ ਅਟਲਾਂਟਾ ਵਿੱਚ ਕਰਵਾਈ ਬਹਿਸ ਦੌਰਾਨ ਮਾੜੀ ਕਾਰਗੁਜ਼ਾਰੀ ਮਗਰੋਂ ਸੱਤਾਧਾਰੀ ਡੈਮੋਕਰੈਟਿਕ ਪਾਰਟੀ ਅਤੇ ਮੁੱਖਧਾਰਾ ਦੇ ਅਮਰੀਕੀ ਮੀਡੀਆ ਵਿੱਚ ਰਾਸ਼ਟਰਪਤੀ ਜੋਅ ਬਾਇਡਨ (81) ਨੂੰ ਇਸ ਦੌੜ ਵਿੱਚੋਂ ਲਾਂਭੇ ਕੀਤੇ ਜਾਣ ਦੀ ਮੰਗ ਜ਼ੋਰ ਫੜਨ ਲੱਗੀ ਹੈ। ਹਾਲਾਂਕਿ, ਬਾਇਡਨ ਅਤੇ ਉਨ੍ਹਾਂ ਦੀ ਪ੍ਰਚਾਰ ਟੀਮ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਹਾਰ ਨਹੀਂ ਮੰਨੀ ਅਤੇ ਉਹ 5 ਨਵੰਬਰ ਨੂੰ ਹੋਣ ਵਾਲੀ ਚੋਣ ਲੜਨ ਲਈ ਦ੍ਰਿੜ੍ਹ ਹਨ।

ਬਾਇਡਨ ਦੀ ਪ੍ਰਚਾਰ ਟੀਮ ਨੇ ਕਿਹਾ, "ਬਾਇਡਨ ਡੈਮੋਕਰੈਟਿਕ ਪਾਰਟੀ ਦੇ ਉਮੀਦਵਾਰ ਹਨ। ਉਮੀਦਵਾਰ ਨਹੀਂ ਬਦਲਿਆ ਜਾ ਰਿਹਾ।" ਅਮਰੀਕਾ ਦੇ 46ਵੇਂ ਰਾਸ਼ਟਰਪਤੀ ਬਾਇਡਨ ਨੇ ਰਾਸ਼ਟਰਪਤੀ ਚੋਣ ਵਿਚ ਡੈਮੋਕਰੈਟ ਉਮੀਦਵਾਰ ਬਣਨ ਲਈ ਮੁੱਢਲੀ ਚੋਣ ਜਿੱਤ ਲਈ ਹੈ। ਵ੍ਹਾਈਟ ਹਾਊਸ ਵਿੱਚ ਦੂਜੀ ਵਾਰ ਦਾਖ਼ਲੇ ਦੇ ਇੱਛੁਕ ਬਾਇਡਨ ਦੀ ਆਵਾਜ਼ ਬਹਿਸ ਦੌਰਾਨ ਲੜਖੜਾਉਂਦੀ ਨਜ਼ਰ ਆਈ, ਜਿਸ ਕਾਰਨ ਸੀਨੀਅਰ ਡੈਮੋਕਰੈਟ ਆਗੂ ਸੋਚਣ ਲਈ ਮਜਬੂਰ ਹੋ ਗਏ ਹਨ ਕਿ ਕੀ ਬਾਇਡਨ ਚੋਣਾਂ ਤੋਂ ਪਹਿਲਾਂ ਆਉਂਦੇ ਦਿਨਾਂ 'ਚ ਆਪਣੀ ਮੁਹਿੰਮ ਨੂੰ ਬਰਕਰਾਰ ਰੱਖ ਸਕਣਗੇ।

ਉਧਰ, ਰਿਪਬਲਿਕਨ ਪਾਰਟੀ ਵੱਲੋਂ ਰਾਸ਼ਟਰਪਤੀ ਅਹੁਦੇ ਦੇ ਸੰਭਾਵੀ ਉਮੀਦਵਾਰ ਡੋਨਲਡ ਟਰੰਪ (78) ਡੇਢ ਘੰਟੇ ਦੀ ਬਹਿਸ ਦੌਰਾਨ ਸ਼ੁਰੂ ਤੋਂ ਹੀ ਬਾਇਡਨ 'ਤੇ ਭਾਰੂ ਰਹੇ।

ਰਾਸ਼ਟਰਪਤੀ ਦੀ ਚੋਣ ਲਈ ਅਟਲਾਂਟਾ ਵਿੱਚ ਵੀਰਵਾਰ ਰਾਤ ਨੂੰ ਪਹਿਲੀ ਬਹਿਸ ਮਗਰੋਂ 'ਦਿ ਨਿਊਯਾਰਕ ਟਾਈਮਜ਼' ਸਮੇਤ ਕਈ ਮੀਡੀਆ ਸੰਸਥਾਵਾਂ ਅਤੇ ਬਾਇਡਨ ਦੀ ਪਾਰਟੀ ਦੇ ਸਮਰਥਕ ਤੇ ਅਹਿਮ ਨੀਤੀਘਾੜੇ ਉਨ੍ਹਾਂ ਨੂੰ ਇਸ ਦੌੜ ਤੋਂ ਲਾਂਭੇ ਹੋਣ ਦੀ ਮੰਗ ਕਰ ਰਹੇ ਹਨ। ਬਹਿਸ ਮਗਰੋਂ 'ਦਿ ਨਿਊਯਾਰਕ ਟਾਈਮਜ਼' ਨੇ ਆਪਣੀ ਸੰਪਾਦਕੀ ਵਿੱਚ ਲਿਖਿਆ, "ਆਪਣੇ ਦੇਸ਼ ਦੀ ਸੇਵਾ ਕਰਨ ਲਈ ਰਾਸ਼ਟਰਪਤੀ ਬਾਇਡਨ ਨੂੰ ਇਸ ਦੌੜ ਤੋਂ ਲਾਂਭੇ ਹੋ ਜਾਣਾ ਚਾਹੀਦਾ ਹੈ।"

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਭਾਰਤ ’ਚ ਘੱਟ ਗਿਣਤੀਆਂ ਖ਼ਿਲਾਫ਼ ਨਫ਼ਰਤੀ ਭਾਸ਼ਣ, ਹਿੰਸਾ ਤੇ ਅਨਿਆਂ ਚਿੰਤਾਜਨਕ : ਅਮਰੀਕਾ

## ਪ੍ਰਧਾਨ ਮੰਤਰੀ ਮੋਦੀ ਤੇ ਭਾਜਪਾ ਨੂੰ ਘੱਟਗਿਣਤੀਆਂ ਵਿਰੁਧ ਨਫ਼ਰਤ ਫ਼ੈਲਾਉਣ ਦਾ ਲਗਾਇਆ ਦੋਸ਼

### ਰਿਪੋਰਟ ਵਿੱਚ ਮਣੀਪੁਰ ਹਿੰਸਾ ਅਤੇ ਹਰਦੀਪ ਸਿੰਘ ਨਿੱਝਰ ਦੇ ਕਤਲ ਦਾ ਜ਼ਿਕਰ



ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਤੇ ਘੱਟਗਿਣਤੀਆਂ ਪ੍ਰਤੀ ਅਨਿਆਂ ਕਾਰਨ ਭਾਰਤ ਅਮਰੀਕਾ ਦੇ ਨਿਸ਼ਾਨੇ ਉੱਪਰ ਹੈ। ਅਮਰੀਕਾ ਦੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਨੇ ਭਾਰਤ ਵਿੱਚ ਧਰਮ ਪਰਿਵਰਤਨ ਵਿਰੋਧੀ ਕਾਨੂੰਨਾਂ, ਨਫ਼ਰਤੀ ਭਾਸ਼ਣਾਂ ਅਤੇ ਘੱਟਗਿਣਤੀ ਭਾਈਚਾਰਿਆਂ ਦੀਆਂ ਪੂਜਣਯੋਗ ਥਾਵਾਂ ਤੇ ਘਰਾਂ ਨੂੰ ਢਾਹੁਣ ਦੀਆਂ ਘਟਨਾਵਾਂ ਵਿੱਚ ‘ਚਿੰਤਾਜਨਕ ਵਾਧੇ’ ਉੱਤੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸੀਨੀਅਰ ਅਮਰੀਕੀ ਅਧਿਕਾਰੀ 2023 ਵਿੱਚ ਭਾਰਤ ਸਰਕਾਰ ਅਤੇ ਇਸਦੇ ਮੰਤਰੀਆਂ ਦੀਆਂ ਫਿਰਕੂ ਨੀਤੀਆਂ, ਆਜ਼ਾਦੀ ਤੇ ਧਾਰਮਿਕ ਮੁੱਦਿਆਂ ’ਤੇ ਚਿੰਤਾਵਾਂ ਪ੍ਰਗਟਾਉਂਦੇ ਰਹੇ ਹਨ। ਰਿਪੋਰਟ ਮੁਤਾਬਕ ਸਾਲ 2023 ਵਿੱਚ ਵੀ ਭਾਰਤ ਵਿੱਚ ਧਾਰਮਿਕ ਆਜ਼ਾਦੀ ਦੇ ਹਾਲਾਤ ਖਰਾਬ ਰਹੇ ਹਨ। ਇਸ ਵਿੱਚ ਕਿਹਾ ਗਿਆ ਹੈ ਕਿ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਨੇ ਪੱਖਪਾਤੀ ਰਾਸ਼ਟਰਵਾਦੀ ਨੀਤੀਆਂ ਨੂੰ ਅੱਗੇ ਵਧਾਇਆ ਹੈ, ਜਿਸ ਨਾਲ ਸਮਾਜ ਵਿੱਚ ਨਫ਼ਰਤ ਵਧੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਜਪਾ ਮੁਸਲਮਾਨਾਂ, ਈਸਾਈਆਂ, ਸਿੱਖਾਂ, ਦਲਿਤਾਂ, ਯਹੂਦੀਆਂ ਅਤੇ ਆਦਿਵਾਸੀਆਂ ਵਿਰੁੱਧ ਫਿਰਕੂ ਹਿੰਸਾ ਨਾਲ ਨਜਿੱਠਣ ਵਿੱਚ ਅਸਫ਼ਲ ਰਹੀ ਹੈ। ਰਿਪੋਰਟ ਮੁਤਾਬਕ ਭਾਰਤ ਵਿੱਚ ਯੂ.ਏ.ਪੀ.ਏ., ਐਫ.ਸੀ.ਆਰ.ਏ., ਸੀ.ਏ.ਏ., ਧਰਮ ਪਰਿਵਰਤਨ ਅਤੇ ਗਊ ਹੱਤਿਆ ਵਿਰੋਧੀ ਕਾਨੂੰਨਾਂ ਕਾਰਨ ਧਾਰਮਿਕ ਘੱਟ ਗਿਣਤੀਆਂ ਅਤੇ ਉਨ੍ਹਾਂ ਦੇ ਵਕੀਲਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਹਾਲਾਂਕਿ, ਭਾਰਤ ਵਿੱਚ ਆਮ ਚੋਣਾਂ 2024 ਦੌਰਾਨ ਨਰਿੰਦਰ ਮੋਦੀ ਦੇ ਭਾਸ਼ਣ ਵਿਵਾਦਾਂ ਵਿੱਚ ਰਹੇ ਹਨ। ਮੋਦੀ ਨੇ ਆਪਣੇ ਚੋਣ ਭਾਸ਼ਣਾਂ ਵਿੱਚ ਸਿੱਧੇ ਤੌਰ ’ਤੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਸੀ।

ਮੋਦੀ ਨੇ ਮੁਸਲਮਾਨਾਂ ਨੂੰ ਘੁਸਪੈਠੀਏ ਕਿਹਾ ਸੀ ਜੋ ਬਹੁਤ ਸਾਰੇ ਬੱਚੇ ਪੈਦਾ ਕਰਦਾ ਹੈ। ਹਿੰਦੂਆਂ ਨੂੰ ਮੁਸਲਮਾਨਾਂ ਦਾ ਡਰ ਦਿਖਾਉਂਦੇ ਹੋਏ ਹਿੰਦੂ ਔਰਤਾਂ ਦੇ ਮੰਗਲਸੂਤਰ ਤੋਂ ਲੈ ਕੇ ਹਿੰਦੂਆਂ ਦੀਆਂ ਮੱਝਾਂ ਤੱਕ ਹਰ ਚੀਜ਼ ਨੂੰ ਮੁਸਲਮਾਨਾਂ ਤੋਂ ਖਤਰਾ ਦੱਸਿਆ ਗਿਆ ਸੀ। ਭਾਰਤ ਦੇ ਚੋਣ ਕਮਿਸ਼ਨ ਨੇ ਮੋਦੀ ਦੇ ਭਾਸ਼ਣਾਂ ਦਾ ਕੋਈ ਸਿੱਧਾ ਨੋਟਿਸ ਨਹੀਂ ਲਿਆ। ਇੱਥੋਂ ਤੱਕ ਕਿ ਭਾਰਤ ਦੀਆਂ ਅਦਾਲਤਾਂ ਵੀ ਚੁੱਪ ਰਹੀਆਂ, ਜਦੋਂ ਕਿ ਭਾਰਤੀ ਅਦਾਲਤਾਂ ਨੇ ਨਫ਼ਰਤ ਭਰੇ ਭਾਸ਼ਣ ਵਿਰੁੱਧ ਹੁਕਮ ਜਾਰੀ ਕੀਤੇ ਸਨ।

ਕੌਮਾਂਤਰੀ ਧਾਰਮਿਕ ਆਜ਼ਾਦੀ ’ਤੇ ਅਮਰੀਕੀ ਵਿਦੇਸ਼ ਮੰਤਰਾਲੇ ਦੀ ਰਿਪੋਰਟ (2023) ਉੱਤੇ ਟਿੱਪਣੀ ਕਰਦਿਆਂ ਬਲਿੰਕਨ ਨੇ ਕਿਹਾ ਕਿ ਭਾਰਤ ਵਿੱਚ ਇਸਾਈ ਸਮੂਹਾਂ ਨੇ ਭੀੜਾਂ ਵੱਲੋਂ ਹਮਲੇ ਕਰਨ ਬਾਰੇ ਦੱਸਿਆ ਹੈ, ‘ਧਰਮ ਪਰਿਵਰਤਨ’ ਦੇ ਦੋਸ਼ਾਂ ਤਹਿਤ ਇਹ ਹਮਲੇ ਕਥਿਤ ਤੌਰ ’ਤੇ ਪੁਲਿਸ ਨਾਲ ਰਲ ਕੇ ਕੀਤੇ ਗਏ ਹਨ।

ਭਾਰਤ ਨੇ ਹਮੇਸ਼ਾ ਹੀ ਅਮਰੀਕਾ ਵਿੱਚ ਧਾਰਮਿਕ ਆਜ਼ਾਦੀ ਬਾਰੇ ਰਿਪੋਰਟਾਂ ਨੂੰ ਰੱਦ ਕੀਤਾ ਹੈ। ਉਸਨੇ ਇਸਨੂੰ ਕਦੇ ਸਵੀਕਾਰ ਨਹੀਂ ਕੀਤਾ। ਭਾਰਤ ਦਾ ਕਹਿਣਾ ਹੈ ਕਿ ਅਮਰੀਕੀ ਵਿਦੇਸ਼ ਵਿਭਾਗ ਦੀਆਂ ਸਾਲਾਨਾ ਮਨੁੱਖੀ ਅਧਿਕਾਰ ਰਿਪੋਰਟਾਂ ‘ਗਲਤ ਜਾਣਕਾਰੀ ਅਤੇ ਗਲਤ ਸਮਝ’ ’ਤੇ ਆਧਾਰਿਤ ਹਨ। ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਸਖਤ ਟਿੱਪਣੀ ਕਰਦੇ ਹੋਏ ਕਿਹਾ ਕਿ ਇਹ ਰਿਪੋਰਟ ਪੱਖਪਾਤੀ ਹੈ ਤੇ ਵੋਟ ਬੈਂਕ ਦੀਆਂ ਭਾਵਨਾਵਾਂ ਨੂੰ ਦਰਸਾਉਂਦੀ ਹੈ। ਅਸੀਂ 2023 ਲਈ ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ’ਤੇ ਅਮਰੀਕੀ ਵਿਦੇਸ਼ ਵਿਭਾਗ ਦੁਆਰਾ ਜਾਰੀ ਕੀਤੀ ਗਈ ਰਿਪੋਰਟ ਨੂੰ ਨੋਟ ਕੀਤਾ ਹੈ। ਪਹਿਲਾਂ ਵਾਂਗ, ਇਹ ਰਿਪੋਰਟ ਵੀ ਪੂਰੀ ਤਰ੍ਹਾਂ ਪੱਖਪਾਤੀ ਹੈ, ਭਾਰਤ ਦੇ ਸਮਾਜਿਕ ਤਾਣੇ-ਬਾਣੇ ਦੀ ਸਮਝ ਦੀ ਘਾਟ ਹੈ।

ਹਾਲਾਂਕਿ, ਵਿਦੇਸ਼ੀ ਮੀਡੀਆ ਸਮੇਂ-ਸਮੇਂ ’ਤੇ ਭਾਰਤ ਵਿੱਚ ਘੱਟ ਗਿਣਤੀਆਂ ਵਿਰੁੱਧ ਅੱਤਿਆਚਾਰਾਂ ਬਾਰੇ ਰਿਪੋਰਟਾਂ ਜਾਰੀ ਕਰਦਾ ਹੈ, ਪਰ ਭਾਰਤ ਸਰਕਾਰ ਇਨ੍ਹਾਂ ਰਿਪੋਰਟਾਂ ਦਾ ਦਲੀਲਾਂ ਤੇ ਸਬੂਤਾਂ ਨਾਲ ਖੰਡਨ ਨਹੀਂ ਕਰ ਸਕੀ। ਇੱਥੋਂ ਤੱਕ ਕਿ ਜਦੋਂ ਮਨੀਪੁਰ ਵਿੱਚ ਜਾਤੀ ਹਿੰਸਾ ਦੌਰਾਨ 300 ਤੋਂ ਵੱਧ ਈਸਾਈ ਚਰਚਾਂ ਨੂੰ ਸਾੜ ਦਿੱਤਾ ਗਿਆ ਜਾਂ ਢਾਹ ਦਿੱਤਾ ਗਿਆ ਸੀ, ਸਰਕਾਰ ਇਸ ਰਿਪੋਰਟ ਦਾ ਖੰਡਨ ਨਹੀਂ ਕਰ ਸਕੀ।

ਪ੍ਰਧਾਨ ਮੰਤਰੀ ਮੋਦੀ ਨੇ ਧਾਰਮਿਕ ਭਾਈਚਾਰਿਆਂ ਲਈ ਵੱਖਰੇ ਨਿੱਜੀ ਕਾਨੂੰਨਾਂ ਦੀ ਬਜਾਏ ਰਾਸ਼ਟਰੀ ਪੱਧਰ ’ਤੇ ਯੂਨੀਫਾਰਮ ਸਿਵਲ ਕੋਡ (ਯੂ.ਸੀ.ਸੀ.) ਨੂੰ ਲਾਗੂ ਕਰਨ ਦਾ ਸੱਦਾ ਦਿੱਤਾ ਸੀ। ਇਸ ਬਾਰੇ ਅਮਰੀਕੀ ਵਿਦੇਸ਼ ਵਿਭਾਗ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਮੁਸਲਿਮ, ਸਿੱਖ, ਈਸਾਈ ਅਤੇ ਕਬਾਇਲੀ ਨੇਤਾਵਾਂ ਅਤੇ ਰਾਜ ਸਰਕਾਰ ਦੇ ਕੁਝ ਅਧਿਕਾਰੀਆਂ ਨੇ ਇਸ ਆਧਾਰ ’ਤੇ ਮੋਦੀ ਸਰਕਾਰ ਦਾ ਵਿਰੋਧ ਕੀਤਾ ਕਿ ਇਹ ਦੇਸ਼ ਨੂੰ ‘ਹਿੰਦੂ ਰਾਸ਼ਟਰ’ ਵਿੱਚ ਬਦਲਣ ਦੇ ਇੱਕ ਪ੍ਰੋਜੈਕਟ ਦਾ ਹਿੱਸਾ ਸੀ।

ਇਸ ਵਾਰ ਅਮਰੀਕੀ ਮਨੁੱਖੀ ਅਧਿਕਾਰ ਸਮੂਹ ਦੀ ਰਿਪੋਰਟ ਹੋਰ ਵੀ ਚਿੰਤਾਜਨਕ ਹੈ। ਇਸ ਸਾਲ ਦੀ ਰਿਪੋਰਟ ਵਿੱਚ, ਅਮਰੀਕੀ ਵਿਦੇਸ਼ ਵਿਭਾਗ ਨੇ ਕਿਹਾ ਕਿ ਈਸਾਈਆਂ ਅਤੇ ਮੁਸਲਮਾਨਾਂ ਨੂੰ ਜਬਰੀ ਧਰਮ ਪਰਿਵਰਤਨ ’ਤੇ ਪਾਬੰਦੀ ਲਗਾਉਣ ਵਾਲੇ ਕਾਨੂੰਨਾਂ ਦੇ ਤਹਿਤ ਗ੍ਰਿਫਤਾਰ ਕੀਤਾ ਗਿਆ ਸੀ।

ਇੰਡੀਅਨ ਅਮਰੀਕਨ ਮੁਸਲਿਮ ਕੌਂਸਲ (ਆਈ.ਏ.ਐਮ.ਸੀ.) ਨੇ ਇਸ ਅਮਰੀਕੀ ਰਿਪੋਰਟ ਦਾ ਸੁਆਗਤ ਕਰਦੇ ਹੋਏ ਕਿਹਾ ਕਿ ਧਾਰਮਿਕ ਘੱਟਗਿਣਤੀ ਸਮੂਹਾਂ ਦੇ ਮੈਂਬਰਾਂ ਨੂੰ ਝੂਠੇ ਅਤੇ ਮਨਘੜਤ ਦੋਸ਼ਾਂ ’ਤੇ ਪ੍ਰੇਸ਼ਾਨ ਕੀਤਾ ਗਿਆ ਸੀ ਇਹੀ ਨਤੀਜੇ ਇੱਕ ਰਿਪੋਰਟ ਵਿੱਚ ਪੇਸ਼ ਕੀਤੇ ਗਏ ਹਨ ਜਿਸ ਵਿੱਚ ਅਮਰੀਕਾ ਨੂੰ ਭਾਰਤ ਨੂੰ ‘ਵਿਸ਼ੇਸ਼ ਚਿੰਤਾ ਦਾ ਦੇਸ਼’ ਵਜੋਂ ਨਾਮਜ਼ਦ ਕਰਨ ਦੀ ਮੰਗ ਕੀਤੀ ਗਈ ਹੈ। ਆਈ.ਏ.ਐਮ.ਸੀ. ਦੇ ਕਾਰਜਕਾਰੀ ਨਿਰਦੇਸ਼ਕ ਨੇ ਕਿਹਾ ਕਿ ਇੱਕ ਵਾਰ ਫਿਰ, ਵਿਦੇਸ਼ ਵਿਭਾਗ ਦੀ ਆਪਣੀ ਰਿਪੋਰਟਿੰਗ ਇਹ ਸਪੱਸ਼ਟ ਕਰਦੀ ਹੈ ਕਿ ਭਾਰਤ ਸੀ.ਪੀ.ਸੀ. ਵਿੱਚ ਸ਼ਾਮਲ ਕਰਨ ਲਈ ਯੋਗ ਹੈ।

(ਬਾਕੀ ਸਫ਼ਾ 31 ’ਤੇ)

### ਕੈਨੇਡਾ ’ਚ ਕਤਲ ਹੋਏ ਹਰਦੀਪ ਸਿੰਘ ਨਿੱਝਰ ਬਾਰੇ ਭਾਰਤੀ ਅਧਿਕਾਰੀਆਂ ਨੂੰ ਠਹਿਰਾਇਆ ਦੋਸ਼ੀ



ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤੀ ਅਧਿਕਾਰੀਆਂ ਵੱਲੋਂ ਵਿਦੇਸ਼ਾਂ ਵਿੱਚ ਰਹਿਣ ਵਾਲੇ ਵੱਖ-ਵੱਖ ਧਾਰਮਿਕ ਭਾਈਚਾਰਿਆਂ ਦੇ ਲੋਕਾਂ ਨੂੰ ਨਿਸ਼ਾਨਾ ਬਣਾਉਣ ਦੇ ਮਾਮਲਿਆਂ ਵਿੱਚ ਵੀ ਵਾਧਾ ਹੋਇਆ ਹੈ। ਇਸਦੇ ਮੁਤਾਬਕ ਸਤੰਬਰ ਵਿੱਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸਿੱਖ ਕਾਰਕੁਨ ਹਰਦੀਪ ਸਿੰਘ ਨਿੱਝਰ ਦੇ ਕਤਲ ਵਿੱਚ ਭਾਰਤੀ ਅਧਿਕਾਰੀਆਂ ਦੀ ਸ਼ਮੂਲੀਅਤ ਦਾ ਇਲਜ਼ਾਮ ਲਾਇਆ ਸੀ। ਇਸ ਤੋਂ ਬਾਅਦ ਨਵੰਬਰ ਮਹੀਨੇ ਅਮਰੀਕਾ ਵਿੱਚ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਕੋਸ਼ਿਸ਼ ਵੀ ਕੀਤੀ ਗਈ ਸੀ।

### ਨਿਊਜ਼ ਕਲਿੱਕ ਵਾਲੀ ਘਟਨਾ ਦਾ ਵੀ ਰਿਪੋਰਟ ਵਿੱਚ ਜ਼ਿਕਰ

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਧਾਰਮਿਕ ਘੱਟ ਗਿਣਤੀਆਂ ਬਾਰੇ ਗੱਲ ਕਰਨ ਵਾਲੇ ਸਾਰੇ ਨਿਊਜ਼ ਆਊਟਲੈਟਸ ਜਾਂ ਐਨ.ਜੀ.ਓਜ਼. ਉੱਤੇ ਐਫ.ਸੀ.ਆਰ.ਏ. ਦੇ ਤਹਿਤ ਸਖ਼ਤ ਨਜ਼ਰ ਰੱਖੀ ਗਈ ਹੈ। ਇਸ ਵਿੱਚ ਫਰਵਰੀ 2023 ਵਿੱਚ ਸੈਂਟਰ ਫਾਰ ਪਾਲਿਸੀ ਰਿਸਰਚ ਨਾਮਕ ਇੱਕ ਐਨ.ਜੀ.ਓ. ਦੇ ਐਫ.ਸੀ.ਆਰ.ਏ. ਲਾਇਸੈਂਸ ਨੂੰ ਰੱਦ ਕਰਨ ਦਾ ਜ਼ਿਕਰ ਹੈ। ਰਿਪੋਰਟ ਮੁਤਾਬਕ ਇਹ ਐਨ.ਜੀ.ਓ. ਸਮਾਜਿਕ, ਧਾਰਮਿਕ ਅਤੇ ਜਾਤੀ ਪੱਧਰ ’ਤੇ ਹੋ ਰਹੇ ਵਿਤਕਰੇ ਬਾਰੇ ਰਿਪੋਰਟ ਕਰਨ ਦਾ ਕੰਮ ਕਰਦੇ ਹਨ ਪਰ ਗ੍ਰਹਿ ਮੰਤਰਾਲੇ ਨੇ ਇਸ ਦਾ ਐਫ.ਸੀ.ਆਰ.ਏ. ਲਾਇਸੈਂਸ ਰੱਦ ਕਰ ਦਿੱਤਾ।

ਇਸ ਵਿੱਚ ਕਿਹਾ ਗਿਆ ਹੈ, ‘ਇਸੇ ਤਰ੍ਹਾਂ, ਅਧਿਕਾਰੀਆਂ ਨੇ ਨਿਊਜ਼ਕਲਿਕ ਪੱਤਰਕਾਰਾਂ ਦੇ ਘਰਾਂ ਅਤੇ ਦਫਤਰਾਂ ’ਤੇ ਛਾਪੇਮਾਰੀ ਕੀਤੀ। ਇਸ ਵਿੱਚ ਤੀਸਤਾ ਸੇਤਲਵਾੜ ਵੀ ਸ਼ਾਮਲ ਹੈ, ਜਿਸ ਨੇ 2002 ਦੇ ਗੁਜਰਾਤ ਦੰਗਿਆਂ ਦੌਰਾਨ ਮੁਸਲਿਮ ਵਿਰੋਧੀ ਹਿੰਸਾ ਬਾਰੇ ਰਿਪੋਰਟ ਕੀਤੀ ਸੀ।

### ਕਸ਼ਮੀਰ ਵਿੱਚ ਧਾਰਾ 370 ਹਟਾਉਣ ਤੇ ਕਸ਼ਮੀਰੀਆਂ ਉੱਪਰ ਜ਼ੁਲਮ ਦੀ ਨਿਖੇਧੀ

ਸਾਲ 2019 ਵਿੱਚ, ਕੇਂਦਰ ਦੀ ਭਾਜਪਾ ਸਰਕਾਰ ਨੇ ਜੰਮੂ-ਕਸ਼ਮੀਰ ਤੋਂ ਧਾਰਾ 370 ਨੂੰ ਹਟਾ ਦਿੱਤਾ ਸੀ, ਜਿਸ ਨਾਲ ਰਾਜ ਨੂੰ ਕੁਝ ਵਿਸ਼ੇਸ਼ ਅਧਿਕਾਰ ਮਿਲੇ ਸਨ। ਇਸ ਦੇ ਨਾਲ ਹੀ, ਕੇਂਦਰ ਸਰਕਾਰ ਨੇ ਜੰਮੂ-ਕਸ਼ਮੀਰ ਨੂੰ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੰਡ ਦਿੱਤਾ ਸੀ। ਇਸ ਬਾਰੇ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਸਰਕਾਰ ਕਸ਼ਮੀਰੀ ਪੱਤਰਕਾਰਾਂ, ਧਾਰਮਿਕ ਆਗੂਆਂ ਅਤੇ ਮਨੁੱਖੀ ਅਧਿਕਾਰਾਂ ਦੇ ਵਕੀਲਾਂ ਨੂੰ ਨਜ਼ਰਬੰਦ ਕਰਦੀ ਰਹੀ ਹੈ।

ਰਿਪੋਰਟ ਵਿੱਚ ਇਰਫਾਨ ਮਹਿਰਾਜ ਦੀ ਗ੍ਰਿਫ਼ਤਾਰੀ ਦਾ ਵੀ ਜ਼ਿਕਰ ਹੈ। ਰਿਪੋਰਟ ਮੁਤਾਬਕ ਉਸ ਨੂੰ ਮਾਰਚ ਮਹੀਨੇ ਵਿੱਚ ਹਾਸ਼ੀਏ ’ਤੇ ਰਹਿਣ ਵਾਲੇ ਲੋਕਾਂ ’ਤੇ ਰਿਪੋਰਟ ਕਰਨ ਦੇ ਇਲਜ਼ਾਮ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ।

# ਅਮਰੀਕਾ ਵਿੱਚ ਜੱਜ ਨੂੰ ਰਿਸ਼ਵਤ ਦੇਣ ਦੀ ਕੋਸ਼ਿਸ਼ ਦੇ ਮਾਮਲੇ ਵਿੱਚ 5 ਵਿਰੁੱਧ ਦੋਸ਼ ਆਇਦ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਬੱਚਿਆਂ ਨੂੰ ਪੌਸ਼ਟਿਕ ਖੁਰਾਕ ਦੇਣ ਦੇ ਸੰਘੀ ਪ੍ਰੋਗਰਾਮ ਤਹਿਤ 25 ਕਰੋੜ ਡਾਲਰ ਤੋਂ ਵਧ ਦਾ ਫਰਾਡ ਕਰਨ ਦੇ ਮਾਮਲੇ ਵਿੱਚ ਆਪਣਾ ਬਚਾਅ ਕਰਨ ਲਈ ਇੱਕ ਜੱਜ ਨੂੰ ਰਿਸ਼ਵਤ ਦੇਣ ਦੀ ਕੋਸ਼ਿਸ਼ ਦੇ ਮਾਮਲੇ ਵਿੱਚ 5 ਵਿਅਕਤੀਆਂ ਵਿਰੁੱਧ ਸੰਘੀ ਦੋਸ਼ ਆਇਦ ਕੀਤੇ ਗਏ ਹਨ। ਇਹ ਜਾਣਕਾਰੀ ਮਿਨੀਸੋਟਾ ਦੇ ਯੂ. ਐਸ. ਅਟਾਰਨੀ ਨੇ ਇੱਕ ਪੱਤਰਕਾਰ ਸੰਮੇਲਨ ਦੌਰਾਨ ਜਾਰੀ ਇੱਕ ਬਿਆਨ ਵਿੱਚ ਦਿੱਤੀ ਹੈ। ਐਫ. ਬੀ. ਆਈ. ਦੇ ਵਿਸ਼ੇਸ਼ ਏਜੰਟ ਟਰੈਵਿਸ ਵਿਲਮਰ ਨੇ ਸੰਘੀ ਅਦਾਲਤ ਵਿੱਚ ਦਾਇਰ ਇੱਕ ਹਲਫ਼ੀਆ ਬਿਆਨ ਵਿੱਚ ਕਿਹਾ ਹੈ ਕਿ ਸ਼ੱਕੀ ਦੋਸ਼ੀਆਂ ਵੱਲੋਂ ਇਸ ਮਹੀਨੇ ਦੇ ਸ਼ੁਰੂ ਵਿੱਚ ਜੱਜ ਦੀ ਰਿਹਾਇਸ਼ ਦੇ ਮੋਹਰਲੇ ਦਰਵਾਜ਼ੇ ਅੱਗੇ ਡਾਲਰਾਂ ਨਾਲ ਭਰਿਆ ਥੈਲਾ ਰਖਿਆ ਗਿਆ ਜਿਸ ਨੂੰ ਵੇਖ ਕੇ ਜੱਜ ਨੇ ਤੁਰੰਤ 911 ਉੱਪਰ ਫੋਨ ਕੀਤਾ । ਇਸ ਥੈਲੇ ਵਿੱਚ ਤੋਹਫੇ ਦੇ ਤੌਰ ’ਤੇ 1,20,000 ਡਾਲਰ ਜੱਜ ਨੂੰ ਪੇਸ਼ ਕੀਤੇ ਗਏ ਸਨ। ਜੱਜ ਜਿਸ ਨੇ ਕੁਝ ਵੀ ਗਲਤ ਨਹੀਂ ਕੀਤਾ ਸੀ, ਨੂੰ ਕੇਸ ਵਿਚੋਂ ਕੱਢ ਦਿੱਤਾ ਗਿਆ। ਪੰਜਾਂ ਵਿਚੋਂ ਜਿਨਾਂ 3 ਵਿਰੁੱਧ ਇਸ ਹਫਤੇ ਦੋਸ਼ ਆਇਦ ਕੀਤੇ ਗਏ ਹਨ ਉਨਾਂ ਵਿੱਚ ਅਬਦੀਮਾਜਿਦ ਨੂਰ, ਅਬਦੀਆਜ਼ੀਜ਼ ਫਰਹਾ ਤੇ ਸੈਡ ਫਰਹਾ ਸ਼ਾਮਿਲ ਹਨ। ਅਦਾਲਤੀ ਦਸਤਾਵੇਜਾਂ ਅਨੁਸਾਰ ਇਸ ਜੱਜ ਤੱਕ ਇਸ ਕਰਕੇ ਪਹੁੰਚ ਕੀਤੀ ਗਈ, ਕਿਉਂਕਿ ਉਹ ਸਭ ਤੋਂ ਛੋਟੀ ਸੀ ਤੇ ਸ਼ੱਕੀ ਦੋਸ਼ੀਆਂ ਦਾ ਵਿਸ਼ਵਾਸ਼ ਸੀ ਕਿ ਉਹ ਹੀ ਇਕੋ ਇੱਕ ਜੱਜ ਹੈ ਜੋ ਕਾਲੇ ਭਾਈਚਾਰੇ ਨਾਲ ਸਬੰਧ ਰਖਦੀ ਹੈ। ਯੂ ਐਸ ਅਟਾਰਨੀ ਐਂਡਰੀਊ ਲੂਗਰ ਅਨੁਸਾਰ ਤੋਹਫੇ ਵਾਲੇ ਥੈਲੇ ਵਿੱਚ ਰਖੀ ਇੱਕ ਪਰਚੀ ਵਿੱਚ ਜੱਜ ਨੂੰ ਸਪੱਸ਼ਟ ਸੰਦੇਸ਼ ਦਿੰਦਿਆਂ ਲਿਖਿਆ ਗਿਆ ਕਿ ਤੁਸੀਂ ਹੀ ਇਕੋ ਇੱਕ ਜੱਜ ਹੋ ਜੋ ਇਸ ਮਾਮਲੇ ਨੂੰ ਖਤਮ ਕਰ ਸਕਦੇ ਹੋ। ਬਾਕੀ ਦੋ ਸ਼ੱਕੀ ਦੋਸ਼ੀਆਂ ਵਿੱਚ ਲਡਾਨ ਅਲੀ ਇੱਕ ਔਰਤ ਤੇ ਅਬਦੁਲਕਰੀਮ ਫਰਹਾ ਸ਼ਾਮਿਲ ਹਨ। ਔਰਤ ਅਲੀ ਨੇ ਜੱਜ ਦੇ ਘਰ ਅੱਗੇ ਪੈਸਿਆਂ ਵਾਲਾ ਥੈਲਾ ਰਖਿਆ ਜਦ ਕਿ ਅਬਦੁਲਕਰੀਮ ਵੀ ਅਲੀ ਦੇ ਨਾਲ ਗਿਆ ਤੇ ਉਸ ਵੱਲੋਂ ਰਖੇ ਪੈਸਿਆਂ ਵਾਲੇ ਥੈਲੇ ਦੀ ਵੀਡੀਓ ਬਣਾਈ ਗਈ। ਲਾਏ ਗਏ ਦੋਸ਼ਾਂ ਵਿੱਚ ਜੱਜ ਨੂੰ ਰਿਸ਼ਵਤ ਦੇਣ, ਰਿਸ਼ਵਤ ਦੇਣ ਦੀ ਸਾਜਿਸ਼ ਰਚਣ ਤੇ ਭ੍ਰਿਸ਼ਟ ਢੰਗ ਤਰੀਕੇ ਨਾਲ ਜੱਜ ਨੂੰ ਪ੍ਰਭਾਵਿਤ ਕਰਨ ਦੇ ਦੋਸ਼ ਸ਼ਾਮਿਲ ਹਨ।

# ਅਮਰੀਕਾ ਦੇ ਗਰਾਸਰੀ ਸਟੋਰ ਵਿੱਚ ਗੋਲੀਬਾਰੀ, ਮਰਨ ਵਾਲਿਆਂ ’ਚ ਇੱਕ ਭਾਰਤੀ ਵੀ ਸ਼ਾਮਿਲ

## ਭਾਰਤੀ ਕੌਂਸਲਖਾਨੇ ਨੇ ਪਰਿਵਾਰ ਦੀ ਹਰ ਸੰਭਵ ਮਦਦ ਕਰਨ ਦਾ ਦਿੱਤਾ ਭਰੋਸਾ



ਸੈਕਰਾਮੈਂਟੋ,ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ : ਅਮਰੀਕਾ ਦੇ ਅਰਕੰਸਾਸ ਰਾਜ ਦੇ ਫੋਰਡਾਇਸੀ ਕਸਬੇ ਵਿੱਚ 3 ਦਿਨ ਪਹਿਲਾਂ ਮੈਡ ਬਚਰ ਗਰਾਸਰੀ ਸਟੋਰ ਵਿੱਚ ਹੋਈ ਗੋਲੀਬਾਰੀ ਵਿੱਚ ਮਾਰੇ ਗਏ 4 ਵਿਅਕਤੀਆਂ ਵਿੱਚ ਇੱਕ ਭਾਰਤੀ ਵੀ ਸ਼ਾਮਿਲ ਹੈ ਜਿਸ ਦੀ ਪਛਾਣ ਡਸਾਰੀ ਗੋਪੀਕ੍ਰਿਸ਼ਨਾ (32) ਵਜੋਂ ਹੋਈ ਹੈ ਜੋ ਆਂਧਰਾ ਪ੍ਰਦੇਸ਼ ਦਾ ਰਹਿਣ ਵਾਲਾ ਹੈ। ਇਸ ਗੋਲੀਬਾਰੀ ਵਿੱਚ 2 ਪੁਲਿਸ ਅਫਸਰਾਂ ਸਮੇਤ 10 ਵਿਅਕਤੀ ਜ਼ਖਮੀ ਵੀ ਹੋਏ ਸਨ। ਹਮਲਵਾਰ ਵੀ ਪੁਲਿਸ ਦੀ ਗੋਲੀ ਨਾਲ ਜ਼ਖਮੀ ਹੋ ਗਿਆ ਸੀ ਜਿਸ ਨੂੰ ਮੌਕੇ ’ਤੇ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਗੋਪੀਕ੍ਰਿਸ਼ਨਾ 8 ਮਹੀਨੇ ਪਹਿਲਾਂ ਹੀ ਅਮਰੀਕਾ ਗਿਆ ਸੀ ਤੇ ਉਹ ਬਚਰ ਗਰਾਸਰੀ ਸਟੋਰ ਵਿੱਚ ਕੰਮ ਕਰਦਾ ਸੀ। ਜਿਸ ਸਮੇਂ ਗੋਲੀਬਾਰੀ ਹੋਈ ਤਾਂ ਉਹ ਕਾਊਂਟਰ ’ਤੇ ਬਿੱਲ ਬਣਾ ਰਿਹਾ ਸੀ। ਗੋਲੀਬਾਰੀ ਵਿੱਚ ਉਹ ਗੰਭੀਰ ਜ਼ਖਮੀ ਹੋ ਗਿਆ ਸੀ ਤੇ ਅਗਲੇ ਦਿਨ ਹਸਪਤਾਲ ਵਿੱਚ ਦਮ ਤੋੜ ਗਿਆ ਸੀ। ਉਹ ਆਪਣੇ ਪਿਛੇ ਪਤਨੀ ਤੇ ਇੱਕ ਪੁੱਤਰ ਛੱਡ ਗਿਆ ਹੈ। ਹੋਸਟਨ ਵਿੱਚ ਭਾਰਤੀ ਕੌਂਸਲਖਾਨੇ ਨੇ ਗੋਪੀਕ੍ਰਿਸ਼ਨਾ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ ਹੈ ਤੇ ਕਿਹਾ ਹੈ ਕਿ ਉਹ ਪਰਿਵਾਰ ਦੇ ਮੈਂਬਰਾਂ ਨਾਲ ਸੰਪਰਕ ਵਿੱਚ ਹੈ ਤੇ ਪਰਿਵਾਰ ਨੂੰ ਹਰ ਸੰਭਵ ਮਦਦ ਦਿੱਤੀ ਜਾਵੇਗੀ। ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰ ਬਾਬੂ ਨਾਇਡੂ ਨੇ ਵੀ ਗੋਪੀਕ੍ਰਿਸ਼ਨਾ ਦੀ ਮੌਤ ’ਤੇ ਅਫਸੋਸ ਪ੍ਰਗਟਾਇਆ ਹੈ ਤੇ ਭਰੋਸਾ ਦਿੱਤਾ ਹੈ ਕਿ ਰਾਜ ਸਰਕਾਰ ਗੋਪੀਕ੍ਰਿਸ਼ਨਾ ਦੀ ਮ੍ਰਿਤਕ ਦੇਹ ਭਾਰਤ ਲਿਆਉਣ ਵਿੱਚ ਹਰ ਲੋੜੀਂਦੀ ਸਹਾਇਤਾ ਕਰੇਗੀ।

# ਅਕਾਲੀ ਉਮੀਦਵਾਰ ਸੁਰਜੀਤ ਕੌਰ ਦੀ ਕੁੱਝ ਘੰਟਿਆਂ ਮਗਰੋਂ 'ਘਰ ਵਾਪਸੀ'

## ਬੀਬੀ ਜਗੀਰ ਕੌਰ ਤੇ ਜਥੇਦਾਰ ਵਡਾਲਾ ਨੇ ਨਿਭਾਈ ਅਹਿਮ ਭੂਮਿਕਾ

## ਮੁੱਖ ਮੰਤਰੀ ਨੇ ਕਰਵਾਇਆ ਸੀ 'ਆਪ' ਵਿੱਚ ਸ਼ਾਮਲ



ਜਲੰਧਰ/ਏ.ਟੀ.ਨਿਊਜ਼ : ਜਲੰਧਰ ਪੱਛਮੀ ਵਿਧਾਨ ਸਭਾ ਜ਼ਿਮਨੀ ਚੋਣ ਦੇ ਮੱਦੇਨਜ਼ਰ ਬੀਤੇ ਦਿਨ ਵਾਪਰੇ ਸਿਆਸੀ ਘਟਨਾਕ੍ਰਮ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਬੀਬੀ ਸੁਰਜੀਤ ਕੌਰ ਪਹਿਲਾਂ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਤੋਂ ਕੁੱਝ ਘੰਟਿਆਂ ਬਾਅਦ ਹੀ ਆਪਣੇ ਪੁੱਤਰ ਦੀਪ ਸਿੰਘ ਸਮੇਤ ਮੁੜ ਅਕਾਲੀ ਦਲ ਵਿੱਚ ਪਰਤ ਆਈ। ਬੀਬੀ ਸੁਰਜੀਤ ਕੌਰ ਪਹਿਲਾਂ 'ਆਪ' ਵਿੱਚ ਸ਼ਾਮਲ ਹੋ ਗਈ ਸੀ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਜਲੰਧਰ ਵਿੱਚ ਆਪਣੀ ਕਿਰਾਏ ਵਾਲੀ ਰਿਹਾਇਸ਼ 'ਤੇ ਉਨ੍ਹਾਂ ਦਾ ਪਾਰਟੀ ਵਿੱਚ ਸਵਾਗਤ ਕੀਤਾ ਸੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਜ਼ਿਲ੍ਹਾ ਦਿਹਾਤੀ ਦੇ ਪ੍ਰਧਾਨ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਯੂਥ ਅਕਾਲੀ ਦਲ ਦੇ ਆਗੂ ਸੁਖਮਿੰਦਰ ਸਿੰਘ ਰਾਜਪਾਲ ਅਤੇ ਖ਼ਾਸ ਕਰ ਆਪਣੇ ਭਾਈਚਾਰੇ ਦੇ ਮੈਂਬਰਾਂ ਦੀ ਮੌਜੂਦਗੀ ਵਿੱਚ ਬੀਬੀ ਸੁਰਜੀਤ ਕੌਰ ਮੁੜ ਅਕਾਲੀ ਦਲ ਵਿੱਚ ਪਰਤ ਆਈ। ਉਨ੍ਹਾਂ ਦੀ 'ਘਰ ਵਾਪਸੀ' ਵਿੱਚ ਬੀਬੀ ਜਗੀਰ ਕੌਰ ਤੇ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਦੀ ਅਹਿਮ ਭੂਮਿਕਾ ਰਹੀ। ਹਾਲਾਂਕਿ, ਬੀਬੀ ਸੁਰਜੀਤ ਕੌਰ ਸਿਹਤ ਠੀਕ ਨਾ ਹੋਣ ਪੱਤਰਕਾਰਾਂ ਨਾਲ ਗੱਲ ਨਹੀਂ ਕਰ ਸਕੀ। ਉਨ੍ਹਾਂ ਦੇ ਪੁੱਤਰ ਨੇ ਕਿਹਾ ਕਿ 'ਜੋ ਹੋ ਗਿਆ, ਉਸ ਨੂੰ ਭੁੱਲ ਜਾਓ'।

ਬੀਬੀ ਜਗੀਰ ਕੌਰ ਅਤੇ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਬੀਬੀ ਸੁਰਜੀਤ ਕੌਰ ਤੇ ਉਨ੍ਹਾਂ ਦੇ ਪੁੱਤਰ ਨੂੰ 'ਆਪ' ਵਿੱਚ ਸ਼ਾਮਲ ਕਰਵਾਉਣ ਦਾ ਬਹੁਤ ਦਬਾਅ ਪਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਚੰਗਾ ਹੋਇਆ ਕਿ ਉਹ ਅਕਾਲੀ ਦਲ ਵਿੱਚ ਛੇਤੀ ਹੀ ਪਰਤ ਆਏ ਹਨ।

ਜਾਣਕਾਰੀ ਅਨੁਸਾਰ ਬੀਬੀ ਸੁਰਜੀਤ ਕੌਰ ਦੇ ਰਿਸ਼ਤੇਦਾਰ ਤੇ ਭਾਈਚਾਰਾ ਉਨ੍ਹਾਂ ਦੇ 'ਆਪ' ਵਿੱਚ ਸ਼ਾਮਲ ਹੋਣ ਤੋਂ ਨਾਰਾਜ਼ ਸੀ। ਉਨ੍ਹਾਂ ਦਾ ਮੰਨਣਾ ਸੀ ਕਿ ਜਦੋਂ ਅਕਾਲੀ ਦਲ ਤੋਂ ਬਾਗ਼ੀ ਹੋਇਆ ਧੜਾ ਪੂਰੀ ਤਰ੍ਹਾਂ ਸੁਰਜੀਤ ਕੌਰ ਨਾਲ ਖੜ੍ਹਾ ਹੈ ਤਾਂ ਉਨ੍ਹਾਂ ਦੇ ਪਰਿਵਾਰ ਨੂੰ ਕਿਧਰੇ ਹੋਰ ਜਾਣ ਬਾਰੇ ਸੋਚਣਾ ਨਹੀਂ ਚਾਹੀਦਾ ਸੀ।

ਬੀਬੀ ਸੁਰਜੀਤ ਕੌਰ ਦਾ ਘਰ ਅੱਜ ਸਾਰਾ ਦਿਨ ਸਰਗਰਮੀਆਂ ਦਾ ਕੇਂਦਰ ਬਣਿਆ ਰਿਹਾ। ਉਨ੍ਹਾਂ ਦੇ ਘਰ ਆ ਰਹੇ ਰਿਸ਼ਤੇਦਾਰ ਅਤੇ ਸੀਨੀਅਰ ਅਕਾਲੀ ਆਗੂ ਉਨ੍ਹਾਂ ਨੂੰ ਦੱਸ ਰਹੇ ਸਨ ਕਿ ਇਹ ਮਹਿਜ ਇੱਕ ਹਲਕੇ ਦੀ ਚੋਣ ਨਹੀਂ ਸਗੋਂ ਸਮੁੱਚੇ ਅਕਾਲੀ ਦਲ ਦੇ ਭਵਿੱਖ ਦਾ ਸਵਾਲ ਹੈ। ਬਾਦਲ ਵਿਰੋਧੀ ਅਕਾਲੀ ਆਗੂ ਇਹ ਸੋਚ ਕੇ ਡੱਟ ਕੇ ਹਮਾਇਤ ਕਰ ਰਹੇ ਸਨ ਕਿ ਇਸ ਨਾਲ ਸੁਖਬੀਰ ਬਾਦਲ ਦੀ ਪਾਰਟੀ ਤੇ ਅਜ਼ਾਏਦਾਰੀ ਨੂੰ ਤੋੜਨ ਲਈ ਰਾਹ ਖੁੱਲ੍ਹੇਗਾ।

## ਦਲਿਤਾਂ ਨੂੰ ਸੱਤਾ ਦਾ ਭਾਗੀਦਾਰ ਨਹੀਂ ਬਣਾਉਣਾ ਚਾਹੁੰਦਾ ਅਕਾਲੀ ਦਲ: ਖੁੱਡੀਆਂ



ਜਲੰਧਰ/ਏ.ਟੀ.ਨਿਊਜ਼ : ਖੇਤੀਬਾੜੀ ਤੇ ਪਸ਼ੂ ਪਾਲਣ ਵਿਭਾਗ ਦੇ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਇੱਥੇ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਦਲਿਤ ਭਾਈਚਾਰੇ ਨੂੰ ਸੱਤਾ ਦਾ ਭਾਗੀਦਾਰ ਨਹੀਂ ਬਣਾਉਣਾ ਚਾਹੁੰਦਾ।

ਉਨ੍ਹਾਂ ਕਿਹਾ ਕਿ ਦੇਸ਼ ਦੀ ਸਭ ਤੋਂ ਪੁਰਾਣੀ ਤੇ ਕੁਰਬਾਨੀਆਂ ਵਾਲੀ ਪਾਰਟੀ ਅਕਾਲੀ ਦਲ ਹੁਣ ਸਿਰਫ਼ ਇੱਕ ਪਰਿਵਾਰ ਤੱਕ ਸੀਮਤ ਹੋ ਕੇ ਰਹਿ ਗਈ ਹੈ। ਇਸ ਨੇ ਜਲੰਧਰ ਪੱਛਮੀ ਹਲਕੇ ਵਿੱਚ ਇੱਕ ਗ਼ਰੀਬ ਪਰਿਵਾਰ ਨੂੰ ਟਿਕਟ ਦੇ ਕੇ ਬਾਅਦ ਵਿੱਚ ਉਸ ਨੂੰ ਸਮਰਥਨ ਦੇਣ ਤੋਂ ਨਾਂਹ ਕਰ ਦਿੱਤੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਦੀ ਜਗੀਰੂ ਸੋਚ ਦਾ ਪ੍ਰਗਟਾਵਾ ਹੈ ਕਿ ਕਿਧਰੇ ਗ਼ਰੀਬ ਤੇ ਟਕਸਾਲੀ ਅਕਾਲੀ ਪਰਿਵਾਰ ਦਾ ਕੋਈ ਆਗੂ ਵਿਧਾਇਕ ਨਾ ਬਣ ਜਾਵੇ। ਉਨ੍ਹਾਂ ਕਿਹਾ ਕਿ ਅਕਾਲੀ ਦਲ ਕਿਸੇ ਵੀ ਗ਼ਰੀਬ ਨੂੰ ਤੇ ਖ਼ਾਸ ਕਰਕੇ ਕਿਸੇ ਵੀ ਦਲਿਤ ਆਗੂ ਨੂੰ ਸੱਤਾ ਦਾ ਭਾਗੀਦਾਰ ਨਹੀਂ ਬਣਾਉਣਾ ਚਾਹੁੰਦਾ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਚੰਡੀਗੜ੍ਹ ਦਫ਼ਤਰ ਵਿੱਚ ਅੱਜ ਵੀ ਦਲਿਤ ਭਾਈਚਾਰੇ ਦੇ ਆਗੂਆਂ ਨੂੰ ਹੇਠਾਂ ਬਿਠਾਇਆ ਗਿਆ ਜਦਕਿ ਦੂਜੇ ਆਗੂ ਕੁਰਸੀਆਂ 'ਤੇ ਬੈਠੇ ਸਨ। ਇਸ ਤੋਂ ਪਾਰਟੀ ਦੀ ਜਗੀਰੂ ਸੋਚ ਦਾ ਪ੍ਰਗਟਾਵਾ ਹੁੰਦਾ ਹੈ। ਉਨ੍ਹਾਂ ਦਾਅਵਾ ਕੀਤਾ ਕਿ 'ਆਪ' ਉਮੀਦਵਾਰ ਮਹਿੰਦਰ ਭਗਤ ਜਲੰਧਰ ਪੱਛਮੀ ਸੀਟ ਤੋਂ ਵੱਡੇ ਫ਼ਰਕ ਨਾਲ ਜਿੱਤਣਗੇ।

# 25 ਸਾਲ ਪਹਿਲਾਂ ਅਕਾਲੀ ਦਲ 'ਚ ਫੁੱਟ: ਬਾਦਲ-ਟੌਹੜਾ ਵਿਵਾਦ 'ਚ ਬੀ.ਜੇ.ਪੀ

## ਟੌਹੜਾ ਬਾਦਲ ਤੋਂ ਕਿਉਂ ਨਿਰਾਸ਼ ਸਨ ? ਕਿਉਂ ਚਾਹੁੰਦੇ ਸਨ ਕਿ ਬਾਦਲ ਭਾਜਪਾ ਦੀ ਬਿਨਾਂ ਸ਼ਰਤ ਹਮਾਇਤ ਨਾ ਕਰਨ



ਆਈ ਪੀ ਸਿੰਘ

25 ਸਾਲ ਪਹਿਲਾਂ ਵੀ, ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਇੱਕ ਕਾਰਕ ਨੇ ਸ਼੍ਰੋਮਣੀ ਅਕਾਲੀ ਦਲ (ਅਕਾਲੀ ਦਲ) ਨੂੰ ਵੰਡਿਆ ਸੀ ਅਤੇ ਬਾਦਲ-ਟੌਹੜਾ ਵਿਵਾਦ ਕਾਰਨ ਦੋ ਸਿੱਖ ਸੰਸਥਾਵਾਂ ਦੇ ਮੁਖੀਆਂ-ਅਕਾਲ ਤਖ਼ਤ ਦੇ ਜਥੇਦਾਰ ਅਤੇ ਸ਼੍ਰੋਮਣੀ ਕਮੇਟੀ ਦੇ ਮੁਖੀ ਦਾ ਤਖਤਾ ਪਲਟ ਦਿੱਤਾ ਸੀ ਅਤੇ ਅੱਜ ਸੁਖਬੀਰ ਸਿੰਘ ਬਾਦਲ ਦਾ ਖੇਮਾ ਭਾਜਪਾ 'ਤੇ ਆਪਣੀ ਪਾਰਟੀ 'ਚ ਨਵੀਂ ਬਗਾਵਤ ਨੂੰ ਸਪਾਂਸਰ ਕਰਨ ਦਾ ਦੋਸ਼ ਲਾਉਂਦਾ ਹੈ।



ਜਦੋਂ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨਾਲ ਝਗੜਾ ਹੋਇਆ ਤਾਂ ਸ਼੍ਰੋਮਣੀ ਕਮੇਟੀ ਵਿੱਚ ਬਾਦਲ ਦੇ ਵਫ਼ਾਦਾਰ ਕਾਰਜਕਾਰਨੀ ਮੈਂਬਰਾਂ ਨੇ ਤਖ਼ਤ ਦੇ ਜਥੇਦਾਰ ਭਾਈ ਰਣਜੀਤ ਸਿੰਘ ਨੂੰ ਬਰਖਾਸਤ ਕਰ ਦਿੱਤਾ ਅਤੇ ਜਦੋਂ ਉਨ੍ਹਾਂ ਨੇ ਟੌਹੜਾ ਨੂੰ ਬਰਖਾਸਤ ਕੀਤਾ ਤਾਂ ਟੌਹੜਾ ਦੇ ਵਫ਼ਾਦਾਰ ਮੰਤਰੀਆਂ ਨੇ ਬਾਦਲ ਮੰਤਰੀ ਮੰਡਲ ਨੂੰ ਛੱਡ ਦਿੱਤਾ।

### ਝਗੜੇ ਦੇ ਬੀਜ

ਟੌਹੜਾ ਨੇ ਫਿਰ ਸਰਬ ਹਿੰਦ ਸ਼੍ਰੋਮਣੀ ਅਕਾਲੀ ਦਲ ਬਣਾਇਆ ਅਤੇ 2002 ਦੀਆਂ ਵਿਧਾਨ ਸਭਾ ਚੋਣਾਂ ਲੜੀਆਂ, ਜਿਸ ਵਿੱਚ ਬਾਦਲ ਦਾ ਅਕਾਲੀ ਦਲ ਹਾਰ ਗਿਆ।

ਵਿਵਾਦ ਇਹ ਸੀ ਕਿ 1998 ਦੇ ਅੱਧ ਵਿੱਚ ਟੌਹੜਾ ਨੇ ਅਹਿਮ ਮੁੱਦਿਆਂ 'ਤੇ ਪੰਜਾਬ ਪ੍ਰਤੀ ਭਾਜਪਾ ਦੇ ਰਵੱਈਏ 'ਤੇ ਸਵਾਲ ਉਠਾਉਣੇ ਸ਼ੁਰੂ ਕਰ ਦਿੱਤੇ ਸਨ ਅਤੇ ਕਿਹਾ ਸੀ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਬਿਨਾਂ ਸ਼ਰਤ ਸਮਰਥਨ ਦੇਣ ਵਾਲੇ ਐਨਡੀਏ ਦੇ ਦਿਨ ਖਤਮ ਹੋ ਗਏ ਹਨ। ਦਸੰਬਰ 1998 ਵਿੱਚ ਜਥੇਦਾਰ ਟੌਹੜਾ ਵੱਲੋਂ ਅਕਾਲੀ ਦਲ ਵਿੱਚ ਇੱਕ ਕਾਰਜਕਾਰੀ ਪਾਰਟੀ ਪ੍ਰਧਾਨ ਨਿਯੁਕਤ ਕਰਨ ਦੇ ਸੁਝਾਅ ਨੇ ਇੱਕ ਵਿਆਪਕ ਜੰਗ ਛੇੜ ਦਿੱਤੀ।

ਇਸ ਤੋਂ ਬਾਅਦ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਉਨ੍ਹਾਂ ਅਤੇ ਬਾਦਲ ਨਾਲ ਮੀਟਿੰਗ ਕੀਤੀ। ਇਸ ਮੁਲਾਕਾਤ ਦਾ ਜ਼ਿਕਰ ਕਰਦਿਆਂ ਸੀਨੀਅਰ ਪੱਤਰਕਾਰ ਅਤੇ ਸਿਆਸੀ ਟਿੱਪਣੀਕਾਰ ਜਗਤਾਰ ਸਿੰਘ ਨੇ ਆਪਣੀ ਕਿਤਾਬ 'ਖਾਲਿਸਤਾਨ ਸਟ੍ਰਗਲ ਐਜ਼ ਏ ਨਾਨ ਮੂਵਮੈਂਟ' ਵਿੱਚ ਲਿਖਿਆ: ਕੁਝ ਹਫ਼ਤਿਆਂ ਬਾਅਦ ਟੌਹੜਾ ਨੇ ਮੁੜ ਪਾਰਟੀ (ਭਾਜਪਾ) ਦੀ ਤੁਲਨਾ ਕਾਂਗਰਸ ਨਾਲ ਕਰਦਿਆਂ ਕਿਹਾ: ਅਕਾਲੀ-ਭਾਜਪਾ ਗਠਜੋੜ ਪੰਜਾਬ ਵਿੱਚ ਵਧੀਆ ਕੰਮ ਕਰ ਰਿਹਾ ਹੈ, ਪਰ ਮੈਂ ਭਾਜਪਾ ਹਾਈ ਕਮਾਂਡ ਦੇ ਰਵੱਈਏ ਤੋਂ ਸੰਤੁਸ਼ਟ ਨਹੀਂ ਹਾਂ। ਜਦੋਂ ਰਾਜ ਨਾਲ ਸਬੰਧਤ ਮੰਗਾਂ ਦੀ ਗੱਲ ਆਉਂਦੀ ਹੈ, ਤਾਂ ਭਾਜਪਾ ਕਾਂਗਰਸ ਤੋਂ ਵੱਖਰੀ ਨਹੀਂ ਹੈ।

ਭਾਜਪਾ ਨੂੰ ਆਤਮ ਚਿੰਤਨ ਕਰਨ ਦੀ ਲੋੜ ਹੈ। ਅਸੀਂ ਸਮਝਦੇ ਹਾਂ ਕਿ ਬਹੁਮਤ ਵਿੱਚ ਨਾ ਹੋਣ ਦੀਆਂ ਆਪਣੀਆਂ ਸੀਮਾਵਾਂ ਹਨ, ਪਰ ਇਹ ਰਵੱਈਏ ਦਾ ਸਵਾਲ ਹੈ। ਅਕਾਲੀ ਆਗੂ ਟੌਹੜਾ ਨੇ ਪੰਜਾਬ ਦੇ ਦਰਿਆਈ ਪਾਣੀ ਵਰਗੇ ਮੁੱਦੇ ਉਠਾਏ ਸਨ।

ਇਸ ਪਿਛੋਕੜ ਵਿੱਚ ਸੁਖਬੀਰ ਵਾਜਪਾਈ ਸਰਕਾਰ ਵਿੱਚ ਰਾਜ ਮੰਤਰੀ ਸਨ। ਦਸੰਬਰ 1998 ਦੇ ਦੂਜੇ ਹਫ਼ਤੇ, ਟੌਹੜਾ ਨੇ ਬਾਦਲ ਨੂੰ ਸਲਾਹ




ਦਿੱਤੀ, ਅਕਾਲੀ ਦਲ ਵਿੱਚ ਇੱਕ ਕਾਰਜਕਾਰੀ ਪ੍ਰਧਾਨ ਨਿਯੁਕਤ ਕਰਨ। ਆਦਮਪੁਰ ਉਪ ਚੋਣ ਵਿੱਚ ਅਕਾਲੀ ਦਲ ਦੀ ਹਾਰ ਦਾ ਹਵਾਲਾ ਦਿੰਦਿਆਂ ਉਨ੍ਹਾਂ ਦਲੀਲ ਦਿੱਤੀ ਕਿ ਪਾਰਟੀ ਨੂੰ ਹੋਰ ਸਮਾਂ ਚਾਹੀਦਾ ਹੈ। ਬਾਦਲ ਨੇ ਕਥਿਤ ਤੌਰ 'ਤੇ ਟੌਹੜਾ ਦੇ ਬਿਆਨ 'ਤੇ ਨਾਰਾਜ਼ਗੀ ਜ਼ਾਹਿਰ ਕੀਤੀ ਅਤੇ ਹੰਗਾਮਾ ਮਚ ਗਿਆ। ਐਸਜੀਪੀਸੀ ਮੁਖੀ ਖ਼ਿਲਾਫ਼ ਮੁਹਿੰਮ ਸ਼ੁਰੂ ਹੋ ਗਈ ਅਤੇ ਉਨ੍ਹਾਂ ਤੋਂ ਬਹੁਤ ਹੀ ਜੂਨੀਅਰ ਲੋਕਾਂ ਨੂੰ ਟੌਹੜਾ ਖ਼ਿਲਾਫ਼ ਬਿਆਨ ਦੇਣ ਲਈ ਮਜਬੂਰ ਹੋਣਾ ਪਿਆ।

ਭਾਜਪਾ ਨੇ ਫਿਰ ਬਾਦਲ ਦੇ ਹਵਾਲੇ ਨਾਲ ਦਾਅਵਾ ਕੀਤਾ ਕਿ ਬਾਦਲ ਨੇ ਵਾਜਪਾਈ ਅਤੇ ਗ੍ਰਹਿ ਮੰਤਰੀ ਐਲ.ਕੇ. ਅਡਵਾਨੀ ਨੂੰ ਇਸ ਬਾਰੇ ਸੂਚਿਤ ਕੀਤਾ ਗਿਆ ਸੀ ਅਤੇ ਉਨ੍ਹਾਂ ਤੋਂ ਭਰੋਸਾ ਦਿੱਤਾ ਗਿਆ ਸੀ ਕਿ ਜੇਕਰ ਟੌਹੜਾ ਗਰੁੱਪ ਆਪਣਾ ਸਮਰਥਨ ਵਾਪਸ ਲੈ ਲੈਂਦਾ ਹੈ ਤਾਂ ਭਾਜਪਾ ਦੇ ਵਿਧਾਇਕ ਉਨ੍ਹਾਂ ਦੇ ਬਚਾਅ ਲਈ ਆਉਣਗੇ। ਅੱਠ ਸਾਲਾਂ ਤੋਂ ਵੱਧ ਸਮੇਂ ਬਾਅਦ, ਮਾਰਚ 2007 ਵਿੱਚ, ਬਾਦਲ ਦੇ ਚੌਥੀ ਵਾਰ ਮੁੱਖ ਮੰਤਰੀ ਵਜੋਂ ਵਾਪਸ ਆਉਣ ਤੋਂ ਲਗਭਗ ਇੱਕ ਮਹੀਨੇ ਬਾਅਦ, ਆਗੂਆਂ ਦੇ ਉਸੇ ਸਮੂਹ ਨੇ ਸੁਖਬੀਰ ਦੀ ਕਾਰਜਕਾਰੀ ਪ੍ਰਧਾਨ ਵਜੋਂ ਨਿਯੁਕਤੀ ਦਾ ਸਵਾਗਤ ਕੀਤਾ। ਜਨਵਰੀ 2009 ਵਿੱਚ ਸੁਖਬੀਰ ਨੂੰ ਉਪ ਮੁੱਖ ਮੰਤਰੀ ਵਜੋਂ ਤਰੱਕੀ ਦਿੱਤੀ ਗਈ ਸੀ।

ਟੌਹੜਾ ਦੇ ਵਿਸ਼ਵਾਸਪਾਤਰ ਅਤੇ ਸਿਆਸੀ ਟਿੱਪਣੀਕਾਰ ਮਾਲਵਿੰਦਰ ਸਿੰਘ ਮਾਲੀ ਨੇ ਕਿਹਾ: ਜਦੋਂ ਬਾਦਲ ਸੀਨੀਅਰ ਨੇ 1996 ਦੀਆਂ ਸੰਸਦੀ ਚੋਣਾਂ ਤੋਂ ਤੁਰੰਤ ਬਾਅਦ ਭਾਜਪਾ ਨੂੰ ਆਪਣੀ ਇਕਤਰਫਾ ਬਿਨਾਂ ਸ਼ਰਤ ਹਮਾਇਤ ਦਿੱਤੀ ਤਾਂ ਮੈਂ ਦਿੱਲੀ ਵਿੱਚ ਉਨ੍ਹਾਂ ਦੇ ਨਾਲ ਸੀ। ਟੌਹੜਾ ਨੇ ਆਪਣੀ ਨਾਰਾਜ਼ਗੀ ਜਨਤਕ ਨਹੀਂ ਕੀਤੀ, ਫਿਰ ਵੀ ਉਹ ਸਪੱਸ਼ਟ ਸਨ ਕਿ ਭਾਜਪਾ ਨੂੰ ਬਿਨਾਂ ਸ਼ਰਤ ਸਮਰਥਨ ਨਾਲ ਪੰਥ ਅਤੇ ਪੰਜਾਬ ਦਾ ਨੁਕਸਾਨ ਹੋਵੇਗਾ।

### 1970: ਅਕਾਲੀ ਉਥਲ-ਪੁਥਲ ਵਿੱਚ ਜਨ ਸੰਘ

ਇਹ 1970 ਦੀ ਗੱਲ ਹੈ ਜਦੋਂ ਭਾਜਪਾ ਦੇ ਪਹਿਲੇ ਅਵਤਾਰ, ਭਾਰਤੀ ਜਨਸੰਘ, ਨੂੰ ਅਕਾਲੀ ਫੁਟ ਵਿੱਚ ਦਿਲਚਸਪੀ ਰੱਖਣ ਵਾਲੀ ਪਾਰਟੀ ਵਜੋਂ ਪਹਿਲੀ ਵਾਰ ਨਕਾਰਾਤਮਕ ਤੌਰ 'ਤੇ ਸਾਹਮਣੇ ਆਈ ਸੀ। ਮਾਰਚ 1970 ਵਿੱਚ ਜਦੋਂ ਅਕਾਲੀ ਦਲ ਦੇ ਪ੍ਰਧਾਨ ਸੰਤ ਫਤਹਿ ਸਿੰਘ ਨੇ ਰਾਜ ਸਭਾ ਚੋਣ ਵਿਵਾਦ ਕਾਰਨ ਜਸਟਿਸ ਗੁਰਨਾਮ ਸਿੰਘ ਦੀ ਅਕਾਲੀ-ਸੰਘ ਗੱਠਜੋੜ ਸਰਕਾਰ ਨੂੰ ਹਟਾ ਦਿੱਤਾ ਸੀ ਅਤੇ ਉਸਦੀ ਥਾਂ ਪ੍ਰਕਾਸ਼ ਸਿੰਘ ਬਾਦਲ ਪਹਿਲੀ ਵਾਰ ਮੁੱਖ ਮੰਤਰੀ ਬਣੇ ਸਨ, ਤਾਂ ਬੇਦਖਲ ਕੀਤੇ ਮੁੱਖ ਮੰਤਰੀ ਨੇ ਪੰਜਾਬ ਵਿਧਾਨ ਸਭਾ ਵਿੱਚ ਕਿਹਾ ਸੀ: "ਉਹ ਇੱਕ ਅਜਿਹਾ ਮੁੱਖ ਮੰਤਰੀ ਚਾਹੁੰਦੇ ਸਨ ਜੋ ਉਨ੍ਹਾਂ ਦੀ ਖੇਡ ਖੇਡੇ। ਉਨ੍ਹਾਂ ਦਾ ਟੀਚਾ ਅਕਾਲੀ ਲੀਡਰਸ਼ਿਪ ਦੇ ਇੱਕ ਅਜਿਹੇ ਹਿੱਸੇ ਨਾਲ ਜੁੜਨਾ ਸੀ ਜੋ ਇੱਕ ਸੰਯੁਕਤ ਅਤੇ ਖੁਸ਼ਹਾਲ ਪੰਜਾਬ ਬਣਾਉਣ ਦੀ ਬਜਾਏ ਸੱਤਾ ਨੂੰ ਸਮਰਪਿਤ ਸੀ।"

# ਰਾਹੁਲ ਗਾਂਧੀ ਦੇ ਅੱਗੇ ਬੇਬਸ ਹੋਏ ਪ੍ਰਧਾਨ ਮੰਤਰੀ ਮੋਦੀ

## ਸੱਤਾਧਾਰੀ ਪਾਰਟੀ ਵੱਲੋਂ ਲੋਕ ਸਭਾ ਵਿੱਚ ਜਲਦਬਾਜ਼ੀ ਤੇ ਦੂਸ਼ਣਬਾਜ਼ੀ, ਰੌਲਾ ਰੱਪਾ ਦੇਖਣ ਨੂੰ ਮਿਲਿਆ

## ਟੀ.ਵੀ. ਚੈਨਲਾਂ ਅਤੇ ਅਖ਼ਬਾਰਾਂ ਵਿੱਚ ਰਾਹੁਲ ਦੇ ਭਾਸ਼ਣਾਂ ਨੂੰ ਮਿਲੀ ਪ੍ਰਮੁੱਖਤਾ

ਰਜਿੰਦਰ ਸਿੰਘ ਪੁਰੇਵਾਲ

ਵਿਰੋਧੀ ਧਿਰ ਦੇ ਨੇਤਾ ਵਜੋਂ ਰਾਹੁਲ ਗਾਂਧੀ ਦਾ ਪਹਿਲਾ ਭਾਸ਼ਣ ਸਫਲ ਰਿਹਾ। ਰਾਹੁਲ ਗਾਂਧੀ ਸੰਸਦ ਵਿਚ ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਮਤੇ 'ਤੇ ਬੋਲ ਰਹੇ ਸਨ।ਉਨ੍ਹਾਂ ਦਾ ਭਾਸ਼ਣ ਸੌ ਮਿੰਟ ਤੱਕ ਚੱਲਿਆ ਅਤੇ ਲੋਕ ਸਭਾ ਚੋਣਾਂ ਨੂੰ ਲੈ ਕੇ ਵਿਰੋਧੀ ਖੇਮੇ ਵਿੱਚ ਜੋ ਉਤਸ਼ਾਹ ਦਿਖਾਈ ਦਿੱਤਾ, ਉਹ ਨਾ ਸਿਰਫ ਕਮਾਲ ਦਾ ਸੀ, ਸਗੋਂ ਸੱਤਾਧਾਰੀ ਪਾਰਟੀ ਵਿੱਚ ਜਿਸ ਤਰ੍ਹਾਂ ਦੀ ਜਲਦਬਾਜ਼ੀ ਤੇ ਦੂਸ਼ਣਬਾਜ਼ੀ, ਰੌਲਾ ਰੱਪਾ ਦੇਖਣ ਨੂੰ ਮਿਲਿਆ, ਉਸ ਤੋਂ ਵੀ ਪਤਾ ਲੱਗਦਾ ਹੈ ਕਿ ਰਾਹੁਲ ਆਪਣੀ ਰਣਨੀਤੀ ਵਿੱਚ ਸਫਲ ਰਹੇ ਹਨ।

ਇਸ ਭਾਸ਼ਣ ਤੋਂ ਤੁਰੰਤ ਬਾਅਦ ਭਾਜਪਾ ਵਾਂਗ ਹੀ ਦੋ ਕੇਂਦਰੀ ਮੰਤਰੀਆਂ ਅਤੇ ਪਾਰਟੀ ਦੇ ਮੁੱਖ ਬੁਲਾਰੇ ਨੇ ਪ੍ਰੈੱਸ ਕਾਨਫਰੰਸ ਕਰਕੇ ਆਪਣਾ ਪੱਖ ਪੇਸ਼ ਕੀਤਾ ਜਾਂ ਰਾਹੁਲ ਦੀਆਂ ਗੱਲਾਂ ਨੂੰ ਕਟਣ ਦੀ ਕੋਸ਼ਿਸ਼ ਕੀਤੀ। ਫਿਰ ਮੀਡੀਆ ਮੈਨੇਜਮੈਂਟ ਅਤੇ ਭਾਜਪਾ ਦਾ ਪ੍ਰਚਾਰ ਸੈੱਲ ਰਾਹੁਲ ਦੀਆਂ ਕਮੀਆਂ ਨੂੰ ਦਰਸਾਉਣ ਲਈ ਕਈ ਤਰ੍ਹਾਂ ਦੇ ਹਮਲਿਆਂ ਜਾਂ ਮੁਹਿੰਮਾਂ ਵਿੱਚ ਸ਼ਾਮਲ ਹੋ ਗਿਆ। ਪਰ ਸੰਸਦ ਦੇ ਅੰਦਰ ਜੋ ਰਾਹੁਲ ਦੀ ਜ਼ਿੰਦਾਦਿਲੀ ਦਿਖਾਈ ਦਿੱਤੀ, ਉਹ ਟੀ.ਵੀ. ਚੈਨਲਾਂ ਅਤੇ ਅਖ਼ਬਾਰਾਂ ਵਿੱਚ ਵੀ ਝਲਕਦੀ ਸੀ ਅਤੇ ਹਰ ਥਾਂ ਰਾਹੁਲ ਨੂੰ ਉਹ ਸਥਾਨ ਅਤੇ ਪ੍ਰਮੁੱਖਤਾ ਮਿਲੀ ਜੋ ਆਮ ਤੌਰ 'ਤੇ ਉਨ੍ਹਾਂ ਨੂੰ ਕਦੇ ਨਹੀਂ ਮਿਲੀ। ਚੋਣਾਂ ਤੋਂ ਬਾਅਦ ਤੋਂ ਹੀ ਯੂ-ਟਿਊਬ ਸਮੇਤ ਸੋਸ਼ਲ ਮੀਡੀਆ 'ਤੇ ਰਾਹੁਲ ਅਤੇ ਵਿਰੋਧੀ ਧਿਰ ਦੀ ਇੱਕ ਤਰ੍ਹਾਂ ਦੀ ਲੀਡ ਹੈ।

ਰਾਹੁਲ ਦੇ ਭਾਸ਼ਣ ਦਾ ਵਿਚਾਰ ਵੀ ਬਦਲਿਆ ਹੈ, ਪਰ ਉਨ੍ਹਾਂ ਦਾ ਅੰਦਾਜ਼ ਸਭ ਤੋਂ ਜ਼ਿਆਦਾ ਬਦਲਿਆ ਹੈ। ਹੁਣ ਇਹ ਕਹਿਣਾ ਮੁਸ਼ਕਿਲ ਹੈ ਕਿ ਕੀ ਇਹ ਪੂਰੀ ਤਰ੍ਹਾਂ ਪਰਿਪੱਕ ਅਤੇ ਠੀਕ ਦਿਸ਼ਾ ਵੱਲ ਨਹੀਂ ਹਨ । ਕਾਂਗਰਸ ਦੇ ਜੈਪੁਰ ਇਜਲਾਸ ਵਿੱਚ ਜਦੋਂ ਉਹ ਕਾਰਜਕਾਰੀ ਪ੍ਰਧਾਨ ਚੁਣੇ ਗਏ ਤਾਂ ਉਨ੍ਹਾਂ ਨੇ ਜ਼ਬਰਦਸਤ ਭਾਸ਼ਣ ਦਿੱਤਾ ਸੀ, ਇਸ ਸੰਸਦ ਵਿੱਚ ਵੀ ਉਨ੍ਹਾਂ ਦਾ ਭਾਸ਼ਣ ਇੱਕ-ਦੋ ਵਾਰ ਚੰਗਾ ਰਿਹਾ ਸੀ, ਪਰ ਬਾਅਦ ਵਿੱਚ ਉਨ੍ਹਾਂ ਦੇ ਵਿਵਹਾਰ ਨੇ ਉਨ੍ਹਾਂ ਦੇ ਪ੍ਰਭਾਵ ਨੂੰ ਧੋ ਦਿੱਤਾ।

ਰਾਹੁਲ ਦੀ ਇਸ ਗੱਲ ਲਈ ਸ਼ਲਾਘਾ ਕਰਨੀ ਬਣਦੀ ਹੈ ਕਿ ਉਸਨੇ ਦੂਜਿਆਂ 'ਤੇ ਖੇਡਣ ਦੀ ਬਜਾਏ ਆਪਣੀ ਪਿੱਚ 'ਤੇ ਬੱਲੇਬਾਜ਼ੀ ਕੀਤੀ। ਸਰਕਾਰ ਦੀ ਤਰਫੋਂ ਪਹਿਲਾਂ ਬੋਲਦਿਆਂ ਸੰਸਦ ਮੈਂਬਰ ਅਨੁਰਾਗ ਠਾਕੁਰ ਨੇ ਐਮਰਜੈਂਸੀ ਅਤੇ ਸੰਵਿਧਾਨ ਬਾਰੇ ਗੱਲ ਕੀਤੀ ਪਰ ਰਾਹੁਲ ਨੇ ਸੱਤਾਧਾਰੀ ਪਾਰਟੀ ਦੇ ਲੋਕਾਂ ਨੂੰ ਨਿਯਮ, ਕਿਤਾਬ ਅਤੇ ਸੰਵਿਧਾਨ ਦਿਖਾਉਣ ਲਈ ਵਾਰ-ਵਾਰ ਮਜ਼ਬੂਰ ਕੀਤਾ ਪਰ ਉਸ ਚਰਚਾ ਵਿੱਚ



ਨਹੀਂ ਗਏ। ਉਨ੍ਹਾਂ ਨੇ ਅਗਨੀਵੀਰ ਯੋਜਨਾ, ਐਨ.ਈ.ਈ.ਟੀ. ਪ੍ਰੀਖਿਆ ਵਿੱਚ ਧਾਂਦਲੀ, ਕਿਸਾਨਾਂ ਲਈ ਉਚਿਤ ਭਾਅ, ਮਨੀਪੁਰ, ਸਪੀਕਰ ਦੇ ਪੱਖਪਾਤੀ ਵਤੀਰੇ (ਜਿਸ ਵਿੱਚ ਉਸ ਦਾ ਮਾਈਕ ਬੰਦ ਕਰਨਾ ਸ਼ਾਮਲ ਸੀ), ਭਾਜਪਾ ਅਤੇ ਸੰਘ ਦੇ ਹਿੰਦੂਤਵ ਅਤੇ ਪੂੰਜੀਪਤੀਆਂ ਪ੍ਰਤੀ ਸਰਕਾਰ ਦੀ ਉਦਾਰਤਾ ਨੂੰ ਨਿਸ਼ਾਨਾ ਬਣਾਇਆ। ਇਸ ਕਾਰਨ ਪ੍ਰਧਾਨ ਮੰਤਰੀ ਸਮੇਤ ਪੰਜ ਕੇਂਦਰੀ ਮੰਤਰੀ ਦਖਲ ਦੇਣ ਲਈ ਖੜ੍ਹੇ ਹੋ ਗਏ ਤੇ ਬਹੁਤ ਔਖੇ ਹੋਏ।

ਪ੍ਰਧਾਨ ਮੰਤਰੀ ਨੇ ਦੋ ਵਾਰ, ਅਮਿਤ ਸ਼ਾਹ ਅਤੇ ਰਾਜਨਾਥ ਸਿੰਘ ਨੇ ਤਿੰਨ-ਤਿੰਨ ਵਾਰ ਅਤੇ ਸ਼ਿਵਰਾਜ ਚੌਹਾਨ, ਕਿਰਨ ਰਿਜੁਜੂ ਅਤੇ ਭੂਪੇਂਦਰ ਯਾਦਵ ਨੇ ਖੜ੍ਹੇ ਹੋ ਕੇ ਦਖਲ ਦਿੱਤਾ। ਰਾਹੁਲ ਦੇ ਤਿੱਖੇ ਹਮਲਿਆਂ 'ਤੇ ਉਹ ਸ਼ਾਂਤ ਨਹੀਂ ਰਹਿ ਸਕੇ। ਸਪੀਕਰ ਨੇ ਖੁਦ ਦੋ ਵਾਰ ਲੰਬਾ ਸਪੱਸ਼ਟੀਕਰਨ ਦਿੱਤਾ ਪਰ ਗੱਲ ਸਪੱਸ਼ਟ ਨਹੀਂ ਹੋਈ। ਇਹ ਰਾਹੁਲ ਦੇ ਪ੍ਰਦਰਸ਼ਨ ਦਾ ਸਿਖਰ ਬਿੰਦੂ ਹੈ। ਰੌਲਾ ਪੈਂਦਾ ਰਿਹਾ ਪਰ ਸੱਤਾਧਾਰੀ ਧਿਰ ਅਤੇ ਵਿਰੋਧੀ ਧਿਰ ਦੇ ਬੈਂਚਾਂ ਵੱਲੋਂ ਉੱਠੇ ਰੌਲੇ ਵਿੱਚ ਫਰਕ ਸੀ। ਰਾਹੁਲ ਨੇ ਅਸਲੀ ਚਮਤਕਾਰ ਪ੍ਰਧਾਨ ਮੰਤਰੀ ਨੂੰ ਭਗਵਾਨ ਬਣਾਉਣ ਵਾਲੀ ਮਾਨਸਿਕਤਾ 'ਤੇ ਸਿੱਧਾ ਹਮਲਾ ਕਰਕੇ ਅਤੇ ਉਸ ਦੀ ਦਹਿਸ਼ਤ ਨੂੰ ਨਿਸ਼ਾਨਾ ਬਣਾਇਆ।

ਰਾਜਨਾਥ ਸਿੰਘ ਵੱਲੋਂ ਬਾਹਰ ਆ ਕੇ ਮੁਸਕਰਾਕੇ ਨਮਸਕਾਰ ਕਰਨਾ ਇਸ ਗੱਲ ਦਾ ਸਬੂਤ ਹੈ ਕੀ ਰਾਹੁਲ ਠੀਕ ਸਿਆਸੀ ਮਾਰਗ ਵਲ ਜਾ ਰਹੇ ਹਨ।

ਪ੍ਰਧਾਨ ਮੰਤਰੀ ਦੀਆਂ ਕੁਝ ਟਿੱਪਣੀਆਂ ਮਰਿਆਦਾ ਦੀ ਸੀਮਾ ਤੋਂ ਹੇਠਾਂ ਸਨ। ਜਿਵੇਂ-

*ਪ੍ਰਧਾਨ ਮੰਤਰੀ ਮੋਦੀ ਨੇ ਕਾਂਗਰਸ ਨੂੰ ਪਰਜੀਵੀ ਕਰਾਰ ਦਿੰਦਿਆਂ ਗੱਠਜੋੜ ਭਾਈਵਾਲਾਂ ਨੂੰ ਵੀ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਕਾਂਗਰਸ ਪਰਜੀਵੀ ਹੈ, ਜੋ ਜਿਸ ਪਾਰਟੀ ਨਾਲ ਰਹਿੰਦੀ ਹੈ ਉਸ ਨੂੰ ਖਾ ਜਾਂਦੀ ਹੈ।

* ਰਾਹੁਲ ਗਾਂਧੀ ਵੱਲੋਂ ਵਿਰੋਧੀ ਧਿਰ ਦੇ ਨੇਤਾ ਵਜੋਂ ਦਿੱਤੇ ਪਹਿਲੇ ਭਾਸ਼ਨ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ ਹਿੰਦੂਆਂ 'ਤੇ ਝੂਠਾ ਦੋਸ਼ ਲਾਉਣ ਦੀ ਸਾਜ਼ਿਸ਼ ਹੋ ਰਹੀ ਹੈ। ਪ੍ਰਧਾਨ ਮੰਤਰੀ ਨੇ ਦਾਅਵਾ ਕਰਦਿਆਂ ਕਿਹਾ ਕਿ ਹਿੰਦੂ ਹਿੰਸਾ ਕਰਦੇ ਹਨ। ਹਾਲਾਂਕਿ ਜਿਉਂ ਹੀ ਪ੍ਰਧਾਨ ਮੰਤਰੀ ਵੱਲੋਂ ਉਕਤ ਦਾਅਵਾ ਕੀਤਾ ਗਿਆ ਤਾਂ ਪਹਿਲਾਂ ਤਾਂ ਸਦਨ ਦੇ ਵਿਚਕਾਰ ਆ ਕੇ ਹੰਗਾਮਾ ਕਰ ਰਹੇ ਵਿਰੋਧੀ ਗੱਠਜੋੜ ਇੰਡੀਆ ਦੇ ਨੇਤਾਵਾਂ ਨੇ ਨਾਅਰੇ ਲਾਉਂਦਿਆਂ ਕਿਹਾ ਕਿ 'ਝੂਠ ਬੋਲੇ, ਕਊਆ ਕਾਟੇ।' ਪ੍ਰਧਾਨ ਮੰਤਰੀ ਨੇ ਤਿੱਖੇ ਲਫ਼ਜ਼ਾਂ ਦੀ ਵਰਤੋਂ ਕਰਦਿਆਂ ਕਿਹਾ ਕਿ ਸਦਨ 'ਚ ਹਿੰਦੂ ਅੱਤਵਾਦ ਸ਼ਬਦ ਘੜਨ ਦੀ ਕੋਸ਼ਿਸ਼ ਕੀਤੀ ਗਈ, ਜਿਸ 'ਤੇ ਵਿਰੋਧੀ ਧਿਰਾਂ ਨੇ ਲਗਾਤਾਰ ਹੰਗਾਮਾ ਕਰਦਿਆਂ ਝੂਠ ਦੇ ਖ਼ਿਲਾਫ਼ ਨਾਅਰੇ ਲਾਉਣ ਤੋਂ ਇਲਾਵਾ ਭਾਰਤ ਜੋੜੋ ਦੇ ਨਾਅਰੇ ਅਤੇ 'ਵੀ ਵਾਟ ਜਸਟਿਸ' ਦੇ ਵੀ ਨਾਅਰੇ ਲਾਉਂਦੇ ਰਹੇ।

*ਪ੍ਰਧਾਨ ਮੰਤਰੀ ਨੇ ਕਾਂਗਰਸ 'ਤੇ ਝੂਠ ਬੋਲਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਕਾਂਗਰਸ ਦੇ ਮੂੰਹ ਹੁਣ ਝੂਠ ਦਾ ਖ਼ੂਨ ਲੱਗ ਗਿਆ ਹੈ। ਉਹ (ਕਾਂਗਰਸ) ਵਾਰ-ਵਾਰ ਦੇਸ਼ ਨੂੰ ਗੁੰਮਰਾਹ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਈ. ਵੀ. ਐਮ., ਸੰਵਿਧਾਨ, ਰਾਖਵੇਂਕਰਨ, ਅਗਨੀਵੀਰ ਯੋਜਨਾ ਅਤੇ ਐਮ.ਐਸ.ਪੀ. ਨੂੰ ਲੈ ਕੇ ਲਗਾਤਾਰ ਝੂਠ ਫ਼ੈਲਾ ਰਹੀ ਹੈ ।

ਪਰ ਰਾਹੁਲ ਗਾਂਧੀ ਲਈ ਅਜਿਹੇ ਹਮਲਿਆਂ ਦਾ ਸਾਹਮਣਾ ਕਰਨਾ ਬਹੁਤ ਪੁਰਾਣਾ ਹੈ। ਕਈ ਵਾਰ ਉਹ ਸਹਿਜ ਨਾਲ ਮਿਹਨਤ ਕਰਨ ਤੋਂ ਬਾਅਦ ਵੀ ਅਸਫਲ ਹੋਏ ਹਨ ਪਰ ਉਨ੍ਹਾਂ ਸਿਆਸੀ ਉਦਮ ਨਹੀਂ ਤਿਆਗਿਆ। ਭਾਰਤ ਜੋੜੋ ਯਾਤਰਾ ਅਤੇ ਇਸ ਵਾਰ ਦੀਆਂ ਚੋਣਾਂ ਨੇ ਉਸ ਨੂੰ ਤਾਕਤ ਦਿੱਤੀ ਹੈ ਅਤੇ ਸੰਭਵ ਤੌਰ 'ਤੇ ਪਰਿਪੱਕਤਾ ਵੀ। ਇਹ ਭਾਸ਼ਣ ਇਸ ਗੱਲ ਦਾ ਸਬੂਤ ਹੈ ਪਰ ਇਸ ਵੇਲੇ, ਦੂਜਿਆਂ ਨਾਲੋਂ ਵੱਧ, ਉਸਨੂੰ ਆਪਣੀ ਪ੍ਰੀਖਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਵਿਰੋਧੀ ਧਿਰ ਅਤੇ ਆਪਣੀ ਪਾਰਟੀ ਦੇ ਨੇਤਾ ਹੋਣ ਦੀ ਜ਼ਿੰਮੇਵਾਰੀ ਦੀ ਪ੍ਰੀਖਿਆ ਕਾਰਨ।

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ

ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

ਈ ਮੇਲ : asrtimes@gmail.com

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration (Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic 43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਅਮਰੀਕਾ ਅਤੇ ਚੀਨ ਤੋਂ ਬਾਅਦ ਭਾਰਤ ਹੁਣ ਦੁਨੀਆਂ ਦਾ ਤੀਜਾ ਸਭ ਤੋਂ ਵੱਡਾ ਘਰੇਲੂ ਹਵਾਬਾਜ਼ੀ ਬਾਜ਼ਾਰ ਬਣਿਆ

ਨਵੀਂ ਦਿੱਲੀ/ਏ.ਟੀ.ਨਿਊਜ਼ : ਹਵਾਬਾਜ਼ੀ ਵਿਸ਼ਲੇਸ਼ਣ ਫਰਮ ਓ.ਏ.ਜੀ. ਦੁਆਰਾ ਸੰਕਲਿਤ ਕੀਤੇ ਗਏ ਅੰਕੜਿਆਂ ਅਨੁਸਾਰ, ਭਾਰਤ ਹੁਣ ਅਮਰੀਕਾ ਅਤੇ ਚੀਨ ਤੋਂ ਬਾਅਦ ਦੁਨੀਆਂ ਦਾ ਤੀਜਾ ਸਭ ਤੋਂ ਵੱਡਾ ਘਰੇਲੂ ਹਵਾਬਾਜ਼ੀ ਬਾਜ਼ਾਰ ਬਣ ਗਿਆ ਹੈ, ਕਿਉਂਕਿ ਇੰਡੀਗੋ ਅਤੇ ਏਅਰ ਇੰਡੀਆ ਵਰਗੀਆਂ ਏਅਰਲਾਈਨਾਂ ਨੇ ਹਵਾਈ ਯਾਤਰੀਆਂ ਦੇ ਵਾਧੇ ਨੂੰ ਪੂਰਾ ਕਰਨ ਲਈ ਆਪਣੇ ਬੇੜੇ ਦਾ ਆਕਾਰ ਵਧਾ ਦਿੱਤਾ ਹੈ।



ਅੰਕੜੇ ਦਰਸਾਉਂਦੇ ਹਨ ਕਿ ਭਾਰਤ ਦੀ ਘਰੇਲੂ ਏਅਰਲਾਈਨ ਦੀ ਸਮਰੱਥਾ ਪਿਛਲੇ 10 ਸਾਲਾਂ ਵਿੱਚ ਅਪ੍ਰੈਲ 2014 ਵਿੱਚ 7.9 ਮਿਲੀਅਨ ਸੀਟਾਂ ਤੋਂ ਦੁੱਗਣੀ ਹੋ ਕੇ ਅਪ੍ਰੈਲ 2024 ਵਿੱਚ 15.5 ਮਿਲੀਅਨ ਹੋ ਗਈ ਅਤੇ ਬ੍ਰਾਜ਼ੀਲ ਅਤੇ ਇੰਡੋਨੇਸ਼ੀਆ ਨੂੰ ਪਛਾੜ ਕੇ 5ਵੇਂ ਸਥਾਨ ਤੋਂ ਉੱਪਰ ਆ ਗਈ। ਭਾਰਤ ਨੇ ਬ੍ਰਾਜ਼ੀਲ ਦੀ ਥਾਂ ਲੈ ਲਈ ਹੈ, ਜੋ ਹੁਣ 9.7 ਮਿਲੀਅਨ ਏਅਰਲਾਈਨ ਸੀਟਾਂ ਦੇ ਨਾਲ ਚੌਥੇ ਸਥਾਨ 'ਤੇ ਹੈ ਅਤੇ ਇੰਡੋਨੇਸ਼ੀਆ 9.2 ਮਿਲੀਅਨ ਨਾਲ ਪੰਜਵੇਂ ਸਥਾਨ 'ਤੇ ਹੈ।

ਭਾਰਤ ਨੇ ਵੀ ਸਿਖਰਲੇ ਪੰਜ ਦੇਸ਼ਾਂ ਵਿੱਚ ਪਿਛਲੇ ਦਹਾਕੇ ਵਿੱਚ 6.9 ਪ੍ਰਤੀਸ਼ਤ ਦੀ ਸਭ ਤੋਂ ਵੱਧ ਸਾਲਾਨਾ ਔਸਤ ਸਮਰੱਥਾ ਵਿਕਾਸ ਦਰ ਦਰਜ ਕੀਤੀ ਹੈ, ਇਸ ਤੋਂ ਬਾਅਦ ਚੀਨ 6.3 ਪ੍ਰਤੀਸ਼ਤ ਅਤੇ ਅਮਰੀਕਾ 2.4 ਪ੍ਰਤੀਸ਼ਤ ਹੈ।

ਇੰਡੀਗੋ ਅਤੇ ਏਅਰ ਇੰਡੀਆ, ਜਿਨ੍ਹਾਂ ਕੋਲ ਮਿਲ ਕੇ 1,000 ਤੋਂ ਵੱਧ ਜਹਾਜ਼ ਆਰਡਰ 'ਤੇ ਹਨ, ਦੇਸ਼ ਦੀਆਂ 10 ਘਰੇਲੂ ਸੀਟਾਂ ਵਿੱਚੋਂ 9 ਲਈ ਹਨ।

ਓ.ਏ.ਜੀ. ਦੇ ਅਨੁਸਾਰ, ਘੱਟ ਲਾਗਤ ਵਾਲੇ ਕੈਰੀਅਰਾਂ ਵਿੱਚ ਭਾਰਤ ਦਾ ਪਰਿਵਰਤਨ ਚੋਟੀ ਦੇ ਪੰਜਾਂ ਵਿੱਚੋਂ ਸਭ ਤੋਂ ਤਿੱਖਾ ਰਿਹਾ ਹੈ।

# ਭਾਰਤ ਨਾਲ ਕਈ ਖੇਤਰਾਂ 'ਚ ਸਬੰਧ ਮਜ਼ਬੂਤ ਕਰ ਰਿਹੈ ਅਮਰੀਕਾ

ਵਾਸ਼ਿੰਗਟਨ/ਏ.ਟੀ.ਨਿਊਜ਼ : ਅਮਰੀਕਾ ਦੇ ਇੱਕ ਸੀਨੀਅਰ ਪ੍ਰਸ਼ਾਸਨਿਕ ਅਧਿਕਾਰੀ ਨੇ ਕਿਹਾ ਕਿ ਉਨ੍ਹਾਂ ਦਾ ਦੇਸ਼ ਆਰਥਿਕ ਤੇ ਸੁਰੱਖਿਆ ਸਹਿਯੋਗ ਸਮੇਤ ਕਈ ਅਹਿਮ ਖੇਤਰਾਂ ਵਿੱਚ ਭਾਰਤ ਨਾਲ ਸਬੰਧਾਂ ਹੋਰ ਮਜ਼ਬੂਤ ਕਰ ਰਿਹਾ ਹੈ ਅਤੇ ਉਹ ਅਜਿਹਾ ਕਰਨਾ ਜਾਰੀ ਰੱਖੇਗਾ।



ਅਮਰੀਕੀ ਵਿਦੇਸ਼ ਮੰਤਰਾਲੇ ਦੇ ਉਪ ਤਰਜਮਾਨ ਵੇਦਾਂਤ ਪਟੇਲ ਆਪਣੀ ਰੋਜ਼ਾਨਾ ਪ੍ਰੈੱਸ ਕਾਨਫਰੰਸ ਵਿੱਚ ਭਾਰਤ ਤੇ ਅਮਰੀਕਾ ਦਰਮਿਆਨ ਰਿਸ਼ਤਿਆਂ ਅਤੇ ਇਟਲੀ ਵਿੱਚ ਹਾਲੀਆ ਜੀ-7 ਸੰਮੇਲਨ ਮੌਕੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਰਮਿਆਨ ਹੋਈ ਗੱਲਬਾਤ ਸਬੰਧੀ ਸਵਾਲ ਦਾ ਜਵਾਬ ਦੇ ਰਹੇ ਸਨ।

ਉਨ੍ਹਾਂ ਕਿਹਾ, "ਭਾਰਤ ਇੱਕ ਅਜਿਹਾ ਦੇਸ਼ ਹੈ ਜਿਸ ਨਾਲ ਅਸੀਂ ਕਈ ਅਹਿਮ ਖੇਤਰਾਂ, ਖਾਸ ਕਰ ਆਰਥਿਕ ਸਬੰਧਾਂ, ਸੁਰੱਖਿਆ ਸਹਿਯੋਗ ਦੇ ਖੇਤਰ ਵਿੱਚ ਆਪਣੇ ਸਬੰਧ ਡੂੰਘੇ ਕਰ ਰਹੇ ਹਾਂ।"

ਉਨ੍ਹਾਂ ਕਿਹਾ, "ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੂੰ ਕੁੱਝ ਹਫ਼ਤੇ ਪਹਿਲਾਂ ਜੀ-7 ਸਿਖਰ ਸੰਮੇਲਨ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਸੰਖੇਪ ਮੁਲਾਕਾਤ ਦਾ ਮੌਕਾ ਮਿਲਿਆ ਸੀ।" ਉਨ੍ਹਾਂ ਕਿਹਾ, "ਅਸੀਂ ਇਨ੍ਹਾਂ ਸਬੰਧਾਂ ਨੂੰ ਮਜ਼ਬੂਤ ਕਰਦੇ ਰਹਿਣ ਦੀ ਦਿਸ਼ਾ ਵਿੱਚ ਕੰਮ ਕਰਾਂਗੇ।" ਪਟੇਲ ਨੇ ਕਿਹਾ, ਮੈਨੂੰ ਲਗਦਾ ਹੈ ਕਿ ਅਜਿਹੇ ਕਈ ਹੋਰ ਖੇਤਰ ਹਨ ਜਿੱਥੇ ਦੋਵੇਂ ਦੇਸ਼ ਹੋਰ ਸਹਿਯੋਗ ਵਧਾ ਸਕਦੇ ਹਨ।"

# ਹੁਣ ਹਿਮਾਚਲ 'ਚ ਜ਼ਮੀਨ ਦੇ ਹੇਠੋਂ ਲੰਘੇਗੀ 85 ਕਿਲੋਮੀਟਰ ਫੋਰਲੇਨ

ਸ਼ਿਮਲਾ/ਏ.ਟੀ.ਨਿਊਜ਼ : ਹਿਮਾਚਲ 'ਚ ਕਰੀਬ 85 ਕਿਲੋਮੀਟਰ ਫੋਰਲੇਨ ਜ਼ਮੀਨ ਦੇ ਹੇਠਾਂ ਬਣਾਈ ਜਾਵੇਗੀ। ਇਸ ਦੇ ਲਈ ਐਨ.ਐਚ.ਏ.ਆਈ. ਨੇ ਕੇਂਦਰ ਸਰਕਾਰ ਅਤੇ ਵਾਤਾਵਰਣ ਮੰਤਰਾਲੇ ਤੋਂ ਮਨਜ਼ੂਰੀ ਲੈ ਲਈ ਹੈ। ਦਰਅਸਲ, ਐਨ.ਐਚ.ਏ.ਆਈ. ਇਸ ਚਾਰ ਮਾਰਗੀ 'ਤੇ 68 ਸੁਰੰਗਾਂ ਬਣਾਉਣ ਜਾ ਰਿਹਾ ਹੈ ਅਤੇ ਇਨ੍ਹਾਂ ਵਿੱਚੋਂ 50 ਪ੍ਰਤੀਸ਼ਤ ਤੋਂ ਵੱਧ ਦੀ ਡੀ.ਪੀ.ਆਰ. ਵੀ ਤਿਆਰ ਕੀਤੀ ਗਈ ਹੈ। ਐਨ.ਐਚ.ਏ.ਆਈ. ਨੇ ਹੁਣ ਤੱਕ 11 ਸੁਰੰਗਾਂ ਦਾ ਨਿਰਮਾਣ ਪੂਰਾ ਕੀਤਾ ਹੈ, ਜਦੋਂ ਕਿ ਰਾਜ ਭਰ ਵਿੱਚ 27 ਸੁਰੰਗਾਂ ਦਾ ਕੰਮ ਚੱਲ ਰਿਹਾ ਹੈ ਅਤੇ 30 ਸੁਰੰਗਾਂ ਦੀ ਡੀ.ਪੀ.ਆਰ. ਤਿਆਰ ਕੀਤੀ ਜਾ ਰਹੀ ਹੈ। ਐਨ.ਐਚ.ਏ.ਆਈ. ਨੇ ਪਿਛਲੇ ਸਾਲ ਆਈ ਤਬਾਹੀ ਤੋਂ ਬਾਅਦ ਹੀ ਜ਼ਿਆਦਾਤਰ ਸੁਰੰਗਾਂ ਲਈ ਪ੍ਰਸਤਾਵ ਤਿਆਰ ਕੀਤੇ ਹਨ।

ਦਰਅਸਲ, ਆਫ਼ਤ ਦੌਰਾਨ ਸਭ ਤੋਂ ਵੱਧ ਨੁਕਸਾਨ ਕੀਰਤਪੁਰ-ਮਨਾਲੀ ਨੈਸ਼ਨਲ ਹਾਈਵੇਅ 'ਤੇ ਕੁੱਲੂ ਅਤੇ ਮੰਡੀ 'ਚ ਹੋਇਆ ਹੈ। ਇਸ ਤੋਂ ਇਲਾਵਾ ਪਠਾਨਕੋਟ-ਮੰਡੀ ਅਤੇ ਪਿੰਜੌਰ-ਨਾਲਾਗੜ੍ਹ ਮਾਰਗ ਵੀ ਇਸ ਤਬਾਹੀ ਨਾਲ ਪ੍ਰਭਾਵਿਤ ਹੋਏ। ਤਬਾਹੀ ਤੋਂ ਬਾਅਦ, ਐਨ.ਐਚ.ਏ.ਆਈ. ਨੇ ਆਈ.ਆਈ.ਟੀ. ਅਤੇ ਐਨ.ਐਚ.ਏ.ਆਈ. ਦੇ ਸੇਵਾਮੁਕਤ ਇੰਜੀਨੀਅਰਾਂ ਦੁਆਰਾ ਪ੍ਰਭਾਵਿਤ ਰਾਸ਼ਟਰੀ ਰਾਜਮਾਰਗ ਦਾ ਨਿਰੀਖਣ ਕੀਤਾ ਸੀ ਅਤੇ ਇਸ ਦੌਰਾਨ ਸੁਰੰਗ ਬਣਾਉਣ ਲਈ ਜ਼ਿਆਦਾਤਰ ਸੁਝਾਅ ਪ੍ਰਾਪਤ ਹੋਏ ਸਨ। ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਵੀ ਐਨ.ਐਚ.ਏ.ਆਈ. ਨੂੰ ਆਫ਼ਤ ਪ੍ਰਭਾਵਿਤ ਖੇਤਰਾਂ ਵਿੱਚ ਸੁਰੰਗ ਦੇ ਨਿਰਮਾਣ 'ਤੇ ਵਿਚਾਰ ਕਰਨ ਦੇ ਨਿਰਦੇਸ਼ ਦਿੱਤੇ ਸਨ। ਹੁਣ, ਇਸ ਸਭ ਦੇ ਜਵਾਬ ਵਿੱਚ, ਐਨ.ਐਚ.ਏ.ਆਈ. ਨੇ ਜ਼ਿਆਦਾਤਰ ਚਾਰ ਮਾਰਗੀ ਸੁਰੰਗਾਂ ਰਾਹੀਂ ਲੰਘਣ ਦੀ ਤਿਆਰੀ ਕਰ ਲਈ ਹੈ। ਇਨ੍ਹਾਂ ਸੁਰੰਗਾਂ ਦੇ ਬਣਨ ਨਾਲ ਸੂਬੇ ਦੀਆਂ ਸਾਰੀਆਂ ਚਾਰ ਲੇਨਾਂ ਦੀ ਕੁੱਲ ਦੂਰੀ 126 ਕਿਲੋਮੀਟਰ ਘੱਟ ਜਾਵੇਗੀ, ਜਦੋਂ ਕਿ ਯਾਤਰੀਆਂ ਦੇ ਸਫ਼ਰ ਦੇ ਸਮੇਂ ਵਿੱਚ 13 ਘੰਟੇ ਦੀ ਕਮੀ ਆਵੇਗੀ। ਨਾਲ ਹੀ, ਨੈਸ਼ਨਲ ਹਾਈਵੇਅ ਮੀਂਹ ਅਤੇ ਬਰਫਬਾਰੀ ਨਾਲ ਪ੍ਰਭਾਵਿਤ ਨਹੀਂ ਹੋਵੇਗਾ।



ਹਿਮਾਚਲ ਵਿੱਚ ਪਠਾਨਕੋਟ-ਮੰਡੀ, ਕਾਲਕਾ-ਸ਼ਿਮਲਾ, ਸ਼ਿਮਲਾ-ਮਟੌਰ, ਕੀਰਤਪੁਰ-ਮਨਾਲੀ ਅਤੇ ਪਿੰਜੌਰ-ਨਾਲਾਗੜ੍ਹ ਰਾਸ਼ਟਰੀ ਰਾਜ ਮਾਰਗਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਇਨ੍ਹਾਂ ਵਿੱਚੋਂ 68 ਸੁਰੰਗਾਂ ਬਣਾਈਆਂ ਜਾ ਰਹੀਆਂ ਹਨ। ਕੀਰਤਪੁਰ-ਮਨਾਲੀ ਵਿੱਚ 41.31 ਕਿਲੋਮੀਟਰ ਲੰਬੀਆਂ 28 ਸੁਰੰਗਾਂ ਦਾ ਪ੍ਰਸਤਾਵ ਹੈ। ਇਨ੍ਹਾਂ ਵਿੱਚੋਂ 13 ਦਾ ਨਿਰਮਾਣ ਹੋ ਚੁੱਕਾ ਹੈ। ਕਾਲਕਾ-ਸ਼ਿਮਲਾ ਫੋਰ ਲੇਨ 'ਚ ਕੰਠਲੀਘਾਟ ਤੋਂ ਪਰਵਾਣੂ ਵਿਚਕਾਰ ਇੱਕ ਸੁਰੰਗ ਬਣਾਈ ਗਈ ਹੈ, ਜਦਕਿ ਕੰਡਾਘਾਟ 'ਚ ਕਰੀਬ ਇੱਕ ਕਿਲੋਮੀਟਰ ਲੰਬੀ ਸੁਰੰਗ ਦਾ ਨਿਰਮਾਣ ਅਜੇ ਵੀ ਜਾਰੀ ਹੈ।

ਇਸ ਚਾਰ ਮਾਰਗੀ ਵਿੱਚ ਕੰਠਲੀਘਾਟ ਅਤੇ ਧਾਲੀ ਵਿਚਕਾਰ ਅੱਧੀ ਦਰਜਨ ਸੁਰੰਗਾਂ ਦੀ ਉਸਾਰੀ ਦਾ ਪ੍ਰਸਤਾਵ ਹੈ। ਪਠਾਨਕੋਟ-ਮੰਡੀ ਨੈਸ਼ਨਲ ਹਾਈਵੇ 'ਤੇ ਕੋਟਲਾ ਵਿਖੇ ਡਬਲ ਲੇਨ ਸੁਰੰਗ ਬਣਾਈ ਗਈ ਹੈ। ਸੁਰੰਗਾਂ ਦੀ ਕੁੱਲ ਲੰਬਾਈ 85.110 ਕਿਲੋਮੀਟਰ ਹੈ। ਇਨ੍ਹਾਂ ਸੁਰੰਗਾਂ ਦੇ ਨਿਰਮਾਣ ਨਾਲ ਪੂਰੇ ਸੂਬੇ ਵਿੱਚ 12.50 ਘੰਟੇ ਦਾ ਸਮਾਂ ਬਚੇਗਾ ਅਤੇ 126 ਕਿਲੋਮੀਟਰ ਦੀ ਦੂਰੀ ਘੱਟ ਜਾਵੇਗੀ।

# ਪੜ੍ਹਾਈ ਤੋਂ ਵੱਧ ਵਿਆਹਾਂ 'ਤੇ ਖ਼ਰਚਾ ਕਰਦੇ ਨੇ ਭਾਰਤੀ

## ਭਾਰਤ 'ਚ ਹਰ ਸਾਲ ਹੁੰਦੇ ਨੇ ਕਰੀਬ ਇੱਕ ਕਰੋੜ ਵਿਆਹ : ਰਿਪੋਰਟ



ਭਾਰਤੀ ਵਿਆਹ ਸਨਅਤ ਦਾ ਘੇਰਾ ਤਕਰੀਬਨ 10 ਲੱਖ ਕਰੋੜ ਰੁਪਏ ਦਾ ਹੈ ਜੋ ਖ਼ੁਰਾਕ ਤੇ ਕਰਿਆਨੇ ਤੋਂ ਬਾਅਦ ਦੂਜੇ ਸਥਾਨ 'ਤੇ ਹੈ। ਇੱਕ ਰਿਪੋਰਟ 'ਚ ਇਹ ਜਾਣਕਾਰੀ ਦਿੰਦੇ ਹੋਏ ਕਿਹਾ ਗਿਆ ਹੈ ਕਿ ਆਮ ਭਾਰਤੀ ਸਿੱਖਿਆ ਮੁਕਾਬਲੇ ਵਿਆਹ ਸਮਾਗਮਾਂ 'ਤੇ ਦੁੱਗਣਾ ਖਰਚਾ ਕਰਦੇ ਹਨ। ਭਾਰਤ ਵਿੱਚ ਸਾਲਾਨਾ 80 ਲੱਖ ਤੋਂ ਇੱਕ ਕਰੋੜ ਤੱਕ ਵਿਆਹ ਹੁੰਦੇ ਹਨ ਜਦਕਿ ਚੀਨ 'ਚ 70-80 ਲੱਖ ਅਤੇ ਅਮਰੀਕਾ 'ਚ 20-25 ਲੱਖ ਵਿਆਹ ਹੁੰਦੇ ਹਨ।

ਬ੍ਰੋਕਰੇਜ ਜੈੱਫਰੀਜ਼ ਨੇ ਇੱਕ ਰਿਪੋਰਟ 'ਚ ਕਿਹਾ, 'ਭਾਰਤੀ ਵਿਆਹ ਸਨਅਤ ਦਾ ਆਕਾਰ ਅਮਰੀਕਾ (70 ਅਰਬ ਅਮਰੀਕੀ ਡਾਲਰ)' ਦੀ ਸਨਅਤ ਮੁਕਾਬਲੇ ਤਕਰੀਬਨ ਦੁੱਗਣਾ ਹੈ। ਹਾਲਾਂਕਿ ਇਹ ਚੀਨ (170 ਅਰਬ ਅਮਰੀਕੀ ਡਾਲਰ) ਨਾਲੋਂ ਛੋਟਾ ਹੈ। ਰਿਪੋਰਟ ਅਨੁਸਾਰ ਭਾਰਤ 'ਚ ਖਪਤ ਸ਼੍ਰੇਣੀ 'ਚ ਵਿਆਹਾਂ ਦਾ ਦੂਜਾ ਸਥਾਨ ਹੈ। ਜੇਕਰ ਵਿਆਹ ਇੱਕ ਸ਼੍ਰੇਣੀ ਹੁੰਦੀ ਤਾਂ ਖ਼ੁਰਾਕ ਤੇ ਕਰਿਆਨੇ (681 ਅਰਬ ਅਮਰੀਕੀ ਡਾਲਰ) ਮਗਰੋਂ ਇਹ ਦੂਜੀ ਸਭ ਤੋਂ ਵੱਡੀ ਪ੍ਰਚੂਨ ਸ਼੍ਰੇਣੀ ਹੁੰਦੀ।

ਭਾਰਤ ਵਿੱਚ ਵਿਆਹ ਸ਼ਾਨਦਾਰ ਹੁੰਦੇ ਹਨ ਅਤੇ ਇਨ੍ਹਾਂ 'ਚ ਕਈ ਤਰ੍ਹਾਂ ਦੇ ਸਮਾਗਮ ਤੇ ਖਰਚੇ ਹੁੰਦੇ ਹਨ। ਇਸ ਵਿੱਚ ਗਹਿਣੇ ਤੇ ਕੱਪੜੇ ਜਿਹੀਆਂ ਸ਼੍ਰੇਣੀਆਂ ਵਿੱਚ ਖਪਤ ਵੱਧਦੀ ਹੈ ਅਤੇ ਅਸਿੱਧੇ ਢੰਗ ਨਾਲ ਆਟੋ ਤੇ ਇਲੈਕਟ੍ਰੌਨਿਕਸ ਸਨਅਤ ਨੂੰ ਲਾਭ ਮਿਲਦਾ ਹੈ। ਖਰਚੀਲੇ ਵਿਆਹਾਂ ਨੂੰ ਨੱਥ ਪਾਉਣ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਵਿਦੇਸ਼ੀ ਥਾਵਾਂ 'ਤੇ ਆਲੀਸ਼ਾਨ ਵਿਆਹ ਹੋ ਰਹੇ ਹਨ।

ਜੈੱਫਰੀਜ਼ ਨੇ ਕਿਹਾ, 'ਹਰ ਸਾਲ 80 ਲੱਖ ਤੋਂ ਇੱਕ ਕਰੋੜ ਵਿਆਹ ਹੋਣ ਦੇ ਨਾਲ ਭਾਰਤ ਦੁਨੀਆਂ ਵਿੱਚ ਸਭ ਤੋਂ ਵੱਡੀ ਵਿਆਹਾਂ ਵਾਲੀ ਥਾਂ ਹੈ।' ਕੈਟ ਅਨੁਸਾਰ ਇਸ ਦਾ ਆਕਾਰ 130 ਕਰੋੜ ਅਰਬ ਅਮਰੀਕੀ ਡਾਲਰ ਹੋਣ ਦਾ ਅਨੁਮਾਨ ਹੈ। ਭਾਰਤ ਦੀ ਵਿਆਹ ਸਨਅਤ ਅਮਰੀਕਾ ਮੁਕਾਬਲੇ ਤਕਰੀਬਨ ਦੁੱਗਣੀ ਹੈ ਤੇ ਅਹਿਮ ਖਪਤ ਸ਼੍ਰੇਣੀਆਂ ਵਿੱਚ ਇਸ ਦਾ ਅਹਿਮ ਯੋਗਦਾਨ ਹੈ। ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ ਭਾਰਤ 'ਚ ਵਿਆਹਾਂ 'ਤੇ ਸਿੱਖਿਆ (ਗਰੈਜੂਏਸ਼ਨ ਤੱਕ) ਮੁਕਾਬਲੇ ਦੁੱਗਣਾ ਖਰਚਾ ਕੀਤਾ ਜਾਂਦਾ ਹੈ ਜਦਕਿ ਅਮਰੀਕਾ ਜਿਹੇ ਮੁਲਕਾਂ 'ਚ ਇਹ ਖਰਚਾ ਸਿੱਖਿਆ ਮੁਕਾਬਲੇ ਤਕਰੀਬਨ ਅੱਧੇ ਤੋਂ ਵੀ ਘੱਟ ਹੈ।

# ਚੋਣ ਪ੍ਰਚਾਰ 'ਚ ਡਟੀਆਂ ਸਿਆਸੀ ਆਗੂਆਂ ਦੀਆਂ ਪਤਨੀਆਂ



ਜਲੰਧਰ/ਏ.ਟੀ.ਨਿਊਜ਼ : ਪੰਜਾਬ ਦੀ ਸਿਆਸਤ ਵਿੱਚ ਜਿਥੇ ਵੱਖ ਵੱਖ ਸਿਆਸੀ ਆਗੂ ਛਾਏ ਹੋਏ ਹਨ, ਉਥੇ ਉਨ੍ਹਾਂ ਦੀਆਂ ਪਤਨੀਆਂ ਵੀ ਉਹਨਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਸਰਗਰਮ ਹਨ। ਇਸ ਸਮੇਂ ਸਭ ਦੀਆਂ ਨਜ਼ਰਾਂ ਜਲੰਧਰ ਪੱਛਮੀ ਜ਼ਿਮਨੀ ਚੋਣ 'ਤੇ ਲੱਗੀਆਂ ਹੋਈਆਂ ਹਨ। ਦੇਸ਼ ਵਿਦੇਸ਼ ਵਿੱਚ ਰਹਿੰਦੇ ਪੰਜਾਬੀ ਜਲੰਧਰ ਪੱਛਮੀ ਜ਼ਿਮਨੀ ਚੋਣ ਸਬੰਧੀ ਪਲ ਪਲ ਦੀ ਜਾਣਕਾਰੀ ਲੈ ਰਹੇ ਹਨ, ਜਿਸ ਕਰਕੇ ਇਹ ਹਾਟ ਸੀਟ ਬਣ ਗਈ ਹੈ।

ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੀ ਸੀਟ ਲਈ ਹੋ ਰਹੀ ਜ਼ਿਮਨੀ ਚੋਣ ਸਾਰੀਆਂ ਸਿਆਸੀ ਪਾਰਟੀਆਂ ਲਈ ਵੱਕਾਰ ਦਾ ਸਵਾਲ ਬਣੀ ਹੋਈ ਹੈ। ਖਾਸ ਕਰ ਕੇ ਸੱਤਾ ਧਿਰ 'ਆਪ', ਕਾਂਗਰਸ ਅਤੇ ਭਾਜਪਾ ਨੇ ਇਹ ਸੀਟ ਜਿੱਤਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਹੋਇਆ ਹੈ। ਇਨ੍ਹਾਂ ਸਿਆਸੀ ਪਾਰਟੀਆਂ ਦੇ ਆਗੂਆਂ ਦੀ ਪਤਨੀਆਂ ਵੀ ਚੋਣ ਪ੍ਰਚਾਰ ਵਿੱਚ ਡਟੀਆਂ ਹੋਈਆਂ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪਤਨੀ ਡਾ. ਗੁਰਪ੍ਰੀਤ ਕੌਰ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਵਿੱਚ ਗੇੜੇ 'ਤੇ ਗੇੜਾ ਲਾ ਰਹੇ ਹਨ ਅਤੇ 'ਆਪ' ਉਮੀਦਵਾਰ ਮਹਿੰਦਰ ਭਗਤ ਲਈ ਘਰ-ਘਰ ਜਾ ਕੇ ਵੋਟਾਂ ਮੰਗ ਰਹੇ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜਲੰਧਰ ਵਿੱਚ ਘਰ ਕਿਰਾਏ 'ਤੇ ਲੈ ਕੇ ਜਲੰਧਰ ਪੱਛਮੀ ਸੀਟ 'ਤੇ ਲਗਾਤਾਰ ਨਜ਼ਰ ਟਿਕਾਈ ਹੋਈ ਹੈ। ਕਾਂਗਰਸ ਨੇ ਇਸ ਸੀਟ ਤੋਂ ਲੋਕ ਸਭਾ ਚੋਣਾਂ ਦੌਰਾਨ ਜਿੱਤ ਤਾਂ ਹਾਸਲ ਕੀਤੀ ਸੀ ਪਰ ਜਿੱਤ ਦਾ ਫਰਕ ਬੜਾ ਥੋੜ੍ਹਾ ਸੀ। ਕਾਂਗਰਸ ਦੇ ਲੋਕ ਸਭਾ ਮੈਂਬਰ ਬਣੇ ਚਰਨਜੀਤ ਸਿੰਘ ਚੰਨੀ ਨੇ ਲੋਕ ਸਭਾ ਚੋਣਾਂ ਵਿੱਚ ਜਲੰਧਰ ਪੱਛਮੀ ਹਲਕੇ ਤੋਂ ਆਪਣੇ ਵਿਰੋਧੀ ਸੁਸ਼ੀਲ ਕੁਮਾਰ ਰਿੰਕੂ ਨੂੰ 1500 ਤੋਂ ਵੱਧ ਵੋਟਾਂ ਨਾਲ ਪਛਾੜਿਆ ਸੀ। ਕਾਂਗਰਸ ਹੁਣ ਆਪਣੀ ਜਿੱਤ ਦਾ ਫਰਕ ਵਧਾਉਣ ਲਈ ਸਾਰੀ ਤਾਕਤ ਝੋਕ ਰਹੀ ਹੈ। ਲੋਕ ਸਭਾ ਮੈਂਬਰ ਚਰਨਜੀਤ ਸਿੰਘ ਚੰਨੀ ਦੀ ਪਤਨੀ ਡਾ. ਕਮਲਜੀਤ ਕੌਰ ਵੀ ਚੋਣ ਪ੍ਰਚਾਰ ਵਿੱਚ ਡਟ ਗਏ ਹਨ। ਇਸ ਤਰ੍ਹਾਂ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ ਪਤਨੀ ਅੰਮ੍ਰਿਤਾ ਵੜਿੰਗ ਨੇ ਜਲੰਧਰ ਵਿੱਚ ਚੋਣ ਪ੍ਰਚਾਰ ਦਾ ਮੋਰਚਾ ਸੰਭਾਲ ਲਿਆ ਹੈ। ਭਾਜਪਾ ਦੇ ਉਮੀਦਵਾਰ ਸ਼ੀਤਲ ਅੰਗੁਰਾਲ ਦੀ ਪਤਨੀ ਵੀ ਹਲਕੇ ਵਿੱਚ ਪ੍ਰਚਾਰ ਲਈ ਡਟੇ ਹੋਏ ਹਨ, ਇੰਝ ਹੀ ਭਾਜਪਾ ਆਗੂ ਸੁਸ਼ੀਲ ਕੁਮਾਰ ਰਿੰਕੂ ਦੀ ਪਤਨੀ ਸੁਨੀਤਾ ਰਿੰਕੂ ਵੀ ਇਸ ਹਲਕੇ ਦੇ ਹਰ ਗਲੀ ਮੁਹੱਲੇ ਤੋਂ ਚੰਗੀ ਤਰ੍ਹਾਂ ਵਾਕਿਫ਼ ਹਨ ਤੇ ਉਹ ਕੌਂਸਲਰ ਰਹੇ ਹੋਣ ਕਾਰਨ ਲੋਕਾਂ ਦੀ ਨਬਜ਼ ਪਛਾਣਦੇ ਹਨ।

ਦਰਪਣ ਝੂਠ ਨਹੀਂ ਬੋਲਦਾ

# ਪੰਜਾਬ ਮਸਲਿਆਂ ਬਾਰੇ ਪੰਜਾਬੀ ਸਾਂਸਦ ਆਪਣੀ ਜ਼ਿੰਮੇਵਾਰੀ ਨਿਭਾਉਣ

## ਕਿਹੜੇ ਮੁੱਦੇ ਉਠਾਉਣ ਪੰਜਾਬ ਦੇ ਐਮ. ਪੀ. ?

## ਕਾਂਗਰਸ ਤੇ 'ਆਪ' ਸਾਂਸਦਾਂ ਦੀ ਜ਼ਿੰਮੇਵਾਰੀ ਪੰਜਾਬ ਬਾਰੇ ਸਭ ਤੋਂ ਵੱਧ



ਭਾਵੇਂ ਇਸ ਵਾਰ ਸਾਰੇ ਪੰਜਾਬੀ ਸਾਂਸਦਾਂ ਨੇ ਪੰਜਾਬੀ ਵਿੱਚ ਸਹੁੰ ਚੁੱਕੀ ਹੈ ਅਤੇ ਕੁਝ ਨੇ ਤਾਂ ਫਤਹਿ ਵੀ ਬੁਲਾਈ ਹੈ ਪਰ ਸਭ ਤੋਂ ਵੱਧ ਖ਼ੁਸ਼ੀ ਦੀ ਗੱਲ ਹੈ ਕਿ ਪ੍ਰੋ. ਵਿਸ਼ਵਾਨਾਥ ਤਿਵਾੜੀ, ਜੋ ਪੰਜਾਬੀ ਦੇ ਵਧੀਆ ਲਿਖਾਰੀ ਸਨ ਤੇ ਅੰਮ੍ਰਿਤ ਕੌਰ ਦੇ ਬੇਟੇ ਮਨੀਸ਼ ਤਿਵਾੜੀ, ਜੋ ਚੰਡੀਗੜ੍ਹ ਤੋਂ ਕਾਂਗਰਸ ਦੇ ਲੋਕ ਸਭਾ ਮੈਂਬਰ ਚੁਣੇ ਗਏ, ਨੇ ਵੀ ਪੰਜਾਬੀ ਵਿੱਚ ਸਹੁੰ ਚੁੱਕੀ ਹੈ। ਹੁਣ ਰਾਸ਼ਟਰਪਤੀ ਦੇ ਭਾਸ਼ਣ 'ਤੇ ਧੰਨਵਾਦ ਮੌਕੇ ਸਾਰੀਆਂ ਰਾਜਸੀ ਪਾਰਟੀਆਂ ਨੂੰ ਬੋਲਣ ਦਾ ਮੌਕਾ ਮਿਲੇਗਾ। ਇਸ ਵਾਰ ਕਾਂਗਰਸ ਦੇ 98 ਐਮ.ਪੀ. ਹਨ, ਇਸ ਲਈ ਕਾਂਗਰਸ ਨੂੰ ਸਮਾਂ ਵੀ ਕਾਫੀ ਮਿਲੇਗਾ। ਕਾਂਗਰਸ ਦੇ ਪੰਜਾਬ ਤੋਂ ਹੀ 7 ਐਮ.ਪੀ. ਹਨ, ਸਾਡੀ ਬੇਨਤੀ ਹੈ ਕਿ ਉਹ ਸੱਤੇ ਹੀ ਆਪਸ ਵਿੱਚ ਸਲਾਹ ਕਰਕੇ ਸਭ ਤੋਂ ਚੰਗਾ ਬੋਲਣ ਵਾਲਾ ਤੇ ਪੰਜਾਬ ਦੇ ਮਸਲਿਆਂ ਦੀ ਸਮਝ ਰੱਖਣ ਵਾਲਾ ਇੱਕ ਵਿਅਕਤੀ ਚੁਣਨ ਅਤੇ ਆਪਣੇ ਨੇਤਾ ਰਾਹੁਲ ਗਾਂਧੀ ਨੂੰ ਕਾਂਗਰਸ ਨੂੰ ਮਿਲੇ ਸਮੇਂ ਵਿਚੋਂ ਉਸ ਨੂੰ ਕੁਝ ਸਮਾਂ ਦੇਣ ਲਈ ਕਹਿਣ। ਪੰਜਾਬ ਦੇ ਜਿਸ ਐਮ.ਪੀ. ਨੂੰ ਮੌਕਾ ਮਿਲੇ, ਉਹ ਪੰਜਾਬ ਦੇ ਮਸਲੇ, ਪੰਜਾਬ ਨਾਲ ਹੋ ਰਹੀਆਂ ਬੇਇਨਸਾਫ਼ੀਆਂ ਤੇ ਮੰਗਾਂ ਬਾਰੇ ਤੱਥਾਂ ਤੇ ਦਲੀਲਾਂ ਸਹਿਤ ਮੁੱਦੇ ਉਠਾਏ, ਜਿਨ੍ਹਾਂ ਵਿੱਚ ਪੰਜਾਬ ਦੇ ਪਾਣੀਆਂ, ਫ਼ਸਲਾਂ, ਚੰਡੀਗੜ੍ਹ, ਪੰਜਾਬ ਦੇ ਸਰਹੱਦੀ ਰਾਜ ਹੋਣ ਕਾਰਨ ਹਿਮਾਚਲ ਵਰਗੀਆਂ ਵਪਾਰਕ ਰਿਆਇਤਾਂ ਦੇ ਮਾਮਲੇ ਉਠਾਏ ਜਾਣ। ਇਹ ਸੱਚ ਹੈ ਕਿ ਬਹਿਸ ਤਾਂ ਰਾਸ਼ਟਰਪਤੀ ਦੇ ਭਾਸ਼ਣ 'ਤੇ ਹੋਣੀ ਹੈ ਪਰ ਸਿਆਣੇ ਵਕਤਾ ਹਰ ਗੱਲ ਨੂੰ ਹਰ ਸੰਦਰਭ ਨੂੰ ਆਪਣੀ ਸਿਆਣਪ ਵਰਤ ਕੇ ਆਪਣੀ ਗੱਲ ਕਹਿਣ ਲਈ ਵਰਤ ਹੀ ਜਾਂਦੇ ਹਨ। ਸਾਡੇ ਸਾਹਮਣੇ ਹੈ ਕਿ ਜੰਮੂ-ਕਸ਼ਮੀਰ ਤੋਂ ਲੋਕ ਸਭ ਮੈਂਬਰ ਆਗਾ ਰੂਹੁਲਾਹ ਮਹਿਦੀ ਨੇ ਸਪੀਕਰ ਨੂੰ ਵਧਾਈ ਦਿੰਦੇ ਸਮੇਂ ਜਿਵੇਂ ਕਸ਼ਮੀਰ ਦੀ ਗੱਲ ਕੀਤੀ। ਉਸ ਦੀ ਸ਼ਲਾਘਾ ਉਸ ਦੇ ਵਿਰੋਧੀ ਵੀ ਕਰ ਰਹੇ ਹਨ। ਉਸ ਨੇ ਦੇਸ਼ ਦੀਆਂ ਵੱਡੀਆਂ ਅਖ਼ਬਾਰਾਂ ਵਿੱਚ ਚੰਗੀ ਜਗ੍ਹਾ ਵੀ ਲਈ ਹੈ। ਆਮ ਆਦਮੀ ਪਾਰਟੀ ਦੇ ਉਮੀਦਵਾਰ ਰਾਜ ਕੁਮਾਰ ਚੱਬੇਵਾਲ ਇਸ ਮੌਕੇ ਬੋਲਦੇ ਥਿੜਕ ਗਏ ਤੇ ਆਪਣੀ ਗੱਲ ਨਹੀਂ ਕਹਿ ਸਕੇ। ਉਂਝ ਇੰਝ ਲਗਦਾ ਹੈ ਕਿ 'ਆਪ' ਨੇ 2024 ਦੀਆਂ ਆਮ ਚੋਣਾਂ ਵਿੱਚ ਆਪਣੀ ਹਾਰ ਤੋਂ ਕੋਈ ਸਬਕ ਨਹੀਂ ਸਿੱਖਿਆ।

ਇਹ ਸਭ ਨੂੰ ਪਤਾ ਹੈ ਕਿ 2022 ਵਿੱਚ ਦੇਸ਼-ਵਿਦੇਸ਼ ਦੇ ਸਿੱਖਾਂ ਨੇ ਪੂਰਾ ਜ਼ੋਰ ਲਾ ਕੇ ਪੰਜਾਬ ਵਿੱਚ 'ਆਪ' ਨੂੰ ਸ਼ਾਨਦਾਰ ਜਿੱਤ ਦਿਵਾਉਣ ਲਈ ਇੱਕ ਵੱਡਾ ਰੋਲ ਨਿਭਾਇਆ ਸੀ ਪਰ ਦਿੱਲੀ ਵਿੱਚ 'ਆਪ' ਦਾ ਸਿੱਖਾਂ ਨੂੰ ਪ੍ਰਤੀਨਿਧਤਾ ਦੇਣ ਬਾਰੇ ਰਵੱਈਆ ਅਤੇ ਪੰਜਾਬ ਸਰਕਾਰ ਵਿੱਚ ਵੀ ਸਿੱਖ ਮਸਲਿਆਂ ਨੂੰ ਅਣਗੌਲਿਆਂ ਕਰਨ ਦਾ ਹੀ ਇਹ ਨਤੀਜਾ ਹੈ ਕਿ ਜਿਹੜੇ ਸਿੱਖਾਂ ਨੇ 1984 ਤੋਂ ਬਾਅਦ 40 ਸਾਲ ਤੱਕ ਕਾਂਗਰਸ ਨੂੰ ਵੋਟ ਨਹੀਂ ਪਾਈ ਸੀ, ਉਨ੍ਹਾਂ ਵਿਚੋਂ ਵੀ ਕਈਆਂ ਨੇ ਇਸ ਵਾਰ ਕਾਂਗਰਸ ਨੂੰ ਵੋਟ ਪਾਈ ਹੈ। ਹੈਰਾਨੀ ਦੀ ਗੱਲ ਹੈ ਕਿ 'ਆਪ' ਨੇ ਲੋਕ ਸਭਾ ਵਿੱਚ ਵੀ ਸ਼ਾਇਦ ਆਮ ਆਦਮੀ ਪਾਰਟੀ ਦੀ ਕੌਮੀ ਰਾਜਨੀਤੀ ਵਿੱਚ ਜਗ੍ਹਾ ਬਣਾਉਣ ਦੀ ਇੱਛਾ ਕਾਰਨ ਪਾਰਟੀ ਦੇ ਸਭ ਤੋਂ ਵਧੀਆ ਬੁਲਾਰੇ ਨੂੰ ਪਾਰਟੀ ਮੁਖੀ ਨਹੀਂ ਬਣਾਇਆ। ਪਰ 'ਆਪ' ਦੇ ਤਿੰਨੇ ਸਾਂਸਦ ਪੰਜਾਬ ਦੇ ਮਸਲਿਆਂ ਬਾਰੇ ਬੋਲਣ ਲਈ ਤਿਆਰੀ ਕਰਕੇ ਜਾਣ। ਰਹੀ ਗੱਲ ਅਕਾਲੀ ਲੋਕ ਸਭਾ ਮੈਂਬਰ ਬੀਬੀ ਹਰਸਿਮਰਤ ਕੌਰ ਦੀ, ਉਹ ਪਾਰਟੀ ਦੇ ਇਕੱਲੇ ਮੈਂਬਰ ਹਨ, ਉਨ੍ਹਾਂ ਨੂੰ ਸਮਾਂ ਵੀ ਥੋੜ੍ਹਾ ਹੀ ਮਿਲੇਗਾ, ਪਰ ਉਨ੍ਹਾਂ ਨੂੰ ਵੀ ਪਹਿਲਾਂ ਹੀ ਤਿਆਰੀ ਕਰਕੇ ਜਾਣਾ ਚਾਹੀਦਾ ਹੈ ਤੇ ਪੰਜਾਬ ਦੇ ਮਸਲਿਆਂ ਦੇ ਨਾਲ ਹੀ ਭਾਈ ਅੰਮ੍ਰਿਤਪਾਲ ਸਿੰਘ ਨੂੰ ਸਹੁੰ ਚੁਕਾਉਣ ਦਾ ਮਸਲਾ ਵੀ ਮਨੁੱਖੀ ਅਧਿਕਾਰ ਵਜੋਂ ਉਠਾਉਣਾ ਚਾਹੀਦਾ ਹੈ, ਭਾਵੇਂ ਕਿ ਉਨ੍ਹਾਂ ਦਾ ਅੰਮ੍ਰਿਤਪਾਲ ਨਾਲ ਸਿਆਸੀ ਵਿਰੋਧ ਹੈ। ਆਜ਼ਾਦ 'ਪੰਥਕ' ਲੋਕ ਸਭਾ ਮੈਂਬਰ ਸਰਬਜੀਤ ਸਿੰਘ ਨੂੰ ਵੀ ਅਪੀਲ ਹੈ ਕਿ ਉਹ ਭਾਈ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਤੇ ਪੰਜਾਬ ਦੇ ਮਸਲੇ ਨੂੰ ਲੋਕ ਸਭਾ ਵਿੱਚ ਉਭਾਰਨ।

# ਕਸ਼ਮੀਰ ਦੀ ਆਜ਼ਾਦੀ ਬਾਰੇ ਆਵਾਜ਼ ਉਠਾਉਣ ਵਾਲੀ ਅਰੁੰਧਤੀ ਪੰਜਾਬ ਬਾਰੇ ਚੁੱਪ ਕਿਉਂ ?

14 ਸਾਲ ਪਹਿਲਾਂ ਕਸ਼ਮੀਰ ਬਾਰੇ ਇਤਿਹਾਸਕ ਟਿੱਪਣੀਆਂ ਨੂੰ ਲੈ ਕੇ ਮੌਜੂਦਾ ਸਮੇਂ ਵਿੱਚ ਯੂ.ਏ.ਪੀ.ਏ. ਮੁਕੱਦਮੇ ਦਾ ਸਾਹਮਣਾ ਕਰ ਰਹੀ ਬੁਕਰ ਪੁਰਸਕਾਰ ਜੇਤੂ ਲੇਖਿਕਾ ਅਰੁੰਧਤੀ ਰਾਏ ਨੂੰ ਬੀਤੇ ਦਿਨੀਂ ਉਸ ਦੀਆਂ ਅਡੋਲ ਲਿਖਤਾਂ ਲਈ ਵੱਕਾਰੀ ਪੈਨ ਪਿੰਟਰ ਪੁਰਸਕਾਰ 2024 ਨਾਲ 10 ਅਕਤੂਬਰ 2024 ਨੂੰ ਸਨਮਾਨਿਤ ਕੀਤਾ ਜਾਵੇਗਾ। 2009 ਤੋਂ, ਇਹ ਪੁਰਸਕਾਰ ਨੋਬਲ ਪੁਰਸਕਾਰ ਜੇਤੂ ਅਤੇ ਨਾਟਕਕਾਰ ਹੈਰੋਲਡ ਪਿੰਟਰ ਦੀ ਯਾਦ ਵਿੱਚ ਦਿੱਤਾ ਜਾਂਦਾ ਹੈ। ਇਹ ਪੁਰਸਕਾਰ ਹਰ ਸਾਲ ਬਰਤਾਨੀਆ ਅਤੇ ਰਾਸ਼ਟਰਮੰਡਲ ਦੇਸ਼ਾਂ ਦੇ ਉਨ੍ਹਾਂ ਨਾਗਰਿਕ ਲੇਖਕਾਂ ਨੂੰ ਦਿੱਤਾ ਜਾਂਦਾ ਹੈ ਜਿਨ੍ਹਾਂ ਦਾ ਵਿਸ਼ਵ ਪ੍ਰਤੀ 'ਅਡੋਲ', 'ਦਲੇਰੀ' ਦ੍ਰਿਸ਼ਟੀਕੋਣ ਹੈ ਅਤੇ ਜਿਨ੍ਹਾਂ ਦੀ ਲਿਖਤ "ਜ਼ਿੰਦਗੀ ਅਤੇ ਸਮਾਜ ਦੇ ਅਸਲ ਸੱਚ ਨੂੰ ਪਰਿਭਾਸ਼ਤ ਕਰਨ ਲਈ ਬੌਧਿਕ ਦ੍ਰਿੜਤਾ" ਨੂੰ ਦਰਸਾਉਂਦੀ ਹੈ। ਇਸ ਪੁਰਸਕਾਰ ਲਈ ਇਸ ਸਾਲ ਦੀ ਜਿਊਰੀ ਵਿੱਚ ਪੈਨ ਦੀ ਪ੍ਰਧਾਨ ਰੂਥ ਬੋਰਥਵਿਕ, ਅਦਾਕਾਰ ਖਾਲਿਦ ਅਬਦੁੱਲਾ ਅਤੇ ਲੇਖਕ ਰੋਜਰ ਰੌਬਿਨਸਨ ਸ਼ਾਮਲ ਸਨ। ਜੱਜਾਂ ਨੇ ਵਾਤਾਵਰਣ ਦੇ ਵਿਗਾੜ ਤੋਂ ਲੈ ਕੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਤੱਕ ਦੇ ਮੁੱਦਿਆਂ 'ਤੇ ਰਾਏ ਦੀਆਂ ਟਿੱਪਣੀਆਂ ਦੀ ਸ਼ਲਾਘਾ ਕੀਤੀ। ਅਬਦੱਲਾ ਨੇ ਕਿਹਾ ਕਿ ਰਾਏ ਆਜ਼ਾਦੀ ਅਤੇ ਨਿਆਂ ਦੀ ਚਮਕਦੀ ਆਵਾਜ਼ ਹੈ ।

ਅਰੁੰਧਤੀ ਦਾ ਦੂਜਾ ਨਾਵਲ 'ਦਿ ਮਨਿਸਟਰੀ ਆਫ ਅਟਮੋਸਟ ਹੈਪੀਨੇਸ' 2017 ਵਿੱਚ ਪ੍ਰਕਾਸ਼ਿਤ ਹੋਇਆ ਸੀ। ਆਪਣੀ ਕਿਤਾਬ 'ਦਿ ਗੌਡ ਆਫ ਸਮਾਲ ਥਿੰਗਜ਼' ਲਈ 1997 ਵਿੱਚ ਬੁਕਰ ਪੁਰਸਕਾਰ ਜਿੱਤਣ ਵਾਲੀ ਅਰੁੰਧਤੀ ਰਾਏ ਨੇ 9 ਤੋਂ ਵੱਧ ਕਿਤਾਬਾਂ ਲਿਖੀਆਂ ਹਨ। ਉਨ੍ਹਾਂ ਦਾ ਨਾਵਲ 'ਦਿ ਮਨਿਸਟਰੀ ਆਫ਼ ਅਟਮੋਸਟ ਹੈਪੀਨੇਸ'



ਨੈਸ਼ਨਲ ਬੁੱਕ ਕ੍ਰਿਟਿਕਸ ਸਰਕਲ ਐਵਾਰਡ ਲਈ ਫਾਈਨਲਿਸਟਾਂ ਵਿੱਚੋਂ ਇੱਕ ਸੀ।

ਸਵਾਲ ਇਹ ਹੈ ਕਿ ਅਰੁੰਧਤੀ ਕਸ਼ਮੀਰ ਦੀ ਅਜ਼ਾਦੀ, ਮਨੁੱਖੀ ਅਧਿਕਾਰਾਂ ਬਾਰੇ ਬੇਬਾਕੀ ਨਾਲ ਆਵਾਜ਼ ਉਠਾ ਰਹੇ ਹਨ ਪਰ ਪੰਜਾਬ ਤੇ ਸਿਖ ਪੰਥ ਦੇ ਦੁਖਾਂਤ ਬਾਰੇ ਚੁੱਪ ਕਿਉਂ ਹਨ ? ਹਾਲਾਂਕਿ ਗੁਰਪੁਰਵਾਸੀ ਸੀਨੀਅਰ ਪੱਤਰਕਾਰ ਦਲਬੀਰ ਸਿੰਘ ਗੰਨਾ ਪਿੰਡ ਤੇ ਗੁਰਬਚਨ ਸਿੰਘ ਦੇਸ ਪੰਜਾਬ ਨੇ ਉਨ੍ਹਾਂ ਨੂੰ ਜਲੰਧਰ ਦੇਸ ਭਗਤ ਯਾਦਗਾਰ ਹਾਲ ਵਿਖੇ ਪੰਜਾਬ ਸੰਤਾਪ, ਦਿੱਲੀ ਕਤਲੇਆਮ 84 ਬਾਰੇ ਪੁਸਤਕਾਂ ਭੇਂਟ ਕੀਤੀਆਂ, ਗੱਲਬਾਤ ਵੀ ਕੀਤੀ, ਪਰ ਇਸ ਦੇ ਬਾਵਜੂਦ ਅਰੁੰਧਤੀ ਰਾਇ ਪੰਜਾਬ ਬਾਰੇ ਚੁੱਪ ਹਨ। ਅਜਿਹਾ ਕਿਉਂ ?

ਅਰੁੰਧਤੀ ਦੀ ਉਮਰ 60 ਸਾਲ ਦੇ ਕਰੀਬ ਹੈ ਅਤੇ ਉਨ੍ਹਾਂ ਨੇ ਦਿੱਲੀ ਸਕੂਲ ਆਫ਼ ਆਰਕੀਟੈਕਚਰ ਤੋਂ ਪੜ੍ਹਾਈ ਕੀਤੀ ਹੈ। ਰਾਏ ਨੇ ਫਿਰ ਪ੍ਰੋਡਕਸ਼ਨ ਡਿਜ਼ਾਈਨਰ ਵਜੋਂ ਕੰਮ ਕੀਤਾ। ਅਰੁੰਧਤੀ ਰਾਏ ਦੀ ਜ਼ਿੰਦਗੀ ਹਮੇਸ਼ਾ ਥੋੜ੍ਹੀ ਵੱਖਰੀ ਸੀ। ਉਨ੍ਹਾਂ ਨੇ 16 ਸਾਲ ਦੀ ਉਮਰ ਵਿੱਚ ਘਰ ਛੱਡਿਆ, ਦਿੱਲੀ ਦੇ ਇੱਕ ਆਰਕੀਟੈਕਚਰ ਸਕੂਲ ਵਿੱਚ ਗਏ, ਗੋਆ ਦੇ ਬੀਚਾਂ 'ਤੇ ਕੇਕ ਵੇਚਿਆ, ਐਰੋਬਿਕਸ ਸਿਖਾਇਆ ਅਤੇ ਇੱਕ ਇੰਡੀ ਫਿਲਮ ਵਿੱਚ ਵੀ ਕੰਮ ਕੀਤਾ।

ਉਨ੍ਹਾਂ ਨੇ ਆਪਣਾ ਪਹਿਲਾ ਨਾਵਲ ਲਿਖਣ ਤੋਂ ਪਹਿਲਾਂ ਲਗਭਗ ਪੰਜ ਸਾਲ ਸਕ੍ਰੀਨਪਲੇਅ (ਪਟਕਥਾ) ਲਿਖੇ। ਰਾਏ ਨੂੰ 2002 ਵਿੱਚ ਲੈਨਨ ਫਾਊਂਡੇਸ਼ਨ ਪ੍ਰਾਈਜ਼ ਫਾਰ ਕਲਚਰਲ ਫਰੀਡਮ, 2004 ਵਿੱਚ ਸਿਡਨੀ ਪੀਸ ਪ੍ਰਾਈਜ਼, 2004 ਵਿੱਚ ਨੈਸ਼ਨਲ ਕਾਉਂਸਿਲ ਆਫ਼ ਟੀਚਰਜ਼ ਆਫ਼ ਇੰਗਲਿਸ਼ ਦੁਆਰਾ ਦਿੱਤਾ ਗਿਆ ਜਾਰਜ ਓਰਵੇਲ ਅਵਾਰਡ ਅਤੇ 2011 ਵਿੱਚ ਡਿਸਟਿੰਗੁਇਸ਼ਡ ਰਾਈਟਿੰਗ ਲਈ ਨੌਰਮਨ ਮੇਲਰ ਪ੍ਰਾਈਜ਼ ਨਾਲ ਸਨਮਾਨਿਤ ਕੀਤਾ ਗਿਆ ਸੀ।

# ਕੀ ਕੈਪਟਨ ਪਰਿਵਾਰ ਦਾ ਸਿਆਸੀ ਯੁਗ ਬੀਤ ਗਿਆ ?

## ਕਾਂਗਰਸ ਵਿੱਚ ਮੁੜ ਜਾਣ ਦੀਆਂ ਸੰਭਾਵਨਾਵਾਂ ਬਣੀਆਂ

## ਪੰਜਾਬ ਵਿੱਚ ਭਾਜਪਾ ਦੀ ਹਾਰ ਬਾਅਦ ਜਾਖੜ ਦੀ ਪ੍ਰਧਾਨਗੀ ਖ਼ਤਰੇ ਵਿੱਚ

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾ ਘਰ ਦੇ ਰਹੇ ਨਾ ਘਾਟ ਦੇ। ਦੋ ਕਾਰਜਕਾਲ ਵਿੱਚ ਕਰੀਬ ਸਾਢੇ ਨੌਂ ਸਾਲ ਮੁੱਖ ਮੰਤਰੀ ਰਹਿਣ ਤੋਂ ਬਾਅਦ ਜਦੋਂ ਕਾਂਗਰਸ ਹਾਈਕਮਾਂਡ ਨੇ ਉਨ੍ਹਾਂ ਨੂੰ ਹਟਾਇਆ ਤਾਂ ਉਹ ਬਾਗੀ ਹੋ ਗਏ। ਉਨ੍ਹਾਂ ਨੂੰ ਇਹ ਉਮੀਦ ਸੀ ਕਿ ਜਦੋਂ ਉਹ ਪਾਰਟੀ ਛੱਡਣਗੇ ਤਾਂ ਪੰਜਾਬ ਦੇ ਬਹੁਤੇ ਵੱਡੇ ਕਾਂਗਰਸੀ ਚਿਹਰੇ ਉਨ੍ਹਾਂ ਦੇ ਨਾਲ ਆ ਖੜੇ ਹੋਣਗੇ, ਪਰ ਅਜਿਹਾ ਨਹੀਂ ਹੋਇਆ। ਕੁਝ ਕੁ ਨਾਮੀ ਚਿਹਰਿਆਂ ਨੂੰ ਛੱਡ ਕੇ ਹੋਰ ਕੋਈ ਨੇਤਾ ਉਨ੍ਹਾਂ ਨਾਲ ਭਾਜਪਾ ਵਿੱਚ ਨਹੀਂ ਗਿਆ। ਜੋ ਗਏ ਸਨ ਉਨ੍ਹਾਂ ਵਿ ਚੋਂ ਵੀ ਰਾਜ ਕੁਮਾਰ ਵੇਰਕਾ ਆਪਣੇ ਸਾਥੀਆਂ ਸਮੇਤ ਮੁੜ ਗਲਤੀ ਸੁਧਾਰ ਕਹਿ ਕੇ ਕਾਂਗਰਸ ਵਿੱਚ ਸ਼ਾਮਲ ਹੋ ਗਏ। ਉਸ ਨੇ ਕਾਂਗਰਸ ਛੱਡ ਕੇ ਵੱਖਰੀ ਪਾਰਟੀ ਬਣਾਈ ਅਤੇ ਬਾਅਦ ਵਿੱਚ ਉਸ ਪਾਰਟੀ ਨੂੰ ਭਾਜਪਾ ਵਿੱਚ ਮਿਲਾ ਦਿੱਤਾ। ਲੋਕ ਸਭਾ ਚੋਣਾਂ ਤੋਂ ਠੀਕ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦੀ ਪਤਨੀ ਸੰਸਦ ਮੈਂਬਰ ਪ੍ਰਨੀਤ ਕੌਰ ਭਾਜਪਾ ਵਿੱਚ ਸ਼ਾਮਲ ਹੋ ਗਏ ਹਨ ਅਤੇ ਪਟਿਆਲਾ ਤੋਂ ਚੋਣ ਲੜੀ ਸੀ। ਪਰ ਉੱਥੇ ਉਹ ਬੁਰੀ ਤਰ੍ਹਾਂ ਹਾਰ ਗਈ। 2019 ਵਿੱਚ ਕਾਂਗਰਸ ਦੀ ਟਿਕਟ 'ਤੇ ਜਿੱਤਣ ਵਾਲੀ ਪ੍ਰਨੀਤ ਕੌਰ ਇਸ ਵਾਰ ਤੀਜੇ ਨੰਬਰ 'ਤੇ ਰਹੀ। ਇਸ ਸੀਟ ਤੋਂ ਕਾਂਗਰਸ ਦੇ ਧਰਮਵੀਰ ਗਾਂਧੀ ਜੇਤੂ ਰਹੇ ਅਤੇ ਆਪ ਦੇ ਉਮੀਦਵਾਰ ਡਾ. ਬਲਬੀਰ ਸਿੰਘ ਦੂਜੇ ਨੰਬਰ 'ਤੇ ਰਹੇ। ਕੈਪਟਨ ਅਮਰਿੰਦਰ ਸਿੰਘ ਪੂਰੀ ਚੋਣ ਮੁਹਿੰਮ ਦੌਰਾਨ ਬਾਹਰ ਨਹੀਂ ਆਏ। ਦੱਸਿਆ ਗਿਆ ਸੀ ਕਿ ਕੈਪਟਨ ਦੀ ਸਿਹਤ ਖਰਾਬ ਸੀ।



ਉਨ੍ਹਾਂ ਦੀ ਦੂਜੀ ਸਮੱਸਿਆ ਇਹ ਹੈ ਕਿ ਜੱਟ ਸਿੱਖ ਆਗੂ ਵਜੋਂ ਭਾਜਪਾ ਨੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤਰੇ ਰਵਨੀਤ ਸਿੰਘ ਬਿੱਟੂ ਨੂੰ ਅੱਗੇ ਕੀਤਾ ਹੈ। ਲੋਕ ਸਭਾ ਚੋਣਾਂ ਹਾਰਨ ਤੋਂ ਬਾਅਦ ਵੀ ਉਸ ਨੂੰ ਕੇਂਦਰ ਸਰਕਾਰ ਵਿੱਚ ਮੰਤਰੀ ਬਣਾਇਆ ਗਿਆ ਹੈ। ਫਿਰ ਸਵਾਲ ਇਹ ਹੈ ਕਿ ਕੈਪਟਨ ਅਮਰਿੰਦਰ ਸਿੰਘ ਦਾ ਪਰਿਵਾਰ ਹੁਣ ਕੀ ਕਰੇਗਾ ? ਹੁਣ ਤੋਂ ਹੀ ਚਰਚਾ ਸ਼ੁਰੂ ਹੋ ਗਈ ਹੈ ਕਿ ਪ੍ਰਨੀਤ ਕੌਰ ਅਤੇ ਪੁੱਤਰ ਰਣਇੰਦਰ ਮੁੜ ਕਾਂਗਰਸ ਵਿੱਚ ਵਾਪਸ ਆ ਸਕਦੇ ਹਨ। ਹਾਲਾਂਕਿ ਇਹ ਬਹੁਤ ਆਸਾਨ ਨਹੀਂ ਹੈ ਕਿਉਂਕਿ ਜਿਸ ਤਰ੍ਹਾਂ ਕੈਪਟਨ ਨੇ ਕਾਂਗਰਸ ਛੱਡਣ ਤੋਂ ਬਾਅਦ ਸੋਨੀਆ ਅਤੇ ਰਾਹੁਲ ਗਾਂਧੀ 'ਤੇ ਨਿਸ਼ਾਨਾ ਸਾਧਿਆ ਸੀ, ਉਸ ਤੋਂ ਉਨ੍ਹਾਂ ਦੀ ਵਾਪਸੀ ਦੇ ਰਾਹ ਵਿੱਚ ਕਈ ਰੁਕਾਵਟਾਂ ਆਉਂਦੀਆਂ ਨਜ਼ਰ ਆ ਰਹੀਆਂ ਹਨ। ਹਾਲਾਂਕਿ ਦੋਵਾਂ ਪਰਿਵਾਰਾਂ ਦਾ ਰਿਸ਼ਤਾ ਇੰਨਾ ਪੁਰਾਣਾ ਹੈ ਕਿ ਕੋਈ ਕੁਝ ਨਹੀਂ ਕਹਿ ਸਕਦਾ। ਉਨ੍ਹਾਂ ਦੇ ਨਾਲ ਹੀ ਭਾਜਪਾ ਵਿੱਚ ਸ਼ਾਮਲ ਹੋਏ ਸੁਨੀਲ ਜਾਖੜ ਨੂੰ ਵੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੂਤਰਾਂ ਤੋਂ ਪਤਾ ਲਗਾ ਹੈ ਕਿ ਉਨ੍ਹਾਂ ਦੀ ਪ੍ਰਧਾਨਗੀ ਵੀ ਖਤਰੇ ਵਿੱਚ ਹੈ। ਜਾਖੜ ਵੀ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਨੂੰ ਪੰਜਾਬ ਵਿੱਚ ਇਕ ਸੀਟ ਵੀ ਨਹੀਂ ਜਿਤਾ ਸਕੇ।

ਤੁਹਾਨੂੰ ਯਾਦ ਕਰਾ ਦੇਈਏ ਕਿ ਅਕਾਲੀ ਸਰਕਾਰ ਵਿੱਚ ਪੰਜਾਬ ਦੇ ਖਜ਼ਾਨਾ ਮੰਤਰੀ ਰਹੇ ਮਨਪ੍ਰੀਤ ਸਿੰਘ ਬਾਦਲ ਪਹਿਲਾਂ ਅਕਾਲੀ ਦਲ ਛੱਡ ਕੇ ਕਾਂਗਰਸ ਵਿੱਚ ਗਏ ਸਨ। ਉਸ ਤੋਂ ਬਾਅਦ ਕਾਂਗਰਸ ਛੱਡ ਕੇ ਭਾਜਪਾ ਵਿੱਚ ਚਲੇ ਗਏ। ਪਰ ਭਾਜਪਾ ਵਿੱਚ ਬਹੁਤੀ ਅਹਿਮੀਅਤ ਨਾ ਮਿਲਣ ਕਾਰਨ ਨਿਰਾਸ਼ ਹੋ ਕੇ ਘਰ ਬੈਠੇ ਹੋਏ ਹਨ। ਮੰਨਿਆ ਜਾ ਰਿਹਾ ਹੈ ਕਿ ਉਹ ਆਪਣੇ ਸਿਆਸੀ ਭਵਿੱਖ ਨੂੰ ਬਚਾਉਣ ਲਈ ਮੁੜ ਆਪਣੇ ਭਰਾ ਸੁਖਬੀਰ ਬਾਦਲ ਨਾਲ ਹੱਥ ਮਿਲਾ ਸਕਦੇ ਹਨ, ਪਰ ਪੰਜਾਬ ਵਿੱਚ ਅਕਾਲੀ ਦਲ ਦਾ ਭਵਿੱਖ ਹਨੇਰਿਆਂ ਵਿੱਚ ਹੈ।

# ਜਲੰਧਰ ਜ਼ਿਮਨੀ ਚੋਣ : ਕੁੰਢੀਆਂ ਦੇ ਸਿੰਙ ਫ਼ਸਗੇ...

## ਪੰਜਾਬ ਦੀ ਸਿਆਸਤ ਦੀ ਨਵੀਂ ਦਿਸ਼ਾ ਤੈਅ ਕਰਨਗੇ ਚੋਣ ਨਤੀਜੇ

ਪਟਿਆਲਾ/ਏ.ਟੀ.ਨਿਊਜ਼ : ਵਿਧਾਨ ਸਭਾ ਹਲਕਾ ਜਲੰਧਰ ਪੱਛਮੀ ਦੀ 10 ਜੁਲਾਈ ਨੂੰ ਹੋ ਰਹੀ ਜ਼ਿਮਨੀ ਚੋਣ ਲਈ ਇਸ ਸਮੇਂ ਚੋਣ ਮੈਦਾਨ ਪੂਰੀ ਤਰ੍ਹਾਂ ਭਖਿਆ ਹੋਇਆ ਹੈ ਅਤੇ ਇਸ ਚੋਣ ਨੂੰ ਜਿੱਤਣ ਲਈ ਸਿਆਸੀ ਪਾਰਟੀਆਂ ਵਿੱਚ ਸਿਰ ਧੜ ਦੀ ਬਾਜੀ ਲੱਗ ਗਈ ਹੈ। ਅਸਲ ਵਿੱਚ ਇਸ ਚੋਣ ਨੂੰ ਸਾਰੀਆਂ ਸਿਆਸੀ ਪਾਰਟੀਆਂ ਨੇ ਵਕਾਰ ਦਾ ਸਵਾਲ ਬਣਾ ਲਿਆ ਹੈ। ਆਮ ਆਦਮੀ ਪਾਰਟੀ ਤਾਂ ਇਸ ਚੋਣ ਨੂੰ ਲੈ ਕੇ ਏਨੀ ਜਜ਼ਬਾਤੀ ਹੋ ਚੁੱਕੀ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜਲੰਧਰ ਵਿਖੇ ਕਿਰਾਏ ਦਾ ਮਕਾਨ ਲੈ ਕੇ 'ਆਪ' ਉਮੀਦਵਾਰ ਦੀ ਚੋਣ ਮੁਹਿੰਮ ਦੀ ਕਮਾਂਡ ਖੁਦ ਸੰਭਾਲੀ ਹੋਈ ਹੈ। ਦੂਜੇ ਪਾਸੇ ਅਕਾਲੀ ਦਲ ਬਾਦਲ ਵੱਲੋਂ ਇਸ ਚੋਣ ਵਿੱਚ ਆਪਣੀ ਹੀ ਪਾਰਟੀ ਦੇ ਉਮੀਦਵਾਰ ਤੋਂ ਹਮਾਇਤ ਵਾਪਸ ਲੈ ਕੇ ਅਤੇ ਬਸਪਾ ਉਮੀਦਵਾਰ ਦਾ ਸਮਰਥਨ ਕਰਕੇ ਇਸ ਹਲਕੇ ਦੇ ਸਿਆਸੀ ਸਮੀਕਰਨ ਹੀ ਬਦਲ ਦਿੱਤੇ ਹਨ।



ਇਸ ਜ਼ਿਮਨੀ ਚੋਣ ਲਈ ਕੁੱਲ 15 ਉਮੀਦਵਾਰ ਰਾਜ ਕੁਮਾਰ, ਇੰਦਰਜੀਤ ਸਿੰਘ, ਵਿਸ਼ਾਲ, ਅਜੇ ਕੁਮਾਰ ਭਗਤ, ਨੀਟੂ, ਅਜੇ, ਵਰੁਣ ਕਲੇਰ, ਆਰਤੀ ਅਤੇ ਦੀਪਕ ਭਗਤ (ਸਾਰੇ ਆਜ਼ਾਦ) ਤੋਂ ਇਲਾਵਾ ਭਾਰਤੀ ਜਨਤਾ ਪਾਰਟੀ ਦੇ ਸ਼ੀਤਲ ਅੰਗੁਰਾਲ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਸਰਬਜੀਤ ਸਿੰਘ, ਬਸਪਾ ਦੇ ਬਿੰਦਰ ਕੁਮਾਰ, ਆਮ ਆਦਮੀ ਪਾਰਟੀ ਦੇ ਮਹਿੰਦਰਪਾਲ, ਇੰਡੀਅਨ ਨੈਸ਼ਨਲ ਕਾਂਗਰਸ ਦੇ ਸੁਰਿੰਦਰ ਕੌਰ, ਸ਼੍ਰੋਮਣੀ ਅਕਾਲੀ ਦਲ ਦੇ ਸੁਰਜੀਤ ਕੌਰ (ਜਿਸ ਤੋਂ ਅਕਾਲੀ ਦਲ ਵੱਲੋਂ ਸਮਰਥਨ ਵਾਪਸ ਲੈ ਲਿਆ ਗਿਆ ਹੈ) ਚੋਣ ਮੈਦਾਨ ਵਿੱਚ ਹਨ। ਜ਼ਿਕਰਯੋਗ ਹੈ ਕਿ ਇਸ ਹਲਕੇ ਵਿੱਚ ਕੁੱਲ 1,71,482 ਵੋਟਰਾਂ ਵੱਲੋਂ 181 ਪੋਲਿੰਗ ਬੂਥਾਂ 'ਤੇ ਆਪਣੇ ਮਤਦਾਨ ਦੇ ਅਧਿਕਾਰ ਦੀ ਵਰਤੋਂ ਕੀਤੀ ਜਾਵੇਗੀ। ਵੋਟਾਂ ਦੀ ਗਿਣਤੀ 13 ਜੁਲਾਈ ਨੂੰ ਹੋਵੇਗੀ।

ਸਿਆਸਤ ਵਿੱਚ ਕਦੋਂ ਕੀ ਹੋ ਜਾਵੇ, ਕੁਝ ਨਹੀਂ ਕਿਹਾ ਜਾ ਸਕਦਾ। ਇਸੇ ਕਾਰਨ ਜਲੰਧਰ ਪੱਛਮੀ ਚੋਣ ਹਲਕੇ ਵਿੱਚ ਲਗਾਤਾਰ ਸਮੀਕਰਨ ਬਦਲ ਰਹੇ ਹਨ। ਭਾਵੇਂ ਕਿ ਇਥੇ ਕੁੱਲ 15 ਉਮੀਦਵਾਰ ਚੋਣ ਮੈਦਾਨ ਵਿੱਚ ਹਨ ਪਰ ਮੁੱਖ ਮੁਕਾਬਲਾ ਭਾਰਤੀ ਜਨਤਾ ਪਾਰਟੀ ਦੇ ਸ਼ੀਤਲ ਅੰਗੁਰਾਲ, ਆਮ ਆਦਮੀ ਪਾਰਟੀ ਦੇ ਮਹਿੰਦਰਪਾਲ, ਇੰਡੀਅਨ ਨੈਸ਼ਨਲ ਕਾਂਗਰਸ ਦੇ ਸੁਰਿੰਦਰ ਕੌਰ ਵਿਚਾਲੇ ਹੀ ਹੈ।

ਬਸਪਾ ਉਮੀਦਵਾਰ ਬਿੰਦਰ ਕੁਮਾਰ ਨੂੰ ਹੁਣ ਅਕਾਲੀ ਦਲ ਬਾਦਲ ਵੱਲੋਂ ਸਮਰਥਨ ਦਿੱਤੇ ਜਾਣ ਕਾਰਨ ਉਸ ਦੇ ਸਮਰਥਕਾਂ ਵੱਲੋਂ ਉਸ ਦੀ ਸਥਿਤੀ ਮਜ਼ਬੂਤ ਦਸੀ ਜਾ ਰਹੀ ਹੈ। ਚੋਣ ਇਤਿਹਾਸ ਵਿੱਚ ਇਹ ਬਹੁਤ ਘੱਟ ਵਾਰ ਹੋਇਆ ਹੈ ਕਿ ਕੋਈ ਪਾਰਟੀ ਚੋਣਾਂ ਵਿੱਚ ਖੜੇ ਕੀਤੇ ਆਪਣੇ ਹੀ ਉਮੀਦਵਾਰ ਤੋਂ ਹੀ ਸਮਰਥਨ ਵਾਪਸ ਲੈ ਲਿਆ ਹੋਵੇ। ਜਲੰਧਰ ਪੱਛਮੀ ਜ਼ਿਮਨੀ ਚੋਣ ਵਿੱਚ ਵੀ ਅਜਿਹਾ ਹੀ ਹੋਇਆ ਹੈ। ਅਕਾਲੀ ਦਲ ਵੱਲੋਂ ਆਪਣੀ ਉਮੀਦਵਾਰ ਸੁਰਜੀਤ ਕੌਰ ਤੋਂ ਸਮਰਥਨ ਵਾਪਸ ਲੈ ਲੈਣ ਕਾਰਨ ਉਹਨਾਂ ਦੀ ਸਥਿਤੀ ਪਹਿਲਾਂ ਵਾਲੀ ਨਹੀਂ ਰਹੀ।

ਸਿਆਸੀ ਮਾਹਿਰ ਕਹਿ ਰਹੇ ਹਨ ਕਿ ਲੋਕ ਸਭਾ ਚੋਣਾਂ ਦੇ ਨਤੀਜਿਆਂ ਦਾ ਅਸਰ ਵੀ ਇਸ ਚੋਣ ਵਿੱਚ ਵੇਖਣ ਨੂੰ ਮਿਲ ਸਕਦਾ ਹੈ। ਪੰਜਾਬ ਵਿੱਚ ਸੱਤ ਲੋਕ ਸਭਾ ਸੀਟਾਂ ਜਿੱਤ ਚੁੱਕੀ ਕਾਂਗਰਸ ਇਹ ਸੀਟ ਜਿੱਤਣ ਲਈ ਪੂਰੀ ਤਰ੍ਹਾਂ ਆਸਵੰਦ ਦਸੀ ਜਾ ਰਹੀ ਹੈ, ਜਦੋਂ ਤਿੰਨ ਲੋਕ ਸਭਾ ਸੀਟਾਂ ਜਿੱਤ ਚੁੱਕੀ ਅਤੇ ਪੰਜਾਬ ਵਿੱਚ ਸੱਤਾ ਦਾ ਸੁੱਖ ਮਾਣ ਰਹੀ ਆਮ ਆਦਮੀ ਪਾਰਟੀ ਵੀ ਇਸ ਸੀਟ ਨੂੰ ਜਿੱਤਣ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੀ ਹੈ। ਇਸੇ ਤਰ੍ਹਾਂ ਭਾਜਪਾ ਵੱਲੋਂ ਇਸ ਸੀਟ ਨੂੰ ਜਿੱਤਣ ਲਈ ਵਿਸ਼ੇਸ਼ ਰਣਨੀਤੀ ਅਪਨਾਈ ਜਾ ਰਹੀ ਹੈ। ਵਕਾਰ ਦਾ ਸਵਾਲ ਬਣੀ ਇਹ ਸੀਟ ਜਿਸ ਪਾਰਟੀ ਦੀ ਝੋਲੀ ਵਿੱਚ ਪਵੇਗੀ, ਉਸ ਸਿਆਸੀ ਪਾਰਟੀ ਦਾ ਪੰਜਾਬ ਦੀ ਸਿਆਸਤ 'ਤੇ ਪ੍ਰਭਾਵ ਜ਼ਰੂਰ ਵਧੇਗਾ। 13 ਜੁਲਾਈ ਨੂੰ ਇਸ ਸੀਟ ਦੇ ਆਉਣ ਵਾਲੇ ਨਤੀਜੇ ਪੰਜਾਬ ਦੀ ਸਿਆਸਤ ਦੀ ਨਵੀਂ ਦਿਸ਼ਾ ਤੈਅ ਕਰਨਗੇ।

# ਕਿਵੇਂ ਹੱਲ ਹੋਣਗੇ ਪੰਜਾਬੀਆਂ ਦੇ ਮੁੱਖ ਮਸਲੇ?

## 'ਆਪ' ਸਰਕਾਰ ਵੀ ਪੰਜਾਬੀਆਂ ਦੇ ਮਸਲੇ ਹੱਲ ਕਰਨ ਵਿੱਚ ਹੋਈ ਨਾਕਾਮਯਾਬ

ਪਟਿਆਲਾ/ਏ.ਟੀ.ਨਿਊਜ਼ : ਸਾਲ 2022 ਵਿੱਚ ਪੰਜਾਬੀਆਂ ਨੇ ਆਮ ਆਦਮੀ ਪਾਰਟੀ 'ਤੇ ਵੱਡਾ ਭਰੋਸਾ ਕਰਦਿਆਂ ਉਸ ਨੂੰ ਪੰਜਾਬ ਦੀ ਸੱਤਾ ਸੌਂਪੀ ਸੀ ਅਤੇ ਇਸ ਸਰਕਾਰ ਤੋਂ ਉਮੀਦ ਪ੍ਰਗਟਾਈ ਸੀ ਕਿ ਇਹ ਸਰਕਾਰ ਪੰਜਾਬੀਆਂ ਦੇ ਮੁੱਖ ਮਸਲੇ ਪਹਿਲ ਦੇ ਆਧਾਰ 'ਤੇ ਹੱਲ ਕਰੇਗੀ ਪਰ ਦੁੱਖ ਦੀ ਗੱਲ ਇਹ ਹੈ ਕਿ ਪੰਜਾਬ ਦੀ ਮੌਜੂਦਾ ਸਰਕਾਰ ਆਪਣੇ ਹੁਣ ਤੱਕ ਦੇ ਕਾਰਜਕਾਲ ਦੌਰਾਨ ਪੰਜਾਬ ਦੇ ਮੁੱਖ ਮਸਲੇ ਹੱਲ ਕਰਨ ਵਿੱਚ ਨਾਕਾਮਯਾਬ ਰਹੀ ਹੈ, ਜਿਸ ਕਾਰਨ ਵਿਰੋਧੀ ਆਗੂਆਂ ਵੱਲੋਂ ਆਪ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕੇ ਜਾ ਰਹੇ ਹਨ।

ਇਸ ਸਮੇਂ ਪੰਜਾਬ ਵਿੱਚ ਮੁੱਕ ਰਿਹਾ ਜ਼ਮੀਨੀ ਪਾਣੀ, ਦਰਿਆਈ ਪਾਣੀਆਂ ਦਾ ਰੇੜਕਾ, ਨਸ਼ਾ, ਭ੍ਰਿਸ਼ਟਾਚਾਰ, ਬੇਰੁਜ਼ਗਾਰੀ, ਰਿਸ਼ਵਤਖੋਰੀ, ਮਹਿੰਗਾਈ, ਕਰਜ਼ਾ, ਪੰਜਾਬੀ ਭਾਸ਼ਾ ਨੂੰ ਸਰਕਾਰੀ ਦਫ਼ਤਰਾਂ ਵਿੱਚ ਲਾਗੂ ਕਰਨਾ, ਖੂਨ ਪੀਣੀਆਂ ਸੜਕਾਂ, ਆਪੋ ਧਾਪੀ ਦਾ ਮਾਹੌਲ, ਅਮਨ ਕਾਨੂੰਨ ਦੀ ਗੰਭੀਰ ਹੁੰਦੀ ਸਮੱਸਿਆ, ਦੂਜੇ ਦੇਸ਼ਾਂ ਨੂੰ ਹੋ ਰਿਹਾ ਕਾਨੂੰਨੀ ਤੇ ਗੈਰ-ਕਾਨੂੰਨੀ ਪਰਵਾਸ, ਕਿਸਾਨਾਂ-ਮਜ਼ਦੂਰਾਂ ਦੀਆਂ ਖੁਦਕਸ਼ੀਆਂ, ਪੰਜਾਬ ਦੀ ਬੰਜਰ ਹੋ ਰਹੀ ਧਰਤੀ, ਹਰ ਸਾਲ ਬਰਸਾਤਾਂ ਵੇਲੇ ਹੜ੍ਹਾਂ ਦਾ ਆਉਣਾ, ਹਰ ਤਰ੍ਹਾਂ ਦਾ ਪ੍ਰਦੂਸ਼ਣ, ਸਨਅਤਾਂ ਦੀ ਦੂਜੇ ਰਾਜਾਂ ਨੂੰ ਹਿਜਰਤ, ਪੰਜਾਬ ਦੇ ਸਰਕਾਰੀ ਦਫ਼ਤਰਾਂ ਵਿੱਚ ਦੂਜੇ ਰਾਜਾਂ ਦੇ ਲੋਕਾਂ ਦੀ ਭਰਤੀ, ਪੰਜਾਬ ਦੀਆਂ ਪ੍ਰਾਈਵੇਟ ਕੰਪਨੀਆਂ ਅਤੇ ਉਦਯੋਗਾਂ ਵਿੱਚ ਵੀ ਪੰਜਾਬ ਦੀ ਥਾਂ ਦੂਜੇ ਰਾਜਾਂ ਦੇ ਲੋਕਾਂ ਨੂੰ ਵਧੇਰੇ ਨੌਕਰੀਆਂ ਦੇਣ, ਐਨ.ਆਰ.ਆਈ. ਪੰਜਾਬੀਆਂ ਦੀਆਂ ਪੰਜਾਬ ਸਥਿਤ ਜਾਇਦਾਦਾਂ 'ਤੇ ਹੋ ਰਹੇ ਨਾਜਾਇਜ਼ ਕਬਜ਼ੇ ਸਮੇਤ ਹੋਰ ਬਹੁਤ ਸਾਰੇ ਵੱਡੇ ਮਸਲੇ ਹਨ, ਜਿਨ੍ਹਾਂ ਨੂੰ ਹੱਲ ਕਰਨ ਲਈ ਮੌਜੂਦਾ ਆਪ ਸਰਕਾਰ ਵੱਲੋਂ ਅਜੇ ਤੱਕ ਕੋਈ ਵੱਡਾ ਉਪਰਾਲਾ ਨਹੀਂ ਕੀਤਾ ਗਿਆ, ਭਾਵੇਂ ਕਿ 'ਆਪ' ਸਰਕਾਰ ਅਤੇ ਆਮ ਆਦਮੀ ਪਾਰਟੀ ਦੇ ਆਗੂਆਂ ਵੱਲੋਂ ਇਹਨਾਂ ਮਸਲਿਆਂ ਨੂੰ ਹੱਲ ਕਰਨ ਦੇ ਦਾਅਵੇ ਬਹੁਤ ਕੀਤੇ ਜਾ ਰਹੇ ਹਨ। ਅਸਲੀਅਤ ਤਾਂ ਇਹ ਹੈ ਕਿ ਇਹਨਾਂ ਮਸਲਿਆਂ ਨੂੰ ਹੱਲ ਕਰਨ ਲਈ 'ਆਪ' ਸਰਕਾਰ ਵੱਲੋਂ ਗੋਹਲੇ ਵਿਚੋਂ ਪੂਣੀ ਵੀ ਨਹੀਂ ਕੱਤੀ ਗਈ, ਜਿਸ ਕਰਕੇ ਇਹ ਮਸਲੇ ਪਹਿਲਾਂ ਨਾਲੋਂ ਵੀ ਗੰਭੀਰ ਹੁੰਦੇ ਜਾ ਰਹੇ ਹਨ।



ਇਥੇ ਇਹ ਜ਼ਿਕਰਯੋਗ ਹੈ ਕਿ ਇਹ ਮਸਲੇ ਨਵੇਂ ਨਹੀਂ ਹਨ ਸਗੋਂ ਕਈ ਦਹਾਕੇ ਪੁਰਾਣੇ ਹਨ ਪਰ ਪੰਜਾਬ ਦੀਆਂ ਹੁਣ ਤੱਕ ਦੀਆਂ ਸਰਕਾਰਾਂ ਵੱਲੋਂ ਇਹ ਮਸਲੇ ਹੱਲ ਨਾ ਕੀਤੇ ਜਾਣ ਕਾਰਨ ਇਹ ਮਸਲੇ ਹੁਣ ਬਹੁਤ ਗੰਭੀਰ ਹੋ ਚੁੱਕੇ ਹਨ ਅਤੇ ਦਿਨੋਂ ਦਿਨ ਪੰਜਾਬ ਦੇ ਮਸਲਿਆਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ। ਇਹ ਤਾਂ ਸਭ ਨੂੰ ਪਤਾ ਹੈ ਕਿ ਆਮ ਆਦਮੀ ਪਾਰਟੀ ਨੇ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਵਿੱਚ ਵੱਡਾ ਬਦਲਾਓ ਲਿਆਉਣ ਦਾ ਦਾਅਵਾ ਅਤੇ ਵਾਅਦਾ ਕੀਤਾ ਸੀ, ਜਿਸ ਕਰਕੇ ਇਹ ਪਾਰਟੀ ਪੰਜਾਬ ਵਿੱਚ ਬਹੁਮਤ ਹਾਸਲ ਕਰ ਸਕੀ ਸੀ ਪਰ ਇਹ ਪਾਰਟੀ ਆਪਣੀ ਸਰਕਾਰ ਦੇ ਢਾਈ ਸਾਲਾਂ ਦੇ ਕਾਰਜਕਾਲ ਦੌਰਾਨ ਪੰਜਾਬ ਵਿੱਚ ਨਾ ਤਾਂ ਕੋਈ ਵੱਡਾ ਬਦਲਾਓ ਲਿਆ ਸਕੀ ਹੈ ਤੇ ਨਾ ਹੀ ਪੰਜਾਬੀਆਂ ਦਾ ਕੋਈ ਮਸਲਾ ਹੱਲ ਕਰ ਸਕੀ ਹੈ। ਇਸੇ ਕਾਰਨ ਹੀ ਪੰਜਾਬੀ ਇਸ ਪਾਰਟੀ ਤੋਂ ਨਿਰਾਸ਼ ਹੋਣੇ ਸ਼ੁਰੂ ਹੋ ਗਏ ਹਨ, ਜਿਸ ਦਾ ਨੁਕਸਾਨ ਇਸ ਪਾਰਟੀ ਨੂੰ ਲੋਕ ਸਭਾ ਚੋਣਾਂ ਵਿੱਚ ਭੁਗਤਣਾ ਪਿਆ ਹੈ।

ਪੰਜਾਬੀਆਂ ਨੂੰ ਹੁਣ ਸਮਝ ਨਹੀਂ ਆ ਰਹੀ ਕਿ ਪੰਜਾਬ ਦੇ ਇਹਨਾਂ ਮਸਲਿਆਂ ਨੂੰ ਮੁੱਖ ਮੁੱਦਾ ਬਣਾ ਕੇ ਵੱਖ ਵੱਖ ਸਮੇਂ ਵੱਖ ਵੱਖ ਸਿਆਸੀ ਪਾਰਟੀਆਂ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਕੇ ਸੱਤਾ ਦਾ ਸੁੱਖ ਭੋਗਦੀਆਂ ਆ ਰਹੀਆਂ ਹਨ ਪਰ ਚੋਣਾਂ ਜਿੱਤਣ ਤੋਂ ਬਾਅਦ ਸਿਆਸੀ ਪਾਰਟੀਆਂ ਵੱਲੋਂ ਇਹਨਾਂ ਮਸਲਿਆਂ ਨੂੰ ਠੰਡੇ ਬਸਤੇ ਵਿੱਚ ਪਾ ਦਿੱਤਾ ਹੈ ਅਤੇ ਇਹ ਮਸਲੇ ਤੇ ਮੁੱਦੇ ਅਗਲੀਆਂ ਚੋਣਾਂ ਲਈ ਸਾਂਭ ਲਏ ਜਾਂਦੇ ਹਨ। ਇਸੇ ਕਾਰਨ ਹੀ ਪੰਜਾਬੀ ਰਵਾਇਤੀ ਪਾਰਟੀਆਂ ਤੋਂ ਨਿਰਾਸ਼ ਹੋ ਗਏ ਸਨ ਅਤੇ ਉਹਨਾਂ ਨੇ ਆਮ ਆਦਮੀ ਪਾਰਟੀ ਦੇ ਪੰਜਾਬ ਵਿੱਚ ਵੱਡਾ ਬਦਲਾਓ ਦੇ ਵਾਅਦੇ 'ਤੇ ਯਕੀਨ ਕਰ ਲਿਆ ਸੀ, ਪਰ ਪੰਜਾਬੀ ਹੁਣ ਮਹਿਸੂਸ ਕਰ ਰਹੇ ਹਨ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦੀ ਕਾਰਗੁਜ਼ਾਰੀ ਵੀ ਹੁਣ ਤੱਕ ਪੰਜਾਬ ਦੀਆਂ ਪਿਛਲੀਆਂ ਸਰਕਾਰਾਂ ਵਾਲੀ ਹੀ ਰਹੀ ਹੈ ਅਤੇ ਇਹ ਸਰਕਾਰ ਵੀ ਪੰਜਾਬੀਆਂ ਦੇ ਮੁੱਖ ਮਸਲੇ ਹੱਲ ਕਰਨ ਵਿੱਚ ਨਾਕਾਮਯਾਬ ਹੋ ਗਈ ਹੈ।

ਆਮ ਪੰਜਾਬੀਆਂ ਨੂੰ ਹੁਣ ਸਮਝ ਨਹੀਂ ਆ ਰਹੀ ਕਿ ਪੰਜਾਬ ਦੇ ਮਸਲੇ ਹੱਲ ਕਰਨ ਵਿੱਚ ਜੇ ਸਰਕਾਰਾਂ ਇਸੇ ਤਰ੍ਹਾਂ ਨਾਕਾਮਯਾਬ ਹੁੰਦੀਆਂ ਰਹੀਆਂ ਅਤੇ ਸਿਆਸੀ ਪਾਰਟੀਆਂ ਇਹਨਾਂ ਮਸਲਿਆਂ ਨੂੰ ਵੋਟ ਬੈਂਕ ਵਜੋਂ ਹੀ ਵਰਤਦੀਆਂ ਰਹੀਆਂ ਤਾਂ ਪੰਜਾਬ ਦੇ ਇਹਨਾਂ ਮੁੱਖ ਮਸਲਿਆਂ ਨੂੰ ਹੱਲ ਕੌਣ ਕਰੇਗਾ?

## ਪੰਜਾਬ 'ਚ 105 ਨਾਨਕ ਬਗੀਚੀਆਂ ਤੇ 25 ਪਵਿੱਤਰ ਵਣ ਸਥਾਪਤ ਕੀਤੇ : ਕਟਾਰੂਚੱਕ

ਚੰਡੀਗੜ੍ਹ/ਏ.ਟੀ.ਨਿਊਜ਼ : ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਦੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਦੱਸਿਆ ਕਿ ਸਾਲ 2023-24 ਦੌਰਾਨ ਵਿਭਾਗ ਨੇ 5740 ਹੈਕਟੇਅਰ ਰਕਬੇ 'ਤੇ ਵੱਖ-ਵੱਖ ਸਕੀਮਾਂ ਤਹਿਤ 44 ਲੱਖ ਬੂਟੇ ਲਗਾਏ ਹਨ। ਵਿਭਾਗ ਨੇ ਪੰਜਾਬ ਹਰਿਆਵਲ ਲਹਿਰ ਅਧੀਨ ਸੂਬੇ ਦੇ ਲਗਭਗ 44 ਲੱਖ ਟਿਊਬਵੈੱਲਾਂ 'ਤੇ ਪ੍ਰਤੀ ਟਿਊਬਵੈੱਲ ਘੱਟੋ-ਘੱਟ 3 ਬੂਟੇ ਲਗਾਉਣ ਲਈ ਯਤਨਸ਼ੀਲ ਹੈ। ਮੌਜੂਦਾ ਸਾਲ ਦੌਰਾਨ 4.60 ਲੱਖ ਟਿਊਬਵੈੱਲਾਂ 'ਤੇ 8.31 ਲੱਖ ਬੂਟੇ ਲਗਾਏ ਗਏ ਹਨ। ਪੰਜਾਬ ਦੇ ਹਰਿਆਲੀ ਮਿਸ਼ਨ ਅਧੀਨ ਇਸ ਸਾਲ 105 ਨਾਨਕ ਬਗੀਚੀਆਂ ਅਤੇ 25 ਪਵਿੱਤਰ ਵਣ ਸਥਾਪਤ ਕਰਨ ਦਾ ਕੰਮ ਪੂਰੀ ਤਰ੍ਹਾਂ ਮੁਕੰਮਲ ਹੋ ਚੁੱਕਿਆ ਹੈ।



## ਜੰਗ ਦੇ ਮੈਦਾਨ ਤੋਂ ਲੈ ਕੇ ਖੇਡ ਦੇ ਮੈਦਾਨ ਤੱਕ ਪੰਜਾਬੀ ਸਭ ਤੋਂ ਅੱਗੇ, ਫ਼ਿਰ ਪੰਜਾਬ ਨਾਲ ਮਤਰੇਆਂ ਵਾਲਾ ਵਤੀਰਾ ਕਿਉਂ ? : ਮੀਤ ਹੇਅਰ

ਚੰਡੀਗੜ੍ਹ/ਏ.ਟੀ.ਨਿਊਜ਼ : ਸੰਗਰੂਰ ਤੋਂ ਲੋਕ ਸਭਾ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਲੋਕ ਸਭਾ 'ਚ ਪਲੇਠਾ ਭਾਸ਼ਣ ਦਿੰਦਿਆਂ ਪੰਜਾਬ ਦੇ ਹੱਕਾਂ ਦੀ ਆਵਾਜ਼ ਬੁਲੰਦ ਕੀਤੀ ਹੈ। ਉਨ੍ਹਾਂ ਨੇ ਰਾਸ਼ਟਰਪਤੀ ਦੇ ਭਾਸ਼ਣ ਉੱਤੇ ਬਹਿਸ 'ਚ ਹਿੱਸਾ ਲੈਂਦਿਆਂ ਪੰਜਾਬ ਦੇ ਨਾਂ ਦਾ ਜ਼ਿਕਰ ਵੀ ਨਾ ਹੋਣ 'ਤੇ ਖੇਦ ਪ੍ਰਗਟਾਇਆ।



ਉਨ੍ਹਾਂ ਨੇ ਆਪਣੇ ਭਾਸ਼ਣ ਦੀ ਸ਼ੁਰੂਆਤ ਸੰਗਰੂਰ ਦੇ ਲੋਕਾਂ ਦੇ ਧੰਨਵਾਦ ਨਾਲ ਕੀਤੀ। ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਪੰਜਾਬੀਆਂ ਦੀਆਂ 80 ਫ਼ੀਸਦੀ ਕੁਰਬਾਨੀਆਂ ਤੋਂ ਲੈ ਕੇ ਵੰਡ ਦਾ ਸੰਤਾਪ ਭੋਗਣ, ਕਿਸਾਨਾਂ ਵੱਲੋਂ ਦੇਸ਼ ਦੇ ਅੰਨ ਭੰਡਾਰ ਭਰਨ, ਸਰਹੱਦਾਂ ਉੱਤੇ ਫ਼ੌਜੀਆਂ ਵੱਲੋਂ ਸ਼ਹੀਦੀ ਪਾਉਣ ਤੇ ਖੇਡਾਂ ਖ਼ਾਸ ਕਰਕੇ ਉਲੰਪਿਕਸ 'ਚ ਪੰਜਾਬੀਆਂ ਦੇ ਯੋਗਦਾਨ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਹਾਕੀ ਖਿਡਾਰੀ ਬਲਬੀਰ ਸਿੰਘ ਸੀਨੀਅਰ, ਨਿਸ਼ਾਨੇਬਾਜ਼ ਅਭਿਨਵ ਬਿੰਦਰਾ, ਅਰਸ਼ਦੀਪ ਸਿੰਘ ਤੱਕ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਪੰਜਾਬ ਯੂਨੀਵਰਸਿਟੀ ਦੇ ਸਮਾਗਮ ਮੌਕੇ ਤਤਕਾਲੀ ਗ੍ਰਹਿ ਮੰਤਰੀ ਸਰਦਾਰ ਪਟੇਲ ਵੱਲੋਂ ਪੰਜਾਬੀਆਂ ਦੀ ਕੁਰਬਾਨੀ ਨੂੰ ਸਿਜਦਾ ਕਰਨ ਦਾ ਜ਼ਿਕਰ ਕਰਦਿਆਂ ਪੰਜਾਬ ਨਾਲ ਕੇਂਦਰ ਦੀ ਵਿਤਕਰੇਬਾਜ਼ੀ ਤੇ ਗੁਆਂਢੀ ਸੂਬਿਆਂ ਨੂੰ ਟੈਕਸ 'ਚ ਛੋਟਾਂ ਦੇ ਕੇ ਪੰਜਾਬ ਦੇ ਉਦਯੋਗਾਂ ਨਾਲ ਧੱਕੇ ਦੀ ਗੱਲ ਕਹੀ। ਉਨ੍ਹਾਂ ਨੇ ਪੰਜਾਬ ਦੇ ਆਰ.ਡੀ.ਐਫ. ਸਮੇਤ ਰੋਕੇ 8000 ਕਰੋੜ ਰੁਪਏ ਦੇ ਫੰਡਾਂ ਨੂੰ ਜਾਰੀ ਕਰਨ ਦੀ ਮੰਗ ਰੱਖੀ। ਉਨ੍ਹਾਂ ਨੇ (ਬਾਕੀ ਸਫ਼ਾ 31 'ਤੇ)

# ਮਹਾਰਾਜਾ ਰਣਜੀਤ ਸਿੰਘ ਦੇ ਸਮਰ ਪੈਲੇਸ ਨਾਲ ਕਿਉਂ ਨਹੀਂ ਜੁੜ ਰਹੇ ਸੈਲਾਨੀ ?

## ਰੋਜ਼ਾਨਾ ਔਸਤਨ ਸਿਰਫ਼ 15 ਤੋਂ 20 ਸੈਲਾਨੀ ਇਸ ਨੂੰ ਦੇਖਣ ਵਾਸਤੇ ਆ ਰਹੇ ਨੇ

## ਸਰਕਾਰਾਂ ਵੱਲੋਂ ਕਦੇ ਵੀ ਇਸ ਵਿਰਾਸਤ ਨੂੰ ਸੈਲਾਨੀ ਨਕਸ਼ੇ 'ਤੇ ਲਿਆਉਣ ਲਈ ਯਤਨ ਨਹੀਂ ਕੀਤਾ ਗਿਆ





ਇੱਥੇ ਮਹਾਰਾਜਾ ਰਣਜੀਤ ਸਿੰਘ ਦਾ ਸਮਰ ਪੈਲੇਸ ਸੈਲਾਨੀਆਂ ਦੀ ਆਮਦ ਨੂੰ ਉਡੀਕ ਰਿਹਾ ਹੈ। ਇਹ ਪੈਲੇਸ ਲਗਪਗ ਇੱਕ ਦਹਾਕੇ ਤੋਂ ਵਧੇਰੇ ਸਮੇਂ ਤੱਕ ਬੰਦ ਰਿਹਾ ਅਤੇ ਦੋ ਸਾਲ ਪਹਿਲਾਂ ਮੁਰੰਮਤ ਤੋਂ ਬਾਅਦ ਇਸ ਨੂੰ ਮੁੜ ਸ਼ੁਰੂ ਕੀਤਾ ਗਿਆ ਸੀ। ਜਾਣਕਾਰੀ ਅਨੁਸਾਰ ਮਹਾਰਾਜਾ ਰਣਜੀਤ ਸਿੰਘ ਦਾ ਇਹ ਸਮਰ ਪੈਲੇਸ ਸਥਾਨਕ ਕੰਪਨੀ ਬਾਗ (ਪੁਰਾਤਨ ਨਾਮ ਰਾਮ ਬਾਗ) ਵਿੱਚ ਸਥਾਪਤ ਹੈ। ਲੰਬਾ ਸਮਾਂ ਚੱਲੀ ਮੁਰੰਮਤ ਤੋਂ ਬਾਅਦ ਇਸ ਨੂੰ ਲਗਪਗ ਦੋ ਸਾਲ ਪਹਿਲਾਂ ਲੋਕਾਂ ਵਾਸਤੇ ਖੋਲ੍ਹਿਆ ਗਿਆ ਸੀ ਪਰ ਪਹਿਲਾਂ ਵਾਂਗ ਹੀ ਇੱਥੇ ਲੋਕਾਂ ਦੀ ਆਮਦ ਨਾ ਮਾਤਰ ਹੈ। ਹੁਣ ਵੀ ਰੋਜ਼ਾਨਾ ਔਸਤਨ 15 ਤੋਂ 20 ਸੈਲਾਨੀ ਇਸ ਨੂੰ ਦੇਖਣ ਵਾਸਤੇ ਆ ਰਹੇ ਹਨ। ਪੰਜਾਬ ਸਰਕਾਰ ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਰਾਹੀਂ ਇਸ ਸਾਲ ਫਰਵਰੀ 'ਚ ਰੰਗਲਾ ਪੰਜਾਬ ਮੇਲਾ ਮਨਾਉਣ ਅਤੇ ਇੱਥੇ 20 ਮਿੰਟ ਦਾ ਲਾਈਟ ਐਂਡ ਸਾਊਂਡ ਸ਼ੋਅ ਸ਼ੁਰੂ ਕਰਨ ਦਾ ਉਪਰਾਲਾ ਵੀ ਸੈਲਾਨੀਆਂ ਵਿੱਚ ਇੱਥੇ ਆਉਣ ਪ੍ਰਤੀ ਖਿਚਾਅ ਪੈਦਾ ਕਰਨ ਵਿੱਚ ਅਸਫਲ ਰਿਹਾ। ਜ਼ਿਕਰਯੋਗ ਹੈ ਕਿ ਇਹ ਇਤਿਹਾਸਕ ਇਮਾਰਤ ਇਸ ਵੇਲੇ ਭਾਰਤੀ ਪੁਰਾਤਤਵ ਵਿਭਾਗ ਦੀ ਦੇਖ-ਰੇਖ ਹੇਠ ਹੈ ਪਰ ਇਸ ਵਿੱਚ ਅਜਾਇਬ ਘਰ ਪੰਜਾਬ ਵਿਰਾਸਤ ਅਤੇ ਸੈਰ ਸਪਾਟਾ ਵਿਭਾਗ ਵੱਲੋਂ ਚਲਾਇਆ ਜਾ ਰਿਹਾ ਹੈ।

ਸਰਕਾਰਾਂ ਵੱਲੋਂ ਕਦੇ ਵੀ ਇਸ ਇਤਿਹਾਸਕ ਇਮਾਰਤ ਨੂੰ ਸੈਲਾਨੀ ਨਕਸ਼ੇ 'ਤੇ ਲਿਆਉਣ ਲਈ ਕੋਈ ਵਿਸ਼ੇਸ਼ ਉਪਰਾਲਾ ਨਹੀਂ ਕੀਤਾ ਗਿਆ, ਜਿਸ ਦਾ ਸਿੱਟਾ ਹੈ ਕਿ ਇਹ ਅੱਜ ਵੀ ਅਣਗੌਲਿਆ ਹੋਇਆ ਹੈ। ਇਸ ਤੋਂ ਇਲਾਵਾ ਇਤਿਹਾਸਕ ਰਾਮਬਾਗ ਅਤੇ ਖਾਸ ਕਰਕੇ ਸਮਰ ਪੈਲੇਸ ਦੇ ਆਲੇ ਦੁਆਲੇ ਦਾ ਇਲਾਕਾ ਸਫਾਈ ਪੱਖੋਂ ਬੁਰੀ ਹਾਲਤ ਵਿੱਚ ਹੈ। ਇੱਥੇ ਆਉਣ ਜਾਣ ਵਾਸਤੇ ਵੀ ਕੋਈ ਵਿਸ਼ੇਸ਼ ਰਾਹ ਨਹੀਂ ਉਸਾਰਿਆ ਗਿਆ। ਸੂਤਰਾਂ ਅਨੁਸਾਰ ਜਦੋਂ ਇਸ ਅਜਾਇਬ ਘਰ ਨੂੰ ਮੁੜ ਸ਼ੁਰੂ ਕੀਤਾ ਗਿਆ ਤਾਂ ਉਸ ਵੇਲੇ ਕੀਤੇ ਕੁਝ ਯਤਨਾਂ ਦੇ ਕਾਰਨ ਸੈਲਾਨੀਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਸੀ ਪਰ ਹੁਣ ਮੁੜ ਇੱਥੇ ਆਉਣ ਵਾਲੇ ਸੈਲਾਨੀਆਂ ਦੀ ਔਸਤਨ ਆਮਦ ਪ੍ਰਤੀ ਦਿਨ 15 ਤੋਂ 20 ਵਿਅਕਤੀ ਰਹਿ ਗਈ ਹੈ।

ਸਰਕਾਰ ਨੇ ਇੱਥੇ ਕਰੋੜਾਂ ਰੁਪਏ ਖਰਚ ਕਰਕੇ ਇਸ ਦੀ ਸਾਂਭ ਸੰਭਾਲ ਅਤੇ ਇਸ ਦੀ ਮੁਰੰਮਤ ਕੀਤੀ ਹੈ ਪਰ ਇਸ ਨੂੰ ਸੈਰ ਸਪਾਟੇ ਦੇ ਨਕਸ਼ੇ 'ਤੇ ਲਿਆਉਣ ਲਈ ਕੋਈ ਵਿਸ਼ੇਸ਼ ਯਤਨ ਨਹੀਂ ਕੀਤਾ ਗਿਆ। ਇਤਿਹਾਸਕ ਰਾਮ ਬਾਗ 'ਚ ਹੀ ਮਹਾਰਾਜਾ ਰਣਜੀਤ ਸਿੰਘ ਪੈਨੋਰਮਾ ਵੀ ਸਥਾਪਤ ਹੈ ਪਰ ਉਹ ਵੀ ਕਦੇ ਸੈਲਾਨੀਆਂ ਦੀ ਵੱਡੀ ਖਿੱਚ ਦਾ ਕੇਂਦਰ ਨਹੀਂ ਬਣ ਸਕਿਆ। ਜਦੋਂ ਕਿ ਸ਼ਹਿਰ ਵਿੱਚ ਰੋਜ਼ਾਨਾ ਹਜ਼ਾਰਾਂ ਸੈਲਾਨੀ ਆਉਂਦੇ ਹਨ। ਮਹਾਰਾਜਾ ਰਣਜੀਤ ਸਿੰਘ ਅਜਾਇਬ ਘਰ ਵਿੱਚ ਸਿੱਖ ਸ਼ਾਸਕ ਦੇ ਹਥਿਆਰ ਤੇ ਹੋਰ ਯਾਦਗਾਰਾਂ ਨੂੰ ਪ੍ਰਦਰਸ਼ਿਤ ਕੀਤਾ ਹੋਇਆ ਹੈ। ਸਮਰ ਪੈਲੇਸ ਮਿਊਜ਼ੀਅਮ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਨੂੰ ਦਰਸਾਉਂਦੀਆਂਵੱਖ-ਵੱਖ ਗੈਲਰੀਆਂ ਬਣਾਈਆਂ ਗਈਆਂ ਹਨ ਤਾਂ ਜੋ ਇੱਥੇ ਆਉਣ ਵਾਲੇ ਕਿਸੇ ਵੀ ਸੈਲਾਨੀ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਬਾਰੇ ਪੂਰੀ ਜਾਣਕਾਰੀ ਮਿਲ ਸਕੇ ਕਿ ਉਹ ਆਪਣਾ ਰਾਜ ਕਿਵੇਂ ਚਲਾਉਂਦੇਸਨ।



ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰ ਸਮਰ ਪੈਲੇਸ ਵਿੱਚ ਬਣੀਆਂ ਗੈਲਰੀਆਂ ਵਿੱਚ ਲਗਾਇਆ ਗਿਆ ਹੈ। ਇਸ ਵਿੱਚ ਮਹਾਰਾਜੇ ਤੋਂ ਇਲਾਵਾ ਸੈਨਿਕਾਂ ਅਤੇ ਹੋਰ ਮੰਤਰੀਆਂ ਦੇ ਬੁੱਤ ਬਣਾਏ ਗਏ ਹਨ।

ਇੱਕ ਹੋਰ ਗੈਲਰੀ ਉਸ ਦੇ ਪਹਿਲੇ ਵਿਆਹ ਦਾ ਦ੍ਰਿਸ਼ ਦਿਖਾਉਂਦੀ ਹੈ ਜਿਸ ਵਿੱਚ ਉਹ ਰਾਣੀ ਮਹਿਤਾਬ ਕੌਰ ਦੇ ਗਲੇ ਵਿੱਚ ਮਾਲਾ ਪਾ ਰਿਹਾ ਹੈ ਅਤੇ ਬਾਰਾਤੀ ਉਸ ਦੇ ਨਾਲ ਖੜ੍ਹੀ ਹੈ।

ਗੈਲਰੀ ਵਿੱਚ ਉਸ ਦੇ ਪਹਿਲੇ ਪੁੱਤਰ ਖੜਕ ਸਿੰਘ ਦਾ ਦਰਬਾਰ ਵੀ ਦਿਖਾਇਆ ਗਿਆ ਹੈ। ਮਹਾਰਾਜਾ ਦਲੀਪ ਸਿੰਘ, ਮਹਾਰਾਜਾ ਦੇ ਦੂਜੇ ਪੁੱਤਰ ਰਾਣੀ ਜ਼ਿੰਦਾ ਆਦਿ ਦੇ ਬੁੱਤ ਸਥਾਪਿਤ ਕੀਤੇ ਗਏ ਹਨ।

ਇਨ੍ਹਾਂ ਸਭ ਦੇ ਨਾਲ-ਨਾਲ ਐਲ.ਈ.ਡੀ. ਪੈਨਲ ਵੀ ਲਗਾਏ ਗਏ ਹਨ ਤਾਂ ਜੋ ਸੈਲਾਨੀਆਂ ਨੂੰ ਇਤਿਹਾਸ ਬਾਰੇ ਜਾਣਕਾਰੀ ਮਿਲ ਸਕੇ।

### ਫੌਜੀ ਮੈਨੂਅਲ ਫਾਰਸੀ ਵਿੱਚ ਲਿਖਿਆ ਗਿਆ

ਇਮਾਰਤ ਵਿੱਚ ਬਣੀ ਗੈਲਰੀ ਵਿੱਚ ਮਹਾਰਾਜਾ ਰਣਜੀਤ ਸਿੰਘ ਦਾ ਮਿਲਟਰੀ ਮੈਨੂਅਲ ਵੀ ਰੱਖਿਆ ਗਿਆ ਹੈ। ਇਸ ਵਿੱਚ ਉਸਦੀ ਫੌਜ ਨਾਲ ਜੁੜੀ ਸਾਰੀ ਜਾਣਕਾਰੀ ਹੈ। ਇਹ ਕਿਤਾਬਚਾ ਫਾਰਸੀ ਵਿੱਚ ਹੈ।

### ਹਥਿਆਰ ਵੀ ਵਿਖਾਏ ਗਏ

ਇਸ ਦੇ ਨਾਲ ਮਹਾਰਾਜਾ ਰਣਜੀਤ ਸਿੰਘ ਅਤੇ ਉਨ੍ਹਾਂ ਦੀ ਫੌਜ ਦੁਆਰਾ ਵਰਤੀ ਜਾਂਦੀ ਚਾਰ ਗਲੀ, ਦੋ ਟੋਲੀਆਂ ਅਤੇ ਇੱਕ ਗਰੋਵ ਬੰਦੂਕ, ਜੰਬੂਰਾ ਬੰਦੂਕ, ਗੋਲਡ ਪਲੇਟਿਡ ਸੈਬਰ ਗੰਨ, ਇੰਗਲੈਂਡ ਤੋਂ ਮੰਗਵਾਈ ਗਈ ਕਾਰਬਾਈਨ, ਨੇਜੇ, ਸਜਾਵਟੀ ਢਾਲ, ਸਪਿਲਟਰ, ਖੰਡੇ, ਤੇਗਾ, ਜੰਜੀਰੀ ਗੋਲੇ, ਜੰਜਾਲ ਗੰਨ, ਚਾਰ-ਆਇਨਾਰ ਸੈੱਟ, ਕੈਪਡ ਗਨ, ਸਟਿਕ ਗਨ, ਐਰੋਹੈੱਡ, ਕੁਹਾੜਾ ਆਦਿ ਪ੍ਰਦਰਸ਼ਿਤ ਕੀਤੇ ਗਏ ਹਨ।

### ਇਮਾਰਤ ਦਾ ਇਤਿਹਾਸ

ਕੰਪਨੀ ਬਾਗ ਦੇ ਅੰਦਰ ਬਣੇ ਸਮਰ ਪੈਲੇਸ ਦੀ ਇਮਾਰਤ 19ਵੀਂ ਸਦੀ ਵਿੱਚ ਤਿਆਰ ਕੀਤੀ ਗਈ ਸੀ। ਮਹਾਰਾਜਾ ਰਣਜੀਤ ਸਿੰਘ ਨੇ 1802 ਵਿੱਚ ਅੰਮ੍ਰਿਤਸਰ ਨੂੰ ਆਪਣੇ ਅਧਿਕਾਰ ਖੇਤਰ ਵਿਚ ਲੈ ਲਿਆ। ਇਸ ਤੋਂ ਬਾਅਦ ਹੀ ਇਹ ਮਹਿਲ ਉਸਾਰਿਆ ਗਿਆ ਸੀ। ਜਦੋਂ ਗਰਮੀਆਂ ਸ਼ੁਰੂ ਹੁੰਦੀਆਂ ਸਨ ਤਾਂ ਮਹਾਰਾਜਾ ਰਣਜੀਤ ਸਿੰਘ ਇਸ ਮਹਿਲ ਵਿੱਚ ਤਿੰਨ ਮਹੀਨੇ ਠਹਿਰਦੇ ਸਨ। ਇੱਥੋਂ ਉਹ ਸਰਕਾਰ ਚਲਾਉਂਦਾ ਸੀ। ਬਾਕੀ ਦੇ ਨੌਂ ਮਹੀਨੇ ਉਨ੍ਹਾਂ ਨੇ ਲਾਹੌਰ ਤੋਂ ਰਾਜ ਕੀਤਾ।

# ਰਾਜਸਥਾਨ ਦੀ ਜੁਡੀਸ਼ੀਅਲ ਪ੍ਰੀਖਿਆ 'ਚ ਅੰਮ੍ਰਿਤਧਾਰੀ ਸਿੱਖ ਉਮੀਦਵਾਰਾਂ ਨਾਲ ਵਿਤਕਰਾ ਬੇਹੱਦ ਦੁਖਦਾਈ ਤੇ ਅਨਿਆਂਪੂਰਨ : ਧਾਮੀ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਰਾਜਸਥਾਨ ਦੇ ਜੋਧਪੁਰ ਵਿਖੇ ਜੁਡੀਸ਼ੀਅਲ ਪ੍ਰੀਖਿਆ ਵਿੱਚ ਵੱਡੀ ਗਿਣਤੀ 'ਚ ਅੰਮ੍ਰਿਤਧਾਰੀ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਖੰਡਤ ਕਰਨ ਵਾਲਿਆਂ ਖਿਲਾਫ ਸਰਕਾਰ ਵੱਲੋਂ ਅਜੇ ਤੱਕ ਕੋਈ ਕਾਰਵਾਈ ਨਾ ਕਰਨ ਨੂੰ ਬੇਹੱਦ ਦੁੱਖਦਾਈ ਅਤੇ ਅਨਿਆਂਪੂਰਨ ਆਖਿਆ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਜਲੰਧਰ ਨਿਵਾਸੀ ਗੁਰਸਿੱਖ ਲੜਕੀ ਅਰਮਨਜੋਤ ਕੌਰ ਦੇ ਮਾਮਲੇ ਤੋਂ ਬਾਅਦ ਹੁਣ ਅੰਬਾਲਾ ਛਾਉਣੀ ਦੀ ਇੱਕ ਗੁਰਸਿੱਖ ਲੜਕੀ ਲਖਵਿੰਦਰ ਕੌਰ ਵੱਲੋਂ ਜੋਧਪੁਰ ਜੁਡੀਸ਼ੀਅਲ ਪ੍ਰੀਖਿਆ ਦੇ ਇੱਕ ਕੇਂਦਰ ਉੱਤੇ ਉਸ ਦੇ ਕਕਾਰ ਲੁਹਾਉਣ ਦੇ ਸਾਹਮਣੇ ਆਏ ਮਾਮਲੇ ਨੇ ਰਾਜਸਥਾਨ ਅੰਦਰ ਸਿੱਖਾਂ ਨਾਲ ਕੀਤੇ ਜਾ ਰਹੇ ਵਿਤਕਰੇ ਵਖਰੇਵੇਂ ਨੂੰ ਇੱਕ ਵਾਰ ਫਿਰ ਉਜਾਗਰ ਕੀਤਾ ਹੈ।



ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਵਰਤਾਰਾ ਸਿੱਖ ਸੰਵੇਦਨਾ ਨੂੰ ਸੱਟ ਮਾਰਨ ਵਾਲਾ ਹੈ ਜਿਸ ਪ੍ਰਤੀ ਰਾਜਸਥਾਨ ਸਰਕਾਰ ਦੀ ਜਿੰਮੇਵਾਰੀ ਬਣਦੀ ਹੈ ਕਿ ਉਹ ਦੋਸ਼ੀ ਅਧਿਕਾਰੀਆਂ ਖਿਲਾਫ ਕਰੜੀ ਕਾਰਵਾਈ ਕਰੇ, ਪਰੰਤੂ ਦੁੱਖ ਦੀ ਗੱਲ ਹੈ ਕਿ ਸਿੱਖ ਕੌਮ ਵੱਲੋਂ ਲਗਾਤਾਰ ਪ੍ਰਗਟਾਏ ਜਾ ਰਹੇ ਇਤਰਾਜ਼ ਮਗਰੋਂ ਵੀ ਸਰਕਾਰ ਆਪਣੀ ਜਿੰਮੇਵਾਰੀ ਤੋਂ ਮੂੰਹ ਮੋੜੀ ਬੈਠੀ ਹੈ। ਜਾਣਕਾਰੀ ਅਨੁਸਾਰ ਰਾਜਸਥਾਨ ਦੇ ਜੋਧਪੁਰ ਵਿਖੇ ਪਿਛਲੇ ਹਫ਼ਤੇ ਹੋਈ ਸਿਵਲ ਜੱਜ ਦੀ ਜੁਡੀਸ਼ੀਅਲ ਪ੍ਰੀਖਿਆ ਵਿੱਚ ਕਈ ਕੇਂਦਰਾਂ ਉੱਤੇ ਅੰਮ੍ਰਿਤਧਾਰੀ ਸਿੱਖ ਉਮੀਦਵਾਰਾਂ ਨੂੰ ਤੰਗ ਪਰੇਸ਼ਾਨ ਕੀਤਾ ਗਿਆ ਅਤੇ ਅਧਿਕਾਰੀਆਂ ਦਾ ਕਕਾਰ ਲੁਹਾਉਣ ਲਈ ਬਜਿੱਦ ਬਣੇ ਰਹਿਣ ਕਾਰਨ ਉਨ੍ਹਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰੀ, ਜਿਸ ਕਰਕੇ ਕਈ ਸਿੱਖ ਉਮੀਦਵਾਰ ਇਸ ਪ੍ਰੀਖਿਆ ਤੋਂ ਵਾਂਝੇ ਰਹੇ। ਹਾਲਾਂਕਿ ਪ੍ਰੀਖਿਆ ਲਈ ਜਾਰੀ ਹਿਦਾਇਤਾਂ ਵਿੱਚ ਅਜਿਹਾ ਕੁਝ ਵੀ ਸ਼ਾਮਲ ਨਹੀਂ ਸੀ ।ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਇਹ ਆਪਹੁਦਰੀ ਕਾਰਵਾਈ ਦੇਸ਼ ਦੇ ਸੰਵਿਧਾਨ ਨੂੰ ਚੁਣੌਤੀ ਦੇਣ ਦੀ ਹਰਕਤ ਹੈ, ਜਿਸ ਵਾਸਤੇ ਦੋਸ਼ੀ ਅਧਿਕਾਰੀਆਂ ਦੇ ਖਿਲਾਫ ਧਾਰਮਿਕ ਭਾਵਨਾਵਾਂ ਨੂੰ ਸੱਟ ਮਾਰਨ ਅਤੇ ਸੰਵਿਧਾਨ ਦੀ ਤੌਹੀਨ ਕਰਨ ਤਹਿਤ ਸਰਕਾਰ ਵੱਲੋਂ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਲਖਵਿੰਦਰ ਕੌਰ ਅਤੇ ਹੋਰਨਾਂ ਪੀੜਤ ਅੰਮ੍ਰਿਤਧਾਰੀ ਉਮੀਦਵਾਰਾਂ ਦੇ ਨਾਲ ਹੈ ਅਤੇ ਇਸ ਮਾਮਲੇ ਵਿੱਚ ਹਰ ਪੱਧਰ ਉੱਤੇ ਆਪਣਾ ਰੋਸ ਪ੍ਰਗਟ ਕਰਦਿਆਂ ਦੋਸ਼ੀ ਅਧਿਕਾਰੀਆਂ ਨੂੰ ਸਜ਼ਾਵਾਂ ਦਵਾਉਣ ਲਈ ਕਾਰਜਸ਼ੀਲ ਰਹੇਗੀ ।ਐਡਵੋਕੇਟ ਧਾਮੀ ਨੇ ਇਹ ਵੀ ਦੱਸਿਆ ਕਿ ਸ਼੍ਰੋਮਣੀ ਕਮੇਟੀ ਪਹਿਲਾਂ ਵੀ ਅਰਮਨਜੋਤ ਕੌਰ ਤੇ ਹੋਰ ਸਿੱਖ ਉਮੀਦਵਾਰਾਂ ਦੇ ਮਾਮਲੇ ਵਿੱਚ ਰਾਜਸਥਾਨ ਹਾਈ ਕੋਰਟ ਦੇ ਚੀਫ ਜਸਟਿਸ ਤੇ ਰਜਿਸਟਰਾਰ (ਇਮਤਿਹਾਨ), ਕੇਂਦਰੀ ਕਨੂੰਨ ਤੇ ਨਿਆਂ ਮੰਤਰੀ, ਰਾਜਸਥਾਨ ਦੇ ਮੁੱਖ ਮੰਤਰੀ, ਕੌਮੀ ਤੇ ਸੂਬਾ ਘੱਟਗਿਣਤੀ ਕਮਿਸ਼ਨ ਦੇ ਚੇਅਰਮੈਨ ਨੂੰ ਪੱਤਰ ਲਿਖ ਚੁੱਕੀ ਹੈ ਅਤੇ ਹੁਣ ਲਖਵਿੰਦਰ ਕੌਰ ਦਾ ਮਾਮਲਾ ਵੀ ਉਠਾਇਆ ਜਾਵੇਗਾ।

# ਦਿੱਲੀ ਦੀ ਥਾਂ ਗੁਰੂ ਘਰ ਵੱਲ ਮੂੰਹ ਕਰਨ ਸਿੱਖ ਸਿਆਸਤਦਾਨ: ਜਥੇਦਾਰ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸਿੱਖ ਸਿਆਸਤਦਾਨਾਂ ਨੂੰ ਨਸੀਹਤ ਦਿੱਤੀ ਕਿ ਉਹ ਸਿੱਖ ਰਾਜਨੀਤੀ ਨੂੰ ਮਜ਼ਬੂਤ ਕਰਨ ਵਾਸਤੇ ਦਿੱਲੀ ਵੱਲ ਮੂੰਹ ਕਰਨ ਦੀ ਥਾਂ ਗੁਰੂ ਘਰ ਵੱਲ ਮੂੰਹ ਕਰਨ ਤਾਂ ਰਾਜ-ਭਾਗ ਆਪਣੇ ਆਪ ਮਿਲੇਗਾ। ਉਨ੍ਹਾਂ ਨੇ ਸੰਗਤ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਮਰਿਆਦਾ ਦਾ ਖਿਆਲ ਰੱਖਣ ਵਾਸਤੇ ਵੀ ਆਖਿਆ ਹੈ। ਉਹ ਇਥੇ ਸ੍ਰੀ ਅਕਾਲ ਤਖ਼ਤ ਦਾ ਸਥਾਪਨਾ ਦਿਵਸ ਮੌਕੇ ਕਰਵਾਏ ਸਮਾਗਮ 'ਚ ਬੋਲ ਰਹੇ ਸਨ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਬਿਨਾ ਕਿਸੇ ਦਾ ਨਾਂ ਲਏ ਉਨ੍ਹਾਂ ਕਿਹਾ ਕਿ ਅੱਜ ਦੇ ਸਿਆਸੀ ਲੋਕਾਂ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਵੱਲ ਪਿੱਠ ਕਰ ਕੇ ਦਿੱਲੀ ਵੱਲ ਮੂੰਹ ਕੀਤਾ ਹੋਇਆ ਹੈ, ਜਿਸ ਕਾਰਨ ਸਿੱਖਾਂ ਦੀ ਆਪਣੀ ਰਾਜਨੀਤੀ ਕਮਜ਼ੋਰ ਪੈ ਰਹੀ ਹੈ। ਉਨ੍ਹਾਂ ਨਸੀਹਤ ਦਿੱਤੀ ਕਿ ਜੇ ਮੁੜ ਸਿੱਖ ਰਾਜਨੀਤਿਕ ਲੋਕ ਆਪਣਾ ਮੂੰਹ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਵੱਲ ਕਰ ਲੈਣ ਤਾਂ ਸਿੱਖ ਮੁੜ ਰਾਜ ਭਾਗ ਦੇ ਮਾਲਕ ਜ਼ਰੂਰ ਬਣਨਗੇ। ਇਸ ਮੌਕੇ ਉਨ੍ਹਾਂ ਨੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੀ ਸੰਗਤ ਨੂੰ ਸ੍ਰੀ ਦਰਬਾਰ ਸਾਹਿਬ ਸਮੂਹ ਵਿੱਚ ਵਿਚਰਦਿਆਂ ਮਰਿਆਦਾ ਦਾ ਖਿਆਲ ਰੱਖਣ ਦੀ ਹਦਾਇਤ ਕੀਤੀ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

## ਹਨ੍ਹੇਰੇ ਵਿੱਚ ਹੈ ਪੰਥਕ ਪਾਰਟੀ ਦਾ ਭਵਿੱਖ

ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਲੰਬਾ ਸਮਾਂ ਸਿੱਖਾਂ ਦੀ ਨੁਮਾਇੰਦਗੀ ਕਰਨ ਅਤੇ ਪੰਥਕ ਪਾਰਟੀ ਹੋਣ ਦਾ ਮਾਣ ਪ੍ਰਾਪਤ ਹੈ, ਪਰ ਇਸ ਸਮੇਂ ਇਹ ਪਾਰਟੀ ਦੋ ਖੇਮਿਆਂ ਵਿੱਚ ਵੰਡੀ ਗਈ ਹੈ, ਜਿਸ ਕਾਰਨ ਇਸ ਪਾਰਟੀ ਦਾ ਭਵਿੱਖ ਹਨੇਰੇ ਵਿੱਚ ਹੈ। ਅਕਾਲੀ ਦਲ ਦੇ ਮੁੱਖ ਧੜੇ ਦੀ ਅਗਵਾਈ ਸੁਖਬੀਰ ਬਾਦਲ ਕਰ ਰਹੇ ਹਨ ਜਦੋਂ ਕਿ ਬਾਗੀ ਧੜੇ ਵਿੱਚ ਅਨੇਕਾਂ ਸੀਨੀਅਰ ਅਕਾਲੀ ਆਗੂ ਸ਼ਾਮਲ ਹਨ। ਬਾਗੀ ਆਗੂ ਸੁਖਬੀਰ ਬਾਦਲ ਤੋਂ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫ਼ੇ ਦੀ ਮੰਗ ਕਰ ਰਹੇ ਹਨ, ਜਦੋਂ ਕਿ ਸੁਖਬੀਰ ਬਾਦਲ ਵੱਲੋਂ ਪ੍ਰਧਾਨਗੀ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਤੋਂ ਸਪਸ਼ਟ ਇਨਕਾਰ ਕਰ ਦਿੱਤਾ ਗਿਆ ਹੈ।

ਪੰਜਾਬ ਦੀ ਸੱਤਾ ਦਾ ਅਨੇਕਾਂ ਸਾਲ ਸੁੱਖ ਮਾਣ ਚੁੱਕੇ ਅਕਾਲੀ ਦਲ ਲਈ ਇਸ ਤੋਂ ਵਧ ਨਮੋਸ਼ੀ ਵਾਲੀ ਗੱਲ ਕੀ ਹੋਵੇਗੀ ਕਿ ਲੋਕ ਸਭਾ ਚੋਣਾਂ ਦੌਰਾਨ ਇਹ ਪਾਰਟੀ ਸਿਰਫ਼ ਇੱਕ ਸੀਟ 'ਤੇ ਹੀ ਸੀਮਿਤ ਹੋ ਗਈ। ਬਾਦਲ ਪਰਿਵਾਰ ਨੇ ਇਸ ਚੋਣ ਵਿੱਚ ਬਠਿੰਡਾ ਪਰਿਵਾਰਕ ਸੀਟ ਤਾਂ ਬਚਾ ਲਈ ਪਰ ਪੂਰਾ ਪੰਜਾਬ ਗੁਆ ਲਿਆ। ਲੋਕ ਸਭਾ ਚੋਣਾਂ ਵਿੱਚ ਮਿਲੀ ਅਸਫਲਤਾ ਤੋਂ ਬਾਅਦ ਹੀ ਅਨੇਕਾਂ ਅਕਾਲੀ ਆਗੂ ਬਾਗੀ ਹੋ ਗਏ ਅਤੇ ਉਹਨਾਂ ਵੱਲੋਂ ਹੁਣ ਬਕਾਇਦਾ ਆਪਣੀਆਂ ਸਰਗਰਮੀਆਂ ਵੀ ਸ਼ੁਰੂ ਕਰ ਦਿੱਤੀਆਂ ਗਈਆਂ ਹਨ।

104 ਸਾਲ ਪੁਰਾਣੀ ਪਾਰਟੀ ਅਕਾਲੀ ਦਲ ਵਿੱਚ ਪਹਿਲੀ ਵਾਰ ਫੁੱਟ ਨਹੀਂ ਪਈ ਸਗੋਂ ਇਹ ਪਾਰਟੀ ਆਪਣੇ ਜਨਮ ਤੋਂ ਬਾਅਦ ਅਨੇਕਾਂ ਵਾਰ ਅੰਦਰੂਨੀ ਫੁੱਟ ਦਾ ਸ਼ਿਕਾਰ ਰਹੀ ਹੈ। 14 ਦਸੰਬਰ 1920 ਨੂੰ ਬਣਿਆ ਅਕਾਲੀ ਦਲ ਪਹਿਲੀ ਵਾਰ 1928 ਵਿੱਚ ਉਸ ਵੇਲੇ ਫੁੱਟ ਦਾ ਸ਼ਿਕਾਰ ਹੋਇਆ ਸੀ ਜਦੋਂ ਜਵਾਹਰ ਲਾਲ ਨਹਿਰੂ ਦੀ ਇੱਕ ਰਿਪੋਰਟ ਨੂੰ ਲੈ ਕੇ ਅਕਾਲੀ ਦਲ ਵਿਚਕਾਰ ਵਿਚਾਰਾਂ ਦੀ ਲੜਾਈ ਦੇ ਚੱਲਦਿਆਂ ਬਾਬਾ ਖੜਕ ਸਿੰਘ, ਗਿਆਨੀ ਸ਼ੇਰ ਸਿੰਘ ਅਤੇ ਮੰਗਲ ਸਿੰਘ ਦੇ ਵੱਖ-ਵੱਖ ਤਿੰਨ ਧੜੇ ਬਣ ਗਏ ਸਨ। 1939 ਵਿੱਚ ਦੂਜੀ ਵਰਲਡ ਵਾਰ ਸਮੇਂ ਵੀ ਅਕਾਲੀ ਦਲ ਵਿੱਚ ਗਿਆਨੀ ਕਰਤਾਰ ਸਿੰਘ ਅਤੇ ਉਧਮ ਸਿੰਘ ਨਾਗੋਕੇ ਦੀ ਲੀਡਰਸ਼ਿਪ ਹੇਠਾਂ ਅਕਾਲੀ ਦਲ ਦੇ ਦੋ ਵੱਖ-ਵੱਖ ਧੜੇ ਬਣ ਗਏ ਸਨ। ਇਸ ਤੋਂ ਇਲਾਵਾ ਭਾਰਤ ਵਿੱਚ ਕੁਇਟ ਇੰਡੀਆ ਮੂਵਮੈਂਟ ਵਿੱਚ ਹਿੱਸਾ ਲੈਣ ਦੇ ਮੁੱਦੇ 'ਤੇ ਅਕਾਲੀ ਦਲ ਵਿੱਚ ਪ੍ਰਤਾਪ ਸਿੰਘ ਕੈਰੋਂ ਅਤੇ ਮਾਸਟਰ ਤਾਰਾ ਸਿੰਘ ਦੀ ਅਗਵਾਈ ਹੇਠ ਦੋ ਵੱਖ ਵੱਖ ਧੜੇ ਬਣ ਗਏ ਸਨ। ਆਜ਼ਾਦੀ ਤੋਂ ਬਾਅਦ 1948 ਵਿੱਚ ਅਕਾਲੀ ਦਲ ਇਕਜੁਟ ਹੋ ਗਿਆ ਅਤੇ ਭਾਰਤੀ ਪੰਜਾਬ ਵਿੱਚ ਬਣੀ ਪਹਿਲੀ ਕਾਂਗਰਸੀ ਸਰਕਾਰ ਵਿੱਚ ਹਿੱਸੇਦਾਰ ਵੀ ਰਿਹਾ ਪਰ ਕੁਝ ਹੀ ਸਮੇਂ ਵਿੱਚ ਕਾਂਗਰਸ ਅਤੇ ਅਕਾਲੀ ਦਲ ਵਿਚਕਾਰ ਵੱਖਰੇ ਸਿੱਖ ਸੂਬੇ ਦੀ ਮੰਗ ਨੂੰ ਲੈ ਕੇ ਪੈਦਾ ਹੋਏ ਮਤਭੇਦ ਦੇ ਚੱਲਦਿਆਂ ਅਕਾਲੀ ਦਲ ਸਰਕਾਰ ਤੋਂ ਬਾਹਰ ਆ ਗਿਆ। ਉਸ ਤੋਂ ਬਾਅਦ ਵੀ ਅਕਾਲੀ ਦਲ ਕਈ ਵਾਰ ਫੁੱਟ ਦਾ ਸ਼ਿਕਾਰ ਹੋਇਆ। 1989 ਦੀਆਂ ਲੋਕ ਸਭਾ ਚੋਣਾਂ ਦੇ ਸਮੇਂ ਵੀ ਪੰਜਾਬ ਵਿੱਚ ਅਕਾਲੀ ਦਲ (ਲੌਂਗੋਵਾਲ), ਅਕਾਲੀ ਦਲ (ਤਲਵੰਡੀ) ਅਤੇ ਅਕਾਲੀ ਦਲ (ਮਾਨ) ਦੇ ਵੱਖ-ਵੱਖ ਧੜੇ ਸਨ। ਇਨ੍ਹਾਂ ਚੋਣਾਂ ਦੌਰਾਨ ਅਕਾਲੀ ਦਲ (ਮਾਨ) ਅਸਲੀ ਅਕਾਲੀ ਦਲ ਦੇ ਤੌਰ 'ਤੇ ਉੱਭਰਿਆ ਪਰ ਜ਼ਿਆਦਾ ਦੇਰ ਤੱਕ ਮਜ਼ਬੂਤ ਨਹੀਂ ਰਹਿ ਸਕਿਆ। ਪ੍ਰਕਾਸ਼ ਸਿੰਘ ਬਾਦਲ ਅਤੇ ਬਾਬਾ ਜੋਗਿੰਦਰ ਸਿੰਘ ਨੇ ਅਕਾਲੀ ਦਲ ਮਾਨ ਨੂੰ ਛੱਡ ਕੇ ਦੋ ਨਵੇਂ ਅਕਾਲੀ ਦਲ ਬਣਾ ਲਏ। ਇਸ ਤੋਂ ਬਾਅਦ ਅਕਾਲੀ ਦਲ ਬਾਦਲ ਵਿੱਚ ਵੀ ਵਿਦਰੋਹ ਹੋਇਆ ਅਤੇ ਅਕਾਲੀ ਦਲ ਪੰਥਕ ਨਾਮ ਦੀ ਨਵੀਂ ਪਾਰਟੀ ਬਣੀ ਪਰ 1992 ਦੀਆਂ ਲੋਕ ਸਭਾ ਚੋਣਾਂ ਦੌਰਾਨ ਅਕਾਲੀ ਦਲ ਪੰਥਕ ਅਤੇ ਅਕਾਲੀ ਦਲ ਲੌਂਗੋਵਾਲ ਨੇ ਆਪਸ ਵਿੱਚ ਸਮਝੌਤਾ ਕਰ ਲਿਆ। ਇਸ ਦਰਮਿਆਨ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੇ ਅਕਾਲੀ ਦਲ ਨੇ 1997 ਵਿੱਚ ਭਾਰਤੀ ਜਨਤਾ ਪਾਰਟੀ ਨਾਲ ਗਠਜੋੜ ਕਰਕੇ ਪੰਜਾਬ ਵਿੱਚ ਪਹਿਲੀ ਅਕਾਲੀ ਭਾਜਪਾ ਗਠਜੋੜ ਸਰਕਾਰ ਬਣਾਈ। ਇਸ ਦੌਰਾਨ ਪ੍ਰਕਾਸ਼ ਸਿੰਘ ਬਾਦਲ ਅਤੇ ਗੁਰਚਰਨ ਸਿੰਘ ਟੌਹੜਾ ਵਿਚਾਲੇ ਸੱਤਾ ਦੀ ਜੰਗ ਚੱਲਦੀ ਰਹੀ ਅਤੇ ਗੁਰਚਰਨ ਸਿੰਘ ਟੌਹੜਾ ਨੇ ਸਰਬ ਹਿੰਦ ਅਕਾਲੀ ਦਲ ਦੇ ਨਾਂ ਦੀ ਇੱਕ ਵੱਖਰੀ ਪਾਰਟੀ ਬਣਾਈ। ਇਸ ਤੋਂ ਬਾਅਦ ਵੀ ਅਨੇਕਾਂ ਵਾਰ ਅਕਾਲੀ ਦਲ ਵਿੱਚ ਫੁੱਟ ਪੈਣ ਦੇ ਆਸਾਰ ਬਣਦੇ ਗਏ ਅਤੇ ਅਨੇਕਾਂ ਟਕਸਾਲੀ ਆਗੂ ਵੱਖ ਵੱਖ ਸਮੇਂ ਅਕਾਲੀ ਦਲ ਤੋਂ ਅਲਹਿਦਾ ਹੁੰਦੇ ਗਏ। ਹੁਣ ਤਾਂ ਅਕਾਲੀ ਦਲ ਸਪਸ਼ਟ ਰੂਪ ਵਿੱਚ ਹੀ ਦੋ ਧੜਿਆਂ ਵਿੱਚ ਵੰਡਿਆ ਗਿਆ ਹੈ ਅਤੇ ਦੋਵੇਂ ਧੜੇ ਹੀ ਆਪੋ ਆਪਣੀ ਜਿੱਦ 'ਤੇ ਅੜ ਗਏ ਹਨ।

ਪੰਜਾਬ ਦੀ ਸਭ ਤੋਂ ਪੁਰਾਣੀ ਸਿਆਸੀ ਪਾਰਟੀ ਅਤੇ ਪੰਥਕ ਸੋਚ ਵਾਲੀ ਪਾਰਟੀ ਵਜੋਂ ਪ੍ਰਸਿੱਧ ਅਕਾਲੀ ਦਲ ਦੀ ਮੌਜੂਦਾ ਸਥਿਤੀ ਕਾਰਨ ਆਮ ਅਕਾਲੀ ਵਰਕਰ ਅਤੇ ਅਕਾਲੀ ਹਮਾਇਤੀ ਦੁਖੀ ਹਨ। ਉਹਨਾਂ ਨੂੰ ਸਮਝ ਨਹੀਂ ਆ ਰਹੀ ਕਿ ਉਹ ਅਕਾਲੀ ਦਲ ਦੇ ਮੌਜੂਦਾ ਦੋ ਧੜਿਆਂ ਵਿਚੋਂ ਕਿਸ ਦੀ ਹਮਾਇਤ ਕਰਨ। ਪੰਜਾਬ ਦੀ ਸਿਆਸਤ ਵਿੱਚ ਅਜੇ ਹੋਰ ਕੋਈ ਵੀ ਅਜਿਹੀ ਪਾਰਟੀ ਨਜ਼ਰ ਨਹੀਂ ਆ ਰਹੀ, ਜੋ ਕਿ ਅਕਾਲੀ ਦਲ ਦਾ ਬਦਲ ਬਣੇ। ਅਕਾਲੀ ਦਲ ਵੱਲੋਂ ਪਿਛਲੇ ਸਮੇਂ ਦੌਰਾਨ ਉਠਾਏ ਜਾਂਦੇ ਰਹੇ ਸਿੱਖ ਮਸਲਿਆਂ ਕਾਰਨ ਇਸ ਦਾ ਸਰੂਪ ਪੰਥਕ ਪਾਰਟੀ ਵਾਲਾ ਰਿਹਾ ਹੈ, ਇਸ ਕਰਕੇ ਵੀ ਦੇਸ਼ ਵਿਦੇਸ਼ ਦੇ ਸਿੱਖ ਅਕਾਲੀ ਦਲ ਨੂੰ ਪੰਥਕ ਪਾਰਟੀ ਹੀ ਸਮਝਦੇ ਰਹੇ ਹਨ ਪਰ ਜਿਸ ਤਰੀਕੇ ਨਾਲ ਇਸ ਪਾਰਟੀ ਵਿੱਚ ਅੰਦਰੂਨੀ ਕਾਟੋ ਕਲੇਸ਼ ਹੋ ਰਿਹਾ ਹੈ, ਉਸ ਨੇ ਇਸ ਪਾਰਟੀ ਦੀ ਹੋਂਦ ਨੂੰ ਹੀ ਖਤਰਾ ਖੜ੍ਹਾ ਕਰ ਦਿੱਤਾ ਹੈ। ਅਸਲ ਵਿੱਚ ਹੋਰਨਾਂ ਸਿਆਸੀ ਪਾਰਟੀਆਂ ਵਾਂਗ ਅਕਾਲੀ ਦਲ ਵੀ ਪਰਿਵਾਰਵਾਦ ਦਾ ਸ਼ਿਕਾਰ ਹੋ ਗਿਆ ਹੈ, ਜਿਸ ਕਰਕੇ ਹੀ ਮੌਜੂਦਾ ਮਸਲਾ ਸਾਹਮਣੇ ਆਇਆ ਹੈ।

ਸ਼੍ਰੋਮਣੀ ਅਕਾਲੀ ਦਲ ਨੂੰ ਕੁਰਬਾਨੀਆਂ ਵਾਲੀ ਪਾਰਟੀ ਕਿਹਾ ਜਾਂਦਾ ਹੈ। ਇਸ ਸਮੇਂ ਵੀ ਇਹ ਪਾਰਟੀ ਆਪਣੇ ਹੀ ਆਗੂਆਂ ਤੋਂ ਉਹਨਾਂ ਦੇ ਅਹੁਦਿਆਂ ਦੀਆਂ ਕੁਰਬਾਨੀਆਂ ਮੰਗ ਰਹੀ ਹੈ। ਸੁਖਬੀਰ ਬਾਦਲ ਸਮੇਤ ਸਾਰੇ ਬਾਗੀ ਆਗੂਆਂ ਨੂੰ ਆਪੋ ਆਪਣੇ ਅਹੁਦਿਆਂ ਤੋਂ ਅਸਤੀਫ਼ੇ ਦੇ ਕੇ ਸ਼੍ਰੋਮਣੀ ਅਕਾਲੀ ਦਲ ਦਾ ਪੁਨਰਗਠਨ ਕਰਨਾ ਚਾਹੀਦਾ ਹੈ ਤਾਂ ਕਿ ਅਕਾਲੀ ਦਲ ਦੀ ਹੋਂਦ ਬਰਕਰਾਰ ਰਹਿ ਸਕੇ। ਅਕਾਲੀ ਦਲ ਦੀ ਮੁੜ ਮਜ਼ਬੂਤੀ ਲਈ ਸਾਰੇ ਸੀਨੀਅਰ ਅਕਾਲੀ ਆਗੂਆਂ ਨੂੰ ਪੰਥ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸ਼ਰਨ ਵਿੱਚ ਜਾਣਾ ਚਾਹੀਦਾ ਹੈ ਅਤੇ ਪੰਥ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਕਬੂਲਣੀ ਚਾਹੀਦੀ ਹੈ। ਇਸੇ ਵਿੱਚ ਹੀ ਅਕਾਲੀ ਦਲ ਅਤੇ ਅਕਾਲੀ ਆਗੂਆਂ ਦੀ ਭਲਾਈ ਹੈ।

# ਉੱਚ ਸਿੱਖਿਆ, ਵਧਦੇ ਵਿਵਾਦ



ਗੁਰਮੀਤ ਸਿੰਘ ਪਲਾਹੀ
9815802070



ਪਿਛਲੇ ਕੁਝ ਦਿਨਾਂ ਤੋਂ ਰਾਸ਼ਟਰੀ ਪੱਧਰ 'ਤੇ ਕੁਝ ਮਹੱਤਵਪੂਰਨ ਪ੍ਰੀਖਿਆਵਾਂ ਵਿੱਚ ਧਾਂਧਲੀ ਅਤੇ ਪ੍ਰਸ਼ਨ ਪੱਤਰਾਂ ਦੇ ਲੀਕ ਹੋਣ ਦੇ ਮਾਮਲੇ 'ਚ ਜਿਸ ਕਿਸਮ ਦਾ ਰੋਸ ਲੋਕਾਂ ਵਿੱਚ ਵੇਖਣ ਨੂੰ ਮਿਲ ਰਿਹਾ ਹੈ, ਉਹ ਕੁਦਰਤੀ ਹੈ।

ਇਹੋ ਜਿਹੇ ਹਰ ਵਿਵਾਦ ਤੋਂ ਬਾਅਦ ਸਰਕਾਰ ਦਾ ਇਹੋ ਬਿਆਨ ਅਤੇ ਭਰੋਸਾ ਸਾਹਮਣੇ ਆਉਂਦਾ ਹੈ ਕਿ ਉਹ ਮਾਮਲੇ ਦੀ ਜਾਂਚ ਕਰੇਗੀ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਵੇਗੀ ਪਰ ਸਾਲਾਂ ਤੋਂ ਇਹ ਸਮੱਸਿਆ ਲਗਾਤਾਰ ਕਾਇਮ ਹੈ।

ਸਮੇਂ-ਸਮੇਂ 'ਤੇ ਦੇਸ਼ ਵਿੱਚ ਹੋ ਰਹੇ ਸਕੈਂਡਲ, ਫਰਾਡ, ਭ੍ਰਿਸ਼ਟਾਚਾਰੀ ਕਾਰਵਾਈਆਂ ਕਾਰਨ ਵਿਸ਼ਵ ਵਿੱਚ ਦੇਸ਼ ਦਾ ਨਾਂਅ ਬਦਨਾਮ ਹੁੰਦਾ ਹੈ। ਹਾਲਾਂਕਿ ਚੋਣ ਬਾਂਡ ਮਾਮਲੇ ਸਬੰਧੀ ਵੱਡੇ ਸਕੈਂਡਲ ਦੀ ਸਿਆਹੀ ਸੁੱਕੀ ਨਹੀਂ ਸੀ ਕਿ ਚੋਣਾਂ ਦੇ ਨਤੀਜਿਆਂ ਤੋਂ ਪਹਿਲਾਂ ਸ਼ਿਅਰ ਮਾਰਕੀਟ ਸਬੰਧੀ ਇੱਕ ਹੋਰ ਵੱਡਾ ਵਿਵਾਦ ਸਾਹਮਣੇ ਆਇਆ, ਜਿਸ ਵਿੱਚ ਮੱਧ ਵਰਗੀ ਲੋਕਾਂ ਦੀ ਕਿਰਤ ਕਮਾਈ ਦੇ ਕਰੋੜਾਂ ਰੁਪਏ ਰੁੜ ਗਏ।

ਐਨ.ਡੀ.ਏ. ਸਰਕਾਰ ਦੇ ਗਠਨ ਦੇ ਤੁਰੰਤ ਬਾਅਦ ਨੀਟ ਵਿਵਾਦ ਚਰਚਾ 'ਚ ਆਇਆ ਹੈ। ਬਿਹਾਰ ਪੁਲਿਸ ਦੀ ਆਰਥਿਕ ਅਪਰਾਧ ਇਕਾਈ ਵਲੋਂ ਗ੍ਰਿਫ਼ਤਾਰ ਕੀਤੇ ਗਏ ਚਾਰ ਉਮੀਦਵਾਰਾਂ ਨੇ ਪੁਲਿਸ ਨੂੰ ਬਿਆਨ ਦਿੱਤੇ ਹਨ ਕਿ ਉਹਨਾਂ ਨੇ 32-32 ਲੱਖ ਰੁਪਏ ਪ੍ਰਤੀ ਵਿਦਿਆਰਥੀ ਲਏ ਹਨ ਅਤੇ ਉਹਨਾਂ ਵਿਦਿਆਰਥੀਆਂ ਨੇ ਇਸ ਪ੍ਰੀਖਿਆ 'ਚ ਸੌ ਫ਼ੀਸਦੀ ਅੰਕ ਪ੍ਰਾਪਤ ਕੀਤੇ ਸਨ ਅਤੇ ਐਮ.ਬੀ.ਬੀ.ਐਸ. ਲਈ ਕਿਸੇ ਵੀ ਵੱਡੇ ਮੈਡੀਕਲ ਕਾਲਜ 'ਚ ਉਹਨਾਂ ਦੀ ਸੀਟ ਪੱਕੀ ਸੀ। ਇਸ ਨੀਟ ਪ੍ਰੀਖਿਆ 'ਚ 24 ਲੱਖ ਨੌਜਵਾਨਾਂ ਨੇ ਪ੍ਰੀਖਿਆ ਦਿੱਤੀ ਸੀ।

ਅਸਲ ਵਿੱਚ ਇਸ ਪ੍ਰੀਖਿਆ ਨੇ ਦੇਸ਼ ਦੀ ਸਮੁੱਚੀ ਸਿੱਖਿਆ ਪ੍ਰਣਾਲੀ ਉਤੇ ਵੱਡੇ ਸਵਾਲ ਖੜੇ ਕੀਤੇ ਹਨ। ਇਥੇ ਦਸਣਾ ਬਣਦਾ ਹੈ ਕਿ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੇ ਕਬੂਲਿਆ ਹੈ ਕਿ ਇਸ ਪ੍ਰੀਖਿਆ ਦਾ ਪੇਪਰ ਲੀਕ ਹੋਇਆ ਹੈ। ਉਹਨਾਂ ਨੇ ਕੌਮੀ ਟੈਸਟਿੰਗ ਏਜੰਸੀ (ਐਨ.ਟੀ.ਏ.) ਦੇ ਕੰਮ ਕਾਰ ਦੀ ਜਾਂਚ ਲਈ ਉੱਚ ਪੱਧਰੀ ਕਮੇਟੀ ਬਨਾਉਣ ਦਾ ਐਲਾਨ ਕੀਤਾ ਹੈ। ਦੇਸ਼ ਦੀ ਸੁਪਰੀਮ ਕੋਰਟ ਵੱਲੋਂ ਵੀ ਐਨ.ਟੀ.ਏ. ਦੀ ਜਵਾਬ ਤਲਬੀ ਕੀਤੀ ਗਈ ਹੈ ਅਤੇ ਕੇਂਦਰ ਸਰਕਾਰ ਨੂੰ ਵੀ ਇਸ ਸਬੰਧੀ ਕਟਿਹਰੇ 'ਚ ਖੜਾ ਕੀਤਾ ਗਿਆ ਹੈ। ਵਿਰੋਧੀ ਧਿਰਾਂ ਨੇ ਤਾਂ ਇਹਨਾਂ ਕਥਿਤ ਬੇਨਿਯਮੀਆਂ ਸਬੰਧੀ ਜ਼ੋਰਦਾਰ ਹੱਲਾ ਕੇਂਦਰ ਉਤੇ ਬੋਲਿਆ ਹੈ। ਕਾਂਗਰਸ ਆਗੂ ਨੇ ਤਾਂ ਇੱਕ ਕਦਮ ਹੋਰ ਅੱਗੇ ਜਾਂਦਿਆਂ ਕਿਹਾ ਕਿ ਭਾਜਪਾ ਤੇ ਆਰ.ਐਸ.ਐਸ. ਦਾ ਜਦੋਂ ਤੱਕ ਸਿੱਖਿਆ ਸੰਸਥਾਵਾਂ ਉਤੇ ਕਬਜ਼ਾ ਹੈ, ਉਦੋਂ ਤੱਕ ਪੇਪਰ ਲੀਕ ਹੋਣ ਦਾ ਅਮਲ ਜ਼ਾਰੀ ਰਹੇਗਾ।

ਬਿਨ੍ਹਾਂ ਸ਼ੱਕ ਇਹ ਵੱਡੀ ਸੱਚਾਈ ਹੈ ਕਿ ਭਾਜਪਾ ਸਰਕਾਰ ਸਿੱਖਿਆ ਸੰਸਥਾਵਾਂ ਉਤੇ ਆਪਣੇ ਕਰੰਦਿਆਂ ਰਾਹੀਂ, ਆਰ.ਐਸ.ਐਸ. ਦੀ ਹਿੰਦੂ ਰਾਸ਼ਟਰ ਸੋਚ ਨੂੰ ਸਿੱਖਿਆ ਸੰਸਥਾਵਾਂ ਰਾਹੀਂ ਦੇਸ਼ 'ਚ ਲਾਗੂ ਕਰਨ ਦੇ ਅਮਲ ਨੂੰ ਅੱਗੇ ਵਧਾ ਰਹੀ ਹੈ। ਦੇਸ਼ ਦੇ ਸੱਭਿਆਚਾਰਕ ਤਾਣੇ-ਬਾਣੇ ਨੂੰ ਨਸ਼ਟ ਕਰਨ ਲਈ ਪੂਰਾ ਟਿੱਲ ਲਾ ਰਹੀ ਹੈ। ਦੇਸ਼ ਦੇ ਇਤਿਹਾਸ ਨੂੰ ਬਦਲ ਰਹੀ ਹੈ। ਪਿਛਲੇ ਦਿਨੀ 'ਬਾਬਰੀ ਮਸਜਿਦ' ਦਾ ਘਟਨਾਕ੍ਰਮ ਇਥੋਂ ਤੱਕ ਕਿ ਨਾਂਅ ਵੀ ਇਤਿਹਾਸ ਦੀਆਂ ਪਾਠ ਪੁਸਤਕਾਂ ਵਿਚੋਂ ਗਾਇਬ ਕਰ ਦਿੱਤਾ ਗਿਆ।

ਇਥੇ ਬੁਨਿਆਦੀ ਸੁਆਲ ਇਹ ਹੈ ਕਿ ਦੇਸ਼ ਦੇ ਭਵਿੱਖ ਨਾਲ ਐਡਾ ਵੱਡਾ ਖਿਲਵਾੜ ਹੋਇਆ ਹੋਵੇ ਤੇ ਦੇਸ਼ ਦਾ ਪ੍ਰਧਾਨ ਮੰਤਰੀ ਚੁੱਪੀ ਵੱਟ ਕੇ ਬੈਠਾ ਰਹੇ, ਉਵੇਂ ਹੀ ਜਿਵੇਂ ਉਹ ਮਨੀਪੁਰ ਦੀਆਂ ਘਟਨਾਵਾਂ ਸਬੰਧੀ ਜਿਥੇ ਔਰਤਾਂ ਨਾਲ ਸ਼ਰੇਆਮ ਬਲਾਤਕਾਰ ਹੋਏ, ਉਹਨਾਂ ਨੂੰ ਸੜਕਾਂ 'ਤੇ ਨੰਗਿਆਂ ਕਰਕੇ ਘੁਮਾਇਆ ਗਿਆ ਸੀ, ਪਰ ਪ੍ਰਧਾਨ ਮੰਤਰੀ ਨੇ ਇੱਕ ਸ਼ਬਦ ਵੀ ਇਸ ਸਬੰਧੀ ਨਹੀਂ ਸੀ ਬੋਲਿਆ।

ਪ੍ਰਧਾਨ ਮੰਤਰੀ, ਦੇਸ਼ ਦੇ ਲੋਕਾਂ ਕੋਲ ਹਰ ਮਹੀਨੇ 'ਮਨ ਕੀ ਬਾਤ' ਕਰਦੇ ਹਨ, ਇਸ ਮਹੀਨੇ ਵੀ ਆਖ਼ਰੀ ਤਾਰੀਖ ਨੂੰ ਮੁੜ ਇਹ ਪ੍ਰੋਗਰਾਮ ਪ੍ਰਸਾਰਤ ਕਰਵਾਉਂਦੇ ਹਨ, ਪਰ ਕੀ ਉਹ ਵਿਦਿਆਰਥੀਆਂ ਨਾਲ ਹੋਏ ਇਸ ਖਿਲਵਾੜ ਸਬੰਧੀ ਮਨ ਦੀ ਗੱਲ ਕਰਨਗੇ? ਕੀ ਉਹਨਾਂ ਵਿਦਿਆਰਥੀਆਂ ਦੇ ਜ਼ਖ਼ਮਾਂ ਉਤੇ ਮੱਲ੍ਹਮ ਲਗਾਉਣਗੇ, ਜਿਹਨਾਂ ਦੇ ਸੁਪਨੇ ਟੁੱਟ ਗਏ ਹਨ, ਜਿਹੜੇ ਇਨਸਾਫ਼ ਲਈ ਦਰ-ਦਰ ਭਟਕਦੇ ਫਿਰਦੇ ਹਨ, ਸੜਕਾਂ 'ਤੇ ਮੁਜ਼ਾਹਰੇ ਕਰ ਰਹੇ ਹਨ। ਇਸ ਨੀਟ ਵਿਵਾਦ 'ਤੇ ਘੁਟਾਲੇ ਦੀ ਜਾਂਚ ਸੀ.ਬੀ.ਆਈ. ਨੂੰ ਦੇ ਦਿੱਤੀ ਗਈ ਹੈ। ਇਸ ਮਾਮਲੇ 'ਤੇ ਵੱਡੀ ਉਂਗਲੀ ਬਿਹਾਰ ਤੇ ਗੁਜਰਾਤ 'ਚ ਫੈਲੇ ਸਿੱਖਿਆ ਮਾਫੀਆ ਨਾਲ ਉਠਦੀ ਵਿਖਾਈ ਦਿੰਦੀ ਹੈ। ਦੋਹਾਂ ਰਾਜਾਂ ਵਿੱਚ ਹੀ ਐਫ.ਆਈ.ਆਰ. ਦਰਜ਼ ਹੋਈਆਂ ਹਨ।

ਸਿੱਖਿਆ ਘੁਟਾਲੇ ਦੇ ਇਸ ਮੌਸਮ ਵਿੱਚ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਨਲੰਦਾ ਯੂਨੀਵਰਸਿਟੀ ਵਿੱਚ ਇੱਕ ਸ਼ਾਨਦਾਰ ਭਾਸ਼ਨ ਦਿੱਤਾ। ਉਹਨਾਂ ਘੁਟਾਲੇ ਦਾ ਜ਼ਿਕਰ ਤੱਕ ਨਹੀਂ ਕੀਤਾ, ਪਰ ਆਪਣੇ ਸਰਕਾਰ ਦੀ ਸਿੱਖਿਆ ਨੀਤੀ ਦੀ ਪੁਰਜ਼ੋਰ ਤਾਰੀਫ਼ ਕੀਤੀ। ਉਹਨਾਂ ਕਿਹਾ ਕਿ ਸਾਡੀ ਸਿੱਖਿਆ ਨੀਤੀ ਦਾ ਮੰਤਵ ਹੈ ਕਿ ਦੇਸ਼ ਦੀ ਨੌਜਵਾਨ ਪੀੜ੍ਹੀ ਦੇ ਸਾਰੇ ਸੁਫ਼ਨੇ ਸਾਕਾਰ ਹੋਣ। ਉਹਨਾਂ ਕਿਹਾ ਕਿ ਉਹਨਾਂ ਦਾ ਮਿਸ਼ਨ ਹੈ ਕਿ ਭਾਰਤ ਇੱਕ ਵੇਰ ਫਿਰ ਗਿਆਨ ਦਾ ਕੇਂਦਰ ਬਣੇ ਜਿਵੇਂ ਪੁਰਾਤਨ ਸਮਿਆਂ ਵਿੱਚ ਸੀ।

ਪਰੰਤੂ ਸਵਾਲ ਇਹ ਹੈ ਕਿ ਭਾਰਤ ਗਿਆਨ ਦਾ ਕੇਂਦਰ ਬਣੇਗਾ ਕਿਵੇਂ, ਜਦਕਿ ਸਿੱਖਿਆ ਦਾ ਇੰਨਾ ਬੁਰਾ ਹਾਲ ਹੈ ਕਿ ਲੱਖਾਂ ਵਿਦਿਆਰਥੀਆਂ ਦਾ ਭਵਿੱਖ ਬਰਬਾਦ ਹੋ ਸਕਦਾ ਹੈ। ਸਿਰਫ਼ ਇਸ ਲਈ ਕਿ ਸਿੱਖਿਆ ਮਨਿਸਟਰੀ 'ਨੀਟ' ਪ੍ਰੀਖਿਆ ਸਹੀ ਢੰਗ ਨਾਲ ਨਹੀਂ ਕਰਵਾ ਸਕੀ। ਕਈ ਵਿਦਿਆਰਥੀਆਂ ਦੇ ਡਾਕਟਰ ਬਨਣ ਦੇ ਸੁਪਨੇ ਚੂਰ-ਚੂਰ ਹੋ ਗਏ ਹਨ। ਹੁਣ ਪ੍ਰੀਖਿਆ ਦੁਬਾਰਾ ਦੇਣ ਲਈ ਨਾ ਉਹਨਾਂ 'ਚ ਹਿੰਮਤ ਹੈ ਅਤੇ ਨਾ ਹੀ ਜੋਸ਼ ਜਾਂ ਸਮਰੱਥਾ। ਅਸਲ 'ਚ ਭਵਿੱਖ ਸਿਰਫ਼ ਵਿਦਿਆਰਥੀਆਂ ਦਾ ਨਹੀਂ, ਉਹਨਾਂ ਦੇ ਮਾਪਿਆਂ ਦਾ ਵੀ ਖਰਾਬ ਹੋਇਆ ਹੈ। ਇਸਦੀ ਜ਼ਿੰਮੇਵਾਰੀ ਕੌਣ ਲਵੇਗਾ?

ਕੀ ਨੀਟ ਪ੍ਰੀਖਿਆ 'ਤੇ ਹੁਣ ਕਿਸੇ ਦਾ ਭਰੋਸਾ ਰਹੇਗਾ, ਜਦੋਂ ਕਿ ਐਡਾ ਵੱਡਾ ਭ੍ਰਿਸ਼ਟਾਚਾਰੀ ਕਾਂਡ ਵਾਪਰਿਆ ਹੈ। ਮੈਡੀਕਲ ਸਿੱਖਿਆ 'ਚ ਖਰਾਬੀ ਇਸ ਹੱਦ ਤੱਕ ਵਧ ਚੁੱਕੀ ਹੈ ਕਿ ਭਾਰਤੀ ਵਿਦਿਆਰਥੀ ਡਾਕਟਰ ਬਨਣ ਲਈ ਯੂਕਰੇਨ ਜਾ ਰਹੇ ਹਨ, ਬਾਵਜੂਦ ਇਸਦੇ ਕਿ ਉਥੇ ਯੁੱਧ ਲੱਗਿਆ ਹੋਇਆ ਹੈ। ਕਾਰਨ ਇਕੋ ਹੈ ਕਿ ਭਾਰਤ 'ਚ ਮੈਡੀਕਲ ਸਿੱਖਿਆ ਬਹੁਤ ਮਹਿੰਗੀ ਹੈ, ਤੇ ਵਿਦੇਸ਼ਾਂ 'ਚ ਸਸਤੀ। ਸਰਕਾਰੀ ਮੈਡੀਕਲ ਕਾਲਜਾਂ 'ਚ ਦਾਖ਼ਲਾ ਮਿਲਣਾ ਬਹੁਤ ਔਖਾ ਹੈ, ਉਹ ਲੋਕ ਜਿਹਨਾਂ 'ਚ ਹਿੰਮਤ ਹੈ, ਪੈਸਾ ਖ਼ਰਚਕੇ ਬੱਚਿਆਂ ਦਾ ਦਾਖ਼ਲਾ ਕਰਵਾ ਲੈਂਦੇ ਹਨ।

ਡਾਕਟਰੀ ਪੜ੍ਹਾਈ ਵਿੱਚ ਹੀ ਨਹੀਂ ਸਗੋਂ ਸਾਰੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਸਿੱਖਿਆ ਮਾਫੀਏ ਦੀਆਂ ਸ਼ਿਕਾਰ ਹੋ ਚੁੱਕੀਆਂ ਹਨ। ਮੌਜੂਦਾ ਸਮੇਂ ਸਿੱਖਿਆ ਦੀਆਂ ਸਮੱਸਿਆਵਾਂ ਅਤਿਅੰਤ ਗੰਭੀਰ ਹਨ। ਇਹ ਠੀਕ ਹੈ ਕਿ ਉਹ ਸਮੱਸਿਆਵਾਂ ਸਿਰਫ਼ ਮੋਦੀ ਸਰਕਾਰ ਵਲੋਂ ਹੀ ਪੈਦਾ ਕੀਤੀਆਂ ਹੋਈਆਂ ਨਹੀਂ ਹਨ, ਪਰ ਪਿਛਲੇ ਦਸ ਸਾਲਾਂ 'ਚ ਮੋਦੀ ਜੀ ਨੇ ਸਿੱਖਿਆ 'ਚ ਖ਼ਾਸ ਕਰਕੇ ਉੱਚ ਸਿੱਖਿਆ ਸੁਧਾਰਾਂ ਲਈ ਕੀ ਕੀਤਾ ਹੈ? ਉੱਚ ਸਿੱਖਿਆ ਦਾ ਹਾਲ ਇਹ ਹੈ ਕਿ ਪੂਰੀ ਪੜ੍ਹਾਈ ਕਰਨ ਤੋਂ ਬਾਅਦ ਵੀ ਵਿਦਿਆਰਥੀ ਨੌਕਰੀ ਕਰਨ ਦੇ ਲਾਇਕ ਨਹੀਂ ਬਣਦੇ, ਕਿਉਂਕਿ ਸੰਸਥਾਵਾਂ 'ਚ ਬੁਨਿਆਦੀ ਢਾਂਚੇ ਅਤੇ ਪ੍ਰੋਫੈਸ਼ਨਲ ਅਧਿਆਪਕਾਂ ਤੇ ਅਮਲੇ ਦੀ ਕਮੀ ਹੈ, ਖ਼ਾਸ ਕਰਕੇ ਸਰਕਾਰੀ ਮੈਡੀਕਲ, ਇੰਜੀਨੀਅਰਿੰਗ ਕਾਲਜਾਂ ਅਤੇ ਇਥੋਂ ਤੱਕ ਕਿ ਆਈ.ਆਈ.ਟੀ. ਵਿੱਚ ਵੀ।

ਸਿੱਖਿਆ ਘੁਟਾਲੇ ਨੂੰ ਲੈ ਕੇ ਰਾਜਨੀਤੀ ਸ਼ੁਰੂ ਹੋ ਗਈ ਹੈ। ਵਿਰੋਧੀ ਧਿਰ ਦੇ ਨੇਤਾਵਾਂ ਨੇ ਸਪਸ਼ਟ ਸ਼ਬਦਾਂ 'ਚ ਕਿਹਾ ਹੈ ਕਿ ਉਹ ਆਉਂਦੇ ਸੰਸਦ ਇਜਲਾਸ ਵਿੱਚ ਇਹ ਮਸਲੇ ਉਠਾਉਣਗੇ। ਸ਼ਾਇਦ ਇਸੇ ਕਰਕੇ ਇਸ ਡਰ 'ਚ ਇਮਤਿਹਾਨ ਲੈਣ ਵਾਲੀ ਸੰਸਥਾ 'ਐਨ.ਟੀ.ਏ.' ਦੇ ਚੇਅਰਮੈਨ ਨੂੰ ਹਟਾ ਦਿੱਤਾ ਗਿਆ ਹੈ।

ਵਿਰੋਧੀ ਧਿਰ ਦੇ ਤਿੱਖੇ ਵਾਰ ਨੂੰ ਰੋਕਣ ਲਈ ਸਰਕਾਰ ਨੇ ਤਤਕਾਲੀ ਤੌਰ 'ਤੇ ਉਹ ਕਾਨੂੰਨ ਲਾਗੂ ਕਰਨ ਦੀ ਘੋਸ਼ਣਾ ਕੀਤੀ ਹੈ ਜੋ ਚਾਰ ਮਹੀਨੇ ਪਹਿਲਾਂ ਲੋਕ ਪ੍ਰੀਖਿਆ(ਅਨੁਚਿਤ ਸਾਧਨਾਂ ਦਾ ਨਿਵਾਰਣ) ਕਾਨੂੰਨ 2024 ਪਾਸ ਕੀਤਾ ਸੀ। ਇਸ ਕਾਨੂੰਨ ਦਾ ਮੰਤਵ ਯੂ.ਪੀ.ਐਸ.ਸੀ, ਰੇਲਵੇ, ਬੈਂਕਿੰਗ ਆਦਿ ਹੋਰ ਸਾਰੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਸਮੇਤ ਨੀਟ 'ਚ ਭ੍ਰਿਸ਼ਟਾਚਾਰੀਆਂ ਨੂੰ ਕੈਦ, ਭਾਰੀ ਜ਼ੁਰਮਾਨੇ ਆਦਿ ਦੇਣ ਦਾ ਪ੍ਰਾਵਾਧਾਨ ਹੈ।

ਪਰ ਇਹ ਹਕੀਕਤ ਜੱਗ ਜ਼ਾਹਿਰ ਹੈ ਕਿ ਅਪਰਾਧਾਂ 'ਤੇ ਰੋਕ ਲਗਾਉਣ ਲਈ ਕਾਨੂੰਨ ਬਣਾਏ ਜਾਂਦੇ ਹਨ, ਲੇਕਿਨ ਉਹ ਕਾਗਜ਼ਾਂ ਵਿੱਚ ਹੀ ਧਰੇ ਧਰਾਏ ਰਹਿ ਜਾਂਦੇ ਹਨ। ਅਸਲ 'ਚ ਇਹੋ ਜਿਹੇ ਕਾਨੂੰਨਾਂ ਨੂੰ ਲਾਗੂ ਕਰਨ ਲਈ ਇੱਛਾ ਸ਼ਕਤੀ ਦੀ ਲੋੜ ਹੁੰਦੀ ਹੈ, ਜੋ ਭਾਰਤੀ ਸਿਆਸਤਦਾਨ ਗੁਆ ਚੁੱਕੇ ਹਨ। ਹੁਣ ਜਦੋਂ ਰਾਸ਼ਟਰੀ ਪੱਧਰ 'ਤੇ ਕਰਵਾਈ ਜਾਣ ਵਾਲੀ ਪ੍ਰੀਖਿਆ 'ਚ ਧਾਂਧਲੀ ਰੋਕਣ ਲਈ ਸਰਕਾਰ ਨਾਕਾਮ ਰਹੀ, ਹਾਲਾਂਕਿ ਉਸ ਵੱਲੋਂ ਦਾਅਵਾ ਕੀਤਾ ਜਾਂਦਾ ਹੈ ਕਿ ਇਹੋ ਜਿਹੀਆਂ ਸੰਵੇਦਨਸ਼ੀਲ ਪ੍ਰੀਖਿਆਵਾਂ ਵਿੱਚ ਆਧੁਨਿਕ ਅਤੇ ਉਨਤ ਤਕਨੀਕੀ ਸੰਸਥਾਵਾਂ ਤੋਂ ਸਹਾਇਤਾ ਲਈ ਜਾਂਦੀ ਹੈ, ਪਰ ਸਾਈਬਰ ਖੇਤਰ 'ਚ ਨਿੱਤ ਨਵੇਂ ਪ੍ਰਯੋਗਾਂ ਦੇ ਜ਼ਰੀਏ ਹਾਲੀ ਵੀ ਬਹੁ-ਸਤਰੀ ਨਿਗਰਾਨੀ ਤੰਤਰ ਨਹੀਂ ਬਣ ਸਕਿਆ।

ਦੇਸ਼ 'ਚ ਉੱਚ ਸਿੱਖਿਆ ਦੇ ਮਿਆਰ 'ਤੇ ਇਸ ਵੇਲੇ ਸਵਾਲ ਉਠਦੇ ਹਨ। ਸਵਾਲ ਤਾਂ ਸਿੱਖਿਆ ਦੇ ਪੂਰੇ ਢਾਂਚੇ 'ਤੇ ਹੀ ਉਠਾਏ ਜਾਂਦੇ ਹਨ। ਨਵੀਂ ਸਿੱਖਿਆ ਨੀਤੀ ਚੰਗੀ ਹੋ ਸਕਦੀ ਹੈ, ਪਰ ਜਦ ਤੱਕ ਢਾਂਚੇ ਦੀ ਮੁਰੰਮਤ ਨਹੀਂ ਹੁੰਦੀ, ਇਹਨਾ ਨੀਤੀਆਂ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ।

ਮੌਜੂਦਾ ਪ੍ਰੀਖਿਆ ਵਿਵਾਦ 'ਚ, ਉਹਨਾਂ ਸਾਰੇ ਵਿਦਿਆਰਥੀਆਂ ਦੇ ਸਵਾਲਾਂ ਦਾ ਜਵਾਬ ਕੀ ਪ੍ਰਧਾਨ ਮੰਤਰੀ ਕੋਲ ਹੈ, ਜਿਹਨਾਂ ਦੀ ਜ਼ਿੰਦਗੀ ਬਰਬਾਦ ਹੋਈ ਦਿੱਖ ਰਹੀ ਹੈ?

# ਘੱਟ ਗਿਣਤੀ ਭਾਈਚਾਰਿਆਂ ਤੇ ਮਨੁੱਖਤਾ ਵਿਰੋਧੀ ਜ਼ਹਿਰ ਘੋਲਣ ਵਾਲੇ ਸਮੂਹ ਹਨ ਅੱਤਵਾਦੀ



ਗਿਆਨੀ ਕੇਵਲ ਸਿੰਘ
ਸਾਬਕਾ ਜਥੇਦਾਰ
ਤਖ਼ਤ ਸ੍ਰੀ ਦਮਦਮਾ ਸਾਹਿਬ
95920-93472

ਸਿੱਖੀ ਤੇ ਸੰਘਰਸ਼ ਸੁਮੇਲ ਹੈ। ਸਿੱਖ ਦੀ ਤਿਆਰੀ ਪਿੱਛੇ ਗੁਰੂ ਜੀ ਨੇ ਅਕਾਲ ਪੁਰਖ ਦੀ ਨਦਰਿ ਨੂੰ ਰੱਖਿਆ ਹੈ। ਅਕਾਲ ਪੁਰਖ ਨਦਰਿ ਹੇਠ ਕਾਇਨਾਤ ਦਾ ਸਮੁੱਚਾ ਪ੍ਰਬੰਧ ਚੱਲ ਰਿਹਾ ਹੈ। ਇਸ ਰੱਬੀ ਪ੍ਰਬੰਧਨ ਹੇਠ ਸਭ ਇਕਸੁਰਤਾ ਤੇ ਇਕਸਾਰਤਾ ਦਾ ਕਾਦਰੀ ਵਰਤਾਰਾ ਚੱਲਦਾ ਆ ਰਿਹਾ ਹੈ ਤੇ ਚੱਲਦਾ ਰਹੇਗਾ।

ਇਸੇ ਹੀ ਹੁਕਮੀ ਦੇ ਹੁਕਮ ਵਿੱਚ ਸੰਸਾਰ ਅੰਦਰ ਪੀਰ, ਪੈਗੰਬਰ, ਅਵਤਾਰ, ਔਲੀਆ ਨਿਰੰਤਰ ਮਨੁੱਖਤਾ ਨੂੰ ਗਿਆਨ ਵੰਡਣ ਲਈ ਆਏ ਹਨ। ਉਨ੍ਹਾਂ ਸੰਸਾਰ ਅੰਦਰ ਜੀਵਨ ਜੁਗਤਿ ਸਮਝਾਉਣ ਲਈ ਆਪਣੇ ਜ਼ਿੰਮੇ ਲੱਗੇ ਪਰਮੇਸ਼ਵਰੀ ਫਰਜ਼ ਨਿਭਾਏ ਹਨ। ਜੋ ਮਨੁੱਖ ਰੱਬੀ ਗਿਆਨ ਰਾਹੀਂ ਸਮਝ ਸੂਝ ਲੈ ਕੇ ਤਿਆਰ ਹੁੰਦਾ ਹੈ ਉਸ ਦੀ ਸਮਝ ਵਿੱਚ ਇਨਸਾਨੀਅਤ ਦੀਆਂ ਖ਼ੂਬੀਆਂ ਭਾਰੀ ਭਰਪੂਰ ਰਹਿੰਦੀਆਂ ਹਨ। ਵੈਰ, ਵਿਰੋਧ, ਈਰਖਾ, ਨ਼ਫਰਤ, ਸਾੜੇ ਤੋਂ ਉਹ ਨਿਰਲੇਪ ਹੁੰਦੇ ਹਨ। ਉਹ ਸਭ ਨੂੰ ਰੱਬ ਦੇ ਬੰਦੇ ਕਰਕੇ ਜਾਣਦੇ , ਪਿਆਰਦੇ, ਸਤਿਕਾਰਦੇ ਹਨ। ਉਨ੍ਹਾਂ ਲਈ ਜ਼ਾਤਾਂ ਤੇ ਮਜ਼ਬਾਂ ਦੀਆਂ ਹੱਦਾਂ ਸਦਾ ਬੇਲੋੜੀਆਂ ਹੁੰਦੀਆਂ ਹਨ।

ਆਮ ਜਨ ਸਾਧਾਰਨ ਵਿਅਕਤੀ ਕਿਉਂਕਿ ਜ਼ਾਤੀ ਜ਼ਿੰਦਗੀ ਦੇ ਤੰਗ ਵਲਗਣ ਵਿੱਚ ਸਵਾਰਥੀ ਸੋਚ ਤੇ ਲਾਲਸਾ ਲੈ ਕੇ ਵਿਚਰਦਾ ਹੈ। ਇਸ ਦੇ ਦਿਲ ਦਿਮਾਗ ਵਿੱਚ ਮੇਰ ਤੇਰ , ਈਰਖਾ, ਦਵੈਤ ਦੇ ਮਾਰੂ ਜਰਾਸੀਮ ਭਰ ਜਾਂਦੇ ਹਨ। ਇਹ ਮਨੁੱਖ ਜਿੱਥੇ ਜ਼ਿੰਦਗੀ ਦੀ ਸਮਝ ਤੋਂ ਕੋਰਾ ਹੁੰਦਾ ਹੈ ਓਥੇ ਇਸ ਦੇ ਅੰਦਰ ਬੇਸਮਝੀ ਭਾਰੂ ਹੋਣ ਕਾਰਨ ਦੂਜਿਆਂ ਪ੍ਰਤੀ ਮਾਣ ਸਨਮਾਨ ਦੀਆਂ ਭਾਵਨਾਵਾਂ ਮਰ ਜਾਂਦੀਆਂ ਹਨ। ਐਸਾ ਮਨੁੱਖ ਸਮਾਜ ਦੇ ਕਿਸੇ ਵੀ ਖਿੱਤੇ ਵਿੱਚ ਜਾਂ ਕਿਸੇ ਜ਼ਿੰਮੇਵਾਰੀ ਦੇ ਲਈ ਸਥਾਪਿਤ ਹੋਵੇਗਾ, ਉਸ ਪਾਸੋਂ ਦੂਜੇ ਭਲੇ ਦੀ ਆਸ ਕਰਨੀ ਬੇਲੋੜੀ ਹੁੰਦੀ ਹੈ।

ਸਿੱਖ ਦੀ ਤਿਆਰੀ ਪਿੱਛੇ ਗੁਰੂ ਨੇ ਜੋ ਅਣਥੱਕ ਘਾਲ ਘਾਲੀ ਹੈ ਇਸ ਨੂੰ ਆਮ ਮਨੁੱਖ ਜਾਂ ਅਸੂਲਾਂ ਤੋਂ ਥਿੜਕੇ ਵਿਅਕਤੀ ਕਦਾਚਿਤ ਸਮਝਣ ਪੱਖੋਂ ਫੇਲ੍ਹ ਹੁੰਦੇ ਹਨ। ਸਿੱਖਾਂ ਵਾਸਤੇ ਇਹ ਲੋਕ ਕੁਝ ਵੀ ਊਲ ਜਲੂਲ ਬੋਲਦੇ ਹੀ ਆਏ ਹਨ। ਇਸ ਸ਼੍ਰੇਣੀ ਦੇ ਮਨੁੱਖ ਸਮਾਜ ਲਈ ਘਾਤਕ ਹੁੰਦੇ ਹਨ। ਇਹ ਸਮਾਜ ਦੇ ਮਾਹੌਲ ਅੰਦਰ ਜ਼ਹਿਰ ਘੋਲਣ ਦਾ ਕੰਮ ਕਰਦੇ ਹਨ।

ਕੰਗਨਾ ਰਣੌਤ ਇੱਕ ਮੂੰਹ ਜ਼ੋਰ ਹਿਮਾਚਲ ਪ੍ਰਦੇਸ਼ ਦੀ ਪਾਰਲੀਮੈਂਟ ਮੈਂਬਰ ਬੀਬੀ ਵੱਲੋਂ ਚੰਡੀਗੜ੍ਹ ਹਵਾਈ ਅੱਡੇ 'ਤੇ ਆਪਣੀ ਅਕਲ ਦਾ ਜਲੂਸ ਕੱਢਿਆ ਹੈ ਇੱਕ ਸੁਰੱਖਿਆ ਕਰਮਚਾਰੀ ਧੀ ਨੂੰ ਖ਼ਾਲਿਸਤਾਨੀ ਆਖ ਕੇ। ਇਹ ਬਹੁਤ ਹੀ ਖਤਰਨਾਕ ਕਿਰਿਆ ਹੈ। ਸਿੱਖ ਘਰਾਣੇ ਦੀ ਸੁਰੱਖਿਆ ਕਰਮਚਾਰੀ ਧੀ ਵੱਲੋਂ ਉਸ ਦੇ ਇਸ ਭਿਆਨਕ ਵਤੀਰੇ ਦਾ ਉੱਤਰ ਚੁਪੇੜ ਨਾਲ ਦਿੱਤਾ ਗਿਆ। ਜਿਸ ਬਾਰੇ ਹੱਕ ਵਿਰੋਧ ਦੀਆਂ ਵੱਖ ਵੱਖ ਚਰਚਾਵਾਂ ਪੜ੍ਹਨ ਸੁਣਨ ਲਈ ਸਾਹਮਣੇ ਹਨ।

ਇਹ ਬੀਬੀ ਕਿਸਾਨ ਅੰਦੋਲਨ ਮੌਕੇ ਵੇਲੇ ਵੀ ਆਪਣੀ ਖੋਟੀ ਅਕਲ ਦਾ ਜ਼ਹਿਰੀਲਾ ਰੂਪ ਉਜਾਗਰ ਕਰ ਚੁੱਕੀ ਹੈ। ਇਸ ਨੂੰ ਇਸ ਦੇ ਪਰਿਵਾਰ ਤੇ ਨੇੜਲੇ ਚੰਗੇ ਵਿਅਕਤੀਆਂ ਵੱਲੋਂ ਨੱਥ ਪਾਉਣੀ ਚਾਹੀਦੀ ਸੀ ਮਗਰ ਇਹ ਮੂੰਹ ਜੋਰ ਬੀਬੀ ਆਪਣੇ ਹੀ ਹੰਕਾਰ ਨਾਲ ਭਰੀ ਹੋਈ ਸੱਤਾਧਾਰੀ ਧਿਰ ਦੇ ਮੋਢਿਆਂ 'ਤੇ ਚੜ੍ਹ ਕੇ ਕੁਰੱਖਤ ਹੋ ਗਈ ਹੈ। ਪੰਜਾਬੀ ਦਾ ਮੁਹਾਵਰਾ ਹੈ 'ਇੱਕ ਕਮਲੀ ਦੂਜੀ ਪੈ ਗਈ ਮੜ੍ਹੀਆਂ ਦੇ ਰਾਹ।'



ਦੁੱਖ ਹੋਰ ਵੱਡਾ ਹੋ ਜਾਂਦਾ ਹੈ ਜਦੋਂ ਇਹ ਪੜ੍ਹੇ ਲਿਖੇ ਵਰਗ ਦੀ ਬੀਬੀ ਜੋ ਖੁਦ ਨੂੰ ਫਿਲਮਾਂ ਦੀ ਅਦਾਕਾਰ ਦੱਸਦੀ ਹੈ। ਕੀ ਇਸ ਤਰ੍ਹਾਂ ਦੀਆਂ ਆਪ ਹੁਦਰੀਆਂ ਕਰਨ ਵਾਲੀ ਸਮਾਜ ਦੇ ਸੁਧਾਰ ਲਈ ਪ੍ਰੇਰਨਾ ਸਰੋਤ ਹੋ ਸਕਦੀ ਹੈ? ਫਿਲਮਾਂ ਨੂੰ ਸਮਾਜ ਸੁਧਾਰ ਦੇ ਕੇਂਦਰ ਵੱਲੋਂ ਵੇਖਦੇ ਤੇ ਪ੍ਰਚਾਰਦੇ ਹਾਂ।

ਕੰਗਨਾ ਰਣੌਤ ਵੱਲੋਂ ਸਿੱਖਾਂ ਨੂੰ ਅੱਤਵਾਦੀ ਆਖਣ ਦੀ ਕਰਤੂਤ ਸਿੱਖ ਕੌਮ ਦਾ ਅਪਮਾਨ ਹੈ। ਸਿੱਖ ਕੌਮ ਕੋਲ ਜੋ ਸਿੱਖਿਆ ਤੇ ਜੀਵਨ ਘਾੜਤ ਹੈ ਉਸ ਵਿੱਚ ਕਿਸੇ ਬਾਰੇ ਬੁਰਾ ਸੋਚਣ ਤੇ ਕਰਨ ਦੀ ਰਾਈ ਮਾਤਰ ਵੀ ਗੁੰਜਾਇਸ਼ ਨਹੀਂ ਹੈ। ਸਿੱਖ ਭਾਰਤ ਦੇਸ਼ ਦਾ ਆਦਰਯੋਗ ਸ਼ਹਿਰੀ ਹੈ। ਜੋ ਆਪਣੀ ਜ਼ਿੰਦਗੀ ਨਿਜ ਲਈ ਨਹੀਂ ਜਿਉਂਦਾ। ਸਿੱਖ ਕੋਲ ਸੇਵਾ, ਸਿਮਰਨ, ਉਦਾਰਤਾ ਤੇ ਪਰਉਪਕਾਰ ਵਰਗੇ ਕਾਦਰੀ ਗੁਣ ਹਨ, ਜੋ ਸਤਿਗੁਰੂ ਸਹਿਬਾਨ ਨੇ ਆਪਣੇ ਜੀਵਨ ਦੇ ਕਰਣੀਨਾਮੇ ਰਾਹੀਂ ਕੁੱਟ ਕੁੱਟ ਕੇ ਭਰੇ ਹਨ। ਸਿੱਖ ਸੰਸਾਰ ਦੀ ਕਿਸੇ ਵੀ ਧਰਤੀ 'ਤੇ ਹੋਵੇ ਇਹ ਇਨਸਾਨੀ ਗੁਣਾਂ ਦਾ ਮੁਜੱਸਮਾ ਬਣ ਕੇ ਹੀ ਵਿਚਰਦਾ ਹੈ। ਸੰਸਾਰ ਇਸ ਦੇ ਇਸ ਦੁਰਲੱਭ ਸੇਵਾ ਦੇ ਕਰਮ ਅੱਗੇ ਸਿਰ ਝੁਕਾਉਂਦਾ ਹੈ। ਭਾਰਤ ਦੇਸ਼ ਦੇ ਇਤਿਹਾਸ ਵਿਚੋਂ ਸਿੱਖ ਕੌਮ ਦੀ ਕੁਰਬਾਨੀ ਨੂੰ ਪਾਸੇ ਕਰ ਲਿਆ ਜਾਵੇ ਤਾਂ ਮਗਰ ਖੋਖਲਾਪਨ ਹੀ ਰਹਿ ਜਾਂਦਾ ਹੈ।

ਭਾਰਤੀ ਸਮਾਜ ਵਿੱਚ ਇਹ ਮੰਨਿਆ ਜਾਂਦਾ ਹੈ ਕਿ ਇਹ ਦੇਸ਼ ਧਾਰਮਿਕ ਪਰਵਿਰਤੀ ਵਾਲਾ ਹੈ। ਇਥੋਂ ਰਿਸ਼ੀਆਂ ਮੁਨੀਆਂ ਤੇ ਹੋਰ ਗਿਆਨ ਪਾਂਧੀਆਂ ਨੇ ਲੰਮੇ ਸਮੇਂ ਤੋਂ ਚੰਗੇ ਗੁਣਾਂ ਵਾਲਾ ਸਮਾਜ ਸਿਰਜਣ ਵਿੱਚ ਵੱਡਾ ਹਿੱਸਾ ਪਾਇਆ ਹੈ।

ਮਗਰ ਵਰਤਮਾਨ ਸਮੇਂ ਭਾਰਤੀ ਵੱਸੋਂ ਦਾ ਵੱਡਾ ਹਿੱਸਾ ਆਪਣੇ ਗਿਆਨ ਤੇ ਸੰਸਕਾਰੀ ਵਿਰਸੇ ਤੋਂ ਟੁੱਟ ਕੇ ਜ਼ਿੰਦਗੀ ਜੀਊਣ ਲੱਗਿਆ ਹੈ। ਜਿਸ ਦਾ ਦਿਲ ਦਿਮਾਗ ਆਪਣੀ ਗਿਣਤੀ ਤੇ ਰਾਜਸੀ ਸੱਤਾ ਦੇ ਘੁਮੰਡ ਕਰਕੇ ਸਮਾਜਿਕ ਵਿਵਸਥਾ ਨੂੰ ਵਿਗਾੜ ਕੇ ਓਜੜ ਰਾਹੇ ਪਾ ਰਿਹਾ ਹੈ। ਗੁਰੂ ਨਾਨਕ ਸਾਹਿਬ ਜੀ ਦਾ ਘਰ ਇਨ੍ਹਾਂ ਘੁਮੰਡ ਧਾਰੀਆਂ ਦੀ ਮਾਰ ਹੇਠਾਂ ਵਧੇਰੇ ਹੈ। ਵੱਖ ਵੱਖ ਢੰਗਾਂ ਨਾਲ ਸਿੱਖਾਂ ਨੂੰ ਅਪਮਾਨਿਤ ਕਰਨ ਲਈ ਮਿਥੀ ਸਾਜਿਸ਼ ਰਾਹੀਂ ਸ਼ਿਕਾਰ ਬਣਾਇਆ ਜਾ ਰਿਹਾ। ਦੁੱਖ ਇਸ ਗੱਲ ਦਾ ਹੈ ਕਿ ਸਰਬੱਤ ਦਾ ਭਲਾ ਮੰਗਣ ਦਾ ਅਮਲ ਉਜਾਗਰ ਕਰਨ ਵਾਲੀ ਕੌਮ 'ਤੇ ਵੱਖ ਵੱਖ ਊਝਾਂ ਲਾ ਕੇ ਅਪਮਾਨਿਤ ਕਰਨ ਦਾ ਦੌਰ ਚਲਾਇਆ ਜਾਂਦਾ ਹੈ। ਕੰਗਨਾ ਰਣੌਤ ਬੀਬੀ ਦਾ ਸਿੱਖਾਂ ਪ੍ਰਤੀ ਵਿਹਾਰ ਸੁਤੇ ਸਿਧ ਸਹਜ ਦਾ ਵਰਤਾਰਾ ਨਹੀਂ ਬਲਕਿ ਯੋਜਨਾਬੱਧ ਮੁਹਿੰਮ ਦਾ ਹਿੱਸਾ ਹੈ।

1947 ਤੋਂ ਲਗਾਤਾਰ ਸਿੱਖ ਇਸ ਵਰਤਾਰੇ ਦਾ ਮਿਥਵਾਂ ਨਿਸ਼ਾਨਾ ਹਨ। ਅਸੀਂ ਜਜ਼ਬਾਤੀ ਨਹੀਂ ਹੋਣਾ। ਸਾਨੂੰ ਭਾਰਤੀ ਹਾਕਮ ਜਮਾਤ ਦੇ ਅੰਦਰੂਨੀ ਮਨਸੂਬਿਆਂ ਨੂੰ ਗੰਭੀਰ ਚਿੰਤਨ ਰਾਹੀਂ ਸਮਝਣ ਤੇ ਹਕੂਮਤੀ ਮਨਸੂਬਿਆਂ ਨੂੰ ਗਿਆਨ ਖੜਗ ਰਾਹੀਂ ਪਛਾੜਨ ਦੀ ਵੱਡੀ ਲੋੜ ਹੈ। ਬਾਕੀ ਭਾਰਤੀ ਘੱਟ ਗਿਣਤੀ ਭਾਈਚਾਰਿਆਂ ਪਜ਼ੀ ਵਿਵਹਾਰ ਨੂੰ ਵੀ ਧਿਆਨ ਵਿਚ ਰੱਖਣਾ ਬੇਹੱਦ ਜ਼ਰੂਰੀ ਹੈ। ਘੱਟ ਗਿਣਤੀ ਭਾਈਚਾਰਿਆਂ ਦੇ ਨੇੜੇ ਹੋਣਾ, ਨਾਲ ਤੁਰਨਾ ਤੇ ਹੱਕ ਹਕੂਕਾਂ ਦੀ ਲੜਾਈ ਨੂੰ ਰਲ ਕੇ ਲੜਨ ਦੀ ਵਿਉਂਤ ਵਾਸਤੇ ਵਧਣਾ ਜਰੂਰੀ ਹੈ। ਕੀ ਸਿੱਖ ਵਾਕਿਆ ਅੱਤਵਾਦੀ ਹਨ? ਸਿੱਖ ਇਨ੍ਹਾਂ ਸਵਾਲਾਂ ਦਾ ਜਵਾਬ ਦੇਣ ਲਈ ਨਹੀਂ ਹਨ! ਭਾਰਤੀ ਹਕੂਮਤ ਦੇ ਸੱਭਿਆਚਾਰ ਮੰਤਰਾਲੇ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਕੋਈ ਘੱਟ ਗਿਣਤੀ ਭਾਈਚਾਰਿਆਂ ਬਾਰੇ ਅਪਮਾਨਿਤ ਟਿੱਪਣੀ ਕਰੇ ਤਾਂ ਉਸ ਨੂੰ ਨੱਥ ਪਾਉਣ ਲਈ ਪੱਕਾ ਬਾਨਣੂ ਬੰਨੇ।

ਅਸਲੀ ਅੱਤਵਾਦੀ ਸਿੱਖਾਂ, ਹੋਰ ਘੱਟ ਗਿਣਤੀ ਭਾਈਚਾਰਿਆਂ ਤੇ ਮਨੁੱਖਤਾ ਵਿਰੋਧੀ ਜ਼ਹਿਰ ਘੋਲਣ ਵਾਲੇ ਸਮੂਹ ਹਨ।

# ਦੁਨੀਆਂ ਦੀ ਪੰਜਵੀਂ ਤੋਂ ਤੀਜੀ ਵੱਡੀ ਆਰਥਿਕਤਾ ਵੱਲ ਵਧਣ ਦੇ ਦਾਅਵੇ ਸਿਰਫ਼ ਅੰਕੜਿਆਂ ਦੀ ਪੇਸ਼ਕਾਰੀ ਦੀ ਮਿਥ

ਖੁਸ਼ਵਿੰਦਰ ਸਿੰਘ ਸੂਰੀਆ

ਅੱਜ ਜਿਸ ਰਫ਼ਤਾਰ ਨਾਲ ਭਾਰਤ ਦੀ ਅਰਥਵਿਵਸਥਾ ਅੱਗੇ ਵਧ ਰਹੀ ਹੈ, ਉਸ ਨੂੰ ਵੇਖਦੇ ਹੋਏ ਆਈ.ਐੱਮ.ਐੱਫ. ਨੇ ਇਹ ਸਾਫ ਕੀਤਾ ਹੋਇਆ ਹੈ ਕਿ 2025 ਤੱਕ ਭਾਰਤ ਜਾਪਾਨ ਨੂੰ ਪਿੱਛੇ ਛੱਡ ਸੰਸਾਰ ਦੀ ਚੌਥੀ ਅਤੇ 2027 ਤੱਕ ਜਰਮਨੀ ਨੂੰ ਵੀ ਪਛਾੜ ਕੇ ਸੰਸਾਰ ਦੀ ਤੀਜੀ ਵੱਡੀ ਅਰਥਵਿਵਸਥਾ ਹੋਣ ਦਾ ਮਾਣ ਹਾਸਿਲ ਕਰ ਲਵੇਗਾ ਅਤੇ ਇਸ ਤੱਥ ਦਾ ਮੋਦੀ ਸਰਕਾਰ ਨੇ ਸਮੇਂ-ਸਮੇਂ 'ਤੇ ਖ਼ੂਬ ਪ੍ਰਚਾਰ ਵੀ ਕੀਤਾ ਹੈ। ਅਮਰੀਕਾ ਪਹਿਲੇ ਤੇ ਚੀਨ ਦੂਜੇ ਨੰਬਰ 'ਤੇ ਪਹਿਲਾਂ ਵਾਂਗ ਬਣੇ ਰਹਿਣਗੇ। ਇਸ ਦਾ ਅਰਥ ਇਹ ਨਿਕਲਦਾ ਹੈ ਕਿ ਭਾਰਤ ਦੇ ਸਾਰੇ ਰਾਜ ਤੇ ਲੋਕ ਤਰੱਕੀ ਕਰ ਰਹੇ ਹਨ, ਪੈਸਾ ਕਮਾ ਰਹੇ ਹਨ ਤੇ ਇਸ ਨਾਲ ਪੂਰੇ ਦੇਸ਼ ਦਾ ਕੁੱਲ ਘਰੇਲੂ ਉਤਪਾਦਨ ਵਧ ਰਿਹਾ ਹੈ, ਜਦਕਿ ਇਹ ਗੱਲ ਪੂਰੀ ਤਰ੍ਹਾਂ ਨਾਲ ਸੱਚ ਨਹੀਂ ਹੈ। ਭਾਵੇਂ ਦੇਸ਼ ਦੀ ਅਰਥਵਿਵਸਥਾ ਉਸ ਦੀ ਜੀ.ਡੀ.ਪੀ. ਤੋਂ ਹੀ ਪਰਖੀ ਜਾਂਦੀ ਹੈ, ਪਰ ਸੱਚ ਇਹ ਹੈ ਕਿ ਭਾਰਤ ਦੀ ਤਰੱਕੀ ਸਾਰੇ ਭਾਰਤੀ ਰਾਜਾਂ ਦੀ ਤਰੱਕੀ ਦੀ ਸਮਾਨਅਰਥੀ ਨਹੀਂ ਹੈ, ਬਲਕਿ ਭਾਰਤ ਦੇ ਪੰਜ ਰਾਜ ਹੀ ਅਜਿਹੇ ਹਨ, ਜੋ ਬਹੁਤ ਜ਼ਿਆਦਾ ਅਮੀਰ ਹਨ ਤੇ ਭਾਰਤ ਦੀ ਜੀ.ਡੀ.ਪੀ. 'ਚ ਇਨ੍ਹਾਂ ਪੰਜ ਰਾਜਾਂ ਦਾ ਯੋਗਦਾਨ ਹੀ 47 ਫ਼ੀਸਦੀ ਹੈ, ਜਦਕਿ ਬਾਕੀ ਦੇ 23 ਰਾਜਾਂ ਦਾ ਕੁੱਲ ਯੋਗਦਾਨ 53 ਫ਼ੀਸਦੀ ਹੈ ਅਤੇ ਸਾਡਾ ਪੰਜਾਬ ਇਨ੍ਹਾਂ ਸਿਖ਼ਰਲੇ ਪੰਜ (ਟਾਪ ਫਾਈਵ) ਦੇ ਨੇੜੇ-ਤੇੜੇ ਵੀ ਨਹੀਂ ਹੈ, ਭਾਵ ਜੇ ਅੱਜ ਭਾਰਤ ਦੀ ਜੀ.ਡੀ.ਪੀ. ਤੇਜ਼ੀ ਨਾਲ ਵਧ ਰਹੀ ਹੈ ਤਾਂ ਉਸ 'ਚ ਇਨ੍ਹਾਂ ਪੰਜ ਅਮੀਰ ਰਾਜਾਂ ਦਾ ਯੋਗਦਾਨ ਹੀ ਜ਼ਿਆਦਾ ਹੈ ਬਾਕੀ ਭਾਰਤ ਦੀ ਸਥਿਤੀ ਇਸ ਮਾਮਲੇ 'ਚ ਵੱਖਰੀ ਹੈ। ਭਾਰਤ ਦੇ ਬਹੁਤੇ ਰਾਜ ਅਜਿਹੇ ਵੀ ਹਨ, ਜਿਨ੍ਹਾਂ ਕੋਲ ਲੋੜੀਂਦੇ ਕੁਦਰਤੀ ਸ੍ਰੋਤ ਅਤੇ ਮਨੁੱਖੀ ਤਾਕਤ ਤਾਂ ਮੌਜੂਦ ਹੈ ਪਰ ਉਨ੍ਹਾਂ ਦੀ ਭੂਗੋਲਿਕ ਸਥਿਤੀ ਤੇ ਰਾਜਸੀ ਹਾਲਾਤ ਅਜਿਹੇ ਰਹੇ ਕਿ ਉਹ ਬਣਦੀ ਤਰੱਕੀ ਤੋਂ ਵਾਂਝੇ ਰਹਿ ਗਏ।

ਜੇਕਰ ਭਾਰਤ ਦੇ ਪੰਜ ਅਮੀਰ ਰਾਜਾਂ ਦੀ ਗੱਲ ਕਰੀਏ ਤਾਂ ਇਨ੍ਹਾਂ 'ਚੋਂ ਪੰਜਵੇ ਨੰਬਰ 'ਤੇ ਗੁਜਰਾਤ ਆਉਂਦਾ ਹੈ, ਜੋ ਭਾਰਤ ਦੇ ਪੱਛਮੀ ਘਾਟ 'ਤੇ ਸਥਿਤ ਹੈ ਅਤੇ ਅਰਬ ਸਾਗਰ ਨਾਲ 1600 ਕਿੱਲੋਮੀਟਰ ਦੀ ਤੱਟ ਰੇਖਾ ਸਾਂਝੀ ਕਰਦਾ ਹੈ। ਇਸੇ ਭੂਗੋਲਿਕ ਖ਼ੂਬੀ ਕਰਕੇ ਇਹ ਬਾਹਰੀ ਦੁਨੀਆ ਨਾਲ ਜੁੜਦਾ ਹੈ ਅਤੇ ਪੁਰਾਣੇ ਸਮੇਂ ਤੋਂ ਹੀ ਇਸ ਦੀਆਂ ਬੰਦਰਗਾਹਾਂ ਵਪਾਰ ਦਾ ਕੇਂਦਰ ਰਹੀਆਂ ਹਨ। ਤੇਲ ਸੋਧਕ ਕਾਰਖਾਨੇ, ਦਵਾਈ ਕੰਪਨੀਆਂ, ਖਾਦ ਉਦਯੋਗ, ਬਿਲਡਿੰਗ ਮਟੀਰੀਅਲ, ਹੀਰਾ ਕਾਰੋਬਾਰ, ਛੋਟੀਆਂ ਸਨਅਤਾਂ ਦਾ ਇਹ ਕੇਂਦਰ ਬਣ ਚੁੱਕਾ ਹੈ। ਮਸ਼ਹੂਰ



ਉਦਯੋਗਪਤੀ ਅੰਬਾਨੀ, ਅਡਾਨੀ ਵੀ ਗੁਜਾਰਤ ਤੋਂ ਹੀ ਹਨ ਅਤੇ ਭਾਰਤੀ ਪ੍ਰਧਾਨ ਮੰਤਰੀ ਵੀ ਗੁਜਾਰਤ ਦੇ ਹੀ ਜੰਮਪਲ ਹਨ। ਗੁਜਰਾਤ ਦੀ ਆਪਣੀ ਕੁੱਲ ਘਰੇਲੂ ਪੈਦਾਵਾਰ ਸਾਲ 2023-24 'ਚ ਲਗਭਗ 321 ਬਿਲੀਅਨ ਡਾਲਰ ਰਹੀ ਅਤੇ ਦੇਸ਼ ਦੀ ਜੀ.ਡੀ.ਪੀ. 'ਚ ਇਸ ਦਾ ਯੋਗਦਾਨ ਲਗਭਗ 8.2 ਫ਼ੀਸਦੀ ਹੈ। ਇਸ ਤੋਂ ਬਾਅਦ ਚੌਥੇ ਨੰਬਰ 'ਤੇ ਕਰਨਾਟਕਾ ਅਤੇ ਤੀਜੇ ਨੰਬਰ 'ਤੇ ਉੱਤਰ ਪ੍ਰਦੇਸ਼ ਹਨ, ਜਿਨ੍ਹਾਂ ਦੀ ਘਰੇਲੂ ਜੀ.ਡੀ.ਪੀ. ਕ੍ਰਮਵਾਰ ਲਗਭਗ 313 ਬਿਲੀਅਨ ਤੇ 306 ਬਿਲੀਅਨ ਡਾਲਰ, ਭਾਵ ਸਮਾਨ ਜਿਹੀ ਹੀ ਹੈ ਅਤੇ ਦੋਵਾਂ ਦਾ ਦੇਸ਼ ਦੀ ਜੀ.ਡੀ.ਪੀ. ਵਿੱਚ ਸੰਯੁਕਤ ਯੋਗਦਾਨ ਲਗਭਗ 17 ਫ਼ੀਸਦੀ ਹੈ। ਜਿੱਥੇ ਕਰਨਾਟਕਾ ਦਾ ਬੈਂਗਲੁਰੂ ਆਈ.ਟੀ. ਸੈਕਟਰ ਦਾ ਹੱਬ ਹੈ ਅਤੇ ਭਾਰਤ ਦਾ ਸਭ ਤੋਂ ਵੱਡਾ ਸਾਫਟਵੇਅਰ ਐਕਸਪੋਟਰ ਹੈ, ਉੱਥੇ ਉੱਤਰ ਪ੍ਰਦੇਸ਼ ਆਪਣੀ ਉਪਜਾਊ ਜ਼ਮੀਨ ਤੇ ਉੱਚ ਪੈਦਾਵਾਰ ਲਈ ਮਸ਼ਹੂਰ ਹੈ। ਫਿਰ ਨੰਬਰ ਦੋ 'ਤੇ ਆਉਂਦਾ ਹੈ ਤਾਮਿਲਨਾਡੂ ਜੋ ਪੁਰਾਣਾ ਅਮੀਰ ਰਾਜ ਹੈ, ਜਿਸ ਦੀ ਸਾਲ 2023-24 ਦੀ ਘਰੇਲੂ ਜੀ.ਡੀ.ਪੀ. 339 ਬਿਲੀਅਨ ਡਾਲਰ ਸੀ ਅਤੇ ਦੇਸ਼ ਦੀ ਜੀ.ਡੀ.ਪੀ. 'ਚ ਇਕੱਲਾ 9.1 ਫ਼ੀਸਦੀ ਦਾ ਯੋਗਦਾਨ ਪਾਉਂਦਾ ਹੈ। ਇਸ ਤੋਂ ਅਗਲਾ ਤੇ ਪਹਿਲੇ ਨੰਬਰ ਦਾ ਸਭ ਤੋਂ ਅਮੀਰ ਰਾਜ ਹੈ ਮਹਾਰਾਸ਼ਟਰ, ਜਿਸ ਦੀ ਤਾਜ਼ਾ ਘਰੇਲੂ ਜੀ.ਡੀ.ਪੀ. 487 ਬਿਲੀਅਨ ਡਾਲਰ ਹੈ ਅਤੇ ਦੇਸ਼ ਦੀ ਅਰਥਵਿਵਸਥਾ 'ਚ ਇਸ ਦਾ ਯੋਗਦਾਨ 12.9 ਫ਼ੀਸਦੀ ਹੈ ਅਗਲੇ ਕਈ ਦਹਾਕਿਆਂ ਤੱਕ ਵੀ ਕੋਈ ਹੋਰ ਭਾਰਤੀ ਰਾਜ ਮਹਾਰਾਸ਼ਟਰ ਨੂੰ ਆਰਥਿਕ ਪੱਖੋਂ ਪਿੱਛੇ ਨਹੀਂ ਛੱਡ ਸਕਦਾ। ਉੱਤਰ ਪ੍ਰਦੇਸ਼ ਨੂੰ ਛੱਡ ਕੇ ਬਾਕੀ ਚਾਰੇ ਰਾਜ ਸਮੁੰਦਰ ਨਾਲ ਜੁੜੇ ਹੋਣ ਕਰਕੇ ਬਾਹਰੀ ਦੁਨੀਆ ਨਾਲ ਵਪਾਰ ਦੇ ਪੱਖ ਤੋਂ ਪੁਰਾਣੇ ਸਮੇਂ ਤੋਂ ਜੁੜੇ ਹੋਏ ਹਨ, ਜਿਸ ਕਰਕੇ ਇਹ ਰਾਜ ਬਾਕੀ ਭਾਰਤੀ ਰਾਜਾਂ ਨਾਲੋਂ ਵੱਧ ਅਮੀਰ ਤੇ ਵਿਕਸਿਤ ਹੋ ਗਏ। ਯੂਰਪ ਵਲੋਂ ਆਉਣ ਵਾਲੇ ਵਪਾਰੀ ਜਹਾਜ਼ਾਂ ਦਾ ਕੇਂਦਰ ਇਹੀ ਰਾਜ ਬਣ ਗਏ, ਜਦਕਿ ਤਾਮਿਲਨਾਡੂ ਨੂੰ ਛੱਡ ਕੇ ਦੇਸ਼ ਦੇ ਪੂਰਬੀ ਘਾਟ ਨਾਲ ਜੁੜੇ ਰਾਜ ਐਨੇ ਵਿਕਸਿਤ ਨਹੀਂ ਹੋ ਸਕੇ, ਕਿਉਂਕਿ ਪੱਛਮੀ ਦੇਸ਼ਾਂ ਦੇ ਵਪਾਰੀ ਸਮੁੰਦਰ ਰਾਹੀਂ ਉਧਰ ਜਾਂਦੇ ਹੀ ਨਹੀਂ ਸਨ, ਉਹ ਪੱਛਮੀ ਘਾਟ ਤੋਂ ਹੀ ਮੁੜ ਜਾਂਦੇ ਸਨ। ਆਂਧਰਾ ਪ੍ਰਦੇਸ਼, ਓਡੀਸ਼ਾ, ਪੱਛਮੀ ਬੰਗਾਲ ਵਰਗੇ ਰਾਜ ਭਾਵੇਂ ਸਮੁੰਦਰ ਨਾਲ ਲਗਦੇ ਹਨ ਅਤੇ ਕੁਦਰਤੀ ਸਰੋਤਾਂ ਨਾਲ ਵੀ ਸੰਪੰਨ ਹਨ, ਪਰ ਫਿਰ ਵੀ ਇਨ੍ਹਾਂ ਰਾਜਾਂ ਦੀ ਆਰਥਿਕਤਾ ਆਪਣੀ ਸਥਿਤੀ, ਸਮੁੰਦਰੀ ਤੂਫ਼ਾਨਾਂ ਦੀ ਇਸ ਪਾਸੇ ਵੱਲ ਜ਼ਿਆਦਾ ਆਮਦ ਤੇ ਕੇਂਦਰ ਸਰਕਾਰਾਂ ਦੀਆਂ ਅਣਗੌਲੀਆਂ ਨੀਤੀਆਂ ਕਰਕੇ ਪਛੜੀ ਹੀ ਰਹਿ ਗਈ।

ਜੇਕਰ ਪੰਜਾਬ ਦੀ ਗੱਲ ਕਰੀਏ ਤਾਂ ਇਸ ਦੀ ਸਥਿਤੀ ਵੀ ਇਸ ਮਾਮਲੇ 'ਚ ਕੋਈ ਖ਼ਾਸ ਨਹੀਂ ਹੈ। ਪੰਜਾਬ ਦੀ ਘਰੇਲੂ ਜੀ.ਡੀ.ਪੀ. ਲਗਭਗ 96 ਬਿਲੀਅਨ ਡਾਲਰ ਹੈ। ਦੇਸ਼ ਦੀ ਆਰਥਿਕਤਾ 'ਚ ਇਸ ਦਾ ਹਿੱਸਾ ਸਿਰਫ਼ 2.49 ਫ਼ੀਸਦੀ ਹੈ ਤੇ ਨੰਬਰ ਪੱਖੋਂ ਇਸ ਦਾ ਸਥਾਨ 16ਵਾਂ ਹੈ, ਜਦੋਂ ਕਿ ਇਸ ਮਾਮਲੇ 'ਚ ਇਹ ਗ਼ਰੀਬ ਤੇ ਅਨਪੜ੍ਹ ਮੰਨੇ ਜਾਂਦੇ ਰਹੇ ਰਾਜ ਬਿਹਾਰ ਤੋਂ ਵੀ ਪਛੜ ਚੁੱਕਾ ਹੈ। ਬਿਹਾਰ ਦੀ ਤਾਜ਼ਾ ਘਰੇਲੂ ਜੀ.ਡੀ.ਪੀ. 120 ਬਿਲੀਅਨ ਡਾਲਰ ਰਹੀ ਅਤੇ ਨੰਬਰਾਂ ਪੱਖੋਂ ਸਥਾਨ 15ਵਾਂ ਹੈ। ਹੋਰ ਤਾਂ ਹੋਰ ਪੰਜਾਬ 'ਚੋਂ ਨਿਕਲਿਆ ਸੂਬਾ ਹਰਿਆਣਾ ਵੀ ਪੰਜਾਬ ਨੂੰ ਮਾਤ ਪਾ ਗਿਆ ਅਤੇ ਉਸ ਦੀ ਘਰੇਲੂ ਜੀ.ਡੀ.ਪੀ. ਅੱਜ 150 ਬਿਲੀਅਨ ਡਾਲਰ ਦੇ ਲਗਭਗ ਹੈ ਅਤੇ ਉਹ 13ਵੇਂ ਸਥਾਨ 'ਤੇ ਹੈ। 1993-94 ਦੇ ਸਮੇਂ ਵੇਲੇ ਆਮ ਪੰਜਾਬੀ ਆਮਦਨ ਪੱਖੋਂ ਭਾਰਤ 'ਚ ਦੂਜੇ ਰਾਜਾਂ ਮੁਕਾਬਲੇ ਤੀਜੇ ਨੰਬਰ 'ਤੇ ਸੀ। ਪੰਜਾਬ ਦੀ ਵਾਧਾ ਦਰ ਲਗਾਤਾਰ ਘੱਟ ਰਹੀ ਹੈ, ਜ਼ਮੀਨਾਂ 'ਚ ਜ਼ਹਿਰੀਲੇ ਤੱਤ ਵਧ ਚੁੱਕੇ ਹਨ, ਪਾਣੀ ਦਾ ਪੱਧਰ ਤੇ ਪਾਣੀ ਦੀ ਗੁਣਵੱਤਾ ਲਗਾਤਾਰ ਘੱਟ ਹੋ ਰਹੀ ਹੈ, ਕੈਂਸਰ ਲਗਾਤਾਰ ਵੱਧ ਰਿਹਾ ਹੈ ਅਤੇ ਨਵੀਂ ਪੀੜ੍ਹੀ ਦਾ ਪ੍ਰਵਾਸ ਵੱਡੇ ਪੱਧਰ 'ਤੇ ਜਾਰੀ ਹੈ। ਪੰਜਾਬ ਵਾਂਗ ਹੋਰ ਰਾਜਾਂ ਦੀਆਂ ਆਪਣੀਆਂ ਸਮੱਸਿਆਵਾਂ ਹਨ, ਭਾਵ ਇੱਕ ਪਾਸੇ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਭਾਰਤ ਤੇਜ਼ੀ ਨਾਲ ਦੁਨੀਆ ਦੀ ਤੀਜੇ ਨੰਬਰ ਦੀ ਆਰਥਿਕਤਾ ਬਣਨ ਵੱਲ ਵਧ ਰਿਹਾ ਹੈ ਪਰ ਜ਼ਮੀਨੀ ਹਕੀਕਤ ਓਨੀ ਉਤਸ਼ਾਹਜਨਕ ਨਹੀਂ ਹੈ, ਸਿਰਫ ਮੁੱਠੀ ਭਰ ਰਾਜਾਂ ਨੂੰ ਛੱਡ ਕੇ।

ਹੁਣ ਪਰਖ ਕਰਦੇ ਹਾਂ ਦੁਨੀਆਂ ਦੀ ਪੰਜਵੀਂ ਤੋਂ ਤੀਜੀ ਵੱਡੀ ਆਰਥਿਕਤਾ ਵੱਲ ਵਧਣ ਦੇ ਦਾਅਵੇ ਦੀ।

(ਬਾਕੀ ਸਫ਼ਾ 31 'ਤੇ)

# ਪੇਪਰ ਲੀਕ ਘੁਟਾਲੇ ਦੀਆਂ ਡੂੰਘੀਆਂ ਜੜ੍ਹਾਂ



ਰਣਜੀਤ ਸਿੰਘ ਕੁਕੀ

ਸਰਕਾਰ ਦੁਆਰਾ ਸੰਚਾਲਿਤ ਭਾਰਤੀ ਮੈਡੀਕਲ ਦਾਖਲਾ ਪ੍ਰੀਖਿਆ ਵਿੱਚ ਕਥਿਤ ਤੌਰ 'ਤੇ ਲੀਕ ਹੋਏ ਪੇਪਰਾਂ ਅਤੇ ਅਨਿਯਮਿਤ ਸਕੋਰਿੰਗ ਨਾਲ ਜੁੜੇ ਇੱਕ ਘੁਟਾਲੇ ਨੇ ਇੱਕ ਡੂੰਘੇ ਨੁਕਸ ਦਾ ਪਰਦਾਫਾਸ਼ ਕੀਤਾ ਹੈ। ਦੇਸ਼ ਦੇ ਡਾਕਟਰਾਂ ਦੀ ਚੋਣ ਨੂੰ ਕੰਟਰੋਲ ਕਰਕੇ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪ੍ਰਸ਼ਾਸਨ ਆਪਣੇ ਕੱਟੜ-ਸੱਜੇ ਪੱਖੀ ਹਿੰਦੂ ਏਜੰਡੇ ਨੂੰ ਦੇਸ਼ ਦੀ ਸਿਹਤ ਅਤੇ ਸਿੱਖਿਆ ਪ੍ਰਣਾਲੀਆਂ ਦੇ ਵਿੱਚ ਧੱਕ ਰਿਹਾ ਹੈ। ਮਈ ਵਿੱਚ ਕਰਵਾਏ ਗਏ ਦੇਸ਼ ਵਿਆਪੀ ਟੈਸਟ ਵਿੱਚ ਦੇਸ਼ ਦੇ ਮੈਡੀਕਲ ਕਾਲਜਾਂ ਵਿੱਚ 100,000 ਸੀਟਾਂ ਲਈ 2.4 ਮਿਲੀਅਨ ਉਮੀਦਵਾਰਾਂ ਇਮਤਿਹਾਨ ਵਿੱਚ ਬੈਠੇ ਸਨ।

ਨਤੀਜੇ, ਜਦੋਂ ਇਸ ਮਹੀਨੇ ਐਲਾਨੇ ਗਏ ਸਨ, ਉਹ ਹੈਰਾਨ ਕਰਨ ਤੋਂ ਘੱਟ ਨਹੀਂ ਸਨ। ਲਗਭਗ 67 ਵਿਦਿਆਰਥੀਆਂ ਨੇ ਸੰਪੂਰਨ ਅੰਕ ਪ੍ਰਾਪਤ ਕੀਤੇ ਸਨ, ਜੋ ਆਮ ਤੌਰ 'ਤੇ ਦੋ ਜਾਂ ਤਿੰਨ ਤੋਂ ਵੱਧ ਉਮੀਦਵਾਰ ਪ੍ਰਾਪਤ ਨਹੀਂ ਕਰਦੇ ਹਨ। ਇੱਕ ਚੰਗੇ ਕਾਲਜ ਵਿੱਚ ਦਾਖਲੇ ਲਈ ਲੋੜੀਂਦੇ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਇਸ ਸਾਲ ਤਿੰਨ ਗੁਣਾ ਵੱਧ ਗਈ ਹੈ। ਇਸ ਤਰ੍ਹਾਂ ਗ੍ਰੇਡ ਵਧਣ ਨਾਲ, ਚੰਗੇ ਅਦਾਰੇ ਬਹੁਤ ਸਾਰੇ ਯੋਗ ਉਮੀਦਵਾਰਾਂ ਦੀ ਪਹੁੰਚ ਤੋਂ ਬਾਹਰ ਹੋ ਜਾਣਗੇ।

ਭਾਰਤੀ ਸੁਪਰੀਮ ਕੋਰਟ ਦਾ ਕਹਿਣਾ ਹੈ ਕਿ ਪ੍ਰੀਖਿਆ ਦੀ ਪਵਿੱਤਰਤਾ ਨੂੰ ਸੱਟ ਵੱਜੀ ਹੈ। ਵਿਦਿਆਰਥੀਆਂ ਅਤੇ ਮਾਪਿਆਂ ਵੱਲੋਂ ਪੇਪਰ ਲੀਕ ਹੋਣ ਦਾ ਦੋਸ਼ ਲਾਉਣ ਤੋਂ ਬਾਅਦ ਜੱਜਾਂ ਨੇ ਪਿਛਲੇ ਹਫ਼ਤੇ ਨੈਸ਼ਨਲ ਟੈਸਟਿੰਗ ਏਜੰਸੀ ਦੇ ਵਕੀਲਾਂ ਨੂੰ ਕਿਹਾ, ਸਾਨੂੰ ਇਸ ਲਈ ਜਵਾਬ ਦੀ ਲੋੜ ਹੈ। ਫੈਡਰਲ ਸਰਕਾਰ ਨੇ ਕਿਸੇ ਵੀ ਗੜਬੜੀ ਦੀ ਜਾਂਚ ਕਰਨ ਦਾ ਵਾਅਦਾ ਕੀਤਾ ਹੈ, ਹਾਲਾਂਕਿ ਇਹ ਜ਼ੋਰ ਦੇ ਕੇ ਕਹਿੰਦੀ ਹੈ ਕਿ ਕੋਈ ਘੁਟਾਲਾ ਨਹੀਂ ਹੋਇਆ ਸੀ। ਵਿਰੋਧੀ ਪਾਰਟੀਆਂ ਦਾ ਦਾਅਵਾ ਹੈ ਕਿ ਬਿਲਕੁਲ ਅਜਿਹਾ ਹੀ ਸੀ। 2016 ਵਿੱਚ ਇੱਕ ਨਿਆਂਇਕ ਫੈਸਲੇ ਦੁਆਰਾ ਮੈਡੀਕਲ ਸਕੂਲਾਂ ਵਿੱਚ ਦਾਖਲੇ ਲਈ ਇੱਕਮਾਤਰ ਮਾਪਦੰਡ ਵਜੋਂ ਦੇਸ਼ ਵਿਆਪੀ ਟੈਸਟ ਲਾਗੂ ਕੀਤੇ ਜਾਣ ਤੋਂ ਪਹਿਲਾਂ ਤਮਿਲਨਾਡੂ ਵਰਗੇ ਅਗਾਂਹਵਧੂ ਰਾਜ ਕੀ ਕਹਿ ਰਹੇ ਹਨ, ਇਸ ਗੱਲ 'ਤੇ ਜਨਤਕ ਰੋਸ ਰੌਸ਼ਨੀ ਪਾਉਣ ਵਿੱਚ ਮਦਦ ਕਰ ਰਿਹਾ ਹੈ। ਭਵਿੱਖ ਵਿੱਚ ਡਾਕਟਰਾਂ ਦੀ ਚੋਣ ਕਰਨ ਦਾ ਇਹ ਕੇਂਦਰੀਕ੍ਰਿਤ ਤਰੀਕਾ ਉਨ੍ਹਾਂ ਵਿਦਿਆਰਥੀਆਂ ਨਾਲ ਵਿਤਕਰਾ ਕਰਦਾ ਹੈ ਜਿਨ੍ਹਾਂ ਦੇ ਮਾਪੇ ਘੱਟ ਪੜ੍ਹੇ-ਲਿਖੇ ਹਨ ਜਾਂ ਮਹਿੰਗੇ ਟਿਊਸ਼ਨ ਨਹੀਂ ਦੇ ਸਕਦੇ। ਅਮੀਰ ਪੱਖੀ ਪੱਖਪਾਤ ਪੇਂਡੂ ਖੇਤਰਾਂ ਦੇ ਵਿਦਿਆਰਥੀਆਂ ਵਿਰੁੱਧ ਕੰਮ ਕਰਦਾ ਹੈ, ਉਹਨਾਂ ਡਾਕਟਰਾਂ ਨੂੰ ਲੁੱਟਦਾ ਹੈ ਜੋ ਉਹਨਾਂ ਵਿਚਕਾਰ ਰਹਿਣਾ ਚਾਹੁੰਦੇ ਹਨ।

ਤਾਮਿਲਨਾਡੂ ਵਿੱਚ ਦੇਸ਼ ਦੇ 11% ਡਾਕਟਰ ਹਨ ਅਤੇ ਇਸਦੀ ਆਬਾਦੀ ਦਾ 6% ਹੈ, ਮੈਡੀਕਲ ਕਾਲਜਾਂ ਦਾ ਧੰਨਵਾਦ ਜੋ ਇਹ ਸਿੱਧੇ ਫੰਡ ਕਰਦਾ ਹੈ। ਇਸ ਨੂੰ ਨਵੀਂ ਦਿੱਲੀ ਤੋਂ ਇੱਕ ਚਾਲ-ਚਲਣ ਵਾਲੇ ਟੈਸਟ ਨੂੰ ਕਿਉਂ ਸਵੀਕਾਰ ਕਰਨਾ ਚਾਹੀਦਾ ਹੈ ਜੋ ਆਪਣੇ ਹੀ ਕਮਜ਼ੋਰ ਵਿਦਿਆਰਥੀਆਂ ਨੂੰ ਨਿਰਾਸ਼ਾ ਵੱਲ ਲੈ ਜਾਂਦਾ ਹੈ, ਜਾਂ ਇਸ ਤੋਂ ਵੀ ਮਾੜਾ? ਸਲਾਨਾ ਇਮਤਿਹਾਨ ਵਿੱਚ ਦੁਹਰਾਏ ਗਏ ਸ਼ਾਟ, ਜੋ ਕਿ ਅੱਜਕੱਲ੍ਹ 10 ਵਿੱਚੋਂ 7 ਸੀਟਾਂ ਕਿਵੇਂ ਭਰੀਆਂ ਜਾਂਦੀਆਂ ਹਨ, ਟੈਸਟ-ਪ੍ਰੈਪ ਸੇਵਾਵਾਂ ਵਿੱਚ 1 ਮਿਲੀਅਨ ਰੁਪਏ (/ 12,000) ਦਾ ਨਿਵੇਸ਼ ਹੈ। ਇਸ ਵਿੱਚ ਘਰ ਬੈਠਣ ਦੇ ਮੌਕੇ ਦੀ ਲਾਗਤ ਦੀ ਗਿਣਤੀ ਨਹੀਂ ਕੀਤੀ ਜਾਂਦੀ। ਘੱਟ ਆਮਦਨੀ ਵਾਲੇ ਪਰਿਵਾਰ ਇਸ ਦਾ ਮੁਕਾਬਲਾ ਨਹੀਂ ਕਰ ਸਕਦੇ। ਹੋ ਸਕਦਾ ਹੈ ਕਿ ਸਾਂਝਾ ਟੈਸਟ ਪੇਸ਼ਾਵਰ ਸਿੱਖਿਆ ਦੇ ਸੀਮਤ ਮੌਕਿਆਂ ਅਤੇ ਸਿਖਲਾਈ ਪ੍ਰਾਪਤ ਕਰਨ ਦੀ ਇੱਛਾ ਰੱਖਣ ਵਾਲੇ ਆਸਵੰਦਾਂ ਦੀ ਭੀੜ ਦੇ ਕਾਰਨ ਮੰਗ-ਸਪਲਾਈ ਦੀ ਬੇਮੇਲਤਾ ਨੂੰ ਹੱਲ ਕਰਨ ਲਈ ਤਿਆਰ ਕੀਤਾ ਗਿਆ ਹੋਵੇ। ਪਰ ਇਹ ਬੁਨਿਆਦੀ ਤੌਰ 'ਤੇ ਇੱਕ ਸਿਆਸੀ ਪ੍ਰੋਜੈਕਟ ਹੈ। ਭਾਰਤ ਵਿੱਚ ਹਾਈ-ਸਕੂਲ ਪ੍ਰਾਪਤ ਵਿਦਿਆਰਥੀ, ਜੇਕਰ ਉਹ ਕਿਸੇ ਨਿੱਜੀ ਜਾਂ ਸੰਘੀ ਨਿਯੰਤਰਿਤ ਸੰਸਥਾ ਵਿੱਚ ਜਾਂਦੇ ਹਨ, ਤਾਂ ਇੱਕ ਰਾਸ਼ਟਰੀ ਪਾਠਕ੍ਰਮ ਦੀ ਪਾਲਣਾ ਕਰਦੇ ਹਨ। (ਬਹੁਤ ਅਮੀਰ ਲੋਕ ਵੱਧ ਤੋਂ ਵੱਧ ਅੰਤਰਰਾਸ਼ਟਰੀ ਬੈਕਲੈਰੀਅਟ ਕੋਰਸ ਦੀ ਚੋਣ ਕਰ ਰਹੇ ਹਨ।) ਹਾਲਾਂਕਿ, ਰਾਜ-ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਘੱਟ ਕੁਸ਼ਲ ਨੌਜਵਾਨ ਉਹੀ ਕਰ ਰਹੇ ਹਨ ਜੋ ਉਹਨਾਂ ਕੋਲ ਹਮੇਸ਼ਾ ਹੁੰਦਾ ਹੈ: ਸਥਾਨਕ ਵਿਦਿਆਰਥੀਆਂ ਲਈ ਲਿਖੀਆਂ ਕਿਤਾਬਾਂ ਦਾ ਅਧਿਐਨ — ਅਕਸਰ ਖੇਤਰੀ ਭਾਸ਼ਾ ਵਿੱਚ।

ਇੱਕ ਇਮਤਿਹਾਨ ਜੋ 28 ਰਾਜਾਂ ਦੇ ਬੋਰਡਾਂ ਦੁਆਰਾ ਪੇਸ਼ ਕੀਤੀ ਗਈ ਸਕੂਲੀ ਸਿੱਖਿਆ ਵਿੱਚ ਅੰਤਰ ਨੂੰ ਨਜ਼ਰਅੰਦਾਜ਼ ਕਰਦੀ ਹੈ, ਸਥਾਨਕ ਸਿੱਖਿਆ ਨੂੰ ਕਮਜ਼ੋਰ ਕਰਦੀ ਹੈ। ਇਹ ਮਾਪਿਆਂ ਲਈ ਰਾਜ ਦੇ ਪਾਠਕ੍ਰਮ ਤੋਂ ਦੂਰ ਜਾਣ ਲਈ ਇੱਕ ਪ੍ਰੇਰਣਾ ਪੈਦਾ ਕਰਕੇ ਅਜਿਹਾ ਕਰਦਾ ਹੈ। ਜੋ, ਬਦਲੇ ਵਿੱਚ, ਮੋਦੀ ਸਰਕਾਰ ਨੂੰ ਆਪਣੇ ਅਤੀਤ ਦੇ ਬਿਰਤਾਂਤਾਂ ਨੂੰ ਇਤਿਹਾਸ ਦੇ ਰੂਪ ਵਿੱਚ ਕਲਾਸਰੂਮ ਵਿੱਚ ਧੱਕਣ ਵਿੱਚ ਮਦਦ ਕਰਦਾ ਹੈ। ਉਸਦੀ ਭਾਰਤੀ ਜਨਤਾ ਪਾਰਟੀ ਦੇ ਅਧੀਨ, ਭਾਰਤ ਦੇ ਇਸਲਾਮੀ ਸ਼ਾਸਕ ਕੇਂਦਰੀ ਬੋਰਡ ਦੀਆਂ ਕਿਤਾਬਾਂ ਤੋਂ ਲਗਭਗ ਗਾਇਬ ਹੋ ਗਏ ਹਨ। ਜਿਵੇਂ ਕਿ 1948 ਵਿੱਚ ਇੱਕ ਹਿੰਦੂ ਰਾਸ਼ਟਰਵਾਦੀ ਦੁਆਰਾ ਮਹਾਤਮਾ ਗਾਂਧੀ ਦੀ ਹੱਤਿਆ ਦੇ ਆਲੇ ਦੁਆਲੇ ਦੇ ਵੇਰਵੇ ਹਨ। 1992 ਵਿੱਚ 16ਵੀਂ ਸਦੀ ਦੀ ਇੱਕ ਮਸਜਿਦ ਦੀ ਤਬਾਹੀ, ਜੋ ਹੁਣ ਇੱਕ ਹਿੰਦੂ ਮੰਦਰ ਦੀ ਜਗ੍ਹਾ ਹੈ, ਨੂੰ ਹਾਈ-ਸਕੂਲ ਦੇ ਵਿਦਿਆਰਥੀਆਂ ਦੀਆਂ ਰਾਜਨੀਤੀ ਸ਼ਾਸਤਰ ਦੀਆਂ ਪਾਠ ਪੁਸਤਕਾਂ ਵਿੱਚੋਂ ਹਟਾ ਦਿੱਤਾ ਗਿਆ ਹੈ।

ਕਈ ਰਾਜ ਕੇਂਦਰੀ ਬੋਰਡ ਦੀ ਅਗਵਾਈ ਦੀ ਪਾਲਣਾ ਕਰਦੇ ਹਨ ਅਤੇ ਇਹਨਾਂ ਪਾਠਾਂ ਦੀ ਵਰਤੋਂ ਕਰਦੇ ਹਨ, ਜਦਕਿ ਦੂਸਰੇ ਨਹੀਂ ਕਰਦੇ। ਭਾਜਪਾ ਦੇ ਕੁਝ ਨੇਤਾਵਾਂ ਨੇ ਤਾਂ ਇੱਕ ਰਾਸ਼ਟਰ, ਇੱਕ ਸਿਲੇਬਸ ਦਾ ਅਜ਼ਮਾਇਸ਼ੀ ਗੁਬਾਰਾ ਉਡਾਉਣ ਦੀ ਕੋਸ਼ਿਸ਼ ਕੀਤੀ ਹੈ। ਦੂਜੇ ਸ਼ਬਦਾਂ ਵਿੱਚ, ਡਾਕਟਰਾਂ ਦੀ ਸਪਲਾਈ ਨੂੰ ਕਿਸ ਨੂੰ ਨਿਯੰਤਰਿਤ ਕਰਨਾ ਚਾਹੀਦਾ ਹੈ - ਨਵੀਂ ਦਿੱਲੀ ਜਾਂ ਵਿਅਕਤੀਗਤ ਰਾਜ - ਨੂੰ ਲੈ ਕੇ ਝਗੜਾ ਭੌਤਿਕ ਵਿਗਿਆਨ, ਜੀਵ ਵਿਗਿਆਨ ਜਾਂ ਰਸਾਇਣ ਵਿਗਿਆਨ ਦਾ ਮੁਕਾਬਲਾ ਨਹੀਂ ਹੈ, ਬਲਕਿ ਇਤਿਹਾਸ ਹੈ। ਇਹ ਭਾਰਤ ਦੇ ਦੱਖਣ ਲਈ ਇੱਕ ਚੁਣੌਤੀ ਹੈ। ਸਥਾਨਕ ਪਾਠ-ਪੁਸਤਕਾਂ ਦੇ ਇੰਚਾਰਜ ਹੋਣ ਨੇ ਆਰਥਿਕ ਤੌਰ 'ਤੇ ਵਧੇਰੇ ਖੁਸ਼ਹਾਲ ਤਾਮਿਲਨਾਡੂ ਨੂੰ ਆਪਣੀ ਰਾਜਨੀਤੀ ਨੂੰ ਮੁਸਲਮਾਨਾਂ ਅਤੇ ਈਸਾਈਆਂ ਵਰਗੀਆਂ ਘੱਟ ਗਿਣਤੀਆਂ ਦੁਆਰਾ ਸਾਂਝੀ ਕੀਤੀ ਭਾਸ਼ਾਈ ਪਛਾਣ ਦੇ ਦੁਆਲੇ ਸੰਗਠਿਤ ਕਰਨ ਦੀ ਇਜਾਜ਼ਤ ਦਿੱਤੀ ਹੈ, ਅਤੇ ਇਸ ਨੂੰ ਗਰੀਬ ਉੱਤਰ ਵਿਚ ਹਿੰਦੂ ਪੱਖੀ ਵਿਚਾਰਧਾਰਾ ਦੇ ਇੱਕ ਵਧੇਰੇ ਪ੍ਰਮਾਣਿਕ ਵਿਕਲਪ ਵਜੋਂ ਪੇਸ਼ ਕੀਤਾ ਹੈ। ਹੁਣ ਤੱਕ ਇਹ ਪ੍ਰਯੋਗ ਸਫਲ ਰਿਹਾ ਹੈ। ਭਾਜਪਾ ਨੇ ਹਾਲ ਹੀ ਵਿੱਚ ਸਮਾਪਤ ਹੋਈਆਂ ਚੋਣਾਂ ਵਿੱਚ ਤਾਮਿਲਨਾਡੂ ਤੋਂ ਇੱਕ ਵੀ ਸੰਸਦੀ ਸੀਟ ਨਹੀਂ ਜਿੱਤੀ, ਜਿਸ ਨਾਲ ਮੋਦੀ ਨੂੰ ਤੀਜੀ ਵਾਰ ਪ੍ਰਧਾਨ ਮੰਤਰੀ ਵਜੋਂ ਵਾਪਸ ਹੋਈ।

ਇਸ ਸਿਆਸੀ ਖੁਦਮੁਖਤਿਆਰੀ ਲਈ ਕੌਮੀ ਪਰੀਖਿਆ ਖਤਰਾ ਹੈ। ਮੁਕਾਬਲੇ ਦੀ ਸ਼ੁਰੂਆਤ ਤੋਂ ਬਾਅਦ, ਤਾਮਿਲਨਾਡੂ ਦੇ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵਿੱਚ ਗ੍ਰੈਜੂਏਟ ਸਮੂਹ 14% ਤੱਕ ਸੁੰਗੜ ਗਿਆ ਹੈ। ਤਾਮਿਲ-ਮਾਧਿਅਮ ਸਕੂਲਾਂ ਵਿੱਚ ਵੀ ਗਿਰਾਵਟ ਆਈ ਹੈ।

ਸੰਘੀ ਘੁਸਪੈਠ ਹੋਰ ਦੱਖਣੀ ਰਾਜਾਂ ਨੂੰ ਵੀ ਚਿੰਤਤ ਕਰਦਾ ਹੈ। ਕੇਰਲਾ ਦੀਆਂ ਹਾਲ ਹੀ ਵਿੱਚ ਪੇਸ਼ ਕੀਤੀਆਂ ਗਈਆਂ ਲਿੰਗ-ਨਿਰਪੱਖ ਪਾਠ-ਪੁਸਤਕਾਂ ਪਿਤਾ-ਪੁਰਖੀ ਵਿਚਾਰਾਂ ਨੂੰ ਤੋੜਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਰਵੱਈਏ ਦੇ ਆਧੁਨਿਕੀਕਰਨ ਨੂੰ ਸਿੱਖਿਆ ਦੇ ਸਮਾਨੀਕਰਨ ਦੁਆਰਾ ਰੋਕਿਆ ਜਾ ਸਕਦਾ ਹੈ, ਇੱਥੋਂ ਤੱਕ ਕਿ ਉਲਟਾਇਆ ਵੀ ਜਾ ਸਕਦਾ ਹੈ।

ਭਾਰਤੀਆਂ ਦੀਆਂ ਪਿਛਲੀਆਂ ਪੀੜ੍ਹੀਆਂ ਦੇ ਵਿਸ਼ਵ ਦ੍ਰਿਸ਼ਟੀਕੋਣ ਨੂੰ ਧਰਮ ਨਿਰਪੱਖ ਗਣਰਾਜ ਦੁਆਰਾ ਸਰਗਰਮੀ ਨਾਲ ਪ੍ਰਚਾਰਿਤ ਟੈਕਸਟ ਦੁਆਰਾ ਆਕਾਰ

ਦਿੱਤਾ ਗਿਆ ਸੀ। ਕਾਲਜ ਲਈ ਮੁਕਾਬਲਾ ਹਮੇਸ਼ਾ ਭਿਆਨਕ ਹੁੰਦਾ ਸੀ। ਪਰ ਘੱਟੋ-ਘੱਟ ਸਰਕਾਰ ਨੇ ਵਿਦਿਆਰਥੀਆਂ ਨੂੰ ਆਪਣੇ ਕੈਰੀਅਰ 'ਤੇ ਸੱਟ ਮਾਰਨ ਲਈ ਗਾਂਧੀ ਦੀ ਹੱਤਿਆ 'ਤੇ ਚਰਚਾ ਕਰਨ ਦੀ ਲੋੜ ਨਹੀਂ ਸੀ। ਅਤੀਤ ਦੇ ਬਾਰੇ ਵਿੱਚ ਇੰਜੀਨੀਅਰਿੰਗ ਦੀ ਯਾਦਦਾਸ਼ਤ ਉਹੀ ਹੈ ਜੋ ਇੱਕ ਦੇਸ਼ ਵਿਆਪੀਮੈਡੀਕਲ ਦਾਖਲਾ ਪ੍ਰੀਖਿਆ ਪ੍ਰਾਪਤ ਕਰੇਗੀ - ਰਾਜ ਸਿੱਖਿਆ ਬੋਰਡਾਂ ਨੂੰ ਘਟਾ ਕੇ ਅਤੇ ਪਰਿਵਾਰਾਂ ਨੂੰ ਰਾਸ਼ਟਰੀ ਪਾਠਕ੍ਰਮ ਵੱਲ ਖਿੱਚ ਕੇ। ਇਹੀ ਕਾਰਨ ਹੈ ਕਿ ਇਸ ਨੂੰ ਜਾਣ ਦੀ ਲੋੜ ਹੈ, ਨਾ ਕਿ ਕਥਿਤ ਤੌਰ 'ਤੇ ਲੀਕ ਹੋਏ ਪੇਪਰਾਂ ਕਾਰਨ। ਇਸ ਸਾਲ ਦੀ ਟੈਸਟਿੰਗ ਅਸਫਲਤਾ ਬਿਨਾਂ ਸ਼ੱਕ ਬਹੁਤ ਸਾਰੇ ਸੁਪਨਿਆਂ ਨੂੰ ਕੁਚਲ ਦੇਵੇਗੀ। ਪਰ ਜੇ ਰਾਜ ਆਪਣੇ ਖੁਦ ਦੇ ਪ੍ਰਵੇਸ਼ ਮਾਪਦੰਡ ਨਿਰਧਾਰਤ ਕਰਨ ਦੀ ਸ਼ਕਤੀ ਮੁੜ ਪ੍ਰਾਪਤ ਕਰ ਲੈਂਦੇ ਹਨ, ਤਾਂ ਇਹ ਕਈ ਹੋਰਾਂ ਨੂੰ ਬਚਾ ਸਕਦਾ ਹੈ।




# ਵਿਦੇਸ਼ਾਂ ਵਿੱਚ ਗਏ ਪੰਜਾਬੀ ਨੌਜਵਾਨਾਂ ਦੀਆਂ ਮੌਤਾਂ ਚਿੰਤਾ ਦਾ ਵਿਸ਼ਾ

ਜਤਿੰਦਰ ਸਿੰਘ ਪਮਾਲ

ਅੱਜ-ਕੱਲ੍ਹ ਪੰਜਾਬ ਦੇ ਨੌਜਵਾਨਾਂ ਵਿੱਚ ਜ਼ਿਆਦਾ ਕਮਾਈ ਕਰਨ ਲਈ ਵਿਦੇਸ਼ਾਂ ਵਿੱਚ ਜਾਣ ਦਾ ਰੁਝਾਨ ਵਧਦਾ ਹੀ ਜਾ ਰਿਹਾ ਹੈ। ਨੌਜਵਾਨ ਆਪਣੇ ਮਾਪਿਆਂ ਦੇ ਗਲ਼ ਅੰਗੂਠਾ ਦੇ ਕੇ ਜ਼ਮੀਨਾਂ ਗਹਿਣੇ ਰੱਖ ਕੇ ਅਤੇ ਕਰਜ਼ੇ ਚੁੱਕ ਕੇ ਵਿਦੇਸ਼ਾਂ ਨੂੰ ਭੱਜੇ ਜਾ ਰਹੇ ਹਨ। ਵਿਦੇਸ਼ਾਂ ਵਿਚ ਗਏ ਸਾਡੇ ਪੰਜਾਬੀ ਨੌਜਵਾਨਾਂ ਦੀਆਂ ਦਰਦਨਾਕ ਮੌਤਾਂ ਸਭ ਲਈ ਚਿੰਤਾ ਦਾ ਵਿਸ਼ਾ ਬਣੀਆਂ ਹੋਈਆਂ ਹਨ। ਇਨਸਾਨ ਲਈ ਪੈਸਾ ਹੀ ਸਭ ਕੁਝ ਨਹੀਂ ਹੈ। ਪੈਸਾ ਤਾਂ ਹੱਥਾਂ ਦੀ ਮੈਲ ਹੈ। ਪੈਸੇ ਨਾਲ ਭਾਵੇਂ ਤੁਸੀਂ ਸਭ ਕੁਝ ਖ਼ਰੀਦ ਸਕਦੇ ਹੋ ਪ੍ਰੰਤੂ ਪਰਿਵਾਰਕ ਰਿਸ਼ਤੇ ਜਿਵੇਂ ਮਾਂ-ਬਾਪ, ਭੈਣ-ਭਰਾ ਆਦਿ ਨਹੀਂ ਖ਼ਰੀਦੇ ਜਾ ਸਕਦੇ। ਸਿਆਣਿਆਂ ਦਾ ਕਥਨ ਹੈ ਕਿ ਇੱਜ਼ਤ, ਅਣਖ, ਸਵੈਮਾਣ ਅਤੇ ਮਾਨਸਿਕ ਸ਼ਾਂਤੀ ਲਈ ਸਾਰੀ ਨਾਲੋਂ ਅੱਧੀ ਖਾ ਲੈਣੀ ਕਿਤੇ ਬਿਹਤਰ ਹੈ।

ਮੈਂ ਇਹ ਸੰਖੇਪ ਜਿਹਾ ਵਰਣਨ ਇਸ ਲਈ ਕੀਤਾ ਹੈ ਕਿਉਂਕਿ ਇਸ ਸਾਲ 15 ਅਪ੍ਰੈਲ ਤੋਂ 12 ਜੂਨ ਤੱਕ ਲਗਪਗ ਡੇਢ ਦਰਜਨ ਨੌਜਵਾਨ ਜੋ ਰੋਜ਼ੀ-ਰੋਟੀ ਕਮਾਉਣ ਲਈ ਵਿਦੇਸ਼ਾਂ ਵਿੱਚ ਗਏ ਸਨ, ਉਨ੍ਹਾਂ ਦੀ ਮੌਤ ਹੋ ਗਈ। ਜ਼ਿਆਦਾਤਰ ਨੌਜਵਾਨ ਪੰਜਾਬ ਵਿੱਚ ਰਹਿ ਕੇ ਕੋਈ ਵੀ ਕੰਮ ਕਰਨ ਨੂੰ ਤਿਆਰ ਨਹੀਂ ਹਨ ਅਤੇ ਵਿਦੇਸ਼ਾਂ ਵਿੱਚ ਜਾ ਕੇ ਬੁਰੇ ਹਾਲਾਤ ਵਿੱਚ ਰਹਿ ਕੇ ਹਰ ਕੰਮ ਕਰਨ ਲਈ ਤਿਆਰ ਹੋ ਜਾਂਦੇ ਹਨ। ਪੰਦਰਾਂ ਅਪ੍ਰੈਲ ਨੂੰ ਕੈਨੇਡਾ ਦੇ ਵੈਨਕੂਵਰ ਵਿੱਚ 24 ਸਾਲਾ ਭਾਰਤੀ ਵਿਦਿਆਰਥੀ ਚਿਰਾਗ ਦੀ ਗੋਲ਼ੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਉਹ ਆਪਣੀ ਕਾਰ ਵਿੱਚ ਮਰਿਆ ਮਿਲਿਆ। ਪੁਲਿਸ ਅਨੁਸਾਰ ਚਿਰਾਗ ਹਰਿਆਣੇ ਦੇ ਸੋਨੀਪਤ ਦਾ ਰਹਿਣ ਵਾਲਾ ਸੀ। ਇਸੇ ਤਰ੍ਹਾਂ 20 ਅਪ੍ਰੈਲ ਤੋਂ ਪਹਿਲਾਂ ਬਟਾਲਾ ਦੇ ਨੇੜਲੇ ਪਿੰਡ ਰਲ੍ਹਸਪੁਰ ਦੇ ਨੌਜਵਾਨ ਅਮਨਦੀਪ ਸਿੰਘ ਦੀ ਸਾਊਦੀ ਅਰਬ ਵਿੱਚ ਸੜਕ ਹਾਦਸੇ ਵਿਚ ਮੌਤ ਹੋ ਗਈ। ਉੱਥੇ ਉਹ ਇੱਕ ਕੰਪਨੀ ਦਾ ਟਰਾਲਾ ਡਰਾਈਵਰ ਸੀ। ਟਰਾਲਾ ਖੜ੍ਹਾ ਕਰ ਕੇ ਵਾਪਸ ਕੰਪਨੀ ਵੱਲ ਆ ਰਿਹਾ ਸੀ ਤਾਂ ਫਲਾਈਓਵਰ 'ਤੇ ਅਚਾਨਕ ਸੰਤੁਲਨ ਵਿਗੜਨ ਕਾਰਨ ਟਰਾਲਾ ਪਲਟ ਗਿਆ ਅਤੇ ਅਮਨਦੀਪ ਦੀ ਮੌਤ ਹੋ ਗਈ। ਅੱਪਰਾ ਇਲਾਕੇ ਦੇ ਪਿੰਡ ਚੱਖਮਾਜਰਾ ਦੇ ਹਰਪਾਲ ਰਾਮ ਦੀ ਮੌਤ ਦੀ 24 ਅਪ੍ਰੈਲ ਨੂੰ ਅਖ਼ਬਾਰਾਂ ਵਿਚ ਖ਼ਬਰ ਛਪੀ ਸੀ। ਪਰਿਵਾਰਕ ਮੈਂਬਰਾਂ ਅਨੁਸਾਰ ਹਰਪਾਲ ਪੁੱਤਰ ਨੰਜੂ ਰਾਮ 6 ਸਾਲ ਪਹਿਲਾਂ ਇਟਲੀ ਗਿਆ ਸੀ। ਉੱਥੇ ਉਹ ਸੈਲਰੋਨ ਸ਼ਹਿਰ ਵਿੱਚ ਇੱਕ ਰੈਸਟੋਰੈਂਟ ਵਿੱਚ ਕੰਮ ਕਰਦਾ ਸੀ। ਕੰਮ ਤੋਂ ਘਰ ਪਰਤਣ ਮਗਰੋਂ ਰਾਤ ਨੂੰ ਉਸ ਦੀ ਸਿਹਤ ਵਿਗੜ ਗਈ ਅਤੇ ਮੌਤ ਹੋ ਗਈ। ਕੈਨੇਡਾ ਵਿੱਚ ਇੱਕ ਸੜਕ ਹਾਦਸੇ 'ਚ ਫਿਰੋਜ਼ਪੁਰ ਦੇ ਪਿੰਡ ਰਾਮਪੁਰ ਦੇ ਇੱਕ ਵਿਅਕਤੀ ਦੀ ਮੌਤ ਹੋ ਗਈ। ਇਹ ਹਾਦਸਾ ਉਸ ਵੇਲੇ ਵਾਪਰਿਆ ਜਦੋਂ ਕੈਨੇਡਾ ਦੇ ਸ਼ਹਿਰ ਸਰੀ ਨਜ਼ਦੀਕ ਬੀਸੀ ਹਾਈਵੇ 5 ਨੇੜੇ ਕਲੀਅਰ ਵਾਟਰ ਕੋਲ ਦੋ ਟਰੱਕਾਂ ਵਿਚਕਾਰ ਭਿਆਨਕ ਟੱਕਰ ਹੋ ਗਈ। ਦੋਹਾਂ ਟਰੱਕਾਂ ਨੂੰ ਅੱਗ ਲੱਗ ਗਈ ਅਤੇ ਰਾਮਪੁਰ ਨਾਲ ਸਬੰਧਿਤ ਧਰਮਿੰਦਰ ਸਿੰਘ (37) ਪੁੱਤਰ ਬਖ਼ਸ਼ੀਸ ਸਿੰਘ ਦੀ ਮੌਤ ਹੋ ਗਈ। ਉਣੱਤੀ ਅਪ੍ਰੈਲ ਦੇ ਅਖ਼ਬਾਰਾਂ ਵਿੱਚ ਛਪਿਆ ਕਿ ਸਮਾਣਾ ਦੇ ਨਜ਼ਦੀਕੀ ਪਿੰਡ ਕਕਰਾਲਾ ਭਾਈਕਾ ਦੇ ਪੰਜਾਬੀ ਨੌਜਵਾਨ ਦਿਲਪ੍ਰੀਤ ਸਿੰਘ ਦੀ ਕੈਨੇਡਾ ਵਿਖੇ ਮੌਤ ਹੋ ਗਈ। ਉਹ ਦੋ ਮਹੀਨੇ ਪਹਿਲਾਂ ਹੀ ਵਿਜ਼ਟਰ ਵੀਜ਼ੇ 'ਤੇ ਸਰੀ ਵਿੱਚ ਰਹਿੰਦੀ ਆਪਣੀ ਭੈਣ ਕੋਲ ਗਿਆ ਸੀ। ਉੱਥੇ ਦਿਲ ਦਾ ਦੌਰਾ ਪੈਣ ਕਾਰਨ ਉਸ ਦੀ ਮੌਤ ਹੋ ਗਈ। ਚਮਿਆਰੀ ਕਸਬੇ ਦੇ ਨੌਜਵਾਨ ਅੰਮ੍ਰਿਜ਼ਪਾਲ ਸਿੰਘ ਦੀ ਇੰਗਲੈਂਡ ਵਿਚ ਬਿਮਾਰੀ ਕਾਰਨ ਮੌਤ ਹੋ ਗਈ। ਉਸ ਦੇ ਪਿਤਾ ਅੰਗਰੇਜ਼ ਸਿੰਘ ਨੇ ਦੱਸਿਆ ਕਿ ਅੱਠ ਮਹੀਨੇ ਪਹਿਲਾਂ ਹੀ ਜ਼ਮੀਨ ਗਹਿਣੇ ਰੱਖ ਕੇ ਉਨ੍ਹਾਂ ਨੇ ਉਸ ਨੂੰ ਇੰਗਲੈਂਡ ਪੜ੍ਹਨ ਲਈ ਭੇਜਿਆ ਸੀ।

ਭੀਖੀ ਦੇ ਨੇੜਲੇ ਪਿੰਡ ਖੀਵਾ ਖੁਰਦ ਦੇ ਨੌਜਵਾਨ ਭੁਪਿੰਦਰ ਸਿੰਘ ਜੋ ਸੱਤ ਸਾਲ ਪਹਿਲਾਂ ਰੋਜ਼ੀ-ਰੋਟੀ ਦੀ ਭਾਲ ਵਿੱਚ ਵਰਕ ਪਰਮਿਟ 'ਤੇ ਸਾਈਪ੍ਰਸ ਗਿਆ ਸੀ, ਉੱਥੇ ਉਹ ਗਊਆਂ ਦੇ ਫਾਰਮ ਵਿੱਚ ਕੰਮ ਕਰਦਾ ਸੀ, ਜਿਸ ਦੀ 14 ਮਈ ਨੂੰ ਇੱਕ ਸਾਨ੍ਹ ਵੱਲੋਂ ਟੱਕਰ ਮਾਰਨ ਕਾਰਨ ਮੌਤ ਹੋ ਗਈ। ਸੋਲਾਂ ਮਈ ਨੂੰ ਹੀ ਇਹ ਵੀ ਖ਼ਬਰ ਛਪੀ ਕਿ ਕਰੀਬ ਇੱਕ ਸਾਲ ਪਹਿਲਾਂ ਡੰਕੀ ਲਾ ਕੇ ਅਮਰੀਕਾ ਗਏ 30 ਸਾਲਾ ਤੀਰਥ ਸਿੰਘ ਪਿੰਡ ਮਹਿੰਦੀਪੁਰ (ਨਵਾਂਸ਼ਹਿਰ) ਦੀ ਮੌਤ ਹੋ ਗਈ। ਤੀਰਥ ਸਿੰਘ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਦਸੂਹਾ ਦੇ 22 ਸਾਲਾ ਨੌਜਵਾਨ ਮਨਪ੍ਰੀਤ ਸਿੰਘ ਦੀ ਅਮਰੀਕਾ ਵਿੱਚ ਪਾਣੀ ਵਿੱਚ ਡੁੱਬ ਜਾਣ ਕਾਰਨ ਮੌਤ ਹੋ ਗਈ। ਉਸ ਦੇ ਪਿਤਾ ਨੇ ਦੱਸਿਆ ਕਿ 2019 ਵਿੱਚ ਮਨਪ੍ਰੀਤ ਸਿੰਘ ਅਮਰੀਕਾ ਗਿਆ ਸੀ। ਆਪਣੇ ਦੋਸਤ ਨਾਲ ਕਿਸੇ ਥਾਂ ਨਹਾਉਣ ਗਿਆ ਸੀ ਤੇ ਡੁੱਬ ਗਿਆ। ਇਹ ਖ਼ਬਰ ਵੀ 23 ਮਈ ਨੂੰ ਅਖ਼ਬਾਰਾਂ 'ਚ ਛਪੀ ਕਿ ਕਸਬਾ ਭਿਖੀਵਿੰਡ ਦੇ ਨੌਜਵਾਨ ਤਰਵਿੰਦਰ ਸਿੰਘ ਦੀ ਭੇਤਭਰੇ ਹਾਲਾਤ ਵਿੱਚ ਮੌਤ ਹੋ ਗਈ। ਪਰਿਵਾਰ ਅਨੁਸਾਰ ਹਰਵਿੰਦਰ ਸਿੰਘ ਦੋ ਮਈ ਨੂੰ ਹੀ ਕ੍ਰੋਏਸ਼ੀਆ ਗਿਆ ਸੀ ਜਿੱਥੋਂ ਉਹ ਪੁਰਤਗਾਲ ਚਲਿਆ ਗਿਆ ਅਤੇ ਉੱਥੇ ਉਸ ਦੀ ਅਚਾਨਕ ਮੌਤ ਹੋ ਗਈ। ਨੂਰਮਹਿਲ ਦੇ ਪਿੰਡ ਭੰਡਾਲ ਬੂਟਾਂ ਦੇ ਇੱਕ ਵਿਅਕਤੀ ਜਗਦੀਸ਼ ਸਿੰਘ ਚੌਹਾਨ ਦੇ ਦਰਦਨਾਕ ਕਤਲ ਦੀ ਖ਼ਬਰ 3 ਜੂਨ ਦੇ ਅਖ਼ਬਾਰਾਂ 'ਚ ਛਪੀ। ਜਗਦੀਸ਼ ਸਿੰਘ ਕਈ ਸਾਲਾਂ ਤੋਂ ਮਨੀਲਾ ਵਿੱਚ ਰਹਿ ਰਿਹਾ ਸੀ। ਉਹ 2 ਮਹੀਨੇ ਪਿੰਡ ਰਹਿ ਕੇ ਕੁਝ ਦਿਨ ਪਹਿਲਾਂ ਹੀ ਮਨੀਲਾ ਵਾਪਸ ਗਿਆ ਸੀ। ਉੱਥੇ ਸਮੁੰਦਰ ਕਿਨਾਰੇ ਉਸ ਦੀ ਲਾਸ਼ ਮਿਲੀ। ਕੈਨੇਡਾ 'ਚ ਲੁਧਿਆਣੇ ਦੇ ਰਿਸ਼ੀ ਨਗਰ ਵਾਸੀ ਯੁਵਰਾਜ ਗੋਇਲ (28) ਦੀ ਗੋਲ਼ੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ।



(ਬਾਕੀ ਸਫ਼ਾ 31 'ਤੇ)

# ਕਲਿਆਣਕਾਰੀ ਰਾਜ ਸਿਰਜਣ ਵਾਲਾ ਸ਼ੇਰੇ ਪੰਜਾਬ ਜੇਕਰ ਅੱਜ ਫੇਰੀ ਪਾਵੇ...



ਇਕਬਾਲ ਸਿੰਘ ਲਾਲਪੁਰਾ
ਚੇਅਰਮੈਨ ਕੌਮੀ ਘੱਟ ਗਿਣਤੀ ਕਮਿਸ਼ਨ ਭਾਰਤ ਸਰਕਾਰ

ਪੰਜਾਬ ਦੀ ਸਿੱਖ ਸਲਤਨਤ ਦੀ ਨੀਂਹ ਰੱਖਣ ਵਾਲ਼ਾ ਮਹਾਰਾਜਾ ਰਣਜੀਤ ਸਿੰਘ ਜੋ ਸ਼ੇਰ-ਏ-ਪੰਜਾਬ ਦੇ ਨਾਂ ਨਾਲ਼ ਜਾਣਿਆ ਜਾਂਦਾ ਹੈ, ਪੰਜਾਬ ਦੇ ਇਤਿਹਾਸ ਵਿੱਚ ਇੱਕ ਬਹਾਦਰ ਜੰਗਜੂ, ਦਲੇਰ ਤੇ ਮਹਾਨ ਸ਼ਖ਼ਸੀਅਤ ਦਾ ਮਾਲਕ ਸੀ, ਜਿਸ ਨੇ ਪੰਜਾਬ ’ਤੇ ਹੀ ਨਹੀਂ ਬਲਕਿ ਪੰਜਾਬ ਦੇ ਲੋਕਾਂ ਦੇ ਦਿਲਾਂ ’ਤੇ ਵੀ ਰਾਜ ਕੀਤਾ। ਉਹਦੀ ਸ਼ੇਰ ਵਾਲੀ ਭਬਕ ਨੇ ਜਿੱਥੇ ਅਫ਼ਗਾਨਾਂ ਦੇ ਸਾਹ ਸੂਤੇ ਉੱਥੇ ਈਸਟ ਇੰਡੀਆ ਕੰਪਨੀ ਦੇ ਯੂਰਪੀਅਨਾਂ ਨੂੰ ਉਹਦੇ ਜਿਉਂਦੇ ਜੀਅ ਇਸ ਭੂਖੰਡ ’ਤੇ ਕਬਜ਼ਾ ਕਰਨ ਦਾ ਹੀਆ ਨਾ ਪਿਆ। ਪਰ ਮਹਾਰਾਜਾ ਰਣਜੀਤ ਸਿੰਘ ਦੇ ਦਿਹਾਂਤ ਬਾਅਦ ਅੰਗਰੇਜ਼ਾਂ ਦੀਆਂ ਚਾਲਾਂ, ਸਾਜ਼ਿਸ਼ਾਂ ਤੇ ਬਦਨੀਤੀਆਂ ਕਰਕੇ ਇੱਕ ਵਿਸ਼ਾਲ ਖ਼ਾਲਸਾ ਰਾਜ ਗ਼ੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜਿਆ ਗਿਆ। ਇਸ ਮਹਾਨ ਸ਼ਾਸਕ ਬਾਰੇ ਮੁਸਲਮਾਨ ਲਿਖਾਰੀ ਸ਼ਾਹ ਮੁਹੰਮਦ ਲਿਖਦੇ ਹਨ-

ਮਹਾਂਬਲੀ ਰਣਜੀਤ ਸਿੰਘ ਹੋਇਆ ਪੈਦਾ
ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ
ਮੁਲਤਾਨ, ਕਸ਼ਮੀਰ, ਪਸ਼ੌਰ, ਚੰਬਾ
ਜੰਮੂ, ਕਾਂਗੜਾ, ਕੋਟ ਨਿਵਾਇ ਗਿਆ
ਹੋਰ ਦੇਸ ਲੱਦਾਖ ਤੇ ਚੀਨ ਤੋੜੀ
ਸਿੱਕਾ ਆਪਣੇ ਨਾਮ ਚਲਾਇ ਗਿਆ
ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ
ਅੱਛਾ ਰੱਜ ਕੇ ਰਾਜ ਕਮਾਇ ਗਿਆ

ਇਸ ਵਿਸ਼ਾਲ, ਖ਼ੁਸ਼ਹਾਲ ਰਾਜ ਦੀ ਸਥਾਪਨਾ ਕਰਨ ਵਾਲੇ ਮਹਾਂਬਲੀ ਰਣਜੀਤ ਸਿੰਘ ਜੀ ਨੂੰ ਭਾਵੇਂ ਅੱਖਰ ਗਿਆਨ ਬਹੁਤ ਨਹੀਂ ਸੀ ਪਰ ਬਚਪਨ ਦਾ ਬੁੱਧ ਸਿੰਘ ਤੀਖਣ ਬੁੱਧੀ ਦਾ ਮਾਲਕ ਸੀ, ਸਮੇਂ ਤੇ ਵਿਅਕਤੀ ਦੀ ਪਹਿਚਾਣ ਕਰਨ ਤੋਂ ਇਲਾਵਾ ਉਹ ਇੱਕ ਪੂਰਨ ਗੁਰਸਿੱਖ, ਨਿਮਰਤਾ ਵਾਲਾ, ਦਿਆਵਾਨ, ਦਿਆਲੂ ਤੇ ਸਭ ਧਰਮਾਂ ਦਾ ਸਤਿਕਾਰ ਕਰਨ ਵਾਲਾ ਵਿਅਕਤੀ ਸੀ। ਮਹਾਰਾਜੇ ਰਣਜੀਤ ਸਿੰਘ ਵਿੱਚ ਪ੍ਰਬੰਧਕੀ ਯੋਗਤਾ ਅਤੇ ਜਰਨੈਲਾਂ ਵਾਲੇ ਸਾਰੇ ਗੁਣ ਸਨ।

ਗਣੇਸ਼ ਦਾਸ ਬਡਹੇਰਾ ਲਿਖਦਾ ਹੈ ਕਿ ਅਜਿਹੇ ਗੁਣ ਇੱਕੋ ਵਿਅਕਤੀ ਵਿੱਚ ਮਿਲਨੇ ਮੁਸ਼ਕਿਲ ਹਨ। ਉਹ ਆਪਣੇ ਦਰਬਾਰੀ ਮਸਲਿਆਂ ਪ੍ਰਤੀ ਬੜਾ ਸੰਜੀਦਾ ਅਤੇ ਗੰਭੀਰ ਸੀ। ਉਸ ਦੇ ਦਰਬਾਰ ਵਿੱਚ ਬਿਨਾਂ ਉਸ ਦੀ ਆਗਿਆ ਕਿਸੇ ਨੂੰ ਗੱਲ ਕਹਿਣ ਦਾ ਅਧਿਕਾਰ ਨਹੀਂ ਸੀ। ਉਹ ਸਮਕਾਲੀ ਹਾਕਮਾਂ ਵਾਂਗ ਸ਼ਾਹੀ ਠਾਠ ਨਾਲ ਦਰਬਾਰ ਨਹੀਂ ਸਜਾਉਂਦਾ ਸੀ। ਉਸ ਦਾ ਦਰਬਾਰ ਬੜਾ ਸਾਦਾ ਹੁੰਦਾ ਅਤੇ ਉਹ ਪਹਿਰਾਵਾ ਵੀ ਸਾਦਾ ਹੀ ਪਹਿਨਣਾ ਪਸੰਦ ਕਰਦਾ ਸੀ। ਪਰ ਉਸ ਦੀ ਇੱਛਾ ਹੁੰਦੀ ਕਿ ਉਸ ਦੇ ਦਰਬਾਰੀ ਸੋਹਣੇ ਵਸਤਰਾਂ ਅਤੇ ਗਹਿਣਿਆਂ ਨਾਲ ਸਜੇ ਹੋਣ। ਕੋਈ ਵੀ ਬਾਹਰੀ ਪੰਜਾਬ ਆਉਂਦਾ ਤਾਂ ਰਣਜੀਤ ਸਿੰਘ ਨੂੰ ਜ਼ਰੂਰ ਮਿਲਦਾ। ਮਹਾਰਾਜੇ ਨੂੰ ਮਿਲੇ ਬਿਨ੍ਹਾਂ ਆਪਣੀ ਯਾਤਰਾ ਅਧੂਰੀ ਸਮਝਦਾ। ਮਹਾਰਾਜਾ ਬਹੁਤ ਕਮਾਲ ਦੀ ਖ਼ਾਤਰਦਾਰੀ ਕਰਦਾ। ਉਹ ਕਿਸੇ ਵੀ ਬਾਹਰੋਂ ਆਉਣ ਵਾਲੇ ਨਾਲ ਪੂਰੇ ਸਤਿਕਾਰ ਨਾਲ ਪੇਸ਼ ਆਉਂਦਾ ਅਤੇ ਹੋਰਨਾਂ ਨੂੰ ਵੀ ਕਿਸੇ ਤਰਾਂ ਦੀ ਬਦਸਲੂਕੀ ਕਰਨ ਦੀ ਇਜਾਜ਼ਤ ਨਹੀਂ ਸੀ। 1837 ਈਸਵੀ ਵਿੱਚ ਈਸਟ ਇੰਡੀਆ ਕੰਪਨੀ ਦਾ ਕਮਾਂਡਰ-ਇਨ-ਚੀਫ਼ ਪੰਜਾਬ ਆਉਂਦਾ ਹੈ ਉਹ ਮਹਾਰਾਜੇ ਪ੍ਰਤੀ ਇਹ ਸ਼ਬਦ ਲਿਖਦਾ ਹੈ ਕਿ ਪੰਜਾਬ ਦੀ ਸਾਡੀ ਸਾਰੀ ਯਾਤਰਾ ਸਮੇਂ ਰਣਜੀਤ ਸਿੰਘ ਦੇ ਅਤਿ ਮਿਹਰਬਾਨ ਸੁਭਾਅ ਅਤੇ ਉਸ ਦੀ ਅਤਿ ਦਿਆਲਤਾ ਤੋਂ ਸਾਨੂੰ ਨਿਸ਼ਚਾ ਹੋ ਗਿਆ ਕਿ ਇਹ ਉਸ ਦਾ ਅਸਲ ਚਰਿੱਤਰ ਹੈ ਸਭ ਮੌਕਿਆਂ ਤੇ ਬਿਨਾਂ ਕਿਸੇ ਨੂੰ ਮੌਤ ਦੀ ਸਜ਼ਾ ਦਿੱਤਿਆਂ ਇਸ ਹਾਕਮ ਦੀ ਅੱਖੜ ਪਰਜਾ ਇਸ ਦੀ ਪੂਰਨ ਅਧੀਨਗੀ ਵਿੱਚ ਰਹਿੰਦੀ ਹੈ।

ਆਪਣੀ ਮੌਤ ਅਤੇ ਬੇਹੋਸ਼ੀ ਵਿੱਚ ਜਾਣ ਤੋਂ ਪਹਿਲਾਂ ਉਨ੍ਹਾਂ ਨੇ ਆਪਣੇ ਨਜ਼ਦੀਕੀ, ਰਿਸ਼ਤੇਦਾਰੀਆਂ ਅਤੇ ਦਰਬਾਰੀਆਂ ਨੂੰ ਸੰਬੋਧਿਤ ਕਰਦੇ ਹੋਏ ਆਖਿਆ ਸੀ ਬਹਾਦਰ ਖ਼ਾਲਸਾ ਜੀ,ਆਪ ਨੇ ਖ਼ਾਲਸਾ ਰਾਜ ਦੀ






ਸਥਾਪਨਾ ਲਈ ਜੋ ਅਣਥੱਕ ਘਾਲਣਾਵਾਂ ਘਾਲੀਆਂ ਹਨ, ਅਤੇ ਆਪਣੇ ਲਹੂ ਦੀਆਂ ਜੋ ਨਦੀਆਂ ਵਹਾਈਆਂ ਹਨ ,ਉਹ ਨਿਸਫਲ ਨਹੀਂ ਗਈਆਂ। ਇਸ ਸਮੇਂ ਆਪਣੇ ਆਲ਼ੇ - ਦੁਆਲ਼ੇ ਜੋ ਕੁੱਝ ਦੇਖ ਰਹੇ ਹੋ, ਸਭ ਕੁੱਝ ਆਪ ਦੀਆਂ ਕੁਰਬਾਨੀਆਂ ਅਤੇ ਘਾਲਣਾਵਾਂ ਦਾ ਫਲ ਹੈ। ਮੈਂ ਗੁਰੂ ਤੇ ਆਪ ਦੇ ਭਰੋਸੇ ਇੱਕ ਸਾਧਾਰਨ ਪਿੰਡ ਤੋਂ ਉੱਠ ਕੇ ਲਗਭਗ ਸਾਰੇ ਪੰਜਾਬ ਤੇ ਇਸ ਤੋਂ ਬਾਹਰ ਅਫ਼ਗਾਨਿਸਤਾਨ, ਕਸ਼ਮੀਰ, ਤਿੱਬਤ, ਸਿੰਧ ਦੀਆਂ ਕੰਧਾਂ ਤੱਕ ਖ਼ਾਲਸੇ ਦਾ ਰਾਜ ਸਥਾਪਤ ਕਰ ਦਿੱਤਾ ਹੈ। ਹੁਣ ਕੁੱਝ ਹੀ ਦਿਨਾਂ ਦਾ ਮੇਲਾ ਹੈ, ਥੋੜ੍ਹੇ ਸਮੇਂ ਤੱਕ ਮੈਂ ਆਪ ਤੋਂ ਸਦਾ ਵਾਸਤੇ ਵਿਦਾ ਹੋ ਜਾਵਾਂਗਾ। ਮੈਥੋਂ ਜੋ ਕੁੱਝ ਸਰ ਆਈ ਏ, ਤੁਹਾਡੀ ਸੇਵਾ ਕਰ ਚੱਲਿਆ, ਹੰਨੇ - ਹੰਨੇ ਦੀ ਸਰਦਾਰੀ ਦੇ ਮਣਕੇ ਭੰਨ ਕੇ ਇੱਕ ਕੈਂਠਾ ਬਣਾ ਦਿੱਤਾ ਹੈ। ਇੱਕ ਲੜੀ ਵਿੱਚ ਪਰੁਚੇ ਰਹੋਗੇ ਤਾਂ ਬਾਦਸ਼ਾਹ ਬਣੇ ਰਹੋਗੇ, ਨਿਖੜ ਜਾਓਗੇ ਤਾਂ ਮਾਰੇ ਜਾਓਗੇ। ਪਿਆਰੇ ਖ਼ਾਲਸਾ ਜੀ ਤੁਹਾਡੀ ਤੇਗ਼ ਦੀ ਧਾਂਕ ਸੰਸਾਰ ਵਿੱਚ ਪਈ ਹੋਈ ਹੈ। ਡਰ ਹੈ ਤਾਂ ਇਸ ਗੱਲ ਦਾ, ਕਿ ਕਿਤੇ ਇਹ ਤੇਗ਼ ਤੁਹਾਡੇ ਆਪਣੇ ਘਰ ਨਾ ਖੜਕਣ ਲੱਗ ਪਵੇ, ਤੁਸੀਂ ਗੁਰੂ ਕਲਗੀਧਰ ਪਾਤਸ਼ਾਹ ਜੀ ਦੇ ਖੰਡੇ ਬਾਟੇ ਦਾ ਅੰਮ੍ਰਿਤ ਛਕਿਆ ਹੈ, ਜਿਸ ਵਿੱਚ ਜ਼ਮਾਨੇ ਦੀ ਨੀਤੀ ਛੁਪੀ ਹੋਈ ਹੈ, ਸਦਾ ਪਤਾਸਿਆਂ ਵਾਂਗ ਘੁਲ ਮਿਲ ਕੇ ਰਹਿਣਾ, ਜੇ ਸਮਾਂ ਆ ਬਣੇ ਤਾਂ ਖੰਡੇ ਵਾਂਗ ਸਖ਼ਤ ਤੇ ਤੇਜ਼ ਵੀ ਹੋ ਜਾਇਓ, ਗਰੀਬ ਦੁਖੀਆਂ ਦੀ ਢਾਲ ਅਤੇ ਜ਼ਾਲਮ ਦੇ ਸਿਰ ’ਤੇ ਤਲਵਾਰ ਬਣ ਕੇ ਚਮਕਿਓ, ਦੁਸ਼ਮਣ ਦੀਆਂ ਚਾਲਾਂ ਤੋਂ ਸਾਵਧਾਨ ਰਹਿਣਾ, ਆਜ਼ਾਦੀ ਮੈਨੂੰ ਜਾਨ ਨਾਲੋਂ ਪਿਆਰੀ ਹੈ, ਸਿੱਖਾਂ ਦੇ ਝੰਡੇ ਸਦਾ ਉੱਚੇ ਰਹਿਣ, ਮੇਰੀ ਅੰਤਿਮ ਇੱਛਾ ਹੈ। ਓਪਰੇ ਜੇ ਪੰਜਾਬ ਦੀ ਧਰਤੀ ’ਤੇ ਪੈਰ ਧਰਨਗੇ ਤਾਂ ਮੇਰੀ ਛਾਤੀ ਉੱਤੇ ਧਰਨਗੇ, ਗ਼ੈਰਾਂ ਦੇ ਝੰਡੇ ਸਾਹਮਣੇ ਝੁਕਣਾ ਮੇਰੀ ਅਣਖ ਨੂੰ ਵੇਚਣਾ ਹੋਵੇਗਾ, ਤੁਸੀਂ ਕਿਸੇ ਦੇ ਗੁਲਾਮ ਬਣ ਜਾਓਗੇ ਤਾਂ ਮੇਰੀ ਰੂਹ ਕਲਪੇਗੀ, ਹੁਣ ਹੋਰ ਵਧੇਰੇ ਕਹਿਣ ਦਾ ਸਮਾਂ ਨਹੀਂ ਹੈ। ਇਸ ਤੋਂ ਬਾਅਦ ਸ਼ੇਰੇ ਪੰਜਾਬ ਬੇਹੋਸ਼ ਹੋ ਗਏ। ਸ਼ੇਰੇ ਪੰਜਾਬ ਦੇ ਅੱਖਾਂ ਮੀਟ ਦਿਆਂ ਹੀ ਅੰਗਰੇਜ਼ ਨੇ ਦਸ ਸਾਲ ਤੋਂ ਵੀ ਘੱਟ ਸਮੇਂ ਵਿੱਚ ਖ਼ਾਲਸਾ ਰਾਜ ਤਬਾਹ ਕਰਨ, ਮਹਾਰਾਜਾ ਸਾਹਿਬ ਦੇ ਪਰਿਵਾਰ ਦਾ ਕਤਲ ਕਰਵਾਉਣ, ਕੈਦ ਕਰਨ ਜਾਂ ਧਰਮ ਪਰਿਵਰਤਨ ਤੱਕ ਹੀ, ਸੀਮਿਤ ਨਾ ਰਹਿ ਕੇ, ਹਲੇਮੀ ਰਾਜ ਦੇ ‘ਸਭੈ ਸਾਂਝੀਵਾਲ ਸਦਾਇਣ’ ਦੇ ਸੁਨਹਿਰੀ ਅਸੂਲ ਸਮਾਪਤ ਕਰਕੇ ਮੁਸਲਮਾਨ ਹਿੰਦੂ ਵਾਲੇ ਰਾਜ ਨੂੰ ਫਿਰਕੂ ਤੌਰ ’ਤੇ ਵੰਡਣ ਦਾ ਕੰਮ ਕੀਤਾ। ਖਾਸ ਤੌਰ ’ਤੇ ਅੰਗਰੇਜ਼ ਦਾ ਜ਼ੋਰ ਹਿੰਦੂ ਤੇ ਸਿੱਖਾਂ ਵਿੱਚ ਦਰਾਰ ਪਾਉਣ ਵੱਲ ਸੀ ਤਾਂ ਜੋ ਭਾਰਤੀ ਫੇਰ ਇਕੱਠੇ ਹੋ ਉਸ ਲਈ ਚੁਣੌਤੀ ਖੜੀ ਨਾ ਕਰਨ, ਇਸ ਦੀ ਗਵਾਹੀ ਅੰਗਰੇਜ਼ ਅਧਿਕਾਰੀਆਂ ਦੀਆਂ ਲਿਖਤਾਂ ਭਰਦੀਆਂ ਹਨ।1849 ਈ ਤੋਂ ਬਾਅਦ ਬਹੁਤੇ ਸਿੱਖ ਸਰਦਾਰਾਂ ਨੇ, ਆਪਣੇ ਆਪ ਨੂੰ ਸਰੀਰਕ ਤੇ ਮਾਨਸਿਕ ਰੂਪ ਵਿੱਚ ਅੰਗਰੇਜ਼ ਦੇ ਗੁਲਾਮ ਮੰਨ ਲਿਆ। ਹੈਰਾਨੀ ਦੀ ਗੱਲ ਹੈ ਕਿ ਪਿੰਡ ਦੇ ਸਿੱਖ ਜ਼ਿਮੀਦਾਰ, ਆਪਣੇ ਪਿੰਡ ਦੇ ਮੈਜਿਸਟ੍ਰੇਟ ਤੇ ਰਾਜੇ ਦੇ ਖ਼ਿਤਾਬ ਪ੍ਰਾਪਤ ਕਰ ਆਪਣੀ ਤੁਲਨਾ ਰਾਜਿਆਂ ਨਾਲ ਕਰਨ ਲੱਗ ਪਏ ਤੇ ਅੱਜ ਵੀ ਰਾਜਕੁਮਾਰ ਨੂੰ ਕਲੱਬ ਦੇ ਮੈਂਬਰ ਹੋਣ ਦਾ ਦਾਅਵਾ ਕਰ, ਏਕ ਪਿਤਾ ਏਕਸ ਕੇ ਹਮ ਬਾਰਿਕ ਦਾ ਸਿਧਾਂਤ ਛੱਡ, ਆਪਣੇ ਆਪ ਨੂੰ ਦੂਜਿਆਂ ਸਿੱਖਾਂ ਦੇ ਬਰਾਬਰ ਨਹੀਂ ਸਮਝਦੇ, ਨਾ ਹੀ ਆਪਣੇ ਬਜ਼ੁਰਗਾਂ ਵੱਲੋਂ, ਕੌਮ ਨਾਲ ਕੀਤੀ ਗੱਦਾਰੀ ਤੇ ਅੰਗਰੇਜ਼ ਦੀ ਬੇਲੋੜੀ ਗ਼ੁਲਾਮੀ ਲਈ, ਸ਼ਰਮਿੰਦਾ ਹੋਣ ਦੀ ਹੀ ਹਿੰਮਤ ਹੀ ਰੱਖਦੇ ਹਨ, ਬਲਕਿ ਆਪਣੇ ਰਜਵਾੜੇ ਪੁਣੇ ਦੀ ਧੌਂਸ ਲੋਕਤੰਤਰ ਵਿੱਚ ਵੀ ਬਣਾਈ ਰੱਖਣਾ ਚਾਹੁੰਦੇ ਹਨ। ਸਭ ਤੋਂ ਵੱਡੀ ਸੱਚਾਈ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ, ਉਸ ਦੀ ਨਿਮਰਤਾ, ਬਹਾਦੁਰੀ, ਖੁਸ਼ਹਾਲੀ ਤੇ ਧਰਮ ਨਿਰਪੇਖਤਾ ਦੀ ਗੱਲ ਤਾਂ ਸਿੱਖ ਹਰ ਸਮੇਂ ਕਰਦੇ ਹਨ, ਪਰ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ,ਮਹਾਰਾਣੀ ਜਿੰਦ ਕੌਰ ਤੇ ਮਹਾਰਾਜਾ ਦਲੀਪ ਸਿੰਘ ਦੀ ਸਹਾਇਤਾ ਲਈ ਕੋਈ ਸਿੱਖ ਅੱਗੇ ਨਹੀਂ ਆਇਆ। ਕੇਵਲ ਇਹ ਹੀ ਨਹੀਂ, ਰਾਜਕੁਮਾਰੀ ਬੰਬਾਂ ਤੇ ਰਾਜ ਕੁਮਾਰੀ ਸੋਫੀਆ, ਜੋ ਭਾਰਤ ਆਈਆਂ ਸਨ, ਨਾਲ ਕਿਸੇ ਸਿੱਖ ਸਰਦਾਰ ਨੇ ਵਿਆਹ ਕਰਨ ਦੀ ਹਿੰਮਤ ਵੀ ਨਹੀਂ ਕੀਤੀ। ਰਾਜ ਕੁਮਾਰੀ ਬੰਬਾ ਜੋ 1957 ਤੱਕ ਲਾਹੌਰ ਰਹੀ, ਨੂੰ ਕਿਸੇ ਕੌਮ ਨੂੰ ਸੇਧ ਦੇਣ ਜਾਂ ਅਗਵਾਈ ਕਰਨ ਲਈ ਬੇਨਤੀ ਨਹੀਂ ਕੀਤੀ, ਜਦੋਂ ਕਿ ਉਹ ਭਾਰਤ ਦੇ ਆਜ਼ਾਦੀ ਘੁਲਾਟੀਏ ਲਾਲਾ ਲਾਜਪਤ ਰਾਏ ਸਮੇਤ ਅਨੇਕਾਂ ਆਗੂਆਂ ਨੂੰ ਮਿਲਦੀ ਤੇ ਸਹਾਇਤਾ ਕਰਦੀ ਰਹੀ ਸੀ। ਸਿੱਖ ਧਾਰਮਿਕ ਆਗੂਆਂ ਨੇ ਉਸ ਨੂੰ ਮੁੜ ਸਿੱਖ ਧਰਮ ਵਿੱਚ ਪਰਤਣ ਲਈ ਵੀ ਬੇਨਤੀ ਨਹੀਂ ਕੀਤੀ। ਰਾਜ ਕੁਮਾਰੀ ਸੋਫੀਆ ਤਾਂ ਆਪਣਾ ਧਰਮ ਸਿੱਖ ਹੀ ਲਿਖਦੀ ਸੀ ਤੇ ਔਰਤਾਂ ਦੇ ਅਧਿਕਾਰਾਂ ਲਈ ਬਰਤਾਨੀਆ ਵਿੱਚ ਸੰਘਰਸ਼ ਕਰਦੀ ਰਹੀ ਸੀ। ਸੱਚ ਤਾਂ ਇਹ ਹੈ ਕਿ ਕਿਸੇ ਵੀ ਸਿੱਖ ਆਗੂ ਤੇ ਸੰਸਥਾ ਨੇ ਮਹਾਰਾਜਾ ਰਣਜੀਤ ਸਿੰਘ ਦੇ ਅੱਖਾਂ ਮੀਟਣ ਤੋਂ ਬਾਅਦ ਉਸ ਦੇ ਪਰਿਵਾਰ ਨੂੰ ਨਾ ਹੀ ਕਬੂਲਿਆ ਤੇ ਨਾ ਹੀ ਸਹਾਇਤਾ ਕੀਤੀ। (**ਬਾਕੀ ਸਫ਼ਾ 31 ’ਤੇ**)

# ਦਹਿਸ਼ਤ ਦਾ ਸੰਤਾਪ ਭੋਗ ਰਿਹਾ ਅਫ਼ਗਾਨਿਸਤਾਨ

## ਅਣਮਨੁੱਖੀ ਲਹੂ-ਭਿੱਜੀਆਂ ਦਾਸਤਾਨਾਂ ਨਾਲ ਲਬਰੇਜ਼ ਹੈ ਅਫ਼ਗਾਨਿਸਤਾਨ ਦਾ ਸਮੁੱਚਾ ਇਤਿਹਾਸ



ਦਰਬਾਰਾ ਸਿੰਘ ਕਾਹਲੋਂ



ਆਧੁਨਿਕ ਗਲੋਬਲ ਭਾਈਚਾਰੇ ’ਚ ਅਫ਼ਗਾਨਿਸਤਾਨ, ਪਾਕਿਸਤਾਨ ਤੇ ਇਰਾਨ ਆਦਿ ਦੇਸ਼ ਸਥਾਨਕ ਲੋਕਾਂ ਲਈ ਖੁੱਲ੍ਹੀਆਂ ਜੇਲ੍ਹਾਂ ਬਣੇ ਪਏ ਹਨ, ਖ਼ਾਸ ਕਰਕੇ ਸਮੁੱਚੇ ਔਰਤ ਵਰਗ ਲਈ। ਸ਼ਾਸਕਾਂ ਦਾ ਵਿਰੋਧ ਕਰਨ ਵਾਲੇ ਲੋਕ ਗੋਲ਼ੀਆਂ ਨਾਲ ਭੁੰਨ ਦਿੱਤੇ ਜਾਂਦੇ ਹਨ, ਪੈਲੇਟ ਗੰਨਾਂ ਨਾਲ ਸਦੀਵੀ ਤੌਰ ’ਤੇ ਅੰਨ੍ਹੇ ਕਰ ਦਿੱਤੇ ਜਾਂਦੇ ਹਨ। ਜੋ ਪੁਲਿਸ ਤੇ ਸੁਰੱਖਿਆ ਦਸਤਿਆਂ ਵੱਲੋਂ ਪਕੜ ਲਏ ਜਾਂਦੇ ਹਨ, ਉਨ੍ਹਾਂ ਨੂੰ ਖੇਡ ਸਟੇਡੀਅਮਾਂ ’ਚ ਖੁੱਲ੍ਹੀਆਂ ਜੇਲ੍ਹਾਂ ’ਚ ਬੰਦ ਰੱਖਣ ਤੋਂ ਬਾਅਦ ਕਤਲਗਾਹਾਂ ’ਚ ਤਬਦੀਲ ਕਰ ਕੇ ਸ਼ਰੇਆਮ ਜਨਤਕ ਤੌਰ ’ਤੇ ਕਤਲ ਕਰ ਦਿੱਤਾ ਜਾਂਦਾ ਹੈ। ਨਾ ਕੋਈ ਕਾਨੂੰਨ, ਨਾ ਅਪੀਲ ਤੇ ਨਾ ਹੀ ਦਲੀਲ।

ਇਹ ਸਭ ਕੁਝ ਵਿਸ਼ਵ ਭਾਈਚਾਰੇ, ਲੋਕਤੰਤਰੀ ਸਮਾਜਾਂ, ਵਿਸ਼ਵ ਦੀਆਂ ਮਹਾ-ਸ਼ਕਤੀਆਂ ਅਤੇ ਯੂ.ਐੱਨ.ਓ. ਜਿਹੀਆਂ ਸੰਸਥਾਵਾਂ ਦੇ ਸਾਹਮਣੇ ਚਿੱਟੇ ਦਿਨ ਵਾਪਰ ਰਿਹਾ ਹੈ। ਅਫ਼ਗਾਨਿਸਤਾਨ ਦਾ ਸਮੁੱਚਾ ਇਤਿਹਾਸ ਅਣਮਨੁੱਖੀ ਲਹੂ-ਭਿੱਜੀਆਂ ਦਾਸਤਾਨਾਂ ਨਾਲ ਲਬਰੇਜ਼ ਹੈ। ਚੌਵੀ ਦਸੰਬਰ 1979 ਨੂੰ ਸੋਵੀਅਤ ਯੂਨੀਅਨ (ਰੂਸ) ਵੱਲੋਂ ਅਫ਼ਗਾਨਿਸਤਾਨ ਵਿੱਚ ਫ਼ੌਜੀ ਦਖ਼ਲ ਅਤੇ ਉਸ ਦੀ ਉੱਥੇ 15 ਫਰਵਰੀ 1989 ਤੱਕ ਲਗਪਗ 10 ਸਾਲਾ ਠਹਿਰ ਦੌਰਾਨ ਔਰਤਾਂ, ਮਨੁੱਖੀ ਅਧਿਕਾਰਾਂ, ਸਿਵਲ ਪ੍ਰਸ਼ਾਸਨ, ਸਿੱਖਿਆ, ਸਿਹਤ, ਵਿਕਾਸ ਵੱਲ ਸੀਮਤ ਤੌਰ ’ਤੇ ਤਵੱਜੋਂ ਦਿੱਤੀ ਗਈ। ਜੋ ਲੋਕ ਤਾਲਿਬਾਨੀ ਸ਼ਾਸਕਾਂ ਦੇ ਹੁਕਮਾਂ ਦੀ ਉਲੰਘਣਾ ਕਰਦੇ, ਉਨ੍ਹਾਂ ਲਈ ਖੇਡ ਸਟੇਡੀਅਮ ਫਾਂਸੀਗਾਹਾਂ ਵਿੱਚ ਤਬਦੀਲ ਕਰ ਦਿੱਤੇ। ਆਧੁਨਿਕ ਹਥਿਆਰ ਖ਼ਰੀਦਣ, ਗਲੋਬਲ ਪੱਧਰ ’ਤੇ ਅੱਤਵਾਦ ਪੈਦਾ ਕਰਨ ਲਈ ਸਿਖਲਾਈ ਕੈਂਪ ਚਲਾਉਣ ਲਈ ਵੱਡੇ ਪੱਧਰ ’ਤੇ ਧਨ ਦੀ ਲੋੜ ਸੀ। ਇਸ ਲਈ ਤਾਲਿਬਾਨ ਨੇ ਅਫ਼ਗਾਨਿਸਤਾਨ ਨੂੰ ਅਫ਼ੀਮ ਦੀ ਖੇਤੀ ਅਤੇ ਨਸ਼ੀਲੇ ਪਦਾਰਥਾਂ ਦੇ ਕਾਰੋਬਾਰ ਦੀ ਮੰਡੀ ਵਜੋਂ ਸਥਾਪਤ ਕਰ ਦਿੱਤਾ। ਸੰਨ 1996 ਤੋਂ 2001 ਤੱਕ ਦੇ ਦਰਿੰਦਗੀ ਭਰੇ ਸ਼ਾਸਨ ਨੇ ਪੂਰੇ ਵਿਸ਼ਵ ਅੰਦਰ ਤਹਿਲਕਾ ਮਚਾ ਕੇ ਰੱਖ ਦਿੱਤਾ। 9/11 ਦੀ ਘਟਨਾ ਤੋਂ ਬਾਅਦ ਅਮਰੀਕੀ ਅਤੇ ਨਾਟੋ ਇਤਿਹਾਦੀਆਂ ਦੇ ਤਾਬੜਤੋੜ ਹਮਲੇ ਵਿੱਚ ਤਾਲਿਬਾਨ ਦੀ ਹਾਰ ਤੋਂ ਬਾਅਦ ਇੱਕ ਵਾਰ ਫਿਰ ਦੇਸ਼ ਅੰਦਰ ਲੋਕਤੰਤਰ ਦੀ ਸਥਾਪਤੀ ਹੋਈ। ਔਰਤਾਂ ਲਈ ਬਰਾਬਰ ਹੱਕ ਅਤੇ ਆਜ਼ਾਦੀਆਂ, ਸਿੱਖਿਆ ਮਿਲਣੀਆਂ ਸ਼ੁਰੂ ਹੋਈਆਂ। ਬਗ਼ੈਰ ਬੁਰਕੇ ਅਤੇ ਬੰਦਿਸ਼ਾਂ ਦੇ ਆਉਣ-ਜਾਣ, ਘਰੇਲੂ ਹਿੰਸਾ ਦੀ ਸਮਾਪਤੀ, ਸਿਹਤ, ਖੇਡ, ਪਬਲਿਕ ਸੇਵਾਵਾਂ ਵਿਚ ਸ਼ਮੂਲੀਅਤ ਦੇ ਹੱਕ ਮਿਲਣੇ ਸ਼ੁਰੂ ਹੋ ਗਏ। ਦੇਸ਼ ਨੂੰ ਲੋਕਤੰਤਰੀ ਅਸੂਲਾਂ ’ਤੇ ਖੜ੍ਹਾ ਕਰਨ, ਅਜ਼ਾਦਾਨਾ ਮੁਨਸਫਾਨਾ ਚੋਣਾਂ, ਕਾਨੂੰਨ ਦਾ ਰਾਜ, ਅਫ਼ਗਾਨੀ ਨਾਗਰਿਕਾਂ ਦੀ ਸੁਰੱਖਿਆ, ਮਾਨਵ ਆਜ਼ਾਦੀਆਂ, ਵੱਡੇ ਪੱਧਰ ’ਤੇ ਰਾਸ਼ਟਰੀ ਨਿਰਮਾਣ ਅਤੇ ਨਵੀਨੀਕਰਨ, ਲੋਕਤੰਤਰੀ ਸੰਸਥਾਵਾਂ ਦੀ ਸਥਾਨਕ, ਸੂਬਾਈ ਅਤੇ ਰਾਸ਼ਟਰੀ ਪੱਧਰ ’ਤੇ ਮਜ਼ਬੂਤੀ ਲਈ ਸੰਨ 2004 ਵਿੱਚ ਨਵਾਂ ਸੰਵਿਧਾਨ ਲਾਗੂ ਕੀਤਾ ਗਿਆ।

ਨਾਟੋ ਇਤਿਹਾਦੀਆਂ ਅਤੇ ਅਮਰੀਕੀ ਫ਼ੌਜਾਂ ਦੀ ਅਫ਼ਗਾਨਿਸਤਾਨ ਅੰਦਰ ਠਹਿਰ ਦੌਰਾਨ ਕਦੇ ਵੀ ਅੰਦਰਖਾਤੇ ਤਾਲਿਬਾਨੀਆਂ, ਜਹਾਦੀਆਂ ਅਤੇ ਕੱਟੜਵਾਦੀਆਂ ਨੇ ਹਥਿਆਰ ਨਹੀਂ ਸੁੱਟੇ। ਲਗਾਤਾਰ ਜੰਗੀ, ਹਿੰਸਕ, ਦਹਿਸ਼ਤਵਾਦੀ ਹਮਲਿਆਂ ਰਾਹੀਂ ਦਹਿਸ਼ਤ ਅਤੇ ਡਰ ਭਰਿਆ ਮਾਹੌਲ ਬਣਿਆ ਰਿਹਾ। ਆਏ ਦਿਨ ਰਾਜਧਾਨੀ ਕਾਬੁਲ, ਸੂਬਾਈ ਰਾਜਧਾਨੀਆਂ ਅਤੇ ਜਨਤਕ ਥਾਵਾਂ ’ਤੇ ਦਹਿਸ਼ਤਵਾਦੀ ਹਮਲੇ, ਅਗਵਾਕਾਰੀ ਅਤੇ ਹਿੰਸਾ ਜਾਰੀ ਰਹੇ। ਇਸੇ ਦੌਰਾਨ ਅਮਰੀਕਾ, ਪੱਛਮੀ ਦੇਸ਼ਾਂ, ਭਾਰਤ ਅਤੇ ਅਰਬ ਦੇਸ਼ਾਂ ਨੇ ਅਫ਼ਗਾਨਿਸਤਾਨ ਦੇ ਨਵ-ਨਿਰਮਾਣ ਦੇ ਖੇਤਰ ਵਿੱਚ ਵੱਡਾ ਯੋਗਦਾਨ ਪਾਇਆ। ਸੜਕਾਂ, ਪੁਲਾਂ, ਬਿਜਲੀ, ਛੋਟੇ ਉਤਪਾਦਕਾਂ ਪ੍ਰਾਜੈਕਟਾਂ, ਮਕਾਨਾਂ, ਸਕੂਲਾਂ, ਕਾਲਜਾਂ ਤੇ ਤਕਨੀਕੀ ਅਦਾਰਿਆਂ ਦੀ ਉਸਾਰੀ ਦੇ ਕਾਰਜ ਅੰਜਾਮ ਦਿੱਤੇ। ਭਾਰਤ ਨੇ ਕਾਬੁਲ ਅੰਦਰ ਪਾਰਲੀਮੈਂਟ ਹਾਊਸ ਦੀ ਉਸਾਰੀ ਕਰ ਕੇ ਅਫ਼ਗਾਨ ਹਕੂਮਤ ਨੂੰ ਸੌਂਪਿਆ। ਇਸ ਦੇ ਕੁਝ ਚੰਗੇ ਅਤੇ ਹਾਂ-ਪੱਖੀ ਨਤੀਜੇ ਸਾਹਮਣੇ ਆਏ। ਇਨ੍ਹਾਂ ਵਿੱਚੋਂ ਬਿਹਤਰ ਸਿਹਤ ਸਹੂਲਤਾਂ, ਰੁਜ਼ਗਾਰ ਦੇ ਮੌਕਿਆਂ, ਵਧੀਆ ਸਮਾਜਿਕ ਵਾਤਾਵਰਨ ਅਤੇ ਸੁਰੱਖਿਆ ਕਰਕੇ ਆਮ ਆਦਮੀ ਦੀ ਔਸਤ ਉਮਰ ਵਿੱਚ ਵਾਧਾ ਹੋਇਆ। ਔਸਤ ਉਮਰ 55 ਸਾਲ ਤੋਂ ਵਧ ਕੇ 63 ਸਾਲ ਹੋ ਗਈ। ਔਰਤਾਂ ਦੀ ਪ੍ਰਸੂਤਾ ਮੌਤ ਦਰ 50 ਪ੍ਰਤੀਸ਼ਤ ਘਟ ਗਈ।

ਲੜਕੇ-ਲੜਕੀਆਂ ਵੱਡੀ ਤਾਦਾਦ ਵਿੱਚ ਸਕੂਲਾਂ ਅਤੇ ਕਾਲਜਾਂ ਵਿੱਚ ਵਿੱਦਿਆ ਪ੍ਰਾਪਤ ਕਰਨ ਲਈ ਦਾਖ਼ਲਾ ਲੈਣ ਲੱਗੇ। ਨੌਜਵਾਨਾਂ ਵਿੱਚ ਰਾਸ਼ਟਰ ਉਸਾਰੀ ਦਾ ਜਜ਼ਬਾ ਵਧਣਾ ਸ਼ੁਰੂ ਹੋਇਆ। ਲੇਕਿਨ 20 ਸਾਲਾਂ ਵਿੱਚ ਅਫ਼ਗਾਨੀ ਲੋਕ, ਸਰਕਾਰਾਂ, ਕੌਮਾਂਤਰੀ ਬਰਾਦਰੀ, ਅਮਰੀਕਾ ਅਤੇ ਨਾਟੋ ਫ਼ੌਜਾਂ, ਯੂ ਐੱਨ ਸਬੰਧਿਤ ਸੰਸਥਾਵਾਂ ਇਸ ਦੇਸ਼ ਵਿੱਚ ਸ਼ਾਂਤੀ ਅਤੇ ਕਾਨੂੰਨ ਦਾ ਰਾਜ ਸਥਾਪਤ ਕਰਨ ’ਚ ਲਗਾਤਾਰ ਨਾਕਾਮ ਰਹੀਆਂ। ਤਾਲਿਬਾਨ ਲੜਾਕੂ ਭਾਰੀ ਪੈਣੇ ਸ਼ੁਰੂ ਹੋ ਗਏ। ਅਮਰੀਕਾ ਨੇ ਇਸ ਲੰਬੇ ਯੁੱਧ ਵਿੱਚ 2448 ਜਦਕਿ ਨਾਟੋ ਇਤਿਹਾਦੀਆਂ ਨੇ 1144 ਫ਼ੌਜੀ ਗੁਆਏ, 3914 ਅਮਰੀਕੀ ਕੰਪਨੀਆਂ ਨਾਲ ਸਬੰਧਿਤ ਠੇਕੇਦਾਰ ਮਾਰੇ ਗਏ। ਲਗਪਗ 66000 ਅਫ਼ਗਾਨ ਫ਼ੌਜੀ ਤੇ ਪੁਲਸੀਏ ਮਾਰੇ ਗਏ। ਕਰੀਬ 67000 ਲੋਕ ਇਸ ਜੰਗ ਸਬੰਧੀ ਪਾਕਿਸਤਾਨ ’ਚ ਮਾਰੇ ਗਏ ਤੇ 70,000 ਤੋਂ ਵੱਧ ਸਿਵਲੀਅਨ ਅਫ਼ਗਾਨੀ ਇਸ ਜੰਗ ’ਚ ਮਾਰੇ ਗਏ। ਕਰੀਬ 53000 ਤਾਲਿਬਾਨ ਲੜਾਕੂਆਂ ਨੇ ਜਾਨਾਂ ਗੁਆਈਆਂ। (**ਬਾਕੀ ਸਫ਼ਾ 31 ’ਤੇ**)



### ਅਾਜ ਮੌਸਮ ਬੜਾ 'ਬੇਈਮਾਨ' ਹੈ...

# ਮਾਨਸੂਨ ਦਿਆ ਬੱਦਲਾ ਵੇ...

## ਛਮ-ਛਮ ਪੈਂਦੇ ਮੀਂਹ ਦਾ ਲਓ ਆਨੰਦ ਪਰ ਬਰਸਾਤੀ ਪਾਣੀ ਦੀ ਕਰੋ ਸੰਭਾਲ




ਪੰਜਾਬ ਵਿੱਚ ਇਸ ਸਮੇਂ ਮਾਨਸੂਨ ਦੀ ਆਮਦ ਹੋ ਚੁੱਕੀ ਹੈ ਅਤੇ ਪੰਜਾਬ 'ਚ ਅਸਮਾਨ 'ਤੇ ਕਾਲੀਆਂ ਘਟਾਵਾਂ ਛਾਈਆਂ ਹੋਈਆਂ ਹਨ ਅਤੇ ਛਮ- ਛਮ ਮੀਂਹ ਪੈ ਰਿਹਾ ਹੈ, ਜਿਸ ਕਾਰਨ ਇਸ ਸਮੇਂ ਪੰਜਾਬ ਦਾ ਮੌਸਮ ਬਹੁਤ ਸੁਹਾਵਣਾ ਹੋ ਗਿਆ ਹੈ। ਕਾਲੀਆਂ ਘਟਾਵਾਂ, ਅਸਮਾਨ ਵਿੱਚ ਉੱਡਦੇ ਬੱਦਲਾਂ, ਰੁਕ ਰੁਕ ਕੇ ਪੈਂਦੀ ਬਰਸਾਤ ਕਾਰਨ ਜਿਥੇ ਮੋਰ ਪੈਲਾਂ ਪਾ ਰਹੇ ਹਨ, ਉਥੇ ਕੋਇਲਾਂ ਆਪਣੀ ਮਿੱਠੀ ਤੇ ਸੁਰੀਲੀ ਆਵਾਜ਼ ਵਿੱਚ ਕੂਕ ਰਹੀਆਂ ਹਨ। ਵਰ੍ਹਦੇ ਮੀਂਹ ਦੇ ਛਰਾਟਿਆਂ ਕਾਰਨ ਮਿੱਟੀ ਵਿਚੋਂ ਉੱਠਦੀ ਸੋਂਧੀ ਸੋਂਧੀ ਖੁਸ਼ਬੂ, ਵੱਖ- ਵੱਖ ਕਿਸਮਾਂ ਦੇ ਫੁੱਲਾਂ ਨਾਲ ਲੱਦੇ ਰੁੱਖਾਂ ਦੀਆਂ ਡਾਲੀਆਂ ਵਿਚੋਂ ਪੱਤਿਆਂ ਨਾਲ ਖਹਿ- ਖਹਿ ਕੇ ਵਗ ਰਹੀ ਅਤੇ ਤਪਦੇ ਸੀਨੇ ਠਾਰਦੀ ਹੋਈ ਠੰਡੀ ਵਾਅ ਉੱਚੀ ਸਾਰੀ ਹੋਕਾ ਦਿੰਦੀ ਜਾਪਦੀ ਹੈ ਕਿ ਅੱਜ ਪੰਜਾਬ ਦਾ ਮੌਸਮ 'ਬੇਈਮਾਨ' ਹੋ ਗਿਆ ਹੈ। ਮਾਨਸੂਨ ਆਉਣ 'ਤੇ ਬਹਾਰ ਵੀ ਰੁੱਖਾਂ ਉਪਰ ਪੈਲਾਂ ਪਾਉਣ ਲੱਗਦੀ ਹੈ ਤੇ ਨੱਚਦੀ, ਗਾਉਂਦੀ ਪ੍ਰਤੀਕ ਹੁੰਦੀ ਹੈ। ਪਿੰਡਾਂ - ਸ਼ਹਿਰਾਂ ਵਿੱਚ ਬਣੇ ਮਕਾਨਾਂ, ਕੋਠੀਆਂ ਦੀਆਂ ਉੱਚੀਆਂ ਦੀਵਾਰਾਂ, ਮਜ਼ਬੂਤ ਬੂਹੇ- ਬਾਰੀਆਂ ਟੱਪ ਕੇ ਘਰਾਂ ਦੇ ਧੁਰ ਅੰਦਰ ਤੱਕ ਆ ਰਹੀ ਸਿੱਲੀ ਸਿੱਲੀ ਹਵਾ ਹਰ ਜਵਾਨ ਦਿਲ ਵਿੱਚ ਝਰਨਾਹਟ ਜਿਹੀ ਛੇੜ ਜਾਂਦੀ ਹੈ, ਜਿਸ ਕਾਰਨ ਦਿਲਾਂ ਵਿੱਚ ਵਲਵਲੇ ਪੈਦਾ ਹੁੰਦੇ ਹਨ ਅਤੇ ਵੱਡੀ ਗਿਣਤੀ ਨੌਜਵਾਨ ਮੁੰਡੇ ਕੁੜੀਆਂ ਜਾਂ ਤਾਂ ਕਵਿਤਾ ਲਿਖਣ ਲੱਗਦੇ ਹਨ ਜਾਂ ਗੀਤ ਗਾਉਣ ਲੱਗ ਜਾਂਦੇ ਹਨ। ਬਰਸਾਤ ਪੈਣ ਕਾਰਨ ਸੁਹਾਵਣੇ ਹੋਏ ਮੌਸਮ ਦਾ ਆਨੰਦ ਮਾਣਨ ਲਈ ਜਿਥੇ ਅਨੇਕਾਂ ਲੋਕ ਘੁੰਮਣ ਜਾਂਦੇ ਹਨ, ਉਥੇ ਅਨੇਕਾਂ ਘਰਾਂ ਵਿੱਚ ਗਰਮ ਪਕੌੜੇ ਅਤੇ ਖੀਰ ਪੂੜੇ ਵੀ ਬਣਾਏ ਜਾਂਦੇ ਹਨ। ਮਾਨਸੂਨ ਦੌਰਾਨ ਪੈਂਦੀ ਭਰਵੀਂ ਬਰਸਾਤ ਕਾਰਨ ਐਨ.ਆਰ.ਆਈ. ਪੰਜਾਬੀਆਂ ਦੇ ਪੰਜਾਬ ਵਿੱਚ ਸੁੰਨੇ ਪਏ ਮਹੱਲ- ਮੁਨਾਰੇ ਵੀ ਧੋਤੇ ਜਾਂਦੇ ਹਨ ਅਤੇ ਦੂਰੋਂ ਹੀ ਲਿਸ਼ਕਾਂ ਮਾਰਨ ਲੱਗਦੇ ਹਨ।



ਮਾਨਸੂਨ ਪੌਣਾਂ ਵੀ ਕੁਦਰਤ ਦੀ ਅਨਮੋਲ ਦਾਤ ਹਨ। ਭਾਰਤ, ਪਾਕਿਸਤਾਨ ਅਤੇ ਬੰਗਲਾਦੇਸ਼ ਸਮੇਤ ਏਸ਼ੀਆ ਦੇ ਅਨੇਕਾਂ ਦੇਸ਼ਾਂ ਵਿੱਚ ਮਾਨਸੂਨ ਦੀ ਰਫ਼ਤਾਰ ਇਹਨਾਂ ਦੇਸ਼ਾਂ ਦੀ ਆਰਥਿਕਤਾ ਦਾ ਧੁਰਾ ਹੁੰਦੀ ਹੈ। ਜੇ ਮਾਨਸੂਨ ਦੀ ਰਫ਼ਤਾਰ ਤੇਜ਼ ਹੈ, ਇਹਨਾਂ ਮੁਲਕਾਂ ਦੀ ਅਰਥ ਵਿਵਸਥਾ ਵਿੱਚ ਵੀ ਤੇਜ਼ੀ ਆ ਜਾਂਦੀ ਹੈ, ਜੇ ਮਾਨਸੂਨ ਦੀ ਰਫ਼ਤਾਰ ਢਿੱਲੀ ਹੈ ਤਾਂ ਇਹਨਾਂ ਮੁਲਕਾਂ ਦੀ ਅਰਥ ਵਿਵਸਥਾ ਵੀ ਡਗਮਗਾ ਜਾਂਦੀ ਹੈ। ਭਾਰਤ ਦੇ ਕੇਂਦਰੀ ਬਜਟ 'ਤੇ ਵੀ ਮਾਨਸੂਨ ਵੱਡਾ ਪ੍ਰਭਾਵ ਪਾਉਂਦੀ ਹੈ। ਭਾਰਤ ਸਮੇਤ ਕਈ ਮੁਲਕਾਂ ਵਿੱਚ ਅਨਾਜ ਦੀ ਪੈਦਾਵਾਰ ਪੂਰੀ ਤਰਾਂ ਮਾਨਸੂਨ 'ਤੇ ਨਿਰਭਰ ਹੁੰਦੀ ਹੈ, ਜਿਸ ਤੋਂ ਪਤਾ ਚਲ ਜਾਂਦਾ ਹੈ ਕਿ ਮਾਨਸੂਨ ਦੀ ਸਾਡੀ ਜਿੰਦਗੀ ਵਿੱਚ ਕਿੰਨੀ ਮਹੱਤਤਾ ਹੈ। ਮਾਨਸੂਨ ਪੌਣਾਂ ਉਹਨਾਂ ਮੌਸਮੀ ਹਵਾਵਾਂ ਨੂੰ ਕਿਹਾ ਜਾਂਦਾ ਹੈ, ਜੋ ਕਿ ਮੌਸਮ ਅਨੁਸਾਰ ਆਪਣੀ ਦਿਸ਼ਾ ਬਦਲ ਲੈਂਦੀਆਂ ਹਨ। ਜਦੋਂ ਜਲ ਅਤੇ ਥਲ ਭਾਵ ਸਮੁੰਦਰ ਅਤੇ ਧਰਤੀ ਦੇ ਤਾਪਮਾਨ ਵਿੱਚ ਅੰਤਰ ਪੈਦਾ ਹੋ ਜਾਂਦਾ ਹੈ ਤਾਂ ਮਾਨਸੂਨ ਹਵਾਵਾਂ ਦਾ ਜਨਮ ਹੁੰਦਾ ਹੈ। ਮਾਨਸੂਨ ਹਵਾਵਾਂ ਗਰਮੀ ਅਤੇ ਸਰਦੀ ਦੇ ਮੌਸਮ ਅਨੁਸਾਰ ਆਪਣੀ ਦਿਸ਼ਾ ਬਦਲ ਲੈਂਦੀਆਂ ਹਨ। ਗਰਮੀ ਵਿੱਚ ਮਾਨਸੂਨ ਪੌਣਾਂ ਸਮੁੰਦਰ ਤੋਂ ਧਰਤੀ ਵੱਲ ਚੱਲਦੀਆਂ ਹਨ ਅਤੇ ਸਿਆਲਾਂ ਦੀ ਰੁੱਤ ਵਿੱਚ ਮਾਨਸੂਨ ਪੌਣਾਂ ਧਰਤੀ ਤੋਂ ਸਮੁੰਦਰ ਵੱਲ ਚਲਦੀਆਂ ਹਨ। ਇਸ ਤਰਾਂ ਸਮੇਂ ਦੇ ਚੱਕਰ ਅਨੁਸਾਰ ਮਾਨਸੂਨ ਪੌਣਾਂ ਦਾ ਚੱਕਰ ਚਲਦਾ ਰਹਿੰਦਾ ਹੈ, ਜੋ ਕਿ ਆਦਿ ਕਾਲ ਤੋਂ ਲਗਾਤਾਰ ਜਾਰੀ ਹੈ ਅਤੇ ਮਾਨਸੂਨ ਪੌਣਾਂ ਦਾ ਇਹ ਚੱਕਰ ਭਾਵ ਸਫ਼ਰ ਰਹਿੰਦੀ ਦੁਨੀਆਂ ਤੱਕ ਜਾਰੀ ਰਹਿਣਾ ਹੈ।



ਹੁਣ ਗੱਲ ਕਰਦੇ ਹਾਂ ਤਸਵੀਰ ਦੇ ਦੂਜੇ ਪਾਸੇ ਦੀ। ਜਿਥੇ ਬਰਸਾਤ ਪੈਣ ਕਾਰਨ ਮੌਸਮ ਸੁਹਾਵਣਾ ਹੋ ਜਾਂਦਾ ਹੈ, ਉਥੇ ਹਰ ਵਾਰ ਬਰਸਾਤ ਪੈਣ ਮੌਕੇ ਵੱਡੀ ਗਿਣਤੀ ਇਲਾਕਿਆਂ ਵਿੱਚ ਬਰਸਾਤੀ ਪਾਣੀ ਇੱਕ ਆਫਤ ਬਣ ਜਾਂਦਾ ਹੈ, ਇਸ ਬਰਸਾਤੀ ਪਾਣੀ ਦੀ ਸਹੀ ਤਰੀਕੇ ਨਾਲ ਨਿਕਾਸੀ ਨਾ ਹੋਣ ਕਾਰਨ ਜਿਥੇ ਰਿਹਾਇਸ਼ੀ ਇਲਾਕਿਆਂ ਵਿੱਚ ਇਹ ਪਾਣੀ ਖੜ੍ਹਾ ਹੋ ਕੇ ਆਮ ਲੋਕਾਂ ਲਈ ਦਿੱਕਤਾਂ ਪੈਦਾ ਕਰਦਾ ਹੈ, ਉਥੇ ਭਰਵੀਂ ਬਰਸਾਤ ਪੈਣ ਤੋਂ ਬਾਅਦ ਖੇਤਾਂ ਵਿੱਚ ਵੀ ਬਰਸਾਤੀ ਪਾਣੀ ਦੀ ਭਰਮਾਰ ਹੋ ਜਾਂਦੀ ਹੈ, ਬਰਸਾਤੀ ਪਾਣੀ ਦੀ ਸਹੀ ਤਰੀਕੇ ਨਾਲ ਨਿਕਾਸੀ ਨਾ ਹੋਣ ਕਾਰਨ ਅਕਸਰ ਖੇਤਾਂ ਵਿੱਚ ਖੜੀਆਂ ਫਸਲਾਂ ਦਾ ਨੁਕਸਾਨ ਹੋਣ ਦਾ ਖਤਰਾ ਪੈਦਾ ਹੋ ਜਾਂਦਾ ਹੈ।



ਬਰਸਾਤ ਪੈਣ ਤੋਂ ਬਾਅਦ ਬਰਸਾਤੀ ਪਾਣੀ ਦੀ ਜੇ ਸਹੀ ਤਰੀਕਿਆਂ ਨਾਲ ਸੰਭਾਲ ਕੀਤੀ ਜਾਵੇ ਤਾਂ ਫਿਰ ਔੜ ਦੇ ਦਿਨਾਂ ਦੌਰਾਨ ਅਤੇ ਸਾਰਾ ਸਾਲ ਇਸ ਬਰਸਾਤੀ ਪਾਣੀ ਦੀ ਯੋਗ ਵਰਤੋ ਕੀਤੀ ਜਾ ਸਕਦੀ ਹੈ। ਸਾਡੇ ਬਜ਼ੁਰਗ ਬਹੁਤ ਸਿਆਣੇ ਅਤੇ ਅਕਲਮੰਦ ਸਨ, ਜਿਨ੍ਹਾਂ ਨੇ ਬਰਸਾਤੀ ਪਾਣੀ ਦੀ ਸਾਂਭ ਸੰਭਾਲ ਅਤੇ ਯੋਗ ਵਰਤੋ ਲਈ ਵੱਖ- ਵੱਖ ਪਿੰਡਾਂ ਤੇ ਕਸਬਿਆਂ ਵਿੱਚ ਟੋਭਿਆਂ, ਛੱਪੜਾਂ ਦਾ ਨਿਰਮਾਣ ਕੀਤਾ ਹੋਇਆ ਸੀ , ਇਸ ਤੋਂ ਇਲਾਵਾ ਅਨੇਕਾਂ ਪਿੰਡਾਂ ਵਿੱਚ ਕੁਦਰਤੀ ਢਾਬਾਂ ਵੀ ਮੌਜੂਦ ਸਨ, ਜਿਨ੍ਹਾਂ ਵਿੱਚ ਬਰਸਾਤਾਂ ਦਾ ਪਾਣੀ ਇਕੱਠਾ ਹੁੰਦਾ ਰਹਿੰਦਾ ਸੀ ਅਤੇ ਇਸ ਪਾਣੀ ਦੀ ਵਰਤੋ ਆਮ ਲੋਕ ਸਾਰਾ ਸਾਲ ਕਰਦੇ ਰਹਿੰਦੇ ਸਨ। ਇਹਨਾਂ ਟੋਭਿਆਂ ਅਤੇ ਛੱਪੜਾਂ ਵਿਚੋਂ ਹੋਲੀ ਹੋਲੀ ਪਾਣੀ ਧਰਤੀ ਹੇਠ ਰਿਸਦਾ ਰਹਿੰਦਾ ਸੀ ਜਿਸ ਕਰਕੇ ਧਰਤੀ ਹੇਠਲੇ ਪਾਣੀ ਦਾ ਪੱਧਰ ਵੀ ਠੀਕ ਰਹਿੰਦਾ ਸੀ ਪਰ ਸ਼ਹਿਰੀਕਰਨ ਦੀ ਆੜ ਵਿੱਚ ਵੱਡੀ ਗਿਣਤੀ ਪਿੰਡਾਂ ਵਿਚੋਂ ਟੋਭੇ ਅਤੇ ਛੱਪੜ ਅਲੋਪ ਹੋ ਗਏ, ਜਿਸ ਕਾਰਨ ਪਿੰਡਾਂ ਵਿੱਚ ਹੁਣ ਬਰਸਾਤ ਪੈਣ ਮੌਕੇ ਬਰਸਾਤੀ ਪਾਣੀ ਦੀ ਨਿਕਾਸੀ ਵੱਡੀ ਸਮੱਸਿਆ ਬਣ ਜਾਂਦੀ ਹੈ।

ਬਰਸਾਤੀ ਪਾਣੀ ਦੀ ਸਹੀ ਤਰੀਕੇ ਨਾਲ ਨਿਕਾਸੀ ਦਾ ਸਭ ਤੋਂ ਸਹੀ ਰਸਤਾ ਇਸ ਬਰਸਾਤੀ ਪਾਣੀ ਦੀ ਧਰਤੀ ਹੇਠਾਂ ਨਿਕਾਸੀ ਕਰਨਾ ਹੈ। ਬਰਸਾਤੀ ਪਾਣੀ ਜੇ ਧਰਤੀ ਹੇਠਾਂ ਰਿਚਾਰਜ ਹੋ ਜਾਵੇ ਤਾਂ ਇਸ ਨਾਲ ਧਰਤੀ ਹੇਠਲੇ ਪਾਣੀ ਦੇ ਪੱਧਰ ਵਿੱਚ ਸੁਧਾਰ ਲਿਆਂਦਾ ਜਾ ਸਕਦਾ ਹੈ। ਇਸ ਸਮੇਂ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਖਤਰਨਾਕ ਹੱਦ ਤੱਕ ਹੇਠਾਂ ਚਲਿਆ ਗਿਆ ਹੈ ਅਤੇ ਇਹ ਧਰਤੀ ਹੇਠਲਾ ਪਾਣੀ ਖਤਮ ਹੋਣ ਦੇ ਖ਼ਤਰੇ ਖੜੇ ਹੋ ਗਏ ਹਨ, ਜਿਸ ਕਰਕੇ ਬਰਸਾਤੀ ਪਾਣੀ ਨੂੰ ਧਰਤੀ ਹੇਠਾਂ ਰਿਚਾਰਜ ਕਰਨਾ ਸਮੇਂ ਦੀ ਲੋੜ ਹੈ ਅਤੇ ਮੰਗ ਵੀ।

ਵੱਖ -ਵੱਖ ਸਰਕਾਰਾਂ ਅਤੇ ਲੋਕਲ ਪ੍ਰਸ਼ਾਸਨ ਵੱਲੋਂ ਵੱਖ- ਵੱਖ ਸਮੇਂ ਬਰਸਾਤੀ ਪਾਣੀ ਦੀ ਸਹੀ ਨਿਕਾਸੀ, ਸੰਭਾਲ ਅਤੇ ਧਰਤੀ ਹੇਠਾਂ ਰਿਚਾਰਜ ਕਰਨ ਦੇ ਵੱਡੇ ਵੱਡੇ ਦਾਅਵੇ ਕੀਤੇ ਜਾਂਦੇ ਹਨ। ਇਸ ਸਬੰਧੀ ਕੁਝ ਕਾਰਜ ਵੀ ਸਰਕਾਰ ਅਤੇ ਪ੍ਰਸ਼ਾਸਨ ਵੱਲੋਂ ਕੀਤੇ ਜ਼ਰੂਰ ਜਾਂਦੇ ਹਨ ਪਰ ਅਕਸਰ ਸਹੀ ਤਰੀਕੇ ਨਾਲ ਸਾਂਭ ਸੰਭਾਲ ਨਾ ਕੀਤੇ ਜਾਣ ਅਤੇ ਸਰਕਾਰੀ ਯੋਜਨਾਵਾਂ ਨੂੰ ਸਹੀ ਤਰੀਕੇ ਨਾਲ ਲਾਗੂ ਨਾ ਕੀਤੇ ਜਾਣ ਕਾਰਨ ਹਰ ਵਾਰ ਬਰਸਾਤ ਪੈਣ ਮੌਕੇ ਬਰਸਾਤੀ ਪਾਣੀ ਨੂੰ ਧਰਤੀ ਹੇਠਾਂ ਰਿਚਾਰਜ ਕਰਨ ਦੇ ਤਰੀਕੇ ਖ਼ਿਆਲੀ ਪੁਲਾਓ ਬਣ ਕੇ ਰਹਿ ਜਾਂਦੇ ਹਨ ਅਤੇ ਇਹ ਬਰਸਾਤੀ ਪਾਣੀ ਆਮ ਲੋਕਾਂ ਲਈ ਸਮੱਸਿਆ ਬਣ ਜਾਂਦਾ ਹੈ।

ਚਾਹੀਦਾ ਤਾਂ ਇਹ ਹੈ ਕਿ ਪੰਜਾਬ ਸਰਕਾਰ , ਲੋਕਲ ਪ੍ਰਸ਼ਾਸਨ ਅਤੇ ਆਮ ਲੋਕ ਮਿਲ ਕੇ ਬਰਸਾਤੀ ਪਾਣੀ ਦੀ ਸੰਭਾਲ ਪ੍ਰਤੀ ਜਾਗਰੂਕ ਹੋਣ ਅਤੇ ਸਾਂਝੇ ਉਪਰਾਲੇ ਕਰਕੇ ਬਰਸਾਤੀ ਪਾਣੀ ਦੀ ਸੰਭਾਲ ਲਈ ਯਤਨ ਕੀਤੇ ਜਾਣ ਤਾਂ ਕਿ ਹਰ ਵਾਰ ਬਰਸਾਤ ਪੈਣ ਮੌਕੇ ਬਰਸਾਤੀ ਪਾਣੀ ਆਮ ਲੋਕਾਂ ਲਈ ਕੋਈ ਸਮੱਸਿਆ ਨਾ ਬਣੇ ਬਲਕਿ ਇਸ ਬਰਸਾਤੀ ਪਾਣੀ ਨੂੰ ਧਰਤੀ ਹੇਠਾਂ ਸਹੀ ਤਰੀਕੇ ਨਾਲ ਰਿਚਾਰਜ ਕਰਕੇ, ਹੋਰਨਾਂ ਤਰੀਕਿਆਂ ਨਾਲ ਬਰਸਾਤੀ ਪਾਣੀ ਦੀ ਸਹੀ ਸੰਭਾਲ ਕਰਕੇ, ਬਰਸਾਤੀ ਪਾਣੀ ਦੀ ਸਹੀ ਵਰਤੋ ਕੀਤੀ ਜਾਵੇ। ਅੱਜ ਕਲ ਵਿਦੇਸ਼ਾਂ ਵਿੱਚ ਬਰਸਾਤੀ ਪਾਣੀ ਦੀ ਸਹੀ ਤਰੀਕੇ ਨਾਲ ਸਾਂਭ ਸੰਭਾਲ ਅਤੇ ਯੋਗ ਵਰਤੋ ਬਾਰੇ ਜਾਣਕਾਰੀ ਇੰਟਰਨੈਟ ਤੋਂ ਵੀ ਮਿਲ ਜਾਂਦੀ ਹੈ, ਇਸ ਤੋਂ ਇਲਾਵਾ ਦੁਨੀਆਂ ਦੇ ਵੱਖ- ਵੱਖ ਮੁਲਕਾਂ ਵਿੱਚ ਵਸੇ ਹੋਏ ਪਰਵਾਸੀ ਪੰਜਾਬੀ ਵੀ ਆਪੋ ਆਪਣੇ ਪਿੰਡਾਂ ਨੂੰ ਵਿਦੇਸ਼ਾਂ ਵਿੱਚ ਕੀਤੀ ਜਾਂਦੀ ਬਰਸਾਤੀ ਪਾਣੀ ਦੀ ਸਾਂਭ ਸੰਭਾਲ ਦੀ ਜਾਣਕਾਰੀ ਆਪੋ ਆਪਣੇ ਪਿੰਡਾਂ ਤੇ ਕਸਬਿਆਂ ਨੂੰ ਭੇਜ ਕੇ ਪੰਜਾਬ ਦੇ ਵਸਨੀਕਾਂ ਨੂੰ ਬਰਸਾਤੀ ਪਾਣੀ ਦੀ ਸਾਂਭ ਸੰਭਾਲ ਅਤੇ ਯੋਗ ਵਰਤੋ ਸਬੰਧੀ ਜਾਗਰੂਕ ਕਰਨ ਵਿੱਚ ਆਪਣਾ ਯੋਗਦਾਨ ਪਾ ਸਕਦੇ ਹਨ। ਇਸ ਤੋਂ ਇਲਾਵਾ ਪੁਰਾਤਨ ਸਮੇਂ ਵਾਂਗ ਪਿੰਡਾਂ ਅਤੇ ਕਸਬਿਆਂ ਵਿੱਚ ਛੱਪੜਾਂ ਅਤੇ ਟੋਭਿਆਂ, ਤਲਾਬਾਂ ਨੂੰ ਮੁੜ ਬਣਾਇਆ ਜਾਣਾ ਚਾਹੀਦਾ ਹੈ ਜਿਥੇ ਕਿ ਬਰਸਾਤ ਪੈਣ ਸਮੇਂ ਬਰਸਾਤੀ ਪਾਣੀ ਨੂੰ ਇਕੱਠਾ ਕੀਤਾ ਜਾ ਸਕੇ ਅਤੇ ਫਿਰ ਲੋੜ ਪੈਣ 'ਤੇ ਸਾਰਾ ਸਾਲ ਇਸ ਬਰਸਾਤੀ ਪਾਣੀ ਦੀ ਸੁਯੋਗ ਵਰਤੋ ਕੀਤੀ ਜਾ ਸਕੇ।



# ਅਰੁੰਧਤੀ ਰਾਇ ਬਨਾਮ ਕਾਣਾ ਮੀਣਾ ਇਨਕਲਾਬ

## ਅਰੁੰਧਤੀ ਨੂੰ ਐਵਾਰਡ ਮਿਲਿਆ ਠੀਕ ਹੈ ਪਰ ਸਿੱਖ ਦੁਖਾਂਤ ਬਾਰੇ ਚੁੱਪ ਕਿਉਂ ?


ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916

ਬੀਤੇ ਦਿਨੀਂ 'ਬੁੱਕਰ ਪ੍ਰਾਈਜ਼' ਜੇਤੂ ਲੇਖਕਾ ਅਰੁੰਧਤੀ ਰਾਏ ਨੂੰ 'ਨਿਡਰ ਤੇ ਸਪਸ਼ਟ' ਲਿਖਤਾਂ ਲਈ ਵੱਕਾਰੀ 'ਪੈੱਨ ਪਿੰਟਰ ਪ੍ਰਾਈਜ਼-2024' ਦੇਣ ਦਾ ਐਲਾਨ ਕੀਤਾ ਗਿਆ ਸੀ। ਉਨ੍ਹਾਂ ਨੂੰ ਇਹ ਪੁਰਸਕਾਰ ਅਜਿਹੇ ਸਮੇਂ ਦਿੱਤਾ ਜਾ ਰਿਹਾ ਹੈ ਜਦੋਂ ਉਹ ਕਸ਼ਮੀਰ ਬਾਰੇ 14 ਸਾਲ ਪਹਿਲਾਂ ਕੀਤੀਆਂ ਇਤਿਹਾਸਕ ਟਿੱਪਣੀਆਂ ਦੇ ਮਾਮਲੇ ਵਿੱਚ ਮੁਕੱਦਮੇ ਦੇ ਖ਼ਤਰੇ ਦਾ ਸਾਹਮਣਾ ਕਰ ਰਹੀ ਹੈ।

ਹੁਣੇ ਜਿਹੇ ਦਿੱਲੀ ਦੇ ਉਪ ਰਾਜਪਾਲ ਵੀ.ਕੇ. ਸਕਸੈਨਾ ਨੇ ਮਸ਼ਹੂਰ ਲੇਖਿਕਾ ਅਰੁੰਧਤੀ ਰਾਏ ਅਤੇ ਕਸ਼ਮੀਰ ਸੈਂਟਰਲ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਡਾਕਟਰ ਸ਼ੇਖ ਸ਼ੌਕਤ ਹੁਸੈਨ ਵਿਰੁੱਧ ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ (ਯੂਏਪੀਏ) ਤਹਿਤ ਮੁਕੱਦਮਾ ਚਲਾਉਣ ਨੂੰ ਮਨਜ਼ੂਰੀ ਦੇ ਦਿੱਤੀ ਹੈ। ਉਸ 'ਤੇ 'ਆਜ਼ਾਦੀ-ਇਕੋ ਇੱਕ ਰਸਤਾ' ਦੇ ਬੈਨਰ ਹੇਠ ਆਯੋਜਿਤ ਇੱਕ ਸੰਮੇਲਨ ਵਿੱਚ ਕਥਿਤ ਤੌਰ 'ਤੇ 'ਭੜਕਾਊ' ਭਾਸ਼ਣ ਦੇਣ ਦਾ ਦੋਸ਼ ਹੈ। ਉਸਨੇ ਇਸ ਤੱਥ ਦਾ ਪ੍ਰਚਾਰ ਕੀਤਾ ਕਿ ਕਸ਼ਮੀਰ ਕਦੇ ਵੀ ਭਾਰਤ ਦਾ ਹਿੱਸਾ ਨਹੀਂ ਸੀ ਅਤੇ ਇਸ 'ਤੇ ਭਾਰਤੀ ਹਥਿਆਰਬੰਦ ਬਲਾਂ ਨੇ ਜ਼ਬਰਦਸਤੀ ਕਬਜ਼ਾ ਕੀਤਾ ਹੋਇਆ ਸੀ। ਇੱਥੋਂ ਤੱਕ ਕਿਹਾ ਕਿ ਜੰਮੂ-ਕਸ਼ਮੀਰ ਦੀ ਭਾਰਤ ਤੋਂ ਆਜ਼ਾਦੀ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਣੀ ਚਾਹੀਦੀ ਹੈ।

ਦਰਅਸਲ ਇਹ ਮਾਮਲਾ ਸਾਲ 2010 ਨਾਲ ਸਬੰਧਿਤ ਹੈ। ਇਸ ਮਾਮਲੇ ਸਬੰਧੀ ਸ਼ਿਕਾਇਤ ਸੁਸ਼ੀਲ ਪੰਡਿਤ ਵੱਲੋਂ 28 ਅਕਤੂਬਰ 2010 ਨੂੰ ਅਦਾਲਤ ਵਿੱਚ ਦਾਇਰ ਕੀਤੀ ਗਈ ਸੀ। ਜਿਸ ਤੋਂ ਬਾਅਦ ਅਦਾਲਤ ਨੇ 27 ਨਵੰਬਰ ਨੂੰ ਐਫ.ਆਈ.ਆਰ. ਦਰਜ ਕਰਨ ਦੇ ਨਿਰਦੇਸ਼ ਦਿੱਤੇ ਸਨ। ਸ਼ਿਕਾਇਤ ਦੇ ਇੱਕ ਮਹੀਨੇ ਬਾਅਦ 29 ਨਵੰਬਰ 2010 ਨੂੰ ਸੁਸ਼ੀਲ ਪੰਡਿਤ ਦੀ ਸ਼ਿਕਾਇਤ 'ਤੇ ਮਾਮਲਾ ਦਰਜ ਕੀਤਾ ਗਿਆ ਸੀ।

62 ਸਾਲਾ ਅਰੁੰਧਤੀ ਰਾਏ ਗੰਭੀਰ ਤੇ ਬੇਬਾਕ ਲੇਖਕਾ ਹੈ। ਸੁਆਲ ਇਹ ਹੈ ,ਉਹ ਕਸ਼ਮੀਰ ਬਾਰੇ ਬੇਬਾਕੀ ਨਾਲ ਆਵਾਜ਼ ਬੁਲੰਦ ਕਰ ਰਹੀ ਹੈ ਪਰ ਪੰਜਾਬ ਦੇ ਦੁਖਾਂਤ ਤੇ ਮਸਲਿਆਂ ਦਰਿਆਈ ਪਾਣੀਆਂ, ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰੇ ਸਿੱਖਾਂ, ਲਵਾਰਸ ਲਾਸ਼ਾਂ ਕਹਿਕੇ ਸਸਕਾਰ ਕੀਤੇ ਸਿੱਖਾਂ, ਪੰਜਾਬ ਦੀ ਖੁਦਮੁਖਤਿਆਰੀ ਬਾਰੇ ਚੁੱਪ ਕਿਉਂ ਹੈ?



ਮੈਨੂੰ ਅਫਸੋਸ ਇਸ ਗਲ ਦਾ ਹੈ ਕਿ ਪੰਜਾਬ ਦੇ ਕੁੱਝ ਖੱਬੇਪੱਖੀ ਲੇਖਕਾਂ, ਚਿੰਤਕਾਂ ਨੇ ਪੰਜਾਬ ਦੇ ਮਸਲੇ ਉੱਪਰ ਉਸ ਨੂੰ ਗੁੰਮਰਾਹ ਕੀਤਾ ਹੋਇਆ ਹੈ। ਇਹਨਾਂ ਚਿੰਤਕਾਂ ਦਾ ਵਿਚਾਰ ਹਮੇਸ਼ਾ ਸਿੱਖ ਪੰਥ ਤੇ ਪੰਜਾਬ ਦੇ ਵਿਰੁੱਧ ਭੁਗਤਦਾ ਰਿਹਾ ਹੈ। ਹਾਲਾਂਕਿ ਗੁਰਪੁਰਵਾਸੀ ਸਿੱਖ ਲੇਖਕਾਂ ਗੁਰਬਚਨ ਸਿੰਘ ਦੇਸ ਪੰਜਾਬ ,ਦਲਬੀਰ ਸਿੰਘ ਪੱਤਰਕਾਰ ਨੇ ਉਸਨੂੰ ਮੀਟਿੰਗ ਲਈ ਸੱਦਾ ਦਿੱਤਾ ਸੀ ਤੇ ਦਿੱਲੀ '84 ਬਾਰੇ ਤੇ ਪੰਜਾਬ ਸੰਤਾਪ ਬਾਰੇ ਲਿਟਰੇਚਰ ਵੀ। ਸੀਨੀਅਰ ਪੰਥਕ ਪੱਤਰਕਾਰ ਕਰਮਜੀਤ ਸਿੰਘ ਚੰਡੀਗੜ੍ਹ ਲਿਖਦੇ ਰਹੇ ਕਿ ਅਰੁੰਧਤੀ ਪੰਜਾਬ ਤੇ ਸਿੱਖ ਮਸਲਿਆਂ ਨੂੰ ਸਮਝੇ।

ਪਰ ਅਰੁੰਧਤੀ ਚੁੱਪ ਰਹੀ। ਜੋ ਅਰੁੰਧਤੀ ਵਿੱਚ ਬੋਧਿਕਤਾ ਦੀ ਸੰਪੂਰਨਤਾ ਦੇ ਗੁਣ ਸਨ ਉਹਨਾਂ ਨਾਲ ਅਰੁੰਧਤੀ ਨਹੀਂ ਨਿਭ ਸਕੀ। ਅਰੁੰਧਤੀ ਪੰਜਾਬ ਨਾਲ ਨਿਆਂ ਨਹੀਂ ਕਰ ਸਕੀ।

ਹਾਲਾਂਕਿ ਉਹ ਕਿਹੜਾ ਨਹੀ ਜਾਣਦੀ ਕਿ ਸਿੱਖ ਆਪਣੀ ਸਮਰਥਾ ਤੋਂ ਵੱਧ ਮਨੁੱਖਤਾ ਦੇ ਪਹਿਰੇਦਾਰ ਹਨ। ਫਿਰਕੂ ਰਾਜਨੀਤੀ ਵਿਰੁੱਧ ਹੁਣ ਤਕ ਜੂਝ ਰਹੇ ਹਨ। ਇਹ ਤਾਂ ਕੌਮਾਂਤਰੀ ਸਰਕਾਰਾਂ, ਬੁੱਧੀਜੀਵੀਆਂ,ਪੱਤਰਕਾਰਾਂ ਨੂੰ ਵੀ ਸਮਝ ਹੈ ਕਿ ਸਿੱਖ ਪੰਥ ਦੀਨ- ਦੁਖੀਆਂ ਦੀ ਹਰੇਕ ਸੰਕਟ ਵਿੱਚ ਸੇਵਾ ਨਿਭਾਉਂਦਾ ਰਿਹਾ ਹੈ। ਉਸਨੇ ਆਪਣੇ ਗੁਰੂ ਸਾਹਿਬਾਨਾਂ ਦਾ ਸੱਭਿਆਚਾਰ ਜੀਉਂਦਾ ਰਖਿਆ ਹੈ। ਇਹ ਉਦਾਹਰਣ ਦੁਨੀਆਂ ਦੀ ਕਿਸੇ ਕੌਮ ਵਿੱਚ ਨਹੀਂ ਮਿਲੇਗੀ। ਸਿੱਖ ਪੰਥ ਦੀ ਮਨੁੱਖਤਾ ਪ੍ਰਤੀ ਸੇਵਾ ਬਾਰੇ ਇਹੋ ਜਿਹੀਆਂ ਖਬਰਾਂ ਆਮ ਨਿਊਯਾਰਕ ਟਾਈਮਜ਼ ,ਵਸ਼ਿੰਗਟਨ ਟਾਈਮਜ਼, ਡੇਲੀ ਮੇਲ ਯੂ ਕੇ ਵਿੱਚ ਛਪਦੀਆਂ ਹਨ, ਜਿਹਨਾਂ ਅਖਬਾਰਾਂ ਨੂੰ ਨੀਝ ਲਗਾਕੇ ਅਰੁੰਧਤੀ ਰਾਇ ਵੀ ਪੜ੍ਹਦੀ ਹੈ।

ਅਰੁੰਧਤੀ ਨੂੰ ਅਹਿਸਾਸ ਹੋਣਾ ਚਾਹੀਦਾ ਸੀ ਕਿ ਸਿੱਖ ਫਿਰਕਾਪ੍ਰਸਤੀ ਤੇ ਨਸਲਵਾਦ ਦੇ ਵਿਰੁੱਧ ਹਨ। ਦੁਨੀਆਂ ਨੂੰ ਰੱਬ ਦਾ ਘਰ ਸਮਝਦੇ ਹਨ। ਇਸ ਦੁਨੀਆਂ ਵਿੱਚ ਰਹਿੰਦਾ ਹਰ ਮਨੁੱਖ ਸਿੱਖਾਂ ਦਾ ਭਾਈ ਬੰਧੂ ਹੈ। ਗੁਰੂ ਗ੍ਰੰਥ ਸਾਹਿਬ ਦਾ ਸਿੱਖਾਂ ਨੂੰ ਹੁਕਮ ਹੈ-

ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ (ਪੰ: ੬੭੧)

ਕੁੱਝ ਸਾਲ ਪਹਿਲਾਂ ਮੈਂ ਦੇਸ ਭਗਤ ਯਾਦਗਾਰ ਹਾਲ ਗਦਰੀ ਮੇਲੇ 'ਤੇ ਬੀਬੀ ਅਰੁੰਧਤੀ ਮਿਲਿਆ। ਗੱਲਬਾਤ ਜਾਣਕਾਰੀ ਤੱਕ ਸੀਮਤ ਰਹੀ। ਖੱਬੇਪੱਖੀ ਚਿੰਤਕਾਂ ਦਾ ਇੱਕ ਗਰੁਪ ਉਸਨੂੰ ਘੇਰੇ ਵਿੱਚ ਲੈਕੇ ਹੋਟਲ ਵੱਲ ਲੈ ਗਿਆ ਤਾਂ ਜੋ ਉਹ ਸਾਡੇ ਨਾਲ ਗੱਲਬਾਤ ਨਾ ਕਰ ਸਕਣ। ਹੁਣ ਇਹਨਾਂ ਅਗਿਆਨੀਆਂ ਨੂੰ ਕੌਣ ਸਮਝਾਏ ਭਾਈ ਇਨਕਲਾਬ ਡੱਬੀ ਵਿੱਚ ਨਹੀਂ ਬੰਦ ਕਰੀਦੇ।

ਇਨਕਲਾਬ ਦਾ ਰੰਗ ਸਿਰਫ ਲਾਲ ਨਹੀਂ ਹੁੰਦਾ, ਨੀਲਾ ਸੁਰਮਈ ਵੀ ਹੁੰਦਾ ਹੈ। ਦੇਗ ਤੇਗ ਫਤਹਿ ਦੀ ਪੁਣ ਛਾਣ ਕਰ ਲਵੋ। ਅੰਮ੍ਰਿਤ ਛਕਾਉਣ ਤੋਂ ਪਹਿਲਾਂ ਸਾਰੀਆਂ ਜਾਤਾਂ ਤੇ ਵੱਖ ਵੱਖ ਧਰਮ ਸੰਸਕਾਰਾਂ ਵਾਲਿਆਂ ਨੂੰ ਗੁਰੂ ਦਸ਼ਮੇਸ਼ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਸੱਦਾ ਦਿੱਤਾ ਸੀ, ਪਰ ਜਾਤ ਅਭਿਮਾਨੀ ਰਾਜਪੂਤ ਰਾਜਿਆਂ ਨੇ ਕਿਹਾ ਕਿ ਅਸੀਂ ਅੰਮ੍ਰਿਤ ਛਕਣ ਲਈ ਤਿਆਰ ਹਾਂ ਪਰ ਨੀਵੀਆਂ ਜਾਤਾਂ ਨਾਲ਼ੋਂ ਸਾਨੂੰ ਅੱਡ ਅੰਮ੍ਰਿਤ ਛਕਾਉ । ਗੁਰੂ ਦਸ਼ਮੇਸ਼ ਨੇ ਕਿਹਾ ਕਿ ਇਹ ਬਿਨਾ ਭਿੰਨ ਭੇਦ ਦੇ ਸਭ ਲਈ ਇੱਕ ਸਮਾਨ ਹੋਵੇਗਾ । ਰਾਜਪੂਤਾਂ ਨੇ ਇਨਕਾਰ ਕਰਦਿਆਂ ਕਿਹਾ ਕਿ 'ਯਹ ਸਭ ਚਿੜੀ ਲਖੇ ਮਹਾਰਾਜਾ, ਹਮ ਹੈ ਰਾਜਪੂਤ ਵਡ ਰਾਜਾ'।

ਗੁਰੂ ਦਸ਼ਮੇਸ਼ ਦਾ ਜਵਾਬ ਸੀ ਕਿ ਜਿਹੜੇ ਚਿੜੀ ਦੇ ਫਰਕਨ ਤੇ ਡਰ ਜਾਦੇ ਹਨ ਉਨ੍ਹਾਂ ਨੂੰ 'ਸ਼੍ਰੀ ਅਸ਼ਿਪਾਨਜ ਤਬੈ ਕਹਾਊ ਚਿੜੀਅਨ ਤੇ ਜਬ ਬਾਜ ਤੁੜਾਉ' ਐਸੀ ਸਪਿਰਟ ਭਰ ਦੇਵਾਗਾਂ 'ਸਵਾ ਲਾਖ ਸੇ ਏਕ ਲੜਾਊ ਤਬੈ ਗੋਬਿੰਦ ਸਿੰਘ ਨਾਮ ਕਹਾਊ"।

ਇਸ 'ਤੇ ਪਹਾੜੀ ਰਾਜਪੂਤ ਰਾਜਿਆਂ ਨੇ ਕਿਹਾ ਅਸੀਂ ਇਹਨਾਂ ਦੇ ਘਰਾਂ ਵਿੱਚ ਕੋਈ ਧਾਰਮਿਕ ਰਸਮ ਨਹੀ ਨਿਭਾਵਾਂਗੇ। ਦਾਨ ਵੀ ਕਬੂਲ ਨਹੀ ਕਰਾਂਗੇ ਤਾਂ ਗੁਰੂ ਦਸ਼ਮੇਸ਼ ਨੇ ਫਰਮਾਇਆ ਕਿ ਹੁਣ ਤੋਂ ਕੋਈ ਸਿੱਖ ਬ੍ਰਾਹਮਣਾਂ ਨੂੰ ਦਾਨ ਨਹੀ ਦੇਵੇਗਾ ਅਤੇ ਨਾਂਹ ਹੀ ਕਿਸੇ ਧਰਮ ਕਰਮ ਲਈ ਤੁਹਾਨੂੰ ਬੁਲਾਵੇਗਾ। ਹੁਣ ਦਾਨ ਮਨੁੱਖਤਾ ਦੇ ਭਲੇ ਲਈ ਖਰਚ ਹੋਵੇਗਾ 'ਦਾਨ ਦੀਓ ਇਨ ਹੀ ਕੋ ਭਲੋ ਔਰ ਆਨ ਕੋ ਦਾਨ ਨ ਲਾਗਤ ਨੀਕੋ' 'ਇਨ ਤੇ ਗਹਿ ਪੰਡਿਤ ਉਪਜਾਊ ਕਥਾ ਕਰਨ ਕੀ ਰੀਤ ਸਿਖਾਊ' 'ਇਨ ਗਰੀਬ ਸਿੰਘਨ ਕੋ ਦੇਊ ਪਾਤਸ਼ਾਹੀ ਯੇ ਯਾਦ ਕਰੇ ਹਮਰੀ ਗੁਰਿਆਈ' 'ਜੀਵਤ ਰਹੇ ਤੋ ਰਾਜ ਕਰੇ ਹੈ ਮਰਹਿ ਤਾ ਗੁਰ ਪੁਰ ਜਾਈ'।

ਸਿੱਖ ਪੰਥ ਦੀ ਗੁਰੂ ਹੁਕਮ ਵਿੱਚ ਇਹ ਜੱਦੋ ਜਹਿਦ ਉਦੋਂ ਤੱਕ ਜਾਰੀ ਰਹੀ ਜਦੋਂ ਤੱਕ ਦਰਾ ਏ ਖੈਬਰ ਤੋਂ ਹੋਣ ਵਾਲੇ ਹਮਲੇ ਸਦਾ ਲਈ ਬੰਦ ਨਹੀ ਹੋ ਗਏ। ਸਾਰੇ ਪੰਜਾਬ, ਕਸ਼ਮੀਰ, ਅਫਗਾਨਿਸਤਾਨ ਤੇ ਜਮਰੌਦ ਦੇ ਕਿਲ੍ਹੇ ਤੇ ਖਾਲਸੇ ਦਾ ਨੀਲਾ ਸੁਰਮਈ ਨਿਸ਼ਾਨ ਸਾਹਿਬ ਝੂਲਿਆ।

ਕਿਸੇ ਸ਼ਾਇਰ ਨੇ ਠੀਕ ਹੀ ਲਿਖਿਆ ਹੈ 'ਸਿੱਖ ਦੀ ਹਸਤੀ ਪੰਥ ਦੇ ਨਾਲ ਪੰਥ ਜੀਵੇ ਗੁਰੂ ਗ੍ਰੰਥ ਦੇ ਨਾਲ'।

ਨੀਲਾ ਸੁਰਮਈ ਗੁਰੂ ਗੋਬਿੰਦ ਸਿੰਘ ਦਾ ਸੌਂਪਿਆ ਬ੍ਰਹਿਮੰਡੀ ਕ੍ਰਾਂਤੀ ਰੰਗ ਹੈ ਤੇ ਇਸ ਪਿੱਛੇ ਦਬੇ ਕੁਚਲੇ ਤੇ ਕਿਰਤੀ ਵਰਗ ਦੀ ਮੁਕਤੀ ਦਾ ਇਤਿਹਾਸਕ ਤੇ ਦਾਰਸ਼ਨਿਕ ਸੰਕਲਪ ਹੈ। ਪੂਰੇ ਭਾਰਤ ਵਿੱਚ ਦਬੇ ਕੁਚਲਿਆਂ ਦਾ ਰੰਗ ਵੀ ਖਾਲਸਾ ਜੀ ਵਰਗਾ ਹੈ।

ਪ੍ਰਾਚੀਨ ਪੰਥ ਪ੍ਰਕਾਸ਼ ਵਿੱਚ ਲਿਖਿਆ ਹੈ ਕਿ ਖਾਲਸੇ ਦੀ ਵਡਿਆਈ ਇਹ ਹੈ ਕਿ ਉਹ ਦੇਗ ਤੋਂ ਹੱਥ ਹਟਾਂਦੇ ਨਹੀਂ ਤੇ ਵੰਡ ਖਾਉਣ ਤੋਂ ਹਟਦੇ ਨਹੀਂ।

ਯਹੀ ਲਾਇਕੀ ਖਾਲਸੇ ਮਾਹਿ।
ਲੜਨ ਮਰਨ ਮੋ ਰਹੇ ਅਗਾਹਿਂ।
ਔਰ ਪ੍ਰਸ਼ਾਦਿ ਵੰਡਕੇ ਖਾਹਿ।
ਮਿਠਾ ਬੋਲਹਿ, ਸਿੱਖੀ ਕਮਾਹਿ ॥
(ਪ੍ਰਾਚੀਨ ਪੰਥ ਪ੍ਰਕਾਸ਼)

ਖੱਬੇਪੱਖੀ ਚਿੰਤਕਾਂ ਨੂੰ ਸਾਡਾ ਇਤਿਹਾਸ ਤੇ ਫਲਸਫਾ ਸਮਝਣ ਦੀ ਲੋੜ ਹੈ ਕਿ ਮਨੁੱਖਤਾ ਦੇ ਹਿਤ ਸਾਂਝੇ ਹੁੰਦੇ ਹਨ। ਫਿਰਕੂ ਸਟੇਟ ਦਾ ਫਾਸ਼ੀਵਾਦੀ ਨਜ਼ਰੀਆ ਹਰੇਕ ਇਨਕਲਾਬ ਤੇ ਕਿਰਤੀ ਜਨਤਾ ਦੇ ਵਿਰੋਧ ਵਿੱਚ ਹੁੰਦਾ ਹੈ। ਲੋਕਾਂ ਦਾ ਭਲਾ ਟੀਰੇ ਨਜ਼ਰੀਏ ਵਿੱਚ ਨਹੀਂ, ਸਾਂਝੀਵਾਲਤਾ ਵਿੱਚ ਹੁੰਦਾ ਹੈ। ਨਸਲਵਾਦ ਵਰਤਾਰੇ ਵਿਰੁੱਧ ਸਮੁੱਚੇ ਵਿਸ਼ਵ ਦੇ ਲੋਕਾਂ ਨੂੰ ਜਾਗ੍ਰਿਤ ਕਰਨ ਦੀ ਲੋੜ ਹੁੰਦੀ ਹੈ ।ਨਾ ਕਿ ਇਨਕਲਾਬੀ ਧਿਰਾਂ ਇਕ ਦੂਜੇ ਵਿਰੁੱਧ ਖਲੋ ਜਾਣ।

# ਵਿਦਰੋਹੀ ਲ.ਫਜ਼ਾਂ ਦੀ ਸਿਰਜਕ ਅਰੁੰਧਤੀ ਰਾਏ

ਕ੍ਰਿਸ਼ਨ ਕੁਮਾਰ ਰੱਤੂ

ਵਿਦਰੋਹ ਦੀ ਆਵਾਜ਼ ਸਾਹਿਤ ਨੂੰ ਸਦੀਆਂ ਤੱਕ ਜਿਉਂਦਾ ਰੱਖਦੀ ਹੈ। ਭਾਰਤ ਦੀ ਚਰਚਿਤ ਲੇਖਿਕਾ ਅਰੁੰਧਤੀ ਰਾਏ ਨੂੰ ਦੁਨੀਆਂ ਦੇ ਵੱਕਾਰੀ ਸਾਹਿਤਕ ਪੁਰਸਕਾਰ ਪੈੱਨ ਪਿੰਟਰ ਲਈ ਚੁਣੇ ਜਾਣਾ ਆਜ਼ਾਦੀ ਨਾਲ ਜਿਊਣ ਦੀ ਹਾਮੀ ਆਵਾਜ਼ ਲਈ ਕੌਮਾਂਤਰੀ ਪੱਧਰ 'ਤੇ ਮਾਣ ਵਾਲੀ ਗੱਲ ਹੈ। ਇਸ ਐਲਾਨ ਨਾਲ ਭਾਰਤੀ ਲੇਖਕਾਂ ਵਿੱਚ ਆਧੁਨਿਕ ਲੇਖਣੀ ਅਤੇ ਪ੍ਰਗਟਾਵੇ ਦੀ ਆਜ਼ਾਦੀ ਪ੍ਰਤੀ ਜਾਗਰੂਕਤਾ ਵਧੇਗੀ।

ਅਰੁੰਧਤੀ ਰਾਏ ਦੁਨੀਆਂ ਤੇ ਖ਼ਾਸਕਰ ਭਾਰਤ ਦੇ ਉਨ੍ਹਾਂ ਲੇਖਕਾਂ ਵਿੱਚੋਂ ਇੱਕ ਹੈ ਜੋ ਹਮੇਸ਼ਾ ਹੀ ਵਿਵਾਦਾਂ ਵਿੱਚ ਰਹਿੰਦੇ ਹਨ। ਫਿਲਮਾਂ, ਅਨੁਵਾਦ ਅਤੇ ਚਲੰਤ ਮਸਲਿਆਂ ਬਾਰੇ ਉਸ ਦੀਆਂ ਲਿਖਤਾਂ ਅਕਸਰ ਹੀ ਵਿਵਾਦਾਂ ਵਿੱਚ ਘਿਰਦੀਆਂ ਰਹਿੰਦੀਆਂ ਹਨ। ਇਹ ਪੁਰਸਕਾਰ ਉਸ ਦੀ ਝੋਲੀ ਉਦੋਂ ਪਿਆ ਹੈ ਜਦੋਂ ਇੱਕ ਭਾਸ਼ਣ ਦੇਣ ਕਾਰਨ ਉਸ ਖ਼ਿਲਾਫ਼ ਯੂ.ਏ.ਪੀ.ਏ. ਵਰਗੇ ਕਾਨੂੰਨ ਤਹਿਤ ਕੇਸ ਚਲਾਉਣ ਦਾ ਮਾਮਲਾ ਚਰਚਾ ਅਤੇ ਲੋਕਾਂ ਵਿੱਚ ਰੋਸ ਦਾ ਮੁੱਦਾ ਬਣਿਆ ਹੋਇਆ ਹੈ। ਭਾਵੇਂ ਅਰੁੰਧਤੀ ਰਾਏ ਖ਼ਿਲਾਫ਼ ਯੂ.ਏ.ਪੀ.ਏ ਤਹਿਤ ਕੇਸ ਦਰਜ ਕਰਨ ਦਾ ਭਾਰਤ ਵਿੱਚ ਵੀ ਵਿਰੋਧ ਹੋ ਰਿਹਾ ਹੈ ਪਰ ਕੌਮਾਂਤਰੀ ਪੱਧਰ 'ਤੇ ਅਜਿਹਾ ਮਾਣ ਹਾਸਲ ਹੋਣਾ ਅਦਭੁੱਤ ਹੈ।

ਆਪਣੀ ਪਹਿਲੀ ਪੁਸਤਕ 'ਦਿ ਗੌਡ ਆਫ਼ ਸਮਾਲ ਥਿੰਗਜ਼' ਲਈ ਬੁੱਕਰ ਪੁਰਸਕਾਰ ਜਿੱਤਣ ਵਾਲੀ ਉਹ ਪਹਿਲੀ ਅਜਿਹੀ ਭਾਰਤੀ ਲੇਖਿਕਾ ਹੈ ਜਿਸ ਦੀ ਲੇਖਣੀ ਵਿੱਚ ਸਹਿਜ ਭਾਸ਼ਾ, ਸਿੱਧਾ ਵਿਦਰੋਹ ਅਤੇ ਲੋਕਾਈ ਦੀ ਆਵਾਜ਼ ਦਾ ਤੱਤ ਮਿਲਦਾ ਹੈ।

ਹੁਣ ਉਹ ਦੁਨੀਆਂ ਦੇ ਉਨ੍ਹਾਂ ਲੇਖਕਾਂ ਵਿੱਚ ਸ਼ੁਮਾਰ ਹੋ ਗਈ ਹੈ ਜੋ ਮਨੁੱਖੀ ਅਧਿਕਾਰਾਂ ਦੀ ਲੜਾਈ ਲੜਦੇ ਅਤੇ ਲੋਕਾਈ ਦੀ ਆਵਾਜ਼ ਬਣਦੇ ਹਨ। ਇਸ ਐਲਾਨ ਨੇ ਭਾਰਤੀ ਲੇਖਕਾਂ ਦੀ ਆਜ਼ਾਦੀ ਅਤੇ ਪ੍ਰਗਟਾਵੇ ਦੀ ਸੁਤੰਤਰਤਾ ਦੇ ਸਵਾਲ ਨੂੰ ਕੌਮਾਂਤਰੀ ਮੰਚ 'ਤੇ ਲਿਆਂਦਾ ਹੈ। ਅਰੁੰਧਤੀ ਰਾਏ ਦੀਆਂ ਦੂਸਰੀਆਂ ਕਿਰਤਾਂ ਵਿੱਚ ਵੀ ਅਜਿਹਾ ਹੀ ਝਲਕਾਰਾ ਮਿਲਦਾ ਹੈ।



ਮੈਨੂੰ ਯਾਦ ਹੈ ਕਿ ਮੈਂ ਇੱਕ ਵਾਰ ਦੂਰਦਰਸ਼ਨ ਕੇਂਦਰ, ਜੈਪੁਰ ਵਾਸਤੇ ਉਸ ਨਾਲ ਇੰਟਰਵਿਊ ਕੀਤੀ ਸੀ। ਉਸ ਮੁਲਾਕਾਤ ਵਿੱਚ ਉਸ ਨੇ ਕਿਹਾ ਸੀ ਕਿ ਸਾਰਾ ਮਸਲਾ ਮੀਡੀਆ ਅਤੇ ਉਸ ਸ਼ਨਾਖਤ ਦਾ ਹੈ ਜੋ ਹਮੇਸ਼ਾ ਤੁਹਾਨੂੰ ਟੈਲੀਵਿਜ਼ਨ ਦੀ ਸਕਰੀਨ 'ਤੇ ਮਿਲਦੀ ਹੈ।

ਆਪਣੇ ਖ਼ਾਸ ਅੰਦਾਜ਼ ਸਦਕਾ ਅਰੁੰਧਤੀ ਰਾਏ ਦੁਨੀਆਂ ਦੇ ਉਨ੍ਹਾਂ ਲੇਖਕਾਂ ਵਿੱਚ ਸ਼ੁਮਾਰ ਹੈ ਜਿਨ੍ਹਾਂ ਦੀ ਆਵਾਜ਼ ਨੂੰ ਕੌਮਾਂਤਰੀ ਮੰਚ 'ਤੇ ਇੱਕ ਦੇਸ਼ ਦੀ ਆਵਾਜ਼ ਨਹੀਂ ਸਗੋਂ ਮਨੁੱਖੀ ਅਧਿਕਾਰਾਂ ਅਤੇ ਆਜ਼ਾਦੀ ਲਈ ਉੱਠਦੀ ਆਵਾਜ਼ ਮੰਨਿਆ ਜਾਂਦਾ ਹੈ।

ਇਹ ਪੁਰਸਕਾਰ ਨੋਬੇਲ ਪੁਰਸਕਾਰ ਜੇਤੂ ਹੈਰਲਡ ਪਿੰਟਰ ਦੀ ਯਾਦ ਵਿੱਚ 2009 ਵਿੱਚ ਸ਼ੁਰੂ ਹੋਇਆ। ਇਹ ਪੁਰਸਕਾਰ ਅਜਿਹੇ ਮਾਣਮੱਤੇ ਲੇਖਕ ਦੀ ਯਾਦ ਨੂੰ ਸਮਰਪਿਤ ਹੈ ਜਿਸ ਨੇ ਆਪਣੀਆਂ ਲਿਖਤਾਂ ਨੂੰ ਸੱਤਾ ਦੇ ਖ਼ਿਲਾਫ਼ ਸੱਚ ਦੀ ਆਵਾਜ਼ ਲੋਕਾਈ ਤੱਕ ਪਹੁੰਚਾਉਣ ਦਾ ਜ਼ਰੀਆ ਬਣਾਇਆ ਸੀ।

ਉਸ ਨੇ ਆਪਣੇ ਪਹਿਲੇ ਅੰਗਰੇਜ਼ੀ ਨਾਵਲ 'ਦਿ ਗੌਡ ਆਫ਼ ਸਮਾਲ ਥਿੰਗਜ਼' ਸਦਕਾ ਕੌਮਾਂਤਰੀ ਪੱਧਰ 'ਤੇ ਨਿਵੇਕਲੀ ਪਛਾਣ ਬਣਾਈ। ਇਹ ਨਾਵਲ ਇੰਨਾ ਮਕਬੂਲ ਹੋਇਆ ਕਿ ਇਸ ਨੂੰ ਭਾਰਤ ਦੀਆਂ ਕਈ ਹੋਰ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ। ਅਰੁੰਧਤੀ ਰਾਏ ਦਾ ਸਾਰਾ ਸਾਹਿਤ ਸਥਾਪਤੀ ਵਿਰੋਧੀ ਸੁਰ ਵਾਲਾ ਹੋਣ ਦੇ ਬਾਵਜੂਦ ਇਸ ਦਾ ਪਾਠਕ ਵਰਗ ਬਹੁਤ ਵਿਸ਼ਾਲ ਹੈ।

ਇਸ ਐਵਾਰਡ ਦੀ ਪ੍ਰਸਤਾਵਨਾ ਵਿੱਚ ਪੈੱਨ ਪਿੰਟਰ ਪੁਰਸਕਾਰ ਦੀ ਡਾਇਰੈਕਟਰ ਰੂਥ ਬਾਰਥਵਿਕ ਨੇ ਕਿਹਾ ਹੈ ਕਿ ਅਰੁੰਧਤੀ ਰਾਏ ਉਨ੍ਹਾਂ ਕਹਾਣੀਆਂ ਤੇ ਸ਼ਬਦਾਂ ਦੇ ਪ੍ਰਗਟਾਵੇ ਦਾ ਜਾਦੂ ਜਾਣਦੀ ਹੈ ਭਾਵ ਉਹ ਲੇਖਕ ਹੈ ਜੋ ਬੇਹੱਦ ਬੇਰਹਿਮੀ ਨਾਲ ਆਪਣੀਆਂ ਰਚਨਾਵਾਂ ਦਾ ਸੰਪਾਦਨ ਕਰਦੀ ਹੈ। ਉਹ ਮਨੁੱਖੀ ਆਜ਼ਾਦੀ ਤੇ ਹੱਕਾਂ ਦੀ ਗੱਲ ਨਿੱਠ ਕੇ ਕਰਦੀ ਹੈ।

ਬ੍ਰਿਟਿਸ਼ ਲਾਇਬ੍ਰੇਰੀ ਵੱਲੋਂ ਲੰਡਨ ਵਿਖੇ ਇੱਕ ਸਮਾਗਮ ਵਿੱਚ ਅਰੁੰਧਤੀ ਰਾਏ ਨੂੰ ਇਹ ਪੁਰਸਕਾਰ 10 ਅਕਤੂਬਰ 2024 ਨੂੰ ਦਿੱਤਾ ਜਾਵੇਗਾ। ਇਸ ਮੁਕਾਮ ਤੱਕ ਪਹੁੰਚਣ ਦੀ ਰਾਏ ਦੀ ਆਪਣੀ ਕਹਾਣੀ ਵੀ ਅਜਿਹੀ ਹੈ ਜਿਸ 'ਤੇ ਰਸ਼ਕ ਕੀਤਾ ਜਾ ਸਕਦਾ ਹੈ।

ਚੌਵੀ ਨਵੰਬਰ 1961 ਨੂੰ ਉੱਤਰ ਪੂਰਬੀ ਭਾਰਤ ਦੇ ਸ਼ਹਿਰ ਸ਼ਿਲੌਂਗ (ਮੇਘਾਲਿਆ) ਵਿੱਚ ਪੈਦਾ ਹੋਈ ਈਸਾਈ ਮਾਂ ਅਤੇ ਬੰਗਾਲੀ ਬਾਪ ਦੀ ਇਸ ਧੀ ਨੇ ਆਪਣਾ ਕਿਰਦਾਰ ਨਿਵੇਕਲਾ ਬਣਾਇਆ। ਉਸ ਨੇ ਫਿਲਮਾਂ ਵਿੱਚ ਕੰਮ ਕੀਤਾ। ਇਸ ਦੇ ਨਾਲ ਹੀ ਉਸ ਨੇ ਆਰਕੀਟੈਕਚਰ ਦਾ ਕੋਰਸ ਵੀ ਦਿੱਲੀ ਤੋਂ ਕੀਤਾ ਪਰ ਉਸ ਤੋਂ ਬਾਅਦ ਉਸ ਦਾ ਜੀਵਨ ਸਾਹਸ ਅਤੇ ਨਿਸ਼ਚੇ ਭਰਪੂਰ ਸਫਲਤਾ ਨਾਲ ਭਰਪੂਰ ਹੈ।

ਅਰੁੰਧਤੀ ਰਾਏ ਨੇ 'ਨਰਮਦਾ ਬਚਾਓ ਅੰਦੋਲਨ' ਅਤੇ ਭਾਰਤ ਦੇ ਉਨ੍ਹਾਂ ਹੋਰ ਅੰਦੋਲਨਾਂ ਵਿੱਚ ਵੀ ਕੰਮ ਕੀਤਾ ਹੈ ਜਿਨ੍ਹਾਂ ਨੂੰ ਭਾਰਤ ਦੀ ਆਜ਼ਾਦੀ ਵਾਸਤੇ ਖ਼ਤਰਾ ਦੱਸਿਆ ਜਾਂਦਾ ਹੈ। ਉਸ ਦੀਆਂ ਪੁਸਤਕਾਂ ਦੀ ਦੁਨੀਆ ਭਰ ਵਿੱਚ ਸ਼ਲਾਘਾ ਹੋਈ ਹੈ।

ਹਾਲ ਹੀ ਵਿੱਚ ਉਸ ਦੀ ਬੇਹੱਦ ਚਰਚਿਤ ਪੁਸਤਕ 'ਅੰਬੇਡਕਰ ਗਾਂਧੀ ਡਿਬੇਟ' ਪੜ੍ਹਦਿਆਂ ਉਸ ਦੀ ਵਿਚਾਰਧਾਰਾ ਦਾ ਪਤਾ ਲੱਗਦਾ ਹੈ।

(ਬਾਕੀ ਸਫ਼ਾ 31 'ਤੇ)

# ਭਾਰਤੀ ਖ਼ੁਫ਼ੀਆ ਏਜੰਸੀ ਰਾਅ ਹੈ ਦੁਨੀਆਂ ਲਈ ਰਹੱਸ, ਪਰ ਅਮਰੀਕਾ ਅੱਗੇ ਹੋਈ ਫੇਲ੍ਹ

## ਸਮਝੋ ਕਿਵੇਂ ਕੰਮ ਕਰਦੀਆਂ ਹਨ ਸੀ.ਆਈ.ਏ., ਮੌਸਾਦ ਅਤੇ ਚੀਨ ਦੀ ਐਮ. ਐਸ. ਐਸ.









ਵਾਸ਼ਿੰਗਟਨ/ਏ.ਟੀ.ਨਿਊਜ਼ : ਬ੍ਰਿਟਿਸ਼ ਅਖਬਾਰ 'ਦਿ ਗਾਰਡੀਅਨ' ਨੇ ਹਾਲ ਹੀ ਵਿੱਚ ਇਕ ਰਿਪੋਰਟ ਪ੍ਰਕਾਸ਼ਿਤ ਕੀਤੀ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਪਾਕਿਸਤਾਨ ਵਿੱਚ ਪਿਛਲੇ ਦੋ ਸਾਲਾਂ ਵਿੱਚ ਘੱਟੋ-ਘੱਟ 20 ਬਦਨਾਮ ਖਾੜਕੂ ਮਾਰੇ ਗਏ ਹਨ। ਇਸ ਪਿੱਛੇ ਭਾਰਤੀ ਖ਼ੁਫ਼ੀਆ ਏਜੰਸੀ ਰਾਅ ਦਾ ਹੱਥ ਦੱਸਿਆ ਜਾ ਰਿਹਾ ਹੈ। ਇਸ ਖ਼ਬਰ ਤੋਂ ਬਾਅਦ ਪੂਰੀ ਦੁਨੀਆ ਵਿੱਚ ਇੰਡੀਅਨ ਸੀਕ੍ਰੇਟ ਸਰਵਿਸ ਰਿਸਰਚ ਐਂਡ ਐਨਾਲਿਸਿਸ ਵਿੰਗ (ਰਾਅ) ਦੀ ਤਾਕਤ ਦੀ ਚਰਚਾ ਸ਼ੁਰੂ ਹੋ ਗਈ। 1968 ਵਿੱਚ ਆਪਣੀ ਸਥਾਪਨਾ ਤੋਂ ਲੈ ਕੇ, ਭਾਰਤ ਦੀ ਰਾਅ ਵਿਦੇਸ਼ੀ ਦੁਸ਼ਮਣਾਂ ਤੋਂ ਦੇਸ ਹਿੱਤਾਂ ਦੀ ਰੱਖਿਆ ਦਾ ਦਾਅਵਾ ਕਰਦੀ ਰਹੀ ਹੈ। ਇਸ ਦੇ ਲਈ ਰਾਅ ਨੇ ਦੂਜੇ ਦੇਸ਼ਾਂ ਵਿੱਚ ਕਈ ਸਫਲ ਮਿਸ਼ਨ ਕੀਤੇ ਹਨ। ਰਾਅ ਨੇ ਆਪਣੇ ਆਪ ਨੂੰ ਇੱਕ ਅਜਿਹੀ ਏਜੰਸੀ ਵਜੋਂ ਸਥਾਪਿਤ ਕਰ ਲਿਆ ਹੈ ਜੋ ਹਨੇਰੇ ਵਿੱਚ ਕੰਮ ਕਰਦੀ ਹੈ ਪਰ ਹੁਣ ਦੁਨੀਆਂ ਵਿੱਚ ਇਸ ਦਾ ਡੰਕਾ ਵੱਜਣਾ ਸ਼ੁਰੂ ਹੋ ਗਿਆ ਹੈ। ਪਰ ਕੀ ਤੁਸੀਂ ਜਾਣਦੇ ਹੋ ਕਿ ਅਮਰੀਕਾ, ਇਜ਼ਰਾਈਲ ਅਤੇ ਚੀਨ ਵਰਗੇ ਦੇਸ਼ਾਂ ਦੀਆਂ ਚੋਟੀ ਦੀਆਂ ਗੁਪਤ ਏਜੰਸੀਆਂ ਕਿਹੜੀਆਂ ਹਨ ਅਤੇ ਉਹ ਕਿਵੇਂ ਕੰਮ ਕਰਦੀਆਂ ਹਨ।

ਭਾਰਤ ਦੀ ਚੋਟੀ ਦੀ ਖ਼ੁਫ਼ੀਆ ਏਜੰਸੀ ਰਾਅ ਦਾ ਕੰਮ ਕਰਨ ਦਾ ਤਰੀਕਾ ਬੇਨਾਮ ਹੋ ਸਕਦਾ ਹੈ, ਪਰ ਅਮਰੀਕਾ ਦੀ ਸੈਂਟਰਲ ਇੰਟੈਲੀਜੈਂਸ ਏਜੰਸੀ (ਸੀ.ਆਈ.ਏ.), ਇਜ਼ਰਾਈਲ ਦੀ ਮੌਸਾਦ, ਬ੍ਰਿਟੇਨ ਦੀ ਐੱਮ.ਆਈ.-5 ਅਤੇ ਕੈਨੇਡਾ ਦੀ ਕੈਨੇਡੀਅਨ ਸਕਿਓਰਿਟੀ ਇੰਟੈਲੀਜੈਂਸ ਸਰਵਿਸ (ਸੀ. ਐੱਸ. ਆਈ. ਐੱਸ.) ਸਮੇਤ ਕਈ ਸੀਕਰੇਟ ਸਰਵਿਸ ਆਪਣੀ ਵੈੱਬਸਾਈਟ ਉੱਪਰ ਚਲਾ ਰਹੀ ਹੈ ਅਤੇ ਦੁਨੀਆਂ ਨਾਲ ਆਪਣੇ ਕੰਮ ਬਾਰੇ ਦਸ ਰਹੀ ਹੈ। ਇੰਨਾ ਹੀ ਨਹੀਂ ਉਹ ਲੋਕਾਂ ਤੋਂ ਜਾਣਕਾਰੀ ਵੀ ਲੈਂਦੀ ਹੈ। ਭਾਰਤੀ ਖ਼ੁਫ਼ੀਆ ਏਜੰਸੀ ਰਾਅ ਨੇ ਆਪਣਾ ਪਹਿਲਾ ਨਿਰਦੇਸ਼ਕ ਆਰ. ਐਨ ਕਾਓ ਦੁਆਰਾ ਬਣਾਈ ਗਈ ਨੀਤੀ ਦਾ ਪਾਲਣ ਕਰ ਰਹੀ ਹੈ। ਆਰ. ਐਨ ਕਾਓ ਨੇ ਰਾਅ ਨੂੰ ਇੱਕ ਬਹੁਤ ਹੀ ਗੁਪਤ ਏਜੰਸੀ ਰੱਖਿਆ। ਡਾਇਰੈਕਟਰ ਹੋਣ ਦੇ ਬਾਵਜੂਦ ਉਨ੍ਹਾਂ ਨੇ ਇੱਕ ਵੀ ਮੀਡੀਆ ਇੰਟਰਵਿਊ ਨਹੀਂ ਦਿੱਤੀ। ਉਦੋਂ ਤੋਂ, 23 ਜਾਸੂਸੀ ਮਾਸਟਰਾਂ ਨੇ ਰਾਅ ਦੀ ਅਗਵਾਈ ਕੀਤੀ ਹੈ ਅਤੇ ਉਨ੍ਹਾਂ ਸਾਰਿਆਂ ਨੇ ਏਜੰਸੀ ਬਾਰੇ ਕਾਓ ਦੀ ਨੀਤੀ ਦਾ ਪਾਲਣ ਕੀਤਾ ਹੈ।

**ਅਮਰੀਕਾ ਦੀ ਸੀ.ਆਈ.ਏ**

ਅਮਰੀਕੀ ਖੁ਼ਫ਼ੀਆ ਏਜੰਸੀ ਸੀ.ਆਈ.ਏ., ਜੋ ਕਿ ਦੁਨੀਆਂ ਭਰ ਵਿੱਚ ਆਪਣੇ ਏਜੰਟ ਭੇਜ ਕੇ ਅਮਰੀਕਾ ਦੇ ਦੁਸ਼ਮਣਾਂ ਨੂੰ ਖਤਮ ਕਰਨ ਲਈ ਮਸ਼ਹੂਰ ਹੈ। ਇਹ ਨੈਸ਼ਨਲ ਇੰਟੈਲੀਜੈਂਸ ਦੇ ਡਾਇਰੈਕਟਰ ਦੇ ਦਫ਼ਤਰ ਅਧੀਨ ਕੰਮ ਕਰਦੀ ਹੈ। ਸਨ ਤੇ ਗਾਰਡੀਅਨ ਦੀ ਰਿਪੋਰਟ ਦੇ ਅਨੁਸਾਰ, ਸੀ.ਆਈ.ਏ. ਦਾ ਸਾਲਾਨਾ ਬਜਟ 71 ਬਿਲੀਅਨ ਡਾਲਰ ਹੈ, ਜੋ ਕਿ ਦੁਨੀਆਂ ਦੀ ਕਿਸੇ ਵੀ ਖੁ਼ਫ਼ੀਆ ਏਜੰਸੀ ਲਈ ਸਭ ਤੋਂ ਵੱਧ ਹੈ। ਸੀ.ਆਈ.ਏ. ਨੇ ਆਪਣੀ ਵੈੱਬਸਾਈਟ 'ਤੇ ਦੱਸਿਆ ਹੈ ਕਿ ਉਹ ਲੋਕਾਂ ਤੋਂ ਜਾਣਕਾਰੀ ਕਿਵੇਂ ਮੰਗਦੀ ਹੈ ? ਇਸ ਦੀ ਵੈੱਬਸਾਈਟ ਉੱਪਰ ਲਿਖਿਆ ਹੈ, ਦੁਨੀਆਂ ਭਰ ਦੇ ਲੋਕ ਹਰ ਰੋਜ਼ ਸੀ.ਆਈ.ਏ. ਨਾਲ ਜਾਣਕਾਰੀ ਸਾਂਝੀ ਕਰਦੇ ਹਨ। ਜੇਕਰ ਤੁਹਾਡੇ ਕੋਲ ਅਜਿਹੀ ਜਾਣਕਾਰੀ ਹੈ ਜੋ ਤੁਸੀਂ ਮਹਿਸੂਸ ਕਰਦੇ ਹੋ ਕਿ ਸਾਡੀ ਅਤੇ ਸਾਡੇ ਵਿਦੇਸ਼ੀ ਖ਼ੁਫ਼ੀਆ ਮਿਸ਼ਨਾਂ ਦੀ ਮਦਦ ਕਰ ਸਕਦੀ ਹੈ, ਤਾਂ ਸਾਡੇ ਤੱਕ ਪਹੁੰਚਣ ਦੇ ਕਈ ਤਰੀਕੇ ਹਨ। ਇਸ ਦੇ ਨਾਲ, ਉਪਭੋਗਤਾ ਨੂੰ ਈਮੇਲ ਸਮੇਤ ਜਾਣਕਾਰੀ ਪ੍ਰਦਾਨ ਕਰਨ ਲਈ ਕਈ ਬਦਲ ਦਿੱਤੇ ਗਏ ਹਨ।

**ਚੀਨ ਦੀ ਐਮ.ਐਸ.ਐਸ. ਵੀ ਲੰਬੇ ਸਮੇਂ ਤੱਕ ਗੁਪਤ ਰਹੀ**

ਹਾਲਾਂਕਿ, ਜੇਕਰ ਕੋਈ ਭਾਰਤੀ ਜਾਂ ਵਿਦੇਸ਼ੀ ਨਾਗਰਿਕ ਕੋਈ ਜਾਣਕਾਰੀ ਸਾਂਝੀ ਕਰਨ ਲਈ ਰਾਅ ਨਾਲ ਸੰਪਰਕ ਕਰਨਾ ਚਾਹੁੰਦਾ ਹੈ, ਤਾਂ ਅਜਿਹਾ ਕਰਨ ਦਾ ਕੋਈ ਤਰੀਕਾ ਨਹੀਂ ਹੈ। ਪਰ ਜੇਕਰ ਤੁਸੀਂ ਇਹ ਸੋਚ ਰਹੇ ਹੋ ਕਿ ਸਿਰਫ਼ ਭਾਰਤੀ ਏਜੰਸੀ ਰਾਅ ਹੀ ਗੁਪਤ ਤਰੀਕੇ ਨਾਲ ਕੰਮ ਕਰਦੀ ਹੈ, ਤਾਂ ਤੁਸੀਂ ਗਲਤ ਹੋ। ਭਾਰਤ ਵਾਂਗ ਚੀਨ ਵੀ ਆਪਣੀ ਖ਼ੁਫ਼ੀਆ ਏਜੰਸੀ ਨੂੰ ਗੁਪਤ ਰੱਖ ਰਿਹਾ ਹੈ। ਚੀਨ ਦੀ ਗੁਪਤ ਸੇਵਾ, ਮਨਿਸਟਰ ਆਫ ਸਟੇਟ ਸਿਕਊਰਟੀ (ਐਮ.ਐਸ.ਐਸ.), ਆਪਣੀ ਸਥਾਪਨਾ ਤੋਂ ਬਾਅਦ 40 ਸਾਲਾਂ ਤੱਕ ਬੇਹਦ ਗੁਪਤ ਰਹੀ। ਹਾਲਾਂ ਕਿ, ਚੀਨ ਦੀ ਕਮਾਨ ਸੰਭਾਲਣ ਤੋਂ ਬਾਅਦ, ਸ਼ੀ ਜਿਨਪਿੰਗ ਨੇ ਵਾਸ਼ਿੰਗਟਨ ਅਤੇ ਉਸ ਦੇ ਪੱਛਮੀ ਵਿਰੋਧੀਆਂ ਤੋਂ ਪ੍ਰੇਰਨਾ ਲੈਂਦੇ ਹੋਏ, ਐਮ.ਐਸ.ਐਸ. ਦਾ ਪਰਦਾ ਹਟਾਉਣ ਦਾ ਫੈਸਲਾ ਕੀਤਾ। 2015 ਵਿੱਚ, ਐਮ.ਐਸ.ਐਸ. ਨੇ ਲੋਕਾਂ ਨੂੰ ਜਾਣਕਾਰੀ ਪ੍ਰਦਾਨ ਕਰਨ ਲਈ ਆਪਣੀ ਵੈੱਬਸਾਈਟ ਅਤੇ ਹੌਟਲਾਈਨ ਲਾਂਚ ਕੀਤੀ।

**ਬਹੁਤ ਖਤਰਨਾਕ ਹੈ ਇਜ਼ਰਾਈਲ ਦੀ ਮੌਸਾਦ**

ਇਜ਼ਰਾਈਲ ਦੀ ਖੁ਼ਫ਼ੀਆ ਏਜੰਸੀ ਮੌਸਾਦ ਦੁਨੀਆਂ ਦੀਆਂ ਸਭ ਤੋਂ ਤੇਜ਼ ਗੁਪਤ ਸੇਵਾਵਾਂ ਵਿੱਚ ਗਿਣੀ ਜਾਂਦੀ ਹੈ। ਇਸ ਦੇ ਏਜੰਟਾਂ ਨੇ ਦੁਨੀਆਂ ਵਿੱਚ ਅਜਿਹੇ ਕਾਰਨਾਮੇ ਕੀਤੇ ਹਨ, ਜਿਨ੍ਹਾਂ ਬਾਰੇ ਸੁਣ ਕੇ ਕੋਈ ਵੀ ਹੈਰਾਨ ਰਹਿ ਜਾਵੇਗਾ। ਇੱਕ ਮੌਸਾਦ ਏਜੰਟ ਗੁਆਂਢੀ ਦੇਸ਼ ਸੀਰੀਆ ਵਿੱਚ ਰੱਖਿਆ ਵਿਭਾਗ ਵਿੱਚ ਇੱਕ ਉੱਚ ਅਹੁਦੇ ਤੱਕ ਪਹੁੰਚ ਗਿਆ ਸੀ। ਇਜ਼ਰਾਈਲ ਦੇ ਗੁਆਂਢੀ ਦੇਸ਼ ਹਮੇਸ਼ਾ ਇਸ ਡਰ ਵਿੱਚ ਰਹਿੰਦੇ ਹਨ ਕਿ ਉਨ੍ਹਾਂ ਦੇ ਦੇਸ਼ ਵਿੱਚ ਕੋਈ ਇਜ਼ਰਾਈਲੀ ਏਜੰਟ ਹੋ ਸਕਦਾ ਹੈ। ਮੌਸਾਦ ਦੇ ਸਭ ਤੋਂ ਖ਼ਤਰਨਾਕ ਮਿਸ਼ਨਾਂ ਵਿੱਚੋਂ ਇੱਕ ਮਿਸ਼ਨ ਸੀ ਮਿਊਨਿਖ ਉਲੰਪਿਕ ਵਿੱਚ ਇਜ਼ਰਾਈਲੀ ਐਥਲੀਟਾਂ ਦੀ ਹੱਤਿਆ ਵਿੱਚ ਸ਼ਾਮਲ ਅੱਤਵਾਦੀਆਂ ਦਾ ਖਾਤਮਾ ਕਰਨਾ। ਇਸ ਦੇ ਲਈ ਮੌਸਾਦ ਨੇ ਪੂਰੀ ਦੁਨੀਆਂ ਵਿੱਚ ਆਪਣੇ ਏਜੰਟ ਭੇਜ ਕੇ ਅੱਤਵਾਦੀਆਂ ਨੂੰ ਮਾਰਿਆ ਸੀ।

ਅਜੋਕੇ ਸਮੇਂ ਵਿੱਚ, ਬਹੁਤ ਸਾਰੇ ਸੁਰੱਖਿਆ ਮਾਹਿਰ ਰਾਅ ਨੂੰ ਆਪਣਾ ਇੱਕ ਜਨਤਕ ਚਿਹਰਾ ਰੱਖਣ ਦੀ ਸਲਾਹ ਦੇ ਰਹੇ ਹਨ। ਇਸ ਦਾ ਕਾਰਨ ਪਿਛਲੇ ਸਮੇਂ ਵਿੱਚ ਰਾਅ ਬਾਰੇ ਫੈਲਾਈ ਗਈ ਜਾਣਕਾਰੀ ਹੈ, ਜਿਸ ਵਿੱਚ ਮੁੱਖ ਤੌਰ 'ਤੇ ਅਮਰੀਕਾ ਵਿੱਚ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜਿਸ਼ ਤੇ ਕੈਨੇਡਾ ਵਿੱਚ ਖ਼ਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦਾ ਕਤਲ ਸ਼ਾਮਲ ਹੈ। ਇਸ ਕਾਰਨ ਭਾਰਤ ਦੀ ਬਦਨਾਮੀ ਹੋ ਰਹੀ ਹੈ। ਕੈਨੇਡਾ ਤੇ ਅਮਰੀਕਾ ਨੇ ਇਨ੍ਹਾਂ ਘਟਨਾਵਾਂ ਲਈ ਲਈ ਭਾਰਤ ਨੂੰ ਜ਼ਿੰਮੇਵਾਰ ਠਹਿਰਾਇਆ ਹੈ, ਜਦਕਿ ਭਾਰਤ ਨੇ ਇਸ ਤੋਂ ਸਾਫ਼ ਇਨਕਾਰ ਕੀਤਾ ਹੈ। ਰਾਅ ਅਜੇ ਤੱਕ ਇਸ ਸੰਬੰਧ ਵਿੱਚ ਭੇਦ ਨਹੀਂ ਖੋਲ ਸਕੀ। ਅਮਰੀਕਾ ਵੱਲੋਂ ਇਨ੍ਹਾਂ ਘਟਨਾਵਾਂ ਬਾਰੇ ਲਗਾਏ ਦੋਸ਼ਾਂ ਵਿੱਚ ਫੇਲ ਹੋਈ ਹੈ।

# ਬੰਗਲਾਦੇਸ਼ੀ ਕੁੜੀਆਂ ਨੂੰ ਚੀਨੀ ਪ੍ਰੇਮ ਜਾਲ ਵਿੱਚ ਫਸਾਕੇ ਧਕਦੇ ਹਨ ਵੇਸ਼ਵਾਪੁਣੇ ਵਲ

## ਵੇਸ਼ਵਾਗਮਨੀ ਕਰਨ ਤੋਂ ਅਸਮਰੱਥ ਲੜਕੀਆਂ ਦੇ ਸਰੀਰ ਦੇ ਅੰਗਾਂ ਦੀ ਕੀਤੀ ਜਾਂਦੀ ਹੈ ਤਸਕਰੀ





ਬੀਜਿੰਗ/ਏ.ਟੀ.ਨਿਊਜ਼ : ਉਈਗਰ ਮੁਸਲਮਾਨਾਂ ਦੀਆਂ ਕੁੜੀਆਂ ਤੋਂ ਬਾਅਦ ਚੀਨ ਹੁਣ ਬੰਗਲਾਦੇਸ਼ੀ ਕੁੜੀਆਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਇਸ ਕਾਰਨ ਚੀਨੀ ਮੁੰਡੇ ਪਹਿਲਾਂ ਵੱਡੀ ਯੋਜਨਾ ਦੇ ਤਹਿਤ ਬੰਗਲਾਦੇਸ਼ੀ ਕੁੜੀਆਂ ਨੂੰ ਫਸਾਉਂਦੇ ਹਨ ਅਤੇ ਫਿਰ ਉਨ੍ਹਾਂ ਕੋਲੋਂ ਗੰਦਾ ਕੰਮ ਕਰਵਾਉਂਦੇ ਹਨ। ਇਨ੍ਹਾਂ ਚੀਨੀ ਮੁੰਡਿਆਂ ਦਾ ਕੰਮ ਗਰੀਬ ਬੰਗਲਾਦੇਸ਼ੀ ਕੁੜੀਆਂ ਨੂੰ ਵੱਡੇ-ਵੱਡੇ ਸੁਪਨੇ ਦਿਖਾ ਕੇ ਵਿਆਹ ਕਰਵਾਉਣਾ ਅਤੇ ਫਿਰ ਉਨ੍ਹਾਂ ਨੂੰ ਵੇਸਵਾਪੁਣੇ ਵਿੱਚ ਧੱਕਣਾ ਹੈ।

ਚੀਨ ਦੇ ਕੁਝ ਏਜੰਟ ਬੰਗਲਾਦੇਸ਼ ਵਿੱਚ ਇਹ ਕੰਮ ਕਰ ਰਹੇ ਹਨ। ਚੀਨੀ ਨਾਗਰਿਕ ਪਹਿਲਾਂ ਗਰੀਬ ਲੜਕੀਆਂ ਨੂੰ ਪਿਆਰ ਦੇ ਜਾਲ ਵਿੱਚ ਫਸਾ ਲੈਂਦੇ ਹਨ, ਫਿਰ ਉਨ੍ਹਾਂ ਨਾਲ ਵਿਆਹ ਕਰਵਾ ਕੇ ਉਨ੍ਹਾਂ ਨੂੰ ਚੀਨ ਵਿੱਚ ਵੇਸਵਾਪੁਣੇ ਵਿੱਚ ਧੱਕ ਦਿੰਦੇ ਹਨ। ਜਿਹੜੀਆਂ ਕੁੜੀਆਂ ਵੇਸ਼ਵਾਗਮਨੀ ਕਰਨ ਤੋਂ ਅਸਮਰੱਥ ਹੁੰਦੀਆਂ ਹਨ, ਉਨ੍ਹਾਂ ਦੇ ਸਰੀਰ ਦੇ ਅੰਗਾਂ ਦੀ ਤਸਕਰੀ ਕਰ ਦਿੱਤੀ ਜਾਂਦੀ ਹੈ।

ਯੂਰੇਸ਼ੀਅਨ ਟਾਈਮਜ਼ ਦੀ ਰਿਪੋਰਟ ਅਨੁਸਾਰ 1 ਜੁਲਾਈ, 2023 ਨੂੰ, ਇੱਕ ਗਰੀਬ ਵਿਧਵਾ ਔਰਤ ਨੇ ਬੰਗਲਾਦੇਸ਼ ਦੇ ਉੱਤਰੀ ਜ਼ਿਲ੍ਹੇ ਚੁਆਡਾਂਗਾ ਵਿੱਚ ਆਪਣੀ 19 ਸਾਲ ਦੀ ਧੀ ਦਾ ਵਿਆਹ ਚੀਨੀ ਨਾਗਰਿਕ ਕੁਈ ਪੋ ਵੇਈ ਨਾਲ ਕੀਤਾ। ਕਰੀਬ 6 ਮਹੀਨਿਆਂ ਬਾਅਦ ਕੁਈ ਪੋ ਵੇਈ ਆਪਣੀ ਪਤਨੀ ਨੂੰ ਚੀਨ ਲੈ ਗਿਆ ਅਤੇ ਉਸ ਨੂੰ ਦੇਹ ਵਪਾਰ ਲਈ ਮਜਬੂਰ ਕੀਤਾ। ਇਹ ਮਾਮਲਾ ਉਦੋਂ ਸਾਹਮਣੇ ਆਇਆ ਜਦੋਂ ਪੀੜਤਾ ਦੀ ਮਾਂ ਨੇ 31 ਮਾਰਚ 2024 ਨੂੰ ਢਾਕਾ ਟ੍ਰਿਬਿਊਨਲ ਵਿੱਚ ਕੇਸ ਦਾਇਰ ਕੀਤਾ ਸੀ। ਚੀਨ ਨਾ ਸਿਰਫ਼ ਬੰਗਲਾਦੇਸ਼ ਵਿੱਚ ਇਸ ਰੈਕੇਟ ਨੂੰ ਚਲਾ ਰਿਹਾ ਹੈ ਬਲਕਿ ਇਸ ਤੋਂ ਪਹਿਲਾਂ ਪਾਕਿਸਤਾਨ ਤੋਂ ਵੀ ਅਜਿਹੀਆਂ ਰਿਪੋਰਟਾਂ ਸਾਹਮਣੇ ਆਈਆਂ ਸਨ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ 2019 ਵਿੱਚ, 600 ਗਰੀਬ ਪਾਕਿਸਤਾਨੀ ਕੁੜੀਆਂ ਨੂੰ ਚੀਨੀ ਮੁੰਡਿਆਂ ਵੱਲੋਂ ਦੁਲਹਨ ਬਣਾਉਣ ਤੋਂ ਬਾਅਦ ਵੇਚਣ ਦੀ ਜਾਣਕਾਰੀ ਸਾਹਮਣੇ ਆਈ ਸੀ। 1 ਮਈ, 2024 ਨੂੰ, ਬੰਗਲਾਦੇਸ਼ ਦੇ ਪੂਰਬੀ ਪਹਾੜੀ ਖੇਤਰ ਵਿੱਚ ਰਹਿਣ ਵਾਲੀ ਇੱਕ ਔਰਤ ਨੇ ਵੀ ਸਥਾਨਕ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ। ਉਸਨੇ ਦੱਸਿਆ ਕਿ ਇੱਕ ਗਿਰੋਹ ਨੇ ਉਸਦੀ ਭੈਣ ਨੂੰ ਚੀਨ ਤਸਕਰੀ ਕਰਨ ਦੇ ਇਰਾਦੇ ਨਾਲ ਢਾਕਾ ਵਿੱਚ ਬੰਧਕ ਬਣਾ ਕੇ ਰੱਖਿਆ ਹੋਇਆ ਸੀ। 21 ਸਾਲਾ ਭੈਣ ਨੂੰ ਨਰਸਿੰਗ ਵਿੱਚ ਦਾਖ਼ਲਾ ਦਿਵਾਉਣ ਦੇ ਬਹਾਨੇ ਢਾਕਾ ਲਿਜਾਇਆ ਗਿਆ, ਪਰ ਚੀਨੀ ਨਾਗਰਿਕ ਨਾਲ ਉਸ ਦਾ ਵਿਆਹ ਕਰਨ ਲਈ ਮਜਬੂਰ ਕੀਤਾ ਗਿਆ।

ਇਸ ਦੌਰਾਨ ਚਟਗਾਂਵ ਹਿੱਲ ਵੂਮੈਨ ਐਸੋਸੀਏਸ਼ਨ ਦੀ ਪ੍ਰਧਾਨ ਪਿੰਕੀ ਨੇ ਦੱਸਿਆ ਕਿ ਪਿਛਲੇ ਕੁਝ ਸਾਲਾਂ ਵਿੱਚ 500 ਤੋਂ ਵੱਧ ਲੜਕੀਆਂ, ਜਿਨ੍ਹਾਂ ਦੀ ਉਮਰ 13 ਸਾਲ ਦੇ ਕਰੀਬ ਹੈ, ਨੂੰ ਚੀਨ ਲਿਜਾਇਆ ਗਿਆ ਹੈ। ਪੀੜਤਾ ਦੀ ਮਾਂ ਨੇ ਦੱਸਿਆ ਕਿ ਬੇਟੀ ਨੇ 11 ਮਾਰਚ 2024 ਨੂੰ ਫੋਨ ਕਰਕੇ ਦੱਸਿਆ ਕਿ ਉਸ ਦੇ ਚੀਨੀ ਪਤੀ ਅਤੇ ਉਸ ਦੇ ਸਾਥੀਆਂ ਨੇ ਉਸ ਨੂੰ ਸਰੀਰਕ ਤੌਰ 'ਤੇ ਤੰਗ ਪ੍ਰੇਸ਼ਾਨ ਕੀਤਾ ਹੈ। ਉਸ ਨੂੰ ਹਰ ਰੋਜ਼ 10-15 ਗਾਹਕਾਂ ਦੇ ਸਾਹਮਣੇ ਪੇਸ਼ ਕੀਤਾ ਜਾਂਦਾ ਸੀ। ਜਦੋਂ ਉਸਨੇ ਵਿਰੋਧ ਕੀਤਾ ਤਾਂ ਉਸਨੇ ਧਮਕੀ ਦਿੱਤੀ ਕਿ ਜੇਕਰ ਉਸਨੇ ਅਜਿਹਾ ਨਾ ਕੀਤਾ ਤਾਂ ਉਸਦੇ ਸਰੀਰ ਦੇ ਅੰਗ ਵੇਚ ਦਿੱਤੇ ਜਾਣਗੇ। ਔਰਤ ਨੇ ਦੱਸਿਆ ਕਿ 4 ਹੋਰ ਗਰੀਬ ਔਰਤਾਂ ਨਾਲ ਵੀ ਅਜਿਹਾ ਹੀ ਹੋਇਆ ਸੀ।

# ਰਿਸ਼ਤਿਆਂ ਦਾ ਨਿੱਘ

ਜਗਜੀਤ ਸਿੰਘ ਕੰਡਾ



ਪੰਜਾਬੀਆਂ ਦੇ ਬਹੁਤ ਰਿਸ਼ਤੇ ਉਂਗਲਾਂ 'ਤੇ ਗਿਣਾਏ ਜਾ ਸਕਦੇ ਹਨ, ਜਿਨ੍ਹਾਂ ਵਿੱਚੋਂ ਪੰਜ ਪ੍ਰਕਾਰ ਦੇ ਰਿਸ਼ਤੇ ਨਾਤੇ ਸਾਡੀ ਜੀਵਨਸ਼ੈਲੀ ਵਿੱਚ ਪ੍ਰਚੱਲਿਤ ਹਨ। ਖ਼ੂਨ ਦੇ ਰਿਸ਼ਤਿਆਂ ਵਿੱਚ ਭੈਣ-ਭਰਾ, ਭਾਈ-ਭਾਈ, ਭੈਣਾਂ-ਭੈਣਾਂ ਦੇ ਰਿਸ਼ਤਿਆਂ ਦਾ ਬਹੁਤ ਮਹੱਤਵ ਹੈ। ਜਨਮ ਸਬੰਧੀ ਰਿਸ਼ਤਿਆਂ ਵਿੱਚ ਮਾਂ-ਪੁੱਤ, ਪਿਓ-ਧੀ, ਪਿਓ-ਪੁੱਤ ਦੇ ਰਿਸ਼ਤੇ ਸ਼ਾਮਿਲ ਹਨ। ਪਰਿਵਾਰਕ ਰਿਸ਼ਤਿਆਂ ਦੀ ਵੰਨਗੀ ਤਹਿਤ ਮਾਮਾ-ਭਾਣਜਾ, ਮਾਮਾ-ਭਾਣਜੀ, ਨਾਨਾ-ਦੋਹਤਾ, ਨਾਨੀ-ਦੋਹਤੀ, ਚਾਚਾ-ਭਤੀਜਾ, ਤਾਇਆ-ਭਤੀਜਾ, ਦਾਦਾ-ਪੋਤਾ, ਦਾਦੀ-ਪੋਤੀ, ਚਾਚੀ-ਤਾਈ, ਮਾਮੀ-ਭੂਆ ਤੇ ਇਨ੍ਹਾਂ ਦੇ ਬੱਚਿਆਂ ਨਾਲ ਸਬੰਧਿਤ ਰਿਸ਼ਤੇ ਗਿਣੇ ਜਾ ਸਕਦੇ ਹਨ।

ਵਿਆਹ ਰਾਹੀਂ ਬਣੇ ਰਿਸ਼ਤਿਆਂ ਵਿੱਚ ਸੱਸ-ਨੂੰਹ, ਨੂੰਹ-ਸਹੁਰਾ, ਸਹੁਰਾ-ਜਵਾਈ, ਸੱਸ-ਜਵਾਈ, ਸਾਲਾ-ਭਣੋਈਆ, ਸਾਲਾ-ਸਾਲੇਹਾਰ, ਨਣਦ-ਭਰਜਾਈ, ਸਾਲੀ-ਸਾਢੂ, ਦਿਉਰ-ਭਰਜਾਈ, ਜੇਠ-ਜੇਠਾਣੀ, ਪਤੀਸ, ਕੁੜਮ-ਕੁੜਮਣੀ ਆਦਿ ਰਿਸ਼ਤੇ ਹੁੰਦੇ ਹਨ। ਭਾਵਨਾ ਤੇ ਪਿਆਰ ਵਾਲੇ ਰਿਸ਼ਤਿਆਂ ਵਿੱਚ ਉਹ ਰਿਸ਼ਤੇ ਹੁੰਦੇ ਹਨ ਜੋ ਮਨੁੱਖੀ ਪਿਆਰ ਸਤਿਕਾਰ ਦੀਆਂ ਭਾਵਨਾਵਾਂ ਆਦਿ ਲਈ ਸਿਰਜ ਲਏ ਜਾਂਦੇ ਹਨ। ਇਨ੍ਹਾਂ ਵਿੱਚ ਦੋਸਤ, ਮਿੱਤਰ, ਸਹਿਕਰਮੀ, ਵਿਦਿਆਰਥੀ, ਅਧਿਆਪਕ ਆਦਿ ਸ਼ਾਮਿਲ ਹੁੰਦੇ ਹਨ। ਅਣਪ੍ਰਵਾਨਿਤ ਰਿਸ਼ਤੇ ਉਹ ਹੁੰਦੇ ਹਨ ਜਿਨ੍ਹਾਂ ਨੂੰ ਨਾਮ ਦੇਣ ਤੋਂ ਸਾਡਾ ਸੱਭਿਅਕ ਸਮਾਜ ਗੁਰੇਜ਼ ਕਰਦਾ ਹੈ ਤੇ ਪ੍ਰਵਾਨ ਨਹੀਂ ਕਰਦਾ। ਇਹ ਰਿਸ਼ਤੇ ਸਾਡੇ ਸਮਾਜ ਨੂੰ ਤੋੜਦੇ ਹਨ ਤੇ ਦੁਸ਼ਮਣੀਆਂ ਪੈਦਾ ਕਰਦੇ ਹਨ। ਇਹ ਰਿਸ਼ਤੇ ਸੱਭਿਅਕ ਸਮਾਜ ਦਾ ਅੰਗ ਨਹੀਂ ਹੁੰਦੇ, ਜਿਸ ਕਾਰਨ ਇਹ ਰਿਸ਼ਤੇ ਸੱਭਿਅਕ ਸਮਾਜ ਵਾਸਤੇ ਸਦਾ ਹੀ ਹਾਨੀਕਾਰਕ ਹੁੰਦੇ ਹਨ। ਜਨੂੰਨੀ ਲੋਕਾਂ ਨੇ ਇਨ੍ਹਾਂ ਨੂੰ ਆਪਣੇ ਤਰੀਕੇ, ਆਪਣੇ ਮੁਤਾਬਿਕ ਵੱਖ-ਵੱਖ ਨਾਵਾਂ ਨਾਲ ਜੋੜਿਆ ਹੈ।

ਜਿਉਂ ਜਿਉਂ ਸਮਾਂ ਆਪਣੀ ਚਾਲ ਤੇਜ਼ੀ ਨਾਲ ਬਦਲਦਾ ਗਿਆ, ਤਿਉਂ-ਤਿਉਂ ਮਨੁੱਖੀ ਜ਼ਿੰਦਗੀ ਵਿੱਚ ਵੀ ਵੱਡੇ ਬਦਲਾਅ ਆਏ। ਸੰਯੁਕਤ ਪਰਿਵਾਰਾਂ ਦੇ ਟੁੱਟਣ ਕਾਰਨ ਸਾਡੇ ਵਿਹੜਿਆਂ ਦੀਆਂ ਰੌਣਕਾਂ ਅੱਜ ਕੱਲ੍ਹ ਖਤਮ ਹੋਣ ਕਿਨਾਰੇ ਪਹੁੰਚ ਗਈਆਂ ਹਨ। ਵਿਰਲੇ ਘਰਾਂ ਵਿੱਚ ਹੀ ਚਾਚੇ-ਤਾਇਆਂ ਦੇ ਪਰਿਵਾਰ ਇੱਕ ਛੱਤ ਥੱਲੇ ਰਹਿੰਦੇ ਹਨ। ਸਮੇਂ ਦੀ ਚਾਲ ਨੇ ਸਾਨੂੰ ਮਤਲਬੀ ਤੇ ਇਕੱਲੇ ਰਹਿਣਾ ਸਿਖਾ ਦਿੱਤਾ ਹੈ। ਅੱਜ ਹਰ ਇੱਕ ਮਾਂ-ਪਿਓ ਦੀ ਇੱਛਾ ਹੈ ਕਿ ਉਨ੍ਹਾਂ ਦੀ ਪਹਿਲੀ ਔਲਾਦ ਸਿਰਫ਼ ਮੁੰਡਾ ਹੀ ਹੋਵੇ ਤੇ ਅੱਗੇ ਫੁੱਲ ਸਟਾਪ! ਪੜ੍ਹੇ-ਲਿਖੇ ਵਰਗ ਵਿੱਚ ਵੀ ਹੁਣ ਕੁੜੀ-ਮੁੰਡੇ ਦਾ ਫ਼ਰਕ ਵੱਡੀ ਹੱਦ ਤੱਕ ਖ਼ਤਮ ਹੋ ਗਿਆ ਹੈ। ਪਹਿਲਾਂ ਬੱਚਾ ਕੁੜੀ ਹੀ ਕਿਉਂ ਨਾ ਪੈਦਾ ਹੋਇਆ ਹੋਵੇ, ਅੱਗੇ ਫੁੱਲ ਸਟਾਪ! ਉਹ ਸੋਚਦੇ ਹਨ ਕਿ ਮਹਿੰਗਾਈ ਦਾ ਜ਼ਮਾਨਾ ਹੈ, ਮੁੰਡਾ ਭਾਲਦੇ-ਭਾਲਦੇ ਜੇਕਰ ਹੋਰ ਕੁੜੀਆਂ ਜੰਮ ਪਈਆਂ ਤਾਂ ਕੌਣ ਪਾਲਣ-ਪੋਸ਼ਣ, ਪੜ੍ਹਾਈ-ਲਿਖਾਈ ਆਦਿ 'ਤੇ ਖ਼ਰਚ ਕਰਕੇ ਬਿਗਾਨੇ ਘਰ ਤੋਰੂ। ਪਾਲਣਾ ਤਾਂ ਇੱਕ ਬੱਚਾ ਹੀ ਔਖਾ ਹੋਇਆ ਪਿਆ ਹੈ। ਜੇਕਰ ਜ਼ਮਾਨੇ ਦੀ ਰਫ਼ਤਾਰ, ਮਹਿੰਗਾਈ ਤੇ ਸਾਡੇ ਅੱਜ ਦੇ ਹਾਲਾਤ ਬਾਰੇ ਦੇਖੀਏ ਤਾਂ ਇਹ ਗੱਲ ਕੁਝ ਹੱਦ ਤੱਕ ਠੀਕ ਵੀ ਜਾਪਦੀ ਹੈ। ਪਹਿਲਾਂ ਸਰਕਾਰਾਂ ਵੱਲੋਂ ਇਹ ਨਾਅਰਾ ਦਿੱਤਾ ਗਿਆ ਸੀ ਕਿ 'ਹਮ ਦੋ ਹਮਾਰੇ ਦੋ'। ਅੱਜ ਇਹ ਨਾਅਰਾ 'ਹਮ ਦੋ ਹਮਾਰਾ ਏਕ' ਵਿੱਚ ਬਦਲ ਚੁੱਕਾ ਹੈ। ਇੱਕ ਬੱਚਾ ਪੈਦਾ ਕਰਨ ਨਾਲ ਭਾਵੇਂ ਸਾਡੇ ਜ਼ਿਹਨ ਵਿੱਚ ਇਹ ਗੱਲ ਘਰ ਕਰ ਗਈ ਹੈ ਕਿ ਅਸੀਂ ਆਰਥਿਕ ਬੋਝ ਤੋਂ ਬਚ ਗਏ ਹਾਂ ਤੇ ਇੱਕ ਬੱਚੇ ਦਾ ਪਾਲਣ ਪੋਸ਼ਣ ਤੇ ਪੜ੍ਹਾਈ ਲਿਖਾਈ ਵਧੀਆ ਤਰੀਕੇ ਕਰਵਾ ਸਕਾਂਗੇ।

ਦੂਜੇ ਪਾਸੇ ਸਾਡੇ ਸੰਯੁਕਤ ਪਰਿਵਾਰ ਤਿੜਕਣ ਅਤੇ ਸਾਡੀ ਇਸ ਇੱਕ ਬੱਚੇ ਵਾਲੀ ਮਾਨਸਿਕਤਾ ਨਾਲ ਸਾਡੇ ਬਹੁਤੇ ਪਰਿਵਾਰਕ ਰਿਸ਼ਤੇ ਖ਼ਤਮ ਹੋ ਰਹੇ ਹਨ ਤੇ ਕਈ ਬਿਲਕੁਲ ਖਾਤਮੇ ਵੱਲ ਵਧ ਰਹੇ ਹਨ। ਜਿਸ ਦਾ ਇੱਕ ਪੁੱਤ ਹੈ ਉਸ ਦੇ ਬੱਚਿਆਂ ਲਈ ਭੂਆ, ਤਾਏ ਤੇ ਚਾਚੇ ਮੁੱਲ ਨਹੀਂ ਲੱਭਣੇ। ਜਿਸ ਦੇ ਇੱਕ ਧੀ ਹੈ ਉਸ ਦੇ ਬੱਚਿਆਂ ਨੂੰ ਮਾਸੀ ਤੇ ਮਾਮੇ ਨਹੀਂ ਮਿਲਣੇ। ਚਾਚੀ, ਤਾਈ, ਫੁੱਫੜ, ਮਾਸੜ, ਭੂਆ, ਚਾਚਾ, ਤਾਇਆ, ਸਾਲੀ, ਸਾਢੂ, ਨਨਾਣ, ਭਰਜਾਈ, ਦਰਾਣੀ, ਜੇਠਾਣੀ, ਪਤੀਸ, ਮਾਸੀ, ਮਾਮਾ, ਮਾਮੀ ਆਦਿਕ ਰਿਸ਼ਤੇ ਆਉਣ ਵਾਲੀ ਪੀੜ੍ਹੀ ਨੂੰ ਜਵਾਨ ਹੋ ਕੇ ਸਮਝ ਆਉਣ ਤੱਕ ਲਗਭਗ ਖ਼ਤਮ ਵਰਗੇ ਹੀ ਹੋਣਗੇ।

ਪੰਜਾਬ ਵਿੱਚ ਜਿਹਦੇ ਦੋ ਜਵਾਕ ਹੋਣਗੇ, ਬਾਕੀਆਂ ਦਾ ਇੱਕ ਜਵਾਕ ਆਪਣੇ ਬੀਬੀ-ਭਾਪੇ ਤੋਂ ਇਹ ਸਵਾਲ ਪੁੱਛੂ ਕਿ ਬੀਬੀ ਫਲਾਣਿਆਂ ਦੇ ਘਰ ਕੌਣ ਆਇਆ ਹੈ। ਜਦ ਉਹ ਦੱਸੂ ਕਿ ਉਹਦੀ ਮਾਸੀ, ਮਾਮਾ, ਫੁੱਫੜ, ਭੂਆ ਆਦਿ ਆਇਆ ਹੈ ਤਾਂ ਉਹ ਅੱਗੋਂ ਸਵਾਲ ਕਰੂ ਉਹ ਕੀ ਹੁੰਦੇ ਹਨ, ਸਾਡੇ ਤਾਂ ਕਦੇ ਆਏ ਨਹੀਂ? ਆਉਣ ਵਾਲਾ ਨੇੜਲਾ ਸਮਾਂ ਅਜਿਹਾ ਹੀ ਹੋਵੇਗਾ। ਪਹਿਲਾਂ ਜਦ ਭੂਆ ਨੂੰ ਕਦੇ-ਕਦਾਈ ਘੱਟ ਮਾਣ ਸਨਮਾਨ ਮਿਲਣਾ ਤਾਂ ਉਹਨੇ ਕਹਿਣਾ ਭਾਈ ਧੀ ਜੰਮੀ, ਭੈਣ ਵਿਸਰੀ ਤੇ ਭੂਆ ਕੀਹਦੇ ਯਾਦ ਤਾਂ ਸਾਰੇ ਭਾਈ ਭਤੀਜਿਆਂ ਨੇ ਤੁਰੰਤ ਭੂਆ ਤੋਂ ਗ਼ਲਤੀ ਮੰਨਣੀ ਜਿਸ ਨਾਲ ਭੂਆ ਦਾ ਸਿਰ ਮਾਣ ਨਾਲ ਉੱਚਾ ਹੋ ਜਾਣਾ। ਦੂਜੇ ਪਾਸੇ ਮੌਜੂਦਾ ਰੁਝਾਨ ਨਾਲ ਨਾਨਕੇ ਤੇ ਭੂਆ ਪਿੰਡ ਨਹੀਂ ਲੱਭਣੇ! ਖ਼ਾਸ ਕਰਕੇ ਸਾਨੂੰ ਪੰਜਾਬੀਆਂ ਨੂੰ ਤਾਂ ਇਹ ਸਾਰੇ ਰਿਸ਼ਤੇ ਗੁੜਤੀ ਵਿੱਚੋਂ ਮਿਲੇ ਸਨ, ਗਵਾਉਣੇ ਨਹੀਂ ਚਾਹੀਦੇ, ਪਰ ਕੀਤਾ ਕੀ ਜਾਵੇ। ਪੰਜਾਬ ਵਿੱਚ ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਬੇਈਮਾਨੀ, ਠੱਗੀ, ਬਦਲਾਖੋਰੀ, ਆਪਸੀ ਰੰਜ਼ਿਸ਼ ਤੇ ਨਸ਼ੇ ਦੇ ਵਧ ਰਹੇ ਰੁਝਾਨ ਕਾਰਨ ਮਾਪਿਆਂ ਨੇ ਆਪਣੇ 'ਕੱਲੇ-'ਕੱਲੇ ਪੁੱਤਾਂ ਨੂੰ ਆਪਣੇ ਹੱਥੀਂ ਸੱਤ ਸਮੁੰਦਰੋਂ ਪਾਰ ਇਨ੍ਹਾਂ ਸਾਰੇ ਭੈੜੇ ਕੰਮਾਂ ਤੋਂ ਬਚਾਉਣ ਖ਼ਾਤਰ ਲੱਖਾਂ ਰੁਪਏ ਦੇ ਕਰਜ਼ੇ ਚੁੱਕ ਕੇ ਭੇਜਿਆ ਹੈ ਤੇ ਪਿੱਛੋਂ ਕਈ ਬੁੱਢੇ ਮਾਂ ਪਿਓ ਵਿਯੋਗ ਵਿੱਚ ਇਸ ਜਹਾਨ ਤੋਂ ਕੂਚ ਕਰ ਗਏ। ਪ੍ਰਦੇਸ ਗਏ ਪੁੱਤ ਫਰਿੱਜ ਵਿੱਚ ਰੱਖੀ ਦੇਹ ਨੂੰ ਅਗਨ ਭੇਟ ਕਰਨ ਲਈ ਕਈ-ਕਈ ਦਿਨਾਂ ਬਾਅਦ ਪਹੁੰਚਦੇ ਹਨ।

ਪਹਿਲਾਂ ਸੰਯੁਕਤ ਪਰਿਵਾਰਾਂ ਵਿੱਚ ਘੱਟੋ-ਘੱਟ ਦਸ ਤੋਂ ਪੰਦਰਾਂ ਜੀ ਹੁੰਦੇ ਸਨ। ਕਈ ਟੱਬਰਾਂ ਦੇ ਤਾਂ ਇਸ ਤੋਂ ਵੀ ਵੱਧ ਮੈਂਬਰ ਹੁੰਦੇ ਸਨ। ਕੱਚੇ ਘਰ ਤੇ ਕੱਚੇ ਵਿਹੜੇ ਖੁੱਲ੍ਹੇ ਡੁੱਲ੍ਹੇ ਹੁੰਦੇ ਸਨ। ਜਿੱਥੇ ਘਰ ਕੱਚੇ ਤੇ ਮਨ ਸੱਚੇ ਸਨ, ਉੱਥੇ ਖੁੱਲ੍ਹੇ ਵਿਹੜਿਆਂ ਦੀ ਤਰ੍ਹਾਂ ਦਿਲ ਵੀ ਖੁੱਲ੍ਹੇ ਸਨ। ਗਰਮੀਆਂ ਵਿੱਚ ਰਾਤਾਂ ਨੂੰ ਵਿਹੜੇ ਵਿੱਚ ਇੱਕ ਵਾਢਿਓ ਜੋੜ ਕੇ ਮੰਜੇ ਡਾਹੇ ਹੁੰਦੇ ਸਨ। ਆਪਸੀ ਪਿਆਰ ਦੇ ਕਾਰਨ ਇੱਕ ਮੰਜੇ 'ਤੇ ਦੋ-ਦੋ ਜਵਾਕ ਪਏ ਹੁੰਦੇ ਸੀ। ਮਾਂ ਨਾਲ ਸਭ ਤੋਂ ਛੋਟਾ ਜਵਾਕ ਭਾਵੇਂ ਉਹ ਬਾਰ੍ਹਾਂ ਸਾਲਾਂ ਦਾ ਹੁੰਦਾ ਸੀ, ਮਮਤਾ ਦੇ ਮੋਹ ਕਾਰਨ ਉਹੀ ਉਹਦੇ ਨਾਲ ਸੌਂਦਾ ਸੀ, ਮੰਜਾ ਭਾਵੇਂ ਭੀੜਾ ਹੀ ਹੁੰਦਾ ਸੀ। ਅੱਜ ਵਾਲੇ ਜਵਾਕ ਭਾਵੇਂ ਇੱਕ ਸਾਲ ਦਾ ਹੀ ਹੋਵੇ, ਮਾਂ-ਪਿਓ ਉਸ ਨੂੰ ਅਲੱਗ ਪੰਗੂੜੀ 'ਤੇ ਪਾਉਂਦੇ ਹਨ। ਇਸ ਦੇ ਨਤੀਜੇ ਸਾਡੇ ਸਾਹਮਣੇ ਹਨ। ਫਿਰ ਉਹ ਵੱਡਾ ਹੋ ਕੇ ਮਾਂ ਨੂੰ ਭੈੜੇ ਸ਼ਬਦ ਹੀ ਬੋਲਦਾ ਹੈ ਅਸਲ ਵਿੱਚ ਉਹ ਮਮਤਾ ਦੀ ਘਾਟ ਰਹੀ ਹੋਣ ਕਾਰਨ ਹੀ ਅਜਿਹਾ ਕਰਦਾ ਹੈ। ਪਹਿਲਾਂ ਸਾਡੇ ਚਾਚੇ, ਤਾਇਆਂ, ਮਾਸੀਆਂ, ਭੂਆ ਆਦਿ ਰਿਸ਼ਤੇਦਾਰੀਆਂ ਵਿੱਚ ਆਪਸੀ ਸਨੇਹ ਬਹੁਤ ਜ਼ਿਆਦਾ ਹੋਣ ਕਾਰਨ ਵਰਤ-ਵਰਤਾਵਾ ਬਹੁਤ ਹੁੰਦਾ ਸੀ ਜੋ ਅੱਜ ਆਧੁਨਿਕ ਦੌਰ ਵਿੱਚ ਘਟ ਗਿਆ ਹੈ। ਇਨ੍ਹਾਂ ਰਿਸ਼ਤੇ-ਨਾਤਿਆਂ ਨੂੰ ਅੱਜਕੱਲ੍ਹ ਸ਼ਰੀਕੇਬਾਜ਼ੀ ਦਾ ਨਾਂ ਦਿੱਤਾ ਜਾਂਦਾ ਹੈ।

ਸਾਡੀਆਂ ਰਿਸ਼ਤੇਦਾਰੀਆਂ ਦੇ ਮੁੱਖ ਆਧਾਰ ਨਾਨਕੇ ਤੇ ਦਾਦਕੇ ਹੁੰਦੇ ਹਨ। ਨਾਨਕਿਆਂ ਦਾ ਰਿਸ਼ਤਾ ਮਾਂ ਵੱਲ ਦੇ ਪਰਿਵਾਰ ਨਾਲ ਸਬੰਧ ਰੱਖਦਾ ਹੈ। ਨਾਨਕਾ ਪਰਿਵਾਰ ਧੀ ਲਈ ਦਾਜ ਸੂਸ਼ਕ ਤੇ ਉਸ ਦੇ ਜਵਾਕਾਂ ਦੀ ਨਾਨਕੀ ਸ਼ੱਕ ਭਰਦੇ ਹਨ। ਕੁੜੀ ਵਿਆਹੁਣ ਨੂੰ ਕੰਨਿਆ ਦਾਨ ਕਿਹਾ ਜਾਂਦਾ ਹੈ। ਵਿਆਹੁਤਾ ਕੁੜੀ ਲਈ ਨਾਨਕੇ ਵੱਖਰਾ ਗਹਿਣਾ ਗੱਟਾ ਲਿਆਉਂਦੇ ਹਨ, ਜਵਾਈ ਦੋਹਤਰੇ ਲਈ ਸ਼ਗਨ ਤੇ ਕੁੜਮਾਈ ਦੀ ਮਿਲਣੀ ਵੀ ਨਾਨਕਿਆਂ ਜ਼ਿੰਮੇ ਹੀ ਹੁੰਦੀ ਹੈ। ਨਾਨਕੇ ਧੀਆਂ ਵਾਲੀ ਧਿਰ ਹੋਣ ਕਾਰਨ ਹਰ ਸ਼ਗਨ-ਵਿਹਾਰ ਸਮੇਂ ਕੁਝ ਨਾ ਕੁਝ ਹੱਥ ਝਾੜਦੇ ਹੀ ਰਹਿੰਦੇ ਹਨ। ਸਾਡੇ ਸਮਾਜ ਦੀ ਪੁਰਾਣੀ ਰੀਤ ਮੁਤਾਬਿਕ ਧੀ ਨੂੰ ਵਿਆਹੁਣ ਤੋਂ ਬਾਅਦ ਉਹ ਆਪਣੇ ਸਹੁਰਿਆਂ ਘਰ ਸਾਰੀ ਉਮਰ ਕੋਹਲੂ ਦੇ ਬਲਦ ਵਾਂਗ ਕੰਮ ਕਰਦੀ ਹੈ, ਪਰ ਉਸ ਦੇ ਅੰਤ ਸਮੇਂ ਪਾਉਣ ਵਾਲਾ ਲੀੜਾ-ਕੱਪੜਾ ਉਸ ਦੇ ਪੇਕਿਆਂ ਦੀ ਜ਼ਿੰਮੇਵਾਰੀ ਹੀ ਹੁੰਦੀ ਹੈ। ਜਿੰਨਾ ਚਿਰ ਪੇਕੇ ਲੀੜਾ ਕੱਪੜਾ ਲੈ ਕੇ ਨਹੀਂ ਆਉਂਦੇ ਉਦੋਂ ਤੱਕ ਅੰਤਿਮ ਰਸਮਾਂ ਨਹੀਂ ਹੁੰਦੀਆਂ। ਨਾਨਕਿਆਂ ਲਈ ਦੋਹਤਾ, ਪੋਤੇ ਨਾਲੋਂ ਵੱਧ ਪਿਆਰਾ ਹੁੰਦਾ ਹੈ ਤੇ ਜਵਾਕ ਨਾਨਕੇ ਜਾਣ ਲਈ ਵੱਧ ਤਾਂਘ ਰੱਖਦੇ ਹੋਏ ਕੱਛਾ ਮਾਰਦੇ ਗਾਉਂਦੇ ਹਨ:- ਨਾਨਕੇ ਘਰ ਜਾਵਾਂਗੇ, ਲੱਡੂ ਪੇੜੇ ਖਾਵਾਂਗੇ, ਮੋਟੇ ਹੋ ਕੇ ਆਵਾਂਗੇ। ਦੂਸਰਾ ਪੱਖ ਦਾਦਕਿਆਂ ਦਾ ਹੁੰਦਾ ਹੈ। ਦਾਦੀਆਂ ਤੋਂ ਵੀ ਪੋਤੇ-ਪੋਤੀਆਂ ਦਾ ਚਾਅ ਚੱਕਿਆ ਨਹੀਂ ਜਾਂਦਾ, ਹਰ ਰਿਸ਼ਤਾ-ਨਾਤਾ ਆਪੋ-ਆਪਣੀ ਥਾਂ ਮਾਅਨੇ ਰੱਖਦਾ ਹੈ। ਬੱਚਿਆਂ ਲਈ ਦਾਦਕੇ ਵੀ ਬਹੁਤ ਮਹੱਤਵ ਰੱਖਦੇ ਹਨ ਕਿਉਂਕਿ ਬੰਦੇ ਦੀਆਂ ਰਗਾਂ ਵਿੱਚ ਪਿਤਾ ਦਾ ਖ਼ੂਨ ਹੁੰਦਾ ਹੈ, ਜਿਸ ਨਾਲ ਉਹ ਪਿਤਾ ਪੁਰਖੀ ਕਿੱਤੇ ਤੇ ਰਸਮਾਂ ਰਿਵਾਜਾਂ ਸਹਿਜੇ ਹੀ ਗ੍ਰਹਿਣ ਕਰ ਲੈਂਦਾ ਹੈ। ਦਾਦਕੇ ਪਰਿਵਾਰ ਵਿੱਚ ਬੱਚੇ ਦੀਆਂ ਜੀਵਨ ਤੰਦਾਂ ਵਧੇਰੇ ਡੂੰਘੀਆਂ ਹੁੰਦੀਆਂ ਹਨ।

ਸਾਡਾ ਪੰਜਾਬੀ ਸਮਾਜ ਅਨੇਕਾਂ ਜਾਤਾਂ, ਗੋਤਾਂ, ਬਰਾਦਰੀਆਂ ਆਦਿ ਵਿੱਚ ਵੰਡਿਆ ਹੋਇਆ ਹੈ। ਸਾਡੇ ਪੰਜਾਬੀ ਸੱਭਿਆਚਾਰ ਵਿੱਚ ਵਿਆਹ ਸਮੇਂ ਜੇਕਰ ਕੋਈ ਰਿਸ਼ਤੇਦਾਰ ਰੁੱਸਿਆ ਹੋਣ ਕਾਰਨ ਵਿਆਹ ਵਿੱਚ ਆਉਣੋਂ ਮਨ੍ਹਾ ਕਰ ਦਿੰਦਾ ਸੀ ਤਾਂ ਬਾਕੀ ਸਾਰੇ ਰਿਸ਼ਤੇਦਾਰ 'ਕੱਠੇ ਹੋ ਕੇ ਉਸ ਨੂੰ ਮਨਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡਦੇ ਸੀ, ਖ਼ਾਸ ਕਰਕੇ ਫੁੱਫੜ ਹੀ ਰੁਸ-ਰੁਸ ਬਹਿੰਦਾ ਹੁੰਦਾ ਸੀ। ਸਾਡੇ ਰਿਸ਼ਤੇ-ਨਾਤੇ ਵੱਖੋ-ਵੱਖਰੇ ਫੁੱਲਾਂ ਦੀ ਤਰ੍ਹਾਂ ਮਹਿਕਾਂ ਵੰਡਦੇ ਹਨ। ਹਰੇਕ ਰਿਸ਼ਤੇ ਦਾ ਸਮਾਜਿਕ, ਮਾਨਸਿਕ, ਆਰਥਿਕ ਜਾਂ ਧਾਰਮਿਕ ਮਹੱਤਵ ਹੈ। ਮਾਂ-ਪਿਓ, ਤਾਇਆ-ਤਾਈ, ਚਾਚਾ-ਚਾਚੀ, ਮਾਮਾ-ਮਾਮੀ, ਭੂਆ-ਫੁੱਫੜ, ਮਾਸੀ-ਮਾਸੜ ਆਦਿ ਰਿਸ਼ਤੇ ਸਾਡੇ ਸਮਾਜ ਦਾ ਥੰਮ੍ਹ ਹਨ। ਸਾਰੇ ਇਨ੍ਹਾਂ ਰਿਸ਼ਤਿਆਂ ਦਾ ਦਿਲੋਂ ਸਤਿਕਾਰ ਕਰਦੇ ਹਨ। ਮਾਂ-ਪਿਓ ਦੇ ਚਲੇ ਜਾਣ ਪਿੱਛੋਂ ਇਹ ਰਿਸ਼ਤੇ ਹੀ ਘਾਟ ਪੂਰੀ ਕਰਨ ਵਿੱਚ ਯੋਗਦਾਨ ਪਾਉਂਦੇ ਹਨ। ਵਡੇਰੀ ਉਮਰ ਵਾਲੀ ਪੀੜ੍ਹੀ ਵਿੱਚ ਨਾਨਾ-ਨਾਨੀ, ਦਾਦਾ-ਦਾਦੀ ਮੱਤਾਂ ਦੇ ਕੇ ਵਿਹਾਰ ਦੇ ਚੰਗੇ ਬਣਨ ਲਈ ਯੋਗ ਬਣਾਉਣ ਵਿੱਚ ਰੋਲ ਅਦਾ ਕਰਦੇ ਹਨ। ਕੁਝ ਰਿਸ਼ਤਿਆਂ ਦੀ ਆਪਣੀ ਵੱਖਰੀ ਅਹਿਮੀਅਤ ਹੈ, ਜਿਵੇਂ ਭੈਣ-ਭਰਾ, ਦਿਉਰ-ਭਰਜਾਈ, ਜੀਜਾ-ਸਾਲੀ ਆਦਿ। ਭੈਣ-ਭਾਈ ਦਾ ਰਿਸ਼ਤਾ ਸਾਡੇ ਸਮਾਜ ਦਾ ਮੁੱਖ ਰਿਸ਼ਤਾ ਹੈ। ਜਿਸ ਦੀ ਮਹਾਨਤਾ ਗਿਣਾਈ ਨਹੀਂ ਜਾ ਸਕਦੀ। ਭਰਾ-ਭੈਣ ਦੇ ਜਵਾਕਾਂ ਦਾ ਮਾਮਾ ਬਣਦਾ ਹੈ ਜੋ ਇੱਕ ਤਰ੍ਹਾਂ ਦੀ ਮਰਦ ਮਾਂ ਹੀ ਹੁੰਦਾ ਹੈ ਤੇ ਭੈਣ ਭਰਾ ਦੇ ਜਵਾਕਾਂ ਦੀ ਭੂਆ ਬਣਦੀ ਹੈ ਜੋ ਔਰਤ ਪਿਤਾ ਹੋਣ ਦਾ ਰੁਤਬਾ ਰੱਖਦੀ ਹੈ। ਭੈਣ ਆਪਣੇ ਵੀਰ ਨੂੰ ਜ਼ਮਾਨੇ ਦੇ ਡਰੋਂ ਕਹਿੰਦੀ ਹੈ, "ਭੈਣ ਵਰਗਾ ਸਾਕ ਨਾ ਕੋਈ, ਟੁੱਟ ਕੇ ਨਾ ਬਹਿਜੀ ਵੀਰਨਾ।"

ਅਜੋਕੇ ਸਮੇਂ ਦੀ ਤਕਨਾਲੋਜੀ ਵਾਲੇ ਜ਼ਮਾਨੇ ਅੰਦਰ ਸਾਡੇ ਰਿਸ਼ਤੇ-ਨਾਤਿਆਂ ਵਿੱਚ ਵੱਡੀਆਂ ਤਬਦੀਲੀਆਂ ਆ ਰਹੀਆਂ ਹਨ। ਸਾਡੇ ਆਪਸੀ ਪਿਆਰ ਵਿੱਚ ਬਹੁਤ ਤੇਜ਼ੀ ਨਾਲ ਟੁੱਟ-ਭੱਜ ਹੋ ਰਹੀ ਹੈ। ਦੋਸਤੀਆਂ ਦੁਸ਼ਮਣੀਆਂ ਵਿੱਚ ਬਦਲ ਰਹੀਆਂ ਹਨ। ਪਹਿਲਾਂ ਸਿਆਣੇ ਕਹਿੰਦੇ ਸੀ ਦੋਸਤ ਜਿੰਨਾ ਪੁਰਾਣਾ ਹੋਵੇ ਓਨਾ ਹੀ ਚੰਗਾ ਹੁੰਦਾ ਹੈ। ਕਹਿੰਦੇ ਹਨ ਜਿਹੜੀ ਦੋਸਤੀ ਤਿੰਨ ਦਿਨ, ਤਿੰਨ ਹਫ਼ਤੇ, ਤਿੰਨ ਮਹੀਨੇ ਨਿਭ ਜਾਵੇ ਓਹ ਜ਼ਿੰਦਗੀ ਭਰ ਨਿਭਦੀ ਹੈ। ਪਰ ਇਹ ਤੱਥ ਅੱਜਕੱਲ੍ਹ ਵੱਡੀ ਹੱਦ ਤੱਕ ਗ਼ਲਤ ਸਾਬਤ ਹੋ ਰਹੇ ਹਨ। ਤਿੰਨ ਛੱਡੋ ਹੁਣ ਤਾਂ ਤੀਹ ਸਾਲ ਪੁਰਾਣੇ ਸਬੰਧ ਵੀ ਪਲ ਵਿੱਚ ਤਿੜਕਦੇ ਨਜ਼ਰ ਪੈਂਦੇ ਹਨ। ਜਿਗਰੀ ਯਾਰੀਆਂ ਅੱਜਕੱਲ੍ਹ ਜਾਨੀ ਦੁਸ਼ਮਣੀਆਂ ਵਿੱਚ ਬਦਲਦੀਆਂ ਦੇਖੀਆ ਜਾ ਸਕਦੀਆਂ ਹਨ।

ਰਿਸ਼ਤੇ ਸਾਡੇ ਸੱਭਿਅਕ ਸਮਾਜ ਦਾ ਅਨਿੱਖੜਵਾਂ ਅੰਗ ਹਨ। ਜੇਕਰ ਅੱਜ ਮਹਿੰਗਾਈ ਦੇ ਕਾਰਨ ਲੋਕ ਇੱਕ ਬੱਚਾ ਚਾਹੁੰਦੇ ਹਨ ਤਾਂ ਇਨ੍ਹਾਂ ਰਿਸ਼ਤਿਆਂ ਨੂੰ ਮੁੜ ਸੁਰਜੀਤ ਕਰਨ ਤੇ ਜਿਊਂਦਾ ਰੱਖਣ ਲਈ ਸਾਡੇ ਪੰਜਾਬੀ ਪਰਿਵਾਰ ਇਹ ਪ੍ਰਣ ਕਰਨ ਕੇ ਜੇਕਰ ਸਾਡੇ ਘਰ ਮੁੰਡਾ ਪੈਦਾ ਹੋਇਆ ਤਾਂ ਅਸੀਂ ਆਪਣੇ ਫਲਾਣੇ ਜਾਣ ਪਹਿਚਾਣ ਵਾਲੇ ਘਰ ਪੈਦਾ ਹੋਈ ਕੁੜੀ ਨੂੰ ਆਪਣੀ ਧੀ ਸਮਝ ਕੇ, ਆਪਣੇ ਪੁੱਤ ਦੀ ਸਕੀ ਭੈਣ ਵਾਂਗ ਅਪਣਾ ਕੇ ਮਾਮੇ ਭੂਆ ਵਾਂਗ ਵਰਤਾਂਗੇ ਤਾਂ ਜੋ ਰੱਖੜੀ ਤੋਂ ਗੁੱਟ ਸੁੰਨਾ ਨਾ ਹੋਵੇ ਤੇ ਭੈਣ ਦੀ ਨਾਨਕੀ ਸ਼ੱਕ ਪੂਰੀ ਜਾਵੇ। ਪੱਛਮੀ ਰੁਝਾਨ ਨੂੰ ਠੱਲ੍ਹ ਪਾ ਕੇ ਸੱਭਿਅਕ ਸਮਾਜ ਸਿਰਜਣ ਲਈ ਸਾਨੂੰ ਖ਼ੁਦ ਹੀ ਆਪਣੇ ਸੁਭਾਅ ਬਦਲ ਕੇ ਉਪਰਾਲੇ ਕਰਨੇ ਪੈਣਗੇ ਜਿਸ ਨਾਲ ਪੰਜਾਬ ਅੰਦਰ ਮੁੜ ਕੁੜੀਆਂ ਚਿੜੀਆਂ ਦੀਆਂ ਕਿੱਕਲੀਆਂ ਤੇ ਅੰਬਰੀ ਪੀਘਾਂ ਚੜ੍ਹਾਉਣ ਤੋਂ ਕੋਈ ਵੀ ਨਹੀਂ ਰੋਕ ਸਕੇਗਾ। ਸਾਨੂੰ ਇਹ ਪ੍ਰਣ ਦ੍ਰਿੜ ਇਰਾਦੇ ਨਾਲ ਨਿਭਾਉਣਾ ਪਵੇਗਾ। ਖ਼ਾਸ ਕਰ ਸਾਨੂੰ ਪੰਜਾਬੀਆਂ ਨੂੰ ਪੁਰਾਣੇ ਸਮਿਆਂ ਵਾਲੇ ਰਿਸ਼ਤੇ ਨਾਤਿਆਂ ਨੂੰ ਮੁੜ ਆਪਣੇ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਬਣਾਉਣ ਲਈ ਆਪਸੀ ਪਿਆਰ ਸਨੇਹ ਤੇ ਮੁਹੱਬਤ ਨੂੰ ਮੁੜ ਜਿਊਂਦਾ ਕਰਨ ਦੀ ਵੱਡੀ ਲੋੜ ਹੈ ਜਿਸ ਨਾਲ ਸਾਡੀਆਂ ਆਪਸੀ ਦੂਰੀਆਂ ਖ਼ਤਮ ਹੋਣਗੀਆਂ।



# ਪੰਜਾਬ 'ਚ ਵਿਕਸਤ ਨਹੀਂ ਹੋ ਸਕੇ ਖੇਤੀ ਆਧਾਰਿਤ ਉਦਯੋਗ



ਡਾ. ਸ. ਸ. ਛੀਨਾ



ਘਾਟੇਵੰਦੀ ਕਿਰਸਾਨੀ ਅਤੇ ਉਸ ਸਿਰ ਵਧਦਾ ਹੋਇਆ ਕਰਜ਼ਾ ਦੇਸ਼ ਦੇ ਹਰ ਪ੍ਰਾਂਤ ਵਿੱਚ ਪ੍ਰਤੱਖ ਨਜ਼ਰ ਆਉਂਦਾ ਹੈ। ਵਿਕਸਤ ਦੇਸ਼ਾਂ ਤੋਂ ਬਿਲਕੁਲ ਉਲਟ ਭਾਰਤ ਵਿੱਚ ਸਭ ਤੋਂ ਵੱਡਾ ਪੇਸ਼ਾ ਖੇਤੀਬਾੜੀ ਹੈ ਜਿਸ 'ਤੇ ਤਕਰੀਬਨ 60 ਫ਼ੀਸਦੀ ਤੱਕ ਵਸੋਂ ਨਿਰਭਰ ਕਰਦੀ ਹੈ ਜਦਕਿ ਵਿਕਸਤ ਦੇਸ਼ਾਂ ਵਿੱਚ ਕਿਤੇ ਵੀ ਖੇਤੀ 'ਤੇ 5% ਤੋਂ ਵੱਧ ਵਸੋਂ ਨਿਰਭਰ ਨਹੀਂ ਕਰਦੀ। ਇੰਨੀ ਵੱਡੀ ਵਸੋਂ ਦੀ ਨਿਰਭਰਤਾ ਹੋਣ ਕਰਕੇ ਜਿੱਥੇ ਖੇਤੀਬਾੜੀ ਵਾਲੀ ਵਸੋਂ ਵਿੱਚ ਬੇਰੁਜ਼ਗਾਰੀ ਹੈ ਉੱਥੇ ਨਾਲ ਹੀ ਅਰਧ-ਬੇਰੁਜ਼ਗਾਰੀ ਤੇ ਲੁਕੀ-ਛਿਪੀ ਬੇਰੁਜ਼ਗਾਰੀ ਹੈ। ਭਾਵੇਂ ਕਿਸਾਨ ਆਪਣੇ-ਆਪ ਨੂੰ ਰੁਜ਼ਗਾਰ 'ਤੇ ਲੱਗਾ ਸਮਝ ਰਿਹਾ ਹੈ ਪਰ ਉਹ ਦਿਨ ਵਿੱਚ ਮਸਾਂ ਇਕ-ਦੋ ਘੰਟੇ ਹੀ ਕੰਮ ਕਰਦਾ ਹੈ।

ਜਦਕਿ ਬਾਕੀ ਦੀ 40 ਫ਼ੀਸਦੀ ਵਸੋਂ ਵੱਲੋਂ ਬਾਕੀ ਦਾ 86 ਫ਼ੀਸਦੀ ਹਿੱਸਾ ਡਕਾਰ ਲਿਆ ਜਾਂਦਾ ਹੈ। ਨਵੀਂ ਬਣੀ ਸਰਕਾਰ ਵੱਲੋਂ ਇੰਨੀ ਵੱਡੀ ਵਸੋਂ ਦੀ ਪਰੇਸ਼ਾਨੀ ਨੂੰ ਧਿਆਨ ਵਿੱਚ ਰੱਖਦਿਆਂ ਹੋਇਆਂ ਇਹੋ ਜਿਹੇ ਖੇਤੀ ਮਾਡਲ ਦੀ ਲੋੜ ਹੈ ਜਿਹੜਾ ਇਸ ਵੱਡੀ ਵਸੋਂ ਲਈ ਵੱਡੀ ਰਾਹਤ ਲਿਆਵੇ ਅਤੇ ਜਿਸ ਨਾਲ ਖੇਤੀ-ਖੇਤਰ ਅਤੇ ਗ਼ੈਰ-ਖੇਤੀ ਖੇਤਰ ਦੀ ਔਸਤ ਆਮਦਨ ਬਰਾਬਰ ਹੋਣ ਦੀ ਰੁਚੀ ਹੋਵੇ ਭਾਵੇਂ ਉਸ ਵਿੱਚ ਸਮਾਂ ਹੀ ਲੱਗ ਜਾਵੇ। ਪਿਛਲੇ ਸਮਿਆਂ ਵਿੱਚ ਭਾਰਤ ਵਿੱਚ ਹੋਇਆ ਵਿਕਾਸ ਅਸਾਵਾਂ ਰਿਹਾ ਹੈ। ਕੁਝ ਸ਼ਹਿਰ ਅਤੇ ਪ੍ਰਾਂਤ ਬਹੁਤ ਵਿਕਸਤ ਹੋ ਗਏ ਹਨ।

ਵਿਕਾਸ ਉਦਯੋਗਾਂ 'ਤੇ ਨਿਰਭਰ ਕਰਦਾ ਹੈ। ਦੁਨੀਆਂ ਦਾ ਕੋਈ ਵੀ ਵਿਕਸਤ ਦੇਸ਼ ਇਸ ਤਰ੍ਹਾਂ ਦਾ ਨਹੀ ਜਿੱਥੇ ਉਦਯੋਗਿਕ ਢਾਂਚਾ ਵਿਕਸਤ ਨਹੀਂ ਹੋਇਆ। ਪਰ ਭਾਰਤ ਵਿੱਚ ਜ਼ਿਆਦਾਤਰ ਲੋਕਾਂ ਦਾ ਭਾਵੇਂ ਖੇਤੀ ਹੀ ਮੁੱਖ ਪੇਸ਼ਾ ਸੀ ਪਰ ਖੇਤੀ ਆਧਾਰਤ ਉਦਯੋਗ ਵੀ ਵਿਕਸਤ ਨਹੀਂ ਹੋ ਸਕੇ। ਜਾਪਾਨ ਦਾ ਖੇਤੀ ਮਾਡਲ ਭਾਰਤ ਦੇ ਸਾਹਮਣੇ ਹੈ। ਉੱਥੇ ਵੀ ਵਸੋਂ ਦਾ ਵੱਡਾ ਭਾਰ ਹੈ। ਕਿਸੇ ਵਕਤ ਜਾਪਾਨ ਦੀ ਵਸੋਂ ਘਣਤਾ ਭਾਰਤ ਤੋਂ ਵੀ ਜ਼ਿਆਦਾ ਸੀ। ਉੱਥੇ ਵੀ ਖੇਤੀ ਜੋਤਾਂ ਦਾ ਆਕਾਰ ਬਹੁਤ ਛੋਟਾ ਹੈ। ਜੇ ਉਸ ਦੇਸ਼ ਨੇ ਖੇਤੀ ਵਸੋਂ ਦੀ ਅਰਧ ਬੇਰੁਜ਼ਗਾਰੀ ਦੂਰ ਕੀਤੀ ਹੈ ਤਾਂ ਉਸ ਨੇ ਖੇਤਾਂ ਦੇ ਨਾਲ-ਨਾਲ ਹੀ ਉੱਥੋਂ ਦੀ ਉਪਜ ਅਨੁਸਾਰ ਖੇਤੀ ਆਧਾਰਤ ਉਦਯੋਗ ਲਗਾਏ ਹਨ। ਕਿਸਾਨ ਦਿਨ ਦਾ ਕੁਝ ਸਮਾਂ ਜਾਂ ਅੱਧਾ ਸਮਾਂ ਉਨ੍ਹਾਂ ਉਦਯੋਗਿਕ ਇਕਾਈਆਂ ਵਿੱਚ ਕੰਮ ਕਰਦੇ ਹਨ ਜਿਸ ਆਮਦਨ ਨੂੰ ਉਹ ਖੇਤੀ ਵਿੱਚ ਨਿਵੇਸ਼ ਕਰਦੇ ਹਨ। ਭਾਰਤ ਵਿੱਚ ਹਰ ਪ੍ਰਾਂਤ ਵਿੱਚ ਉਸ ਤਰ੍ਹਾਂ ਦੇ ਉਪਜ ਤੇ ਖੇਤੀ ਆਧਾਰਿਤ ਉਦਯੋਗਾਂ ਦੀ ਲੋੜ ਹੈ ਜਿਸ ਲਈ ਇੱਕ ਠੋਸ ਨੀਤੀ ਲਾਗੂ ਕਰਨੀ ਚਾਹੀਦੀ ਹੈ ਜਿਸ ਵਿੱਚ ਉਨ੍ਹਾਂ ਖੇਤੀ ਆਧਾਰਿਤ ਉਦਯੋਗਾਂ ਲਈ ਉਤਸ਼ਾਹ ਪੈਦਾ ਕਰਨਾ ਵੀ ਜ਼ਰੂਰੀ ਹੋਵੇ।

ਭਾਰਤ ਵਿੱਚ ਹੋਏ ਹਰੇ ਇਨਕਲਾਬ ਦਾ ਮੁੱਖ ਆਧਾਰ ਰਸਾਇਣਾਂ ਦੀ ਜ਼ਿਆਦਾ ਵਰਤੋਂ ਰਿਹਾ ਹੈ ਪਰ ਉਨ੍ਹਾਂ ਰਸਾਇਣਾਂ ਦੀ ਵਧਦੀ ਵਰਤੋਂ ਕਰ ਕੇ ਇੱਕ ਤਾਂ ਜ਼ਮੀਨ ਦੀ ਉਪਜਾਊ ਸ਼ਕਤੀ ਕਮਜ਼ੋਰ ਹੁੰਦੀ ਗਈ ਜਿਸ ਲਈ ਹਰ ਸਾਲ ਰਸਾਇਣਾਂ ਦੀ ਵਰਤੋਂ ਵਿੱਚ ਵਾਧਾ ਕਰਨਾ ਪਿਆ। ਇਹ ਲੋਕ ਹਿੱਤ ਦੀ ਗੱਲ ਹੈ ਕਿ ਰਸਾਇਣਾਂ ਦੀ ਵਰਤੋਂ ਨੂੰ ਘਟਾ ਕੇ ਜੈਵਿਕ ਖੇਤੀ ਵਿੱਚ ਵੱਧ ਤੋਂ ਵੱਧ ਉਪਜ ਲਈ ਜਾਵੇ ਜਿਸ ਨਾਲ ਇੱਕ ਤਾਂ ਕਿਸਾਨ ਦੀ ਉਤਪਾਦਨ ਲਾਗਤ ਘਟੇਗੀ ਅਤੇ ਦੂਸਰਾ ਉਸ ਦੀ ਜ਼ਮੀਨ ਕਮਜ਼ੋਰ ਨਹੀਂ ਹੋਵੇਗੀ। ਯੂਨੀਵਰਸਿਟੀਆਂ ਤੇ ਖੋਜ ਸੰਸਥਾਵਾਂ ਨੂੰ ਜੈਵਿਕ ਖੇਤੀ ਵਿੱਚ ਵੱਖ-ਵੱਖ ਉਪਜ ਲੈਣ ਲਈ ਖੋਜ ਨੂੰ ਉਤਸ਼ਾਹਤ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਜੈਵਿਕ ਖੇਤੀ ਵੀ ਓਨੀ ਹੀ ਲਾਭਦਾਇਕ ਹੋਵੇ ਜਿੰਨੀ ਰਸਾਇਣਾਂ 'ਤੇ ਆਧਾਰਤ ਖੇਤੀ ਹੈ। 81 ਫ਼ੀਸਦੀ ਖੇਤੀ ਜੋਤਾਂ 5 ਏਕੜ ਤੋਂ ਛੋਟੀਆਂ ਹਨ ਜਦਕਿ ਖੇਤੀ ਮਾਹਿਰਾਂ ਅਨੁਸਾਰ ਜਿਹੜੀ ਵੀ ਜੋਤ 15 ਏਕੜ ਤੋਂ ਘੱਟ ਹੈ ਉਹ ਕਿਫ਼ਾਇਤੀ ਜੋਤ ਨਹੀਂ। ਕਿਸਾਨ ਦਾ ਪਰਿਵਾਰ ਉਸ ਜੋਤ ਨਾਲ ਚੰਗਾ ਰਹਿਣ-ਸਹਿਣ ਨਹੀਂ ਬਣਾ ਸਕਦਾ। ਖੇਤੀ ਦਾ ਅਨੁਪਾਤ ਤਾਂ ਵਧਾਇਆ ਨਹੀਂ ਜਾ ਸਕਦਾ ਪਰ ਸੀਮਤ ਖੇਤੀ ਵਿੱਚੋਂ ਹੀ ਇਸ ਨੂੰ ਕਿਫ਼ਾਇਤੀ ਬਣਾਉਣ ਲਈ ਕਿਸਾਨਾਂ ਦਾ ਖੇਤੀ ਫ਼ਸਲਾਂ ਵਿੱਚ ਹਿੱਸਾ ਬਣਾਇਆ ਜਾ ਸਕਦਾ ਹੈ। ਇਹ ਆਮ ਵੇਖਿਆ ਗਿਆ ਹੈ ਕਿ ਵਪਾਰਕ ਫ਼ਸਲਾਂ ਖ਼ਾਸ ਕਰਕੇ ਸਬਜ਼ੀਆਂ ਜਿਹੜੀਆਂ ਪ੍ਰਚੂਨ ਵਿੱਚ ਖ਼ਰੀਦਦਾਰ ਖ਼ਰੀਦਦਾ ਹੈ, ਉਹ ਕਈ ਵਾਰ ਖੇਤਾਂ ਵਿੱਚ ਵਿਕਰੀ ਤੋਂ 4 ਗੁਣਾ ਤੱਕ ਵੱਧ ਭਾਅ 'ਤੇ ਵਿਕ ਰਹੀਆਂ ਹੁੰਦੀਆਂ ਹਨ ਪਰ ਉਨ੍ਹਾਂ ਵਿੱਚ ਕਿਸਾਨ ਦਾ ਕੋਈ ਹਿੱਸਾ ਨਹੀਂ ਹੁੰਦਾ। ਖੇਤੀ ਉਪਜਾਂ ਦਾ ਵਪਾਰ ਕਰਨ ਵਾਲੇ ਵਪਾਰੀ ਹਮੇਸ਼ਾ ਹੀ ਵੱਡੇ ਲਾਭ ਕਮਾ ਰਹੇ ਹੁੰਦੇ ਹਨ ਭਾਵੇਂ ਖੇਤੀ ਉਪਜ ਘੱਟ ਹੋਵੇ ਜਾਂ ਵੱਧ।

ਭਾਵੇਂ ਕਿਸੇ ਸਮੇਂ ਫ਼ਸਲਾਂ ਦੀ ਕਿਸੇ ਕੁਦਰਤੀ ਕਾਰਨ ਕਰ ਕੇ ਬਰਬਾਦੀ ਹੋ ਗਈ ਹੋਵੇ, ਫਿਰ ਵੀ ਖੇਤੀ ਉਪਜਾਂ ਦੇ ਵਪਾਰੀ ਲਾਭ ਕਮਾ ਰਹੇ ਹੁੰਦੇ ਹਨ। ਭਾਰਤ ਨੇ ਡੇਅਰੀ ਸਹਿਕਾਰਤਾ ਦੇ ਮਾਡਲ ਨੂੰ ਅਪਣਾ ਕੇ ਕਿਸਾਨਾਂ ਦੀ ਵੱਡੀ ਮਦਦ ਕੀਤੀ ਹੈ। ਇਸ ਮਾਡਲ ਵਿੱਚ ਕਿਸਾਨ ਜਦੋਂ ਪਿੰਡ ਵਿਚ ਦੁੱਧ ਵੇਚ ਦਿੰਦਾ ਹੈ, ਉਹ ਉਸ ਦੀ ਕੀਮਤ ਤਾਂ ਲੈ ਲੈਂਦਾ ਹੈ, ਫਿਰ ਵੀ ਡੇਅਰੀ ਦੀਆਂ ਹੋਰ ਬਣਨ ਵਾਲੀਆਂ ਵਸਤਾਂ ਅਤੇ ਉਨ੍ਹਾਂ ਦੇ ਮੁੱਲ ਵਾਧੇ ਵਿੱਚ ਉਸ ਦਾ ਹਿੱਸਾ ਬਣਿਆ ਰਹਿੰਦਾ ਹੈ।

ਇੱਥੋਂ ਤੱਕ ਕਿ ਡੇਅਰੀ ਵਸਤਾਂ ਦਾ ਨਿਰਯਾਤ ਤੇ ਲਾਭਾਂ ਵਿੱਚ ਵੀ ਕਿਸਾਨ ਦਾ ਹਿੱਸਾ ਹੁੰਦਾ ਹੈ ਜਿਹੜਾ ਇਕੱਲੇ ਕਿਸਾਨ ਲਈ ਸੰਭਵ ਹੀ ਨਹੀਂ। ਨਿਰਯਾਤ ਤਾਂ ਕੀ, ਉਹ ਤਾਂ ਦੁੱਧ ਜਾਂ ਦੁੱਧ ਤੋਂ ਬਣੀਆਂ ਵਸਤਾਂ ਨੂੰ ਦੂਸਰੇ ਸ਼ਹਿਰ, ਪ੍ਰਾਂਤ ਵਿੱਚ ਵੀ ਨਹੀਂ ਵੇਚ ਸਕਦਾ। ਇਸ ਤਰ੍ਹਾਂ ਦਾ ਸਹਿਕਾਰੀ ਮਾਡਲ ਹੋਰ ਫ਼ਸਲਾਂ ਲਈ ਅਪਣਾਉਣਾ ਚਾਹੀਦਾ ਹੈ ਖ਼ਾਸ ਕਰਕੇ ਸਬਜ਼ੀਆਂ ਅਤੇ ਫਲਾਂ ਲਈ ਤਾਂ ਕਿ ਇਨ੍ਹਾਂ ਵਸਤਾਂ ਦੇ ਮੁੱਲ ਵਾਧੇ ਵਿੱਚ ਕਿਸਾਨ ਦਾ ਵੀ ਹਿੱਸਾ ਹੋਵੇ ਤੇ ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਇਨ੍ਹਾਂ ਵਸਤਾਂ ਲਈ ਡੇਅਰੀ ਸਹਿਕਾਰਤਾ ਵਾਲਾ ਮਾਡਲ ਅਪਣਾਇਆ ਜਾਵੇ ਜਿਸ ਵਿੱਚ ਕਿਸਾਨ ਨੂੰ ਆਪਣੀ ਫ਼ਸਲ ਦੀ ਵਿਕਰੀ ਦਾ ਯਕੀਨੀਕਰਨ ਹੋਵੇ ਅਤੇ ਫਿਰ ਉਸ ਦੇ ਮੁੱਲ ਵਾਧੇ 'ਚ ਹਿੱਸਾ ਬਣੇ।

ਕਿਸਾਨ ਪੱਖੀ ਬਣਾਏ ਜਾਣ ਵਾਲੇ ਮਾਡਲ ਵਿੱਚ ਘੱਟੋ-ਘੱਟ ਸਮਰਥਨ ਮੁੱਲ ਸਿਰਫ਼ ਕਣਕ ਅਤੇ ਝੋਨੇ ਲਈ ਹੀ ਨਹੀਂ ਸਗੋਂ ਹੋਰ ਉਨ੍ਹਾਂ ਵਸਤਾਂ ਲਈ ਵੀ ਯਕੀਨੀ ਬਣਾਇਆ ਜਾਵੇ ਜਿਹੜੀਆਂ ਉਸ ਪ੍ਰਦੇਸ਼ ਦੀਆਂ ਮੁੱਖ ਫ਼ਸਲਾਂ ਹਨ ਜਿਵੇਂ ਰਾਜਸਥਾਨ ਵਿਚ ਤੇਲਾਂ ਦੇ ਬੀਜ, ਮੱਧ ਪ੍ਰਦੇਸ਼ ਵਿੱਚ ਦਾਲਾਂ ਆਦਿ। ਫਿਰ ਉਨ੍ਹਾਂ ਵਸਤਾਂ ਵਿਚ ਵੀ ਵੱਖ-ਵੱਖ ਖੇਤਰਾਂ ਵਿੱਚ ਵੀ ਜ਼ੋਨ ਬਣਾਏ ਜਾ ਸਕਦੇ ਹਨ ਜਿਨ੍ਹਾਂ ਵਿਚ ਉਸ ਜ਼ੋਨ ਦੀਆਂ ਪ੍ਰਮੁੱਖ ਫ਼ਸਲਾਂ ਨੂੰ ਉਸ ਪ੍ਰਦੇਸ਼ ਦੀ ਸਰਕਾਰ ਆਪ ਖ਼ਰੀਦੇ ਜਾਂ ਕੇਂਦਰ ਸਰਕਾਰ ਨਾਲ ਭਾਈਵਾਲੀ ਵਿੱਚ ਖ਼ਰੀਦੇ। ਭਾਰਤ ਲੱਖਾਂ ਕਰੋੜਾਂ ਰੁਪਏ ਦੇ ਦਾਲਾਂ ਅਤੇ ਖਾਣ ਵਾਲੇ ਤੇਲਾਂ ਦਾ ਆਯਾਤ ਕਰ ਰਿਹਾ ਹੈ। ਉਸ ਤੋਂ ਛੁਟਕਾਰੇ ਲਈ ਇਸ ਦੀ ਸਰਕਾਰੀ ਖ਼ਰੀਦ ਦੀ ਗਾਰੰਟੀ ਵਾਲੇ ਉਤਸ਼ਾਹ ਨਾਲ ਵੱਡੀ ਰਾਹਤ ਮਿਲ ਸਕਦੀ ਹੈ।

ਕੇਂਦਰ ਸਰਕਾਰ ਵੱਲੋਂ ਕਿਸਾਨੀ ਲਈ ਦਿੱਤੇ ਜਾਣ ਵਾਲੇ ਕਰਜ਼ੇ ਨੂੰ 7% ਵਿਆਜ 'ਤੇ ਦਿੱਤਾ ਜਾ ਰਿਹਾ ਹੈ ਅਤੇ ਜੋ ਕਿਸਾਨ ਸਮੇਂ ਸਿਰ ਉਸ ਦੀ ਅਦਾਇਗੀ ਕਰ ਦੇਵੇ ਤਾਂ ਉਸ ਨੂੰ ਸਿਰਫ਼ 4% ਵਿਆਜ ਦੇਣਾ ਪੈਂਦਾ ਹੈ ਅਤੇ 3 ਫ਼ੀਸਦੀ ਹੋਰ ਛੋਟ ਦੇ ਦਿੱਤੀ ਜਾਂਦੀ ਹੈ। ਮੌਜੂਦਾ ਹਾਲਾਤ ਅਨੁਸਾਰ ਕੁਝ ਫ਼ਸਲਾਂ ਦੀ ਉਪਜ ਜਿਨ੍ਹਾਂ 'ਚ ਦਾਲਾਂ ਅਤੇ ਤੇਲਾਂ ਦੇ ਬੀਜ ਆਉਂਦੇ ਹਨ ਜਾਂ ਕਿਸੇ ਖੇਤੀ ਆਧਾਰਿਤ ਉਦਯੋਗ ਲਈ ਕੱਚਾ ਮਾਲ ਹੈ, ਉਸ ਨੂੰ ਹੋਰ ਵੀ ਰਿਆਇਤ ਦੇਣੀ ਚਾਹੀਦੀ ਹੈ।

ਬੀਤੇ ਸਮਿਆਂ 'ਚ ਕੇਂਦਰ ਸਰਕਾਰ ਨੇ ਖੇਤੀ ਲਈ ਬੀਮੇ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ ਪਰ ਵੇਖਣ 'ਚ ਆਇਆ ਹੈ ਕਿ ਪਸ਼ੂਆਂ ਦੇ ਬੀਮੇ ਤੋਂ ਬਿਨਾਂ ਹੋਰ ਉਪਜਾਂ ਲਈ ਕਿਸਾਨਾਂ ਨੇ ਬੀਮਾ ਨਹੀਂ ਕਰਵਾਇਆ ਹੈ ਜਦਕਿ ਇਹ ਬੈਂਕ ਦੇ ਕਰਜ਼ੇ ਦੀ ਜ਼ਰੂਰੀ ਸ਼ਰਤ ਸੀ। ਇਸ ਪੱਖੋਂ ਬੀਮੇ ਨੂੰ ਫ਼ਸਲਾਂ, ਬੀਮੇ ਤੇ ਖੇਤੀ ਆਧਾਰਤ ਮੁੱਲ ਵਾਧੇ ਦੀਆਂ ਕਾਰਵਾਈਆਂ ਤੱਕ ਵਧਾ ਕੇ ਇਸ ਦੇ ਪ੍ਰੀਮੀਅਮ ਨੂੰ ਓਨਾ ਕੁ ਹੀ ਰੱਖਣਾ ਚਾਹੀਦਾ ਹੈ ਜਿਸ ਨਾਲ ਕਿਸਾਨ ਇਸ ਨੂੰ ਬੋਝ ਨਾ ਸਮਝੇ।

ਪਿੱਛੇ ਜਿਹੇ ਕੇਂਦਰ ਸਰਕਾਰ ਵੱਲੋਂ ਦੇਸ਼ ਭਰ ਵਿੱਚ ਜੜ੍ਹੀਆਂ-ਬੂਟੀਆਂ ਦੀ ਕਾਸ਼ਤ ਕਰਨ ਅਤੇ ਉਨ੍ਹਾਂ ਦੇ ਵਪਾਰ ਕਰਨ ਖ਼ਾਸ ਕਰ ਕੇ ਨਿਰਯਾਤ ਕਰਨ ਨੂੰ ਉਤਸ਼ਾਹਤ ਕਰਨ ਲਈ ਵਿਚਾਰ-ਚਰਚਾ ਕੀਤੀ ਗਈ ਸੀ ਪਰ ਹਕੀਕਤ ਇਹ ਹੈ ਕਿ ਇਹ ਕੰਮ ਕੋਈ ਵੀ ਕਿਸਾਨ ਆਪਣੇ-ਆਪ ਨਹੀਂ ਕਰ ਸਕਦਾ। ਇਸ ਲਈ ਤਕਨੀਕੀ ਮਾਹਿਰਾਂ ਵੱਲੋਂ ਹੀ ਉਨ੍ਹਾਂ ਬੂਟੀਆਂ ਨੂੰ ਲਗਾਇਆ ਜਾ ਸਕਦਾ ਹੈ। ਫਿਰ ਕੋਈ ਵੀ ਕਿਸਾਨ ਇਨ੍ਹਾਂ ਦੇ ਵਪਾਰ ਬਾਰੇ ਸੋਚ ਨਹੀਂ ਸਕਦਾ ਖ਼ਾਸ ਤੌਰ 'ਤੇ ਨਿਰਯਾਤ ਲਈ।

ਇਸ ਲਈ ਸਰਕਾਰ ਵੱਲੋਂ ਨਿਯੁਕਤ ਖੇਤੀ ਤੇ ਤਕਨੀਕੀ ਮਾਹਿਰਾਂ ਨੂੰ ਕਿਸਾਨਾਂ ਦੀ ਅਗਵਾਈ ਕਰਨੀ ਚਾਹੀਦੀ ਹੈ ਅਤੇ ਯਕੀਨਨ ਇਸ ਦੇ ਚੰਗੇ ਸਿੱਟੇ ਨਿਕਲਣਗੇ ਜਿਨ੍ਹਾਂ ਨਾਲ ਖੇਤੀ ਆਮਦਨ ਵਿੱਚ ਵਾਧਾ ਹੋਵੇਗਾ। ਟਿਊਬਵੈੱਲ, ਟਰੈਕਟਰ ਅਤੇ ਹੋਰ ਮਸ਼ੀਨਰੀ ਦੀ ਟੁੱਟ-ਭੱਜ ਅਤੇ ਰਿਪੇਅਰ 'ਤੇ ਇੱਕ ਤਾਂ ਕਾਫ਼ੀ ਪੈਸੇ ਲੱਗ ਜਾਂਦੇ ਹਨ, ਇਸ ਲਈ ਉਨ੍ਹਾਂ ਨੂੰ ਵਰਕਸ਼ਾਪ 'ਤੇ ਖੜ੍ਹਨ ਲਈ ਕਾਫ਼ੀ ਸਮਾਂ ਲੱਗ ਜਾਂਦਾ ਹੈ। ਸੰਨ 1980 ਦੇ ਕਰੀਬ ਸਰਕਾਰ ਵੱਲੋਂ ਮਾਡਲ ਗ੍ਰਾਮ ਬਣਾਏ ਜਾਣੇ ਸਨ। ਇਹ ਕੰਮ ਰਿਆਇਤੀ ਲਾਗਤ 'ਤੇ ਹੋ ਸਕਦੇ ਹਨ। ਪਿੰਡਾਂ ਦੀਆਂ ਖੇਤੀ ਸਹਿਕਾਰੀ ਸਭਾਵਾਂ ਵੱਲੋਂ ਸਿਰਫ਼ ਖਾਦਾਂ ਹੀ ਨਹੀਂ ਮਸ਼ੀਨਾਂ, ਟਰੈਕਟਰਾਂ ਆਦਿ ਨੂੰ ਕਿਰਾਏ 'ਤੇ ਦੇਣ ਦੀ ਵਿਵਸਥਾ ਵੀ ਕਰਨੀ ਚਾਹੀਦੀ ਹੈ ਤੇ ਕਿਸਾਨਾਂ ਦੀ ਮੈਂਬਰਸ਼ਿਪ ਵਧਾਉਣੀ ਚਾਹੀਦੀ ਹੈ।


DIAMOND TRANSPORTATION

DIAMOND
Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs



Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205

# ਸਮਝੋ ਰਿਸ਼ਤਿਆਂ ਦੀ ਅਹਿਮੀਅਤ ਨੂੰ



ਸਿਮਰਜੀਤ ਕੌਰ ਸਿੰਮੀ
94176-71091

ਲੰਘੇ ਸਮੇਂ ’ਤੇ ਅਗਰ ਪੰਛੀ ਝਾਤ ਮਾਰੀ ਜਾਵੇ ਤਾਂ ਸੋਚ-ਸੋਚ ਕੇ ਬੇਹੱਦ ਹੈਰਾਨੀ ਹੁੰਦੀ ਹੈ ਕਿ ਦੁਨੀਆਂ ਕਿੰਨੀ ਬਦਲ ਗਈ ਹੈ। ਹੁਣ ਮੋਹ-ਮੁਹੱਬਤ ਤੇ ਅਪਣੱਤ ਰਿਸ਼ਤਿਆਂ ਵਿੱਚੋਂ ਬਿਲਕੁਲ ਮਨਫੀ ਹੁੰਦੀ ਜਾ ਰਹੀ ਹੈ। ਵੱਡੇ ਤਾਂ ਕੀ, ਬੱਚਿਆਂ ਦੇ ਜੀਵਨ ਜਿਊਣ ਦੇ ਢੰਗ ’ਚ ਬੇਇੰਤਹਾ ਫ਼ਰਕ ਪੈ ਗਿਆ ਹੈ। ਅੱਜ-ਕੱਲ੍ਹ ਦੇ ਬੱਚਿਆਂ ਨੂੰ ਨਾ ਤਾਂ ਮਾਪਿਆਂ ਦਾ ਕੋਈ ਡਰ-ਭੈਅ ਰਿਹਾ ਹੈ ਤੇ ਨਾ ਹੀ ਅਧਿਆਪਕਾਂ ਦਾ। ਉਨ੍ਹਾਂ ਦੇ ਮਨਾਂ ਅੰਦਰ ਆਪਣੇ ਵੱਡਿਆਂ ਪ੍ਰਤੀ ਸਤਿਕਾਰ ਘਟ ਗਿਆ ਹੈ। ਉਨ੍ਹਾਂ ਨੂੰ ਵੱਡਿਆਂ ਦਾ ਕੋਈ ਲਿਹਾਜ਼ ਹੀ ਨਹੀਂ ਰਿਹਾ। ਛੋਟੀ ਉਮਰੇ ਹੀ ਇੱਕ ਨਿੱਕੀ ਜਿਹੀ ਡਿਵਾਈਸ ਮੋਬਾਈਲ ਫੋਨ ’ਚ ਪੂਰਾ ਦਿਨ ਐਨੇ ਗੁਸੇ ਰਹਿੰਦੇ ਹਨ ਕਿ ਉਨ੍ਹਾਂ ਨੂੰ ਹੋਰ ਕਿਸੇ ਨਾਲ ਕੋਈ ਮਤਲਬ ਨਹੀਂ। ਉਨ੍ਹਾਂ ਦੀ ਦੁਨੀਆ ਤਾਂ ਇਹ ਮੋਬਾਈਲ ਫੋਨ ਹੀ ਹੈ। ਇਸ ਤੋਂ ਉਹ ਚੰਗੀਆਂ ਗੱਲਾਂ ਘੱਟ ਤੇ ਮਾੜੀਆਂ ਵੱਧ ਸਿੱਖ ਰਹੇ ਹਨ। ਆਪਣੇ ਪਰਿਵਾਰ ’ਚ ਰਹਿ ਕੇ ਵੀ ਉਹ ਉਸ ਨਾਲੋਂ ਕੋਹਾਂ ਦੂਰ ਹੁੰਦੇ ਜਾ ਰਹੇ ਹਨ। ਉਨ੍ਹਾਂ ਨੂੰ ਸਿਰਫ਼ ਆਪਣੀ ਸਮਝ-ਸਿਆਣਪ ਹੀ ਵੱਡੀ ਲੱਗਦੀ ਹੈ। ਆਪਣੇ ਬਜ਼ੁਰਗਾਂ ਨੂੰ ਉਹ ਬਿਲਕੁਲ ਨਾਸਮਝ ਸਮਝਦੇ ਹਨ। ਬੱਚਿਆਂ ਅੰਦਰੋਂ ਨੈਤਿਕ ਕਦਰਾਂ-ਕੀਮਤਾਂ ਖ਼ਤਮ ਹੋ ਜਾਣ ਕਰਕੇ ਉਨ੍ਹਾਂ ਨੂੰ ਵੱਡੇ-ਛੋਟੇ ਨਾਲ ਕੋਈ ਸਰੋਕਾਰ ਹੀ ਨਹੀਂ ਰਿਹਾ। ਉਹ ਆਪ-ਹੁਦਰੀਆਂ ਹੀ ਕਰਦੇ ਫਿਰਦੇ ਹਨ।

ਉਨ੍ਹਾਂ ਨੇ ਆਪਣੇ ਖਾਣ-ਪੀਣ ਤੇ ਪਹਿਨਣ ਦੇ ਢੰਗ ਨੂੰ ਬਿਲਕੁਲ ਬਦਲ ਲਿਆ ਹੈ। ਆਪਣੀ ਅਮੀਰ ਤਹਿਜ਼ੀਬ ਅਤੇ ਰਵਾਇਤੀ ਪਹਿਰਾਵੇ ਨੂੰ ਤੱਜ ਕੇ ਉਹ ਤੇਜ਼ੀ ਨਾਲ ਪੱਛਮ ਦਾ ਪ੍ਰਭਾਵ ਕਬੂਲ ਰਹੇ ਹਨ। ਆਧੁਨਿਕਤਾ ਨੂੰ ਅਪਣਾਉਣਾ ਬਹੁਤ ਚੰਗੀ ਗੱਲ ਹੈ ਪਰ ਬੇਢੰਗੇ ਕੱਪੜੇ ਪਾ ਕੇ ਸਰੀਰ ਦੀ ਨੁਮਾਇਸ਼ ਕਰਨਾ ਸਰਾਸਰ ਗ਼ਲਤ ਹੈ। ਉਹ ਸੈਲੀਬ੍ਰਿਟੀਜ਼ ਨੂੰ ਆਪਣਾ ਰੋਲ-ਮਾਡਲ ਮੰਨ ਕੇ ਉਨ੍ਹਾਂ ਦੀ ਨਕਲ ਕਰਦੇ ਹਨ ਪਰ ਇਹ ਨਹੀਂ ਸਮਝਦੇ ਕਿ ਆਮ ਜ਼ਿੰਦਗੀ ਨਾਲੋਂ ਉਨ੍ਹਾਂ ਦੀ ਜ਼ਿੰਦਗੀ ਜਿਊਣ ਵਿਚਾਲੇ ਜ਼ਮੀਨ-ਅਸਮਾਨ ਦਾ ਫ਼ਰਕ ਹੁੰਦਾ ਹੈ।

ਜਦੋਂ ਘਰ ਦੇ ਬਜ਼ੁਰਗ ਉਨ੍ਹਾਂ ਨੂੰ ਬੇਢੰਗੇ ਕੱਪੜੇ ਪਹਿਨਣ ਅਤੇ ਜੰਕ ਫੂਡ ਖਾਣ ਤੋਂ ਵਰਜਦੇ ਹਨ ਤਾਂ ਉਹ ਗੱਲ ਨੂੰ ਮੰਨਣ ਦੀ ਬਜਾਏ ਉਨ੍ਹਾਂ ਨੂੰ ਚਾਰ ਗੱਲਾਂ ਸੁਣਾ ਕੇ ਚੁੱਪ ਕਰਾ ਦਿੰਦੇ ਹਨ। ਇਹ ਵਰਤਾਰਾ ਉੱਕਾ ਹੀ ਸਹੀ ਨਹੀਂ ਹੈ। ਇਸ ਤਰ੍ਹਾਂ ਘਰਾਂ ਦੇ ਬਜ਼ੁਰਗਾਂ ਦਾ ਕਹਿਣਾ ਨਾ ਮੰਨਣਾ ਕਈ ਵਾਰ ਬੱਚਿਆਂ ਲਈ ਮੁਸੀਬਤ ਬਣ ਜਾਂਦਾ ਅਤੇ ਉਸ ਦੀ ਵੱਡੀ ਕੀਮਤ ਚੁਕਾਉਣੀ ਪੈ ਜਾਂਦੀ ਹੈ ਜਿਸ ਦਾ ਪਛਤਾਵੇ ਤੋਂ ਬਿਨਾਂ ਕੋਈ ਚਾਰਾ ਨਹੀਂ ਰਹਿ ਜਾਂਦਾ।



ਹੁਣ ਜਾਨਵਰਾਂ ਭਾਵ ਕੁੱਤੇ-ਬਿੱਲਿਆਂ ਦੀ ਜਾਨ ਦੀ ਤਾਂ ਕੋਈ ਕੀਮਤ ਹੈ ਪਰ ਮਨੁੱਖ ਦਾ ਮਨੁੱਖ ਦਰਦੀ ਨਾ ਰਹਿਣ ਕਾਰਨ ਉਸ ਦੀ ਜਾਨ ਦੀ ਕੀਮਤ ਘਟ ਗਈ ਹੈ। ਹਰ ਰੋਜ਼ ਅੰਨ੍ਹੇਵਾਹ ਐਕਸੀਡੈਂਟ ਹੋ ਰਹੇ ਹਨ। ਉਨ੍ਹਾਂ ’ਚ ਵੀ 75% ਕਾਰਨ ਮੋਬਾਈਲ ਫੋਨ ਦੀ ਵਰਤੋਂ ਹੀ ਹੁੰਦਾ ਹੈ। ਜਦੋਂ ਕੋਈ ਡਰਾਈਵਿੰਗ ਕਰਦੇ ਸਮੇਂ ਫੋਨ ਦੀ ਵਰਤੋਂ ਕਰਦਾ ਹੈ ਤਾਂ ਮੱਲੋ-ਮੱਲੀ ਧਿਆਨ ਡਰਾਈਵਿੰਗ ਤੋਂ ਹਟ ਜਾਂਦਾ ਹੈ ਤੇ ਅਣਚਾਹਿਆ ਹਾਦਸਾ ਵਾਪਰ ਜਾਂਦਾ ਹੈ।

ਫਿਰ ਉਹੀ ਗੱਲ ਕਿ ਪੱਲੇ ਪਛਤਾਵਾ ਹੀ ਰਹਿ ਜਾਂਦਾ ਹੈ। ਹਰ ਕੋਈ ਇਸ ਮੋਬਾਈਲ ਫੋਨ ਨੂੰ ਆਪਣੇ ਭੈਣ-ਭਰਾ, ਮਾਂ-ਬਾਪ, ਦੋਸਤ-ਮਿੱਤਰ ਤੇ ਰਿਸ਼ਤੇਦਾਰ ਸਮਝਣ ਲੱਗ ਪਿਆ ਹੈ। ਕਿਸੇ ਨਾਲ ਕਿਸੇ ਨੂੰ ਕੋਈ ਬਹੁਤਾ ਹੇਜ ਨਹੀਂ ਰਹਿ ਗਿਆ ਹੈ। ਕੋਈ ਰੁੱਸਦਾ ਹੈ ਤਾਂ ਰੁੱਸੀ ਜਾਵੇ। ਲੋਕ ਵਾਈਫਾਈ ਵਰਗੇ ਹੋ ਗਏ ਹਨ ਅਰਥਾਤ ਜਦੋਂ ਕੋਈ ਕਿਸੇ ਨਾਲੋਂ ਜ਼ਰਾ ਜਿੰਨਾ ਵੀ ਦੂਰ ਹੁੰਦਾ ਹੈ ਤਾਂ ਝੱਟ ਹੀ ਦੂਸਰੇ ਪਾਸੇ ਕੁਨੈਕਟ ਹੋ ਜਾਂਦਾ ਹੈ ਕਿਉਂਕਿ ਦਿਲੀ ਮੋਹ ਦੀ ਬਿਲਕੁਲ ਘਾਟ ਹੈ।

ਰਿਸ਼ਤਾ ਤਾਂ ਦਿਮਾਗ ਤੋਂ ਨਿਭਾਇਆ ਜਾ ਰਿਹਾ ਹੁੰਦਾ ਤੇ ਦਿਮਾਗ ਤੋਂ ਨਿਭਾਏ ਜਾਣ ਵਾਲੇ ਰਿਸ਼ਤਿਆਂ ਦੀ ਉਮਰ ਥੋੜ੍ਹ-ਚਿਰੀ ਹੁੰਦੀ ਹੈ। ਇਨ੍ਹਾਂ ਮੋਬਾਈਲ ਫੋਨਾਂ ਰਾਹੀਂ ਬਣੇ ਰਿਸ਼ਤਿਆਂ ਦਾ ਅੰਤ ਵੀ ਭਿਆਨਕ ਹੀ ਹੁੰਦਾ ਹੈ। ਪਿੱਛੇ ਜਿਹੇ ਮੋਹਾਲੀ ਵਿੱਚ ਦਿਲ ਦਹਿਲਾਉਣ ਵਾਲੀ ਘਟਨਾ ਵਾਪਰੀ।

ਇੱਕ ਸੁਖਚੈਨ ਨਾਂ ਦੇ ਮੁੰਡੇ ਨੇ ਕੁੜੀ ਦੀ ਉਸ ਨਾਲ ਵਿਆਹ ਦੀ ਰਜ਼ਾਮੰਦੀ ਨਾ ਹੋਣ ਕਰਕੇ ਉਸ ਦਾ ਦਿਨ-ਦਿਹਾੜੇ ਸੜਕ ’ਤੇ ਸਾਰਿਆਂ ਦੇ ਸਾਹਮਣੇ ਕਤਲ ਕਰ ਦਿੱਤਾ। ਕੀ ਕਿਸੇ ਨੂੰ ਇਨਕਾਰ ਕਰਨ ਦਾ ਕੋਈ ਹੱਕ ਨਹੀਂ ਰਿਹਾ? ਇਹ ਕਿਹੋ ਜਿਹਾ ਪਿਆਰ ਹੈ? ਅਜਿਹੇ ਪਾਗਲਪਣ ’ਚ ਬਣਾਏ ਰਿਸ਼ਤੇ ਦੂਸਰਿਆਂ ਨੂੰ ਕੀ ਸੇਧ ਦਿੰਦੇ ਹਨ? ਉਸ ਦੇ ਮਾਪਿਆਂ ਨੇ ਭਾਵੇਂ ਨਾਮ ਤਾਂ ਉਸ ਦਾ ਸੁਖਚੈਨ ਰੱਖਿਆ ਸੀ ਪਰ ਉਸ ਦੇ ਇਸ ਤਰ੍ਹਾਂ ਦੇ ਅਣਮਨੁੱਖੀ ਕਾਰੇ ਨੇ ਪਤਾ ਨਹੀਂ ਕਿੰਨਿਆਂ ਦਾ ਸੁੱਖ-ਚੈਨ ਖੋਹ ਲਿਆ ਹੈ। ਕੀ ਇਸ ਤਰ੍ਹਾਂ ਪਿਆਰ ਜਤਾਉਣ ਦਾ ਤਰੀਕਾ ਸਹੀ ਹੈ?

ਪਿਆਰ ਦੇ ਮਾਅਨੇ ਹੀ ਬਦਲ ਗਏ ਜਾਪਦੇ ਹਨ। ਪਿਆਰ ਕਰਨ ਵਾਲੇ ਤਾਂ ਟਾਹਣੀ ਨਾਲੋਂ ਫੁੱਲ ਨੂੰ ਵੀ ਤੋੜਨਾ ਪਸੰਦ ਨਹੀਂ ਕਰਦੇ। ਸਗੋਂ ਨਿੱਤ ਉਸ ਦੀ ਦੇਖਭਾਲ ਕਰਦੇ ਹਨ। ਉਸ ਨੂੰ ਟਾਹਣੀ ਨਾਲ ਲੱਗੇ ਨੂੰ ਹੀ ਵਧਦਾ-ਫੁੱਲਦਾ ਵੇਖ ਕੇ ਧੁਰ ਅੰਦਰ ਤੱਕ ਖ਼ੁਸ਼ ਹੁੰਦੇ ਹਨ। ਅੱਜ-ਕੱਲ੍ਹ ਬੱਚਿਆਂ ’ਚ ਆਤਮਹੱਤਿਆ ਕਰਨ ਦਾ ਰੁਝਾਨ ਵੀ ਬਹੁਤ ਵਧ ਗਿਆ ਹੈ। ਹਾਰ ਜਾਂ ਫੇਲ੍ਹ ਹੋ ਜਾਣਾ ਉਨ੍ਹਾਂ ਨੂੰ ਬਰਦਾਸ਼ਤ ਹੀ ਨਹੀਂ ਹੁੰਦਾ। ਰਾਤੋ-ਰਾਤ ਸਟਾਰ ਬਣਨ ਦੇ ਸੁਪਨੇ ਵੇਖ ਕੇ ਜ਼ਿਆਦਾ ਸਮਾਂ ਮੋਬਾਈਲ ’ਚ ਉਲਝੇ ਰਹਿੰਦੇ ਹਨ। ਜਦੋਂ ਮਨਚਾਹਿਆ ਮੁਕਾਮ ਹਾਸਲ ਨਹੀਂ ਕਰ ਪਾਉਂਦੇ ਤਾਂ ਆਤਮਹੱਤਿਆ ਦਾ ਰਸਤਾ ਅਪਣਾ ਲੈਂਦੇ ਹਨ ਜਿਸ ਦਾ ਦੁੱਖ ਪਰਿਵਾਰ ਦੇ ਜੀਅ ਆਪਣੇ ਆਖ਼ਰੀ ਸਾਹ ਤੱਕ ਭੁਗਤਦੇ ਰਹਿੰਦੇ ਹਨ ਰੁੱਸੇ ਨੂੰ ਮਨਾਉਣ ਦਾ ਰਿਵਾਜ ਬਿਲਕੁਲ ਖ਼ਤਮ ਹੋ ਗਿਆ ਹੈ। ਕਿਸੇ ਦੀ ਗੱਲ ਪਸੰਦ ਨਾ ਆਉਣ ’ਤੇ ਮਨ-ਮੁਟਾਅ ਹੋ ਜਾਣ ’ਤੇ ਕੋਈ ਨਹੀਂ ਮਨਾਉਂਦਾ ਸਗੋਂ ਕਹਿੰਦੇ ਹਨ ‘ਨਹੀਂ ਤਾਂ ਨਾ ਸਹੀ, ਦਫ਼ਾ ਹੋਵੇ।’ ਫਿਰ ਮੋਬਾਈਲ ’ਤੇ ਬਲਾਕ ਕਰਨ ਦਾ ਰੁਝਾਨ ਸ਼ੁਰੂ ਹੋ ਜਾਂਦਾ ਜਾਂ ਨਫ਼ਰਤ ਭਰੇ ਸਟੇਟਸ ਪਾਏ ਜਾਂਦੇ ਹਨ। ਕੋਈ ਕਿਸੇ ਨਾਲ ਮਿਲ-ਵਰਤ ਕੇ ਖ਼ੁਸ਼ ਨਹੀਂ। ਇਸ ਰੁਝਾਨ ਨੂੰ ਬਦਲਣਾ ਬਹੁਤ ਜ਼ਰੂਰੀ ਹੈ, ਨਹੀਂ ਤਾਂ ਇਹ ਸੱਚ ਸਾਬਿਤ ਹੋ ਗਿਆ ਕਿ ‘ਨਾਨਕ ਦੁਨੀਆਂ ਕੈਸੀ ਹੋਈ॥ ਸਾਲਕੁ ਮਿਤੁ ਨ ਰਹਿਓ ਕੋਈ।’

ਪਤਾ ਨਹੀਂ ਕਿਹੋ ਜਿਹੀ ਪੜ੍ਹਾਈ ਕਰ ਰਹੇ ਹਨ? ਕੀ ਸਿੱਖ ਰਹੇ ਹਨ? ਕਿੱਧਰ ਨੂੰ ਤੁਰੇ ਜਾ ਰਹੇ ਹਨ? ਮੋਬਾਇਲ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ। ਇਸ ਨੂੰ ਵਰਤੋ, ਨਾ ਕਿ ਇਹ ਤੁਹਾਨੂੰ ਵਰਤੇ। ਚੰਗੇ ਇਨਸਾਨ ਬਣਨ ਲਈ ਨੈਤਿਕ ਕਦਰਾਂ-ਕੀਮਤਾਂ ਨੂੰ ਅਪਣਾਉਣਾ ਬਹੁਤ ਜ਼ਰੂਰੀ ਹੈ। ਮੈਨੂੰ ਸਤਿੰਦਰ ਸਰਤਾਜ ਦੀਆਂ ਕਹੀਆਂ ਇਹ ਸਤਰਾਂ ਵਾਰ-ਵਾਰ ਯਾਦ ਆਉਂਦੀਆਂ ਹਨ : ਕੋਈ ਵੇਖੇ ਥੋਡੇ ਵੱਲ ਜਦੋਂ, ਉਹਦਾ ਗੱਲ ਕਰਨ ਨੂੰ ਜੀਅ ਕਰਜੇ।’

ਇਸੇ ਕਰਕੇ ਤਾਂ ਚਿਹਰੇ ’ਤੇ ਹਲਕੀ ਮੁਸਕਾਨ ਜ਼ਰੂਰੀ ਹੈ। ਨਿੱਘ, ਜੋਸ਼, ਲਿਆਕਤ, ਦਰਦ, ਅਪਣੱਤ, ਹਲੀਮੀ, ਸੱਚਾਈ ਚੰਗੀ ਸ਼ਖ਼ਸੀਅਤ ਲਈ ਬੇਹੱਦ ਜ਼ਰੂਰੀ ਹਨ। ਬਦਲਾ ਤਾਂ ਸਾਰੇ ਲੈਂਦੇ ਨੇ ਪਰ ਮਾਫ਼ ਕਰਨ ਦਾ ਜੇਰਾ ਬਹੁਤ ਘੱਟ ਲੋਕ ਕਰ ਪਾਉਂਦੇ ਹਨ। ਇਸ ਲਈ ਥੋੜ੍ਹੀਆਂ-ਬਹੁਤੀਆਂ ਕਿਸੇ ਦੀਆਂ ਕਹੀਆਂ-ਸੁਣੀਆਂ ਗੱਲਾਂ ਨੂੰ ਅਣਡਿੱਠਾ ਕਰ ਕੇ ਰਿਸ਼ਤਿਆਂ ਦੀ ਅਹਿਮੀਅਤ ਨੂੰ ਸਮਝਦੇ ਹੋਏ ਇੱਕ-ਦੂਜੇ ਦੇ ਕੋਲ ਆਉਣਾ ਚਾਹੀਦਾ ਹੈ, ਨਾ ਕਿ ਦੂਰ ਜਾਣ ਦੇ ਬਹਾਨੇ ਲੱਭਣੇ ਚਾਹੀਦੇ ਹਨ।

# ਮੇਲਿਆਂ ਦਾ ਹਰ ਸਾਲ ਬਦਲ

ਪ੍ਰਿੰਸੀਪਲ ਰੰਧਾਵਾ ਸਿੰਘ

ਮੇਲੇ ਦਾ ਮਤਲਬ ਹੈ ਮੇਲ-ਮਿਲਾਪ ਮਤਲਬ ਦੋਸਤਾਂ, ਮਿੱਤਰਾਂ ਤੇ ਰਿਸ਼ਤੇਦਾਰਾਂ ਦਾ ਮੇਲ-ਮਿਲਾਪ। ਪੁਰਾਣੇ ਵੇਲੇ ਮੇਲੇ ਦਾ ਚਾਅ ਵਿਆਹ ਤੋਂ ਵੀ ਵਧ ਹੁੰਦਾ ਸੀ, ਲੋਕ ਮਹੀਨੇ ਪਹਿਲਾਂ ਹੀ ਮੇਲੇ ਦੀ ਤਿਆਰੀ ਸ਼ੁਰੂ ਕਰ ਦਿੰਦੇ ਸੀ। ਜਿਸ ਪਿੰਡ ਵੀ ਮੇਲਾ ਲੱਗਣਾ ਹੁੰਦਾ ਪਿੰਡ ਦੇ ਨਾਲ ਨਾਲ ਉੱਥੇ ਘਰਾਂ ਦੀ ਸਾਫ਼ ਸਫ਼ਾਈ ਅਗਾਉਂ ਹੀ ਸ਼ੁਰੂ ਹੋ ਜਾਂਦੀ ਸੀ। ਬੱਚੇ, ਬੁੱਢੇ ਅਤੇ ਜਵਾਨ ਸਾਰੇ ਇਸ ਦਿਨ ਦੀ ਬੇਸਬਰੀ ਨਾਲ ਉਡੀਕ ਕਰਦੇ ਰਹਿੰਦੇ ਸਨ।

ਮੇਲੇ ਵਿੱਚ ਪਕੌੜੇ, ਜਲੇਬੀਆਂ ਤੇ ਹੋਰ ਮਿਠਾਈ ਚਾਅ ਨਾਲ ਖ਼ਰੀਦ ਕੇ ਖਾਧੀ ਜਾਂਦੀ ਸੀ। ਗਾਹਕਾਂ ਦੀ ਮੰਗ ਦੇ ਨਾਲ-ਨਾਲ ਦੁਕਾਨਦਾਰਾਂ ਨੂੰ ਵੀ ਚੋਖੀ ਕਮਾਈ ਹੋ ਜਾਂਦੀ ਸੀ। ਮੇਲੇ ਵਿੱਚ ਵੱਖ-ਵੱਖ ਪ੍ਰਕਾਰ ਦੇ ਮਨੋਰੰਜਨ ਸਾਧਨ ਜਿਵੇਂ ਝੂਲੇ, ਚੰਡੋਲ, ਸਰਕਸ, ਢਾਡੀ ਵਾਰਾਂ, ਧਾਰਮਿਕ ਨੇਤਾਵਾਂ ਦੇ ਜੋਸ਼ ਭਰੇ ਭਾਸ਼ਣ ਆਦਿ ਮਨ ਦੀ ਤ੍ਰਿਪਤੀ ਦਾ ਸਾਧਨ ਬਣਦੇ ਸਨ। ਵੱਖ- ਵੱਖ ਪ੍ਰਕਾਰ ਦੀਆਂ ਖੇਡਾਂ ਜਿਵੇਂ ਕੁਸ਼ਤੀ, ਕੱਬਡੀ, ਰੱਸਾਕੱਸੀ ਦਾ ਵੀ ਆਯੋਜਨ ਕੀਤਾ ਜਾਂਦਾ ਸੀ ਜਿਸ ਵਿਚ ਪਿੰਡ ਦੇ ਨੌਜਵਾਨ ਵਧ ਚੜ੍ਹ ਕੇ ਹਿੱਸਾ ਲੈਂਦੇ ਸਨ। ਜਿੱਥੇ-ਜਿੱਥੇ ਮੇਲਾ ਆਦਮੀਆਂ ਲਈ ਮਨੋਰੰਜਨ ਦਾ ਸਾਧਨ ਬਣਦਾ ਸੀ ਉੱਥੇ ਔਰਤਾਂ ਵੀ ਹਾਰ ਸ਼ਿੰਗਾਰ ਲਗਾ ਕੇ ਮੇਲੇ ਦਾ ਆਨੰਦ ਮਾਣਦੀਆਂ ਸਨ।

ਇਸ ਤੋਂ ਇਲਾਵਾ ਇਹ ਸਾਧਨ ਬਹੁਤ ਸਾਰੇ ਲੋਕਾਂ ਦੇ ਰੁਜ਼ਗਾਰ ਦਾ ਵਸੀਲਾ ਵੀ ਬਣ ਜਾਂਦੇ ਸਨ। ਮੇਲੇ ਵਿੱਚ ਹੀ ਖੇਤੀਬਾੜੀ ਤੇ ਪਾਲਤੂ ਪਸ਼ੂਆਂ ਦੀ ਵੇਚ ਤੇ ਖ਼ਰੀਦ ਦਾ ਕੰਮ ਵੀ ਨਿੱਬੜ ਜਾਂਦਾ ਸੀ। ਸਾਰੇ ਲੋਕ ਰੱਜ ਕੇ ਮਨ-ਪਰਚਾਵਾ ਕਰਦੇ ਤੇ ਬਿਨ੍ਹਾਂ ਵੈਰ ਵਿਰੋਧ ਤੋਂ ਮੇਲੇ ਦਾ ਆਨੰਦ ਮਾਣਦੇ ਸਨ, ਇਸ ਦੇ ਉਲਟ ਅੱਜ-ਕੱਲ੍ਹ ਦੇ ਮੇਲੇ ਸਿਰਫ਼ ਦਿਖਾਵਾ ਤੇ ਲੜਾਈ ਦਾ ਅਖਾੜਾ ਹੀ ਜਾਪਦੇ ਨੇ। ਉਂਝ ਵੀ ਅੱਜ-ਕੱਲ੍ਹ ਕਿਸੇ ਕੋਲ ਐਨਾ ਵਕਤ ਹੀ ਨਹੀਂ ਕੇ ਉਹ ਇੱਕ ਰਾਤ ਮੇਲਾ ਵੇਖਣ ਲਈ ਆਪਣੇ ਰਿਸ਼ਤੇਦਾਰ ਦੇ ਘਰ ਕੱਟ ਲਵੇ ਤੇ ਨਾ ਹੀ ਰੱਖਣ ਵਾਲਿਆਂ ਕੋਲ ਪਰਹੁਣਿਆਂ ਨੂੰ ਸਾਂਭਣ ਦਾ ਟਾਈਮ ਹੁੰਦਾ ਹੈ। ਅੱਜ-ਕੱਲ੍ਹ ਤਾਂ ਮੇਲਿਆਂ ਵਿੱਚ ਲੋਕ ਆਪਣੀਆਂ ਧੀਆਂ-ਭੈਣਾਂ ਨੂੰ ਵੀ ਨਾਲ ਲਿਜਾਣ ਤੋਂ ਕੰਨੀ ਕਤਰਾਉਂਦੇ ਹਨ ਕਿਉਂਕਿ ਉੱਥੇ ਫਿਰਦੇ ਕਈ ਮਨਚਲੇ ਔਰਤਾਂ ਨਾਲ ਛੇੜਛਾੜ ਕਰਨ ਤੋਂ ਬਾਜ ਨਹੀਂ ਆਉਂਦੇ। ਮੇਲਿਆਂ ਵਿੱਚ ਖੁੱਲ੍ਹ ਕੇ ਸ਼ਰਾਬ ਦੀ ਵਰਤੋਂ ਕੀਤੀ ਜਾਂਦੀ ਹੈ ਜਿਸ ਨਾਲ ਲੜਾਈ ਹੋਣ ਦੇ ਆਸਾਰ ਬਣਦੇ ਹਨ ਅਤੇ ਅਸੁਰੱਖਿਆ ਦਾ ਮਾਹੌਲ ਪੈਦਾ ਹੁੰਦਾ ਹੈ। ਅੱਜ-ਕੱਲ੍ਹ ਤਾਂ ਲੋਕ ਮੇਲੇ ਵਿੱਚ ਚੰਡੋਲ ’ਤੇ ਝੂਟੇ ਲੈਣ ਦੀ ਬਜਾਏ ਉੱਥੇ ਚਲਦੇ ਡੀਜੇ ’ਤੇ ਨੱਚਦੇ ਡਾਂਸ ਵੇਖਣ ਨੂੰ ਜ਼ਿਆਦਾ ਤਰਜੀਹ ਦਿੰਦੇ ਹਨ। ਮੇਲੇ ਵਿੱਚ ਖੇਡੀਆਂ ਜਾਣ ਵਾਲੀਆਂ ਪਾਰੰਪਰਿਕ ਖੇਡਾਂ ਲੱਗਭਗ ਗਾਇਬ ਹੀ ਹੋ ਗਈਆਂ ਹਨ। ਖਾਣ ਵਾਲੇ ਪਕਵਾਨਾਂ ਵਿੱਚ ਵੀ ਸਫ਼ਾਈ ਤੇ ਸ਼ੁੱਧਤਾ ਨਾ ਮਿਲਣ ਕਾਰਨ ਕੋਈ ਵੀ ਮੇਲੇ ਦੀ ਮਿਠਾਈ ਖਾ ਕੇ ਆਪਣੀ ਸਿਹਤ ਨਾਲ ਖਿਲਵਾੜ ਕਰਨ ਲਈ ਰਾਜ਼ੀ ਨਹੀਂ ਹੁੰਦਾ। ਮੇਲਿਆਂ ਵਿੱਚ ਅੱਗ ਤੇ ਹਥਿਆਰਾਂ ਵਾਲੇ ਕਰਤੱਬ, ਮੋਟਰਸਾਇਕਲ, ਟਰੈਕਟਰ ਵਾਲੇ ਸਟੰਟ ਅਤੇ ਹੋਰ ਖ਼ਤਰਨਾਕ ਸਟੰਟ ਕਰਕੇ ਦਰਸ਼ਕਾਂ ਨੂੰ ਆਕਰਸ਼ਿਤ ਕਰਦੇ ਹਨ, ਜਿਸ ਨਾਲ ਜਾਨ-ਮਾਲ ਦਾ ਖ਼ਤਰਾ ਹੁੰਦਾ ਹੈ ਜਿਸ ਦੀ ਭਰਪਾਈ ਅਸੰਭਵ ਹੁੰਦੀ ਹੈ। ਮੇਲੇ ਦੇ ਇਸ ਬਦਲ ਰਹੇ ਸਰੂਪ ’ਤੇ ਨਜ਼ਰਸਾਨੀ ਕਰਕੇ ਇਸ ਨੂੰ ਦੁਬਾਰਾ ਪੁਰਾਤਨ ਰੂਪ ਦੇਣ ਲਈ ਸਾਰਿਆਂ ਨੂੰ ਮਿਲ ਕੇ ਕੋਈ ਉਪਰਾਲਾ ਕਰਨਾ ਬਣਦਾ ਹੈ, ਨਹੀਂ ਤਾਂ ਇਹ ਵਿਰਾਸਤੀ ਅਨੁਭਵ ਇਤਿਹਾਸਕ ਜਾਂ ਸਿਰਫ਼ ਫ਼ਿਲਮੀ ਪਰਦੇ ਤੱਕ ਸੀਮਤ ਹੋ ਕੇ ਰਹਿ ਜਾਵੇਗਾ।



# ਗੁਰਮਤਿ ਰਿਫਰੈਸ਼ਰ ਕੋਰਸ : ਲੋੜ ਅਤੇ ਮਹੱਤਵ



ਡਾ. ਪਰਮਵੀਰ ਸਿੰਘ
ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਰਿਫਰੈਸ਼ਰ ਕੋਰਸ ਇੱਕ ਅਜਿਹਾ ਸਿਖਲਾਈ ਕੋਰਸ ਹੈ ਜਿਹੜਾ ਕਿ ਸਮਾਜ ਵਿੱਚ ਆ ਰਹੇ ਬਦਲਾਉ ਪ੍ਰਤੀ ਸੰਵੇਦਨਾ ਪੈਦਾ ਕਰਕੇ ਮਨੁੱਖ ਨੂੰ ਆਧੁਨਿਕ ਜੀਵਨਜਾਚ ਦਾ ਧਾਰਨੀ ਬਣਾਉਂਦਾ ਹੈ। ਸਮਾਜ ਦੀ ਕੋਈ ਵੀ ਸੰਸਥਾ ਅਜਿਹੀ ਨਹੀਂ ਹੈ ਜਿਹੜੀ ਕਿ ਲੰਮਾ ਸਮਾਂ ਇਕੋ ਤਕਨੀਕ ਨਾਲ ਕਾਰਜ ਕਰ ਸਕਦੀ ਹੋਵੇ। ਉਸ ਨੂੰ ਅੱਗੇ ਵੱਧਣ ਲਈ ਸਮਾਜ ਵਿੱਚ ਪੈਦਾ ਹੋ ਰਹੇ ਨਵੇਂ ਰੁਝਾਨ ਅਤੇ ਤਕਨੀਕਾਂ ਦਾ ਸਹਾਰਾ ਲੈਣਾ ਪੈਂਦਾ ਹੈ। ਸੰਸਥਾਵਾਂ ਵਿੱਚ ਕਾਰਜ ਕਰ ਰਹੇ ਕਰਮਚਾਰੀਆਂ ਨੂੰ ਆਧੁਨਿਕ ਤਕਨੀਕਾਂ ਅਤੇ ਸਮੱਸਿਆਵਾਂ ਨਾਲ ਨਜਿੱਠਣ ਲਈ ਨਿਰੰਤਰ ਸਿਖਲਾਈ ਦੀ ਲੋੜ ਪੈਂਦੀ ਹੈ ਜਿਸ ਦੀ ਪੂਰਤੀ ਰਿਫਰੈਸ਼ਰ ਕੋਰਸਾਂ ਰਾਹੀਂ ਕੀਤੀ ਜਾਂਦੀ ਹੈ। ਇਸ ਦ੍ਰਿਸ਼ਟੀ ਤੋਂ ਰਿਫਰੈਸ਼ਰ ਕੋਰਸ ਨੌਕਰੀ ਜਾਂ ਸੇਵਾ ਕਰਨ ਵਾਲੇ ਹਰ ਇੱਕ ਮਨੁੱਖ ਨੂੰ ਸਮੇਂ ਦਾ ਹਾਣੀ ਬਣਾਉਣ, ਆਧੁਨਿਕ ਤਕਨੀਕਾਂ ਰਾਹੀਂ ਕੰਮ ਵਿੱਚ ਨਿਖਾਰ ਅਤੇ ਸੁਧਾਰ ਲਿਆਉਣ ਵਿੱਚ ਸਹਾਇਤਾ ਪ੍ਰਦਾਨ ਕਰਦਾ ਹੈ। ਸਮਾਜ ਦੀਆਂ ਸੰਸਥਾਵਾਂ ਵਿੱਚ ਧਰਮ ਇੱਕ ਮਹੱਤਵਪੂਰਨ ਵਿਸ਼ਾ ਹੈ ਜਿਹੜਾ ਕਿ ਸਮਾਜ ਵਿੱਚ ਰਹਿਣ ਵਾਲੇ ਹਰ ਇੱਕ ਮਨੁੱਖ ਦੇ ਮਨ ਵਿੱਚ ਸੰਵੇਦਨਸ਼ੀਲਤਾ ਪੈਦਾ ਕਰਦਾ ਹੈ। ਇਸ ਦੀ ਸਹੀ ਸਮਝ ਹੀ ਸਮਾਜ ਨੂੰ ਇੱਕ ਸੂਤਰ ਵਿੱਚ ਪਰੋ ਕੇ ਰੱਖਣ ਦਾ ਕਾਰਜ ਕਰਦੀ ਹੈ। ਇਸ ਲਈ ਧਰਮ ਅਸਥਾਨਾਂ ’ਤੇ ਦਰਸ਼ਨ ਕਰਨ ਲਈ ਆਉਣ ਵਾਲਿਆਂ ਅਤੇ ਇਹਨਾਂ ਅਸਥਾਨਾਂ ਦੇ ਸੇਵਾਦਾਰਾਂ ਨੂੰ ਧਰਮ ਅਸਥਾਨਾਂ ਦੇ ਨਿਯਮਾਂ ਅਤੇ ਮਰਯਾਦਾ ਪ੍ਰਤੀ ਹਮੇਸ਼ਾ ਜਾਗਰੂਕ ਰਹਿਣ ਦੀ ਲੋੜ ਪੈਂਦੀ ਹੈ। ਸੇਵਾਦਾਰਾਂ ਅਤੇ ਸ਼ਰਧਾਲੂਆਂ ਦੇ ਮਨ ਵਿੱਚ ਧਰਮ ਦੀਆਂ ਕਦਰਾਂ-ਕੀਮਤਾਂ ਪੈਦਾ ਹੋਣ ਤਾਂ ਸਮੱਸਿਆ ਪੈਦਾ ਹੋਣ ਦੀ ਸੰਭਾਵਨਾ ਘੱਟ ਜਾਂਦੀ ਹੈ ਪਰ ਜਦੋਂ ਕਿਸੇ ਇੱਕ ਧਿਰ ਵੱਲੋਂ ਕਿਸੇ ਤਰ੍ਹਾਂ ਦੀ ਖਟਾਸ ਪੈਦਾ ਕਰਨ ਦਾ ਯਤਨ ਕੀਤਾ ਜਾਵੇ ਤਾਂ ਸਮੱਸਿਆਵਾਂ ਗੰਭੀਰ ਰੂਪ ਧਾਰਨ ਕਰ ਜਾਂਦੀਆਂ ਹਨ ਜਿਹੜੀਆਂ ਕਿ ਪੀੜੀ-ਦਰ-ਪੀੜੀ ਅੱਗੇ ਵੱਧਦੀਆਂ ਰਹਿੰਦੀਆਂ ਹਨ। ਇਹਨਾਂ ਸਮੱਸਿਆਵਾਂ ਨੂੰ ਘਟਾਉਣ ਲਈ ਧਰਮ ਅਤੇ ਧਰਮ ਅਸਥਾਨ ਦੀਆਂ ਕਦਰਾਂ-ਕੀਮਤਾਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਦੀ ਲੋੜ ਪੈਂਦੀ ਹੈ। ਹਰ ਇਕ ਧਾਰਮਿਕ ਸੰਸਥਾ ਅਜਿਹਾ ਪ੍ਰਬੰਧ ਕਰੇ ਤਾਂ ਧਰਮ ਦੇ ਅਧਾਰ ’ਤੇ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਨੂੰ ਕਾਫ਼ੀ ਹੱਦ ਤੱਕ ਘਟਾਇਆ ਜਾ ਸਕਦਾ ਹੈ।

ਧਰਮ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਸਿੱਖਾਂ ਵਿੱਚ ਗੁਰਮਤਿ ਕੈਂਪਾਂ ਦਾ ਆਯੋਜਨ ਕਰਨ ਦੀ ਪਰੰਪਰਾ ਦੇਖਣ ਨੂੰ ਮਿਲਦੀ ਹੈ ਜਿਹੜੇ ਕਿ ਆਮ ਤੌਰ ’ਤੇ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਲਗਾਏ ਜਾਂਦੇ ਹਨ। ਸਕੂਲੀ ਬੱਚਿਆਂ ਨੂੰ ਗੁਰਮਤਿ ਦੀ ਸਿੱਖਿਆ ਪ੍ਰਦਾਨ ਕਰਨ ਦੀ ਦ੍ਰਿਸ਼ਟੀ ਤੋਂ ਇਹਨਾਂ ਦਾ ਵਿਸ਼ੇਸ਼ ਯੋਗਦਾਨ ਦੇਖਿਆ ਜਾਂਦਾ ਹੈ। ਬੱਚਿਆਂ ਨੂੰ ਸੋਸ਼ਲ ਮੀਡੀਆ ਤੋਂ ਦੂਰ ਰੱਖਣ, ਆਪਸੀ ਸਾਂਝ ਪੈਦਾ ਕਰਨ, ਸੰਗਤ ਦੇ ਮਹੱਤਵ ਨੂੰ ਸਮਝਣ, ਧਰਮ ਦੀ ਕਿਰਤ ਕਰਨ, ਨਸ਼ਿਆਂ ਤੋਂ ਦੂਰ ਰਹਿ ਕੇ ਉਚੇਰੇ ਜੀਵਨ ਆਦਰਸ਼ਾਂ ਦੀ ਪ੍ਰਾਪਤੀ ਲਈ ਯਤਨਸ਼ੀਲ ਰਹਿਣ ਅਤੇ ਗੁਰਮਤਿ ਸਿਧਾਂਤਾਂ ਦੀ ਸੋਝੀ ਪੈਦਾ ਕਰਨ ਦੀ ਦ੍ਰਿਸ਼ਟੀ ਤੋਂ ਇਹਨਾਂ ਕੈਂਪਾਂ ਦਾ ਵਿਸ਼ੇਸ਼ ਯੋਗਦਾਨ ਹੈ। ਕਾਲਜਾਂ ਦੇ ਵਿਦਿਆਰਥੀਆਂ ਲਈ ਇਹ ਮੌਕੇ ਬਹੁਤ ਘੱਟ ਦੇਖਣ ਨੂੰ ਮਿਲਦੇ ਹਨ। ਭਾਵੇਂ ਕਿ ਕੁੱਝ ਇੱਕ ਸੰਸਥਾਵਾਂ ਆਪਣੇ ਪੱਧਰ ’ਤੇ ਯਤਨਸ਼ੀਲ ਹਨ ਪਰ ਹੋਰ ਵਧੇਰੇ ਯਤਨਾਂ ਦੀ ਲੋੜ ਹੈ।

ਗੁਰਮਤਿ ਕੈਂਪਾਂ ਦੇ ਨਾਲ-ਨਾਲ ਗੁਰਧਾਮਾਂ ਵਿਖੇ ਕਾਰਜ ਕਰਨ ਵਾਲੇ ਸੇਵਾਦਾਰਾਂ, ਕਰਮਚਾਰੀਆਂ, ਅਧਿਕਾਰੀਆਂ, ਰਾਗੀ ਸਿੰਘਾਂ, ਗ੍ਰੰਥੀ ਸਿੰਘਾਂ, ਪ੍ਰਚਾਰਕਾਂ ਆਦਿ ਲਈ ਵੀ ਨਿਰੰਤਰ ਸਿਖਲਾਈ ਦੀ ਲੋੜ ਬਣੀ ਰਹਿੰਦੀ ਹੈ ਤਾਂ ਕਿ ਉਹ ਵੀ ਆਪਣੇ ਧਰਮ ਦੀਆਂ ਕਦਰਾਂ ਕੀਮਤਾਂ ਨੂੰ ਧਾਰਨ ਕਰਨ ਦੇ ਨਾਲ-ਨਾਲ ਸਮਾਜ ਵਿੱਚ ਆ ਰਹੀਆਂ ਆਧੁਨਿਕ ਸਮੱਸਿਆਵਾਂ ਨਾਲ ਨਜਿੱਠਣ ਲਈ ਯਤਨਸ਼ੀਲ ਰਹਿਣ। ਆਪਣੇ ਕੰਮ ਦੇ ਸਥਾਨ ਤੋਂ ਕੁੱਝ ਸਮੇਂ ਲਈ ਦੂਰ ਰਹਿ ਕੇ ਹੋਰਨਾਂ ਮੁਲਾਜ਼ਮਾਂ ਦੀ ਸੰਗਤ ਵਿੱਚ ਪੈਦਾ ਹੋਣ ਵਾਲਾ ਨਵਾਂ ਮਾਹੌਲ ਕੰਮ ਦੀ ਗਤੀ ਵਿੱਚ ਨਵੀਂ ਰੂਹ ਭਰਨ ਲਈ ਸਹਾਈ ਹੁੰਦਾ ਹੈ। ਕੰਮ ਕਰਨ ਦੇ ਨਵੇਂ ਢੰਗ-ਤਰੀਕੇ ਸਿੱਖਣ ਦੇ ਨਾਲ-ਨਾਲ ਆਪਣੇ ਧਰਮ ਦੇ ਧਰਮ ਗ੍ਰੰਥ, ਸਿਧਾਂਤ, ਇਤਿਹਾਸ, ਮਰਯਾਦਾ, ਪਰੰਪਰਾ ਆਦਿ ਬਾਰੇ ਵੀ ਭਾਵਪੂਰਤ ਜਾਣਕਾਰੀ ਪ੍ਰਾਪਤ ਕਰਨ ਦਾ ਕਾਰਜ ਕਰਦਾ ਹੈ। ਧਰਮ ਦੀ ਸਹੀ ਜਾਣਕਾਰੀ ਅਤੇ ਭਾਵਨਾ ਅਨੁਸਾਰ ਕਾਰਜ ਕਰਨ ਵਾਲੇ ਗੁਰਧਾਮਾਂ ਦੇ ਪ੍ਰਬੰਧਕ ਸਾਹਮਣੇ ਆਉਣ ਤਾਂ ਬਹੁਤ ਸਾਰੀਆਂ ਸਮੱਸਿਆਵਾਂ ਆਪਣੇ ਪੱਧਰ ’ਤੇ ਹੀ ਹੱਲ ਕਰਨ ਦੇ ਸਮਰੱਥ ਹੋ ਜਾਂਦੇ ਹਨ। ਉਹ ਹਰ ਇੱਕ ਸਮੱਸਿਆ ਨੂੰ ਇਕੋ ਹੀ ਦ੍ਰਿਸ਼ਟੀ ਅਤੇ ਦਾਇਰੇ ਵਿੱਚ ਰੱਖ ਕੇ ਹੱਲ ਕਰਨ ਦੀ ਬਜਾਏ ਸਮੱਸਿਆ ਦੇ ਮੂਲ ਕਾਰਨ ਨੂੰ ਸਮਝਣ ਦਾ ਯਤਨ ਕਰਦੇ ਹਨ ਅਤੇ ਉਹਨਾਂ ਦਾ ਹੱਲ ਕਰਦੇ ਸਮੇਂ ਗੁਰਮਤਿ ਦੀ ਮੂਲ ਭਾਵਨਾ ਨੂੰ ਅੱਖੋਂ ਓਹਲੇ ਨਹੀਂ ਹੋਣ ਦਿੰਦੇ। ਸਮੱਸਿਆ ਉਸ ਸਮੇਂ ਪੈਦਾ ਹੁੰਦੀ ਹੈ ਜਦੋਂ ਗੁਰਮਤਿ ਦੀ ਸੋਝੀ ਨਾ ਰੱਖਣ ਵਾਲੇ ਗੁਰਧਾਮਾਂ ਦੇ ਪ੍ਰਬੰਧ ਵਿੱਚ ਆ ਜਾਂਦੇ ਹਨ ਅਤੇ ਸੁਣੀਆਂ-ਸੁਣਾਈਆਂ ਗੱਲਾਂ ’ਤੇ ਅਮਲ ਕਰਨ ਲੱਗ ਪੈਂਦੇ ਹਨ ਜਿਸ ਨਾਲ ਇੱਕ ਛੋਟਾ ਜਿਹਾ ਮਸਲਾ ਵੱਡਾ ਰੂਪ ਧਾਰਨ ਕਰ ਜਾਂਦਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੇ ਮੁਲਾਜ਼ਮਾਂ ਅਤੇ ਪ੍ਰਚਾਰਕਾਂ ਨੂੰ ਸਿਖਲਾਈ ਦੇਣ ਲਈ ਰਿਫਰੈਸ਼ਰ ਕੋਰਸ ਲਗਾਉਂਦੀ ਰਹੀ ਹੈ। 1951 ਵਿੱਚ ਯੂ.ਪੀ. ਸਿੱਖ ਮਿਸ਼ਨ ਹਾਪੜ ਅਤੇ ਅਲੀਗੜ੍ਹ ਮਿਸ਼ਨ ਦੁਆਰਾ ਸਾਂਝੇ ਰੂਪ ਵਿੱਚ ਹਾਪੁੜ ਵਿਖੇ 21 ਦਿਨ ਦਾ ਰਿਫਰੈਸ਼ਰ ਕੋਰਸ ਲਗਾਇਆ ਗਿਆ ਸੀ ਜਿਸ ਵਿੱਚ ਗੁਰਬਾਣੀ, ਗੁਰ-ਇਤਿਹਾਸ ਅਤੇ ਸਿੱਖ ਰਹਿਤ ਮਰਯਾਦਾ ਦੀ ਸਿੱਖਿਆ ਪ੍ਰਦਾਨ ਕਰਨਾ ਪ੍ਰਮੁੱਖ ਕਾਰਜ ਸੀ। ਸਿੱਖ ਪ੍ਰਚਾਰਕਾਂ ਅਤੇ ਸਕੂਲਾਂ ਵਿਚ ਪੜ੍ਹਦੇ ਸਿੱਖ ਬੱਚਿਆਂ ਦੇ ਨਾਲ-ਨਾਲ ਦੂਜੇ ਧਰਮਾਂ ਦੇ ਬੱਚਿਆਂ ਨੂੰ ਗੁਰਮਤਿ ਦੀ ਰਹਿਣੀ ਸੰਬੰਧੀ ਪ੍ਰਦਾਨ ਕੀਤੀ ਗਈ ਸਿੱਖਿਆ ਦੀ ਹਰ ਪਾਸੇ ਸ਼ਲਾਘਾ ਹੋਈ ਸੀ। ਸਿੱਖ ਵਿਦਵਾਨਾਂ ਅਤੇ ਸੂਝਵਾਨਾਂ ਨੇ ਅਜਿਹੇ ਕਾਰਜ ਨਿਰੰਤਰ ਜਾਰੀ ਰੱਖਣ ’ਤੇ ਜ਼ੋਰ ਦਿੱਤਾ ਸੀ। 1957 ਵਿੱਚ ਖਾਲਸਾ ਸਮਾਚਾਰ ਨੇ ਗ੍ਰੰਥੀ ਸਿੰਘਾਂ ਲਈ ਰਿਫਰੈਸ਼ਰ ਕੋਰਸ ਲਗਾਉਣ ਦੀ ਲੋੜ ’ਤੇ ਜੋਰ ਦਿੰਦੇ ਹੋਏ ਕਿਹਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਸੇਵਾ ਵਿੱਚ ਬੇਨਤੀ ਹੈ ਕਿ ਗ੍ਰੰਥੀਆਂ ਨੂੰ ਕਿਸੇ ਵਿਸ਼ੇਸ਼ ਗੁਰਦੁਆਰੇ ਜਾਂ ਕਿਸੇ ਵਿਸ਼ੇਸ਼ ਗੁਰਦੁਆਰਿਆਂ ਦੇ ਸਰਕਲ ਦੇ ਸਾਰੇ ਗੁਰਦੁਆਰਿਆਂ ਸੰਬੰਧੀ ਦੱਸਿਆ ਜਾਵੇ ਤਾਂ ਉਹ ਅੱਗੋਂ ਯਾਤਰੂਆਂ ਨੂੰ ਗੁਰਦੁਆਰਿਆਂ ਦੀ ਮਹਾਨਤਾ ਜਾਂ ਉਨ੍ਹਾਂ ਗੁਰਦੁਆਰਿਆਂ ਦਾ ਇਤਿਹਾਸ ਦੱਸਣ ਲੱਗਿਆਂ ਟਪਲਾ ਨਾ ਖਾਣ ਤੇ ਇਕ ਦੂਜੇ ਦੇ ਉਲਟ ਪੁਲਟ ਨਾ ਦੱਸਣ। ਪੁਰਾਣੇ ਨੀਯਤ ਕੀਤੇ ਗ੍ਰੰਥੀਆਂ ਲਈ ਕਦੀ ਕਦੀ ਸ਼੍ਰੋਮਣੀ ਕਮੇਟੀ ਵੱਲੋਂ ਰੀਫਰੈਸ਼ਰ ਕੋਰਸ ਦਿਵਾਇਆ ਜਾਣਾ ਚਾਹੀਦਾ ਹੈ ਤਾਂ ਜੋ ਗ੍ਰੰਥੀ ਸਾਹਿਬਾਨ ਇਤਿਹਾਸਕ ਗੁਰਦੁਆਰਿਆਂ ਵਿੱਚ ਇਤਿਹਾਸ ਦੱਸਣ ਲਈ ਉਕਾਈ ਨਾ ਖਾਣ।

ਖ਼ਾਲਸਾ ਸਮਾਚਾਰ ਦਾ ਇਹ ਸੁਝਾਅ ਇਸ ਦ੍ਰਿਸ਼ਟੀ ਤੋਂ ਕੀਮਤੀ ਸਮਝਿਆ ਜਾ ਸਕਦਾ ਹੈ ਕਿ ਗੁਰਧਾਮਾਂ ਦੇ ਗ੍ਰੰਥੀ ਸਿੰਘ ਸ਼ਰਧਾਲੂਆਂ ਨੂੰ ਗੁਰਬਾਣੀ, ਗੁਰ-ਇਤਿਹਾਸ ਅਤੇ ਗੁਰਧਾਮਾਂ ਸੰਬੰਧੀ ਇਕੋ ਜਿਹੀ ਅਤੇ ਠੋਸ ਜਾਣਕਾਰੀ ਪ੍ਰਦਾਨ ਕਰ ਸਕਣ। ਸ਼ਰਧਾਲੂ ਗੁਰਧਾਮਾਂ ਵਿਚੋਂ ਗਿਆਨ ਹਾਸਲ ਕਰਨ ਲਈ ਆਉਂਦੇ ਹਨ ਅਤੇ ਅਜਿਹਾ ਨਾ ਹੋਵੇ ਕਿ ਉਹ ਦੁਬਿਧਾ ਵਿੱਚ ਪੈ ਜਾਣ। ਆਦਿ ਗ੍ਰੰਥ ਸਾਹਿਬ ਜੀ ਦਾ ਅਨੁਵਾਦ ਕਰਨ ਵਾਲਾ ਡਾ. ਅਰਨੈਸਟ ਟ੍ਰੰਪ ਵੀ ਸਭ ਤੋਂ ਪਹਿਲਾਂ ਇਸ ਧਰਮ ਗ੍ਰੰਥ ਦੀ ਜਾਣਕਾਰੀ ਪ੍ਰਾਪਤ ਕਰਨ ਲਈ ਗੁਰਦੁਆਰਾ ਸਾਹਿਬਾਨ ਦੇ ਗ੍ਰੰਥੀ ਸਿੰਘਾਂ ਕੋਲ ਗਿਆ ਸੀ ਪਰ ਉਸ ਨੂੰ ਉਹਨਾਂ ਦੀ ਵਿਆਖਿਆ ਤੋਂ ਤਸੱਲੀ ਨਹੀਂ ਹੋਈ ਸੀ ਅਤੇ ਉਸਨੇ ਗੁਰਬਾਣੀ ਦੀਆਂ ਪ੍ਰੰਪਰਾਗਤ ਵਿਆਖਿਆਵਾਂ ਨੂੰ ਰੱਦ ਕਰਕੇ ਇਸ ਦੀ ਭਾਸ਼ਾ ਨੂੰ ਸੰਸਕ੍ਰਿਤ ਦੀ ਦ੍ਰਿਸ਼ਟੀ ਤੋਂ ਦੇਖਣ ਦਾ ਯਤਨ ਕੀਤਾ ਸੀ ਜਿਸ ਨਾਲ ਵਿਵਾਦ ਪੈਦਾ ਹੋ ਗਿਆ ਸੀ। ਟ੍ਰੰਪ ਦੁਆਰਾ ਆਦਿ ਗ੍ਰੰਥ ਸਾਹਿਬ ਦੇ ਕੀਤੇ ਗਏ ਅਨੁਵਾਦ ਦੇ ਮੁਕਾਬਲੇ ਇੱਕ ਅਜਿਹਾ ਕਾਰਜ ਕਰਨ ਦੀ ਲੋੜ ਸੀ ਜਿਹੜਾ ਕਿ ਸਿੱਖਾਂ ਨੂੰ ਪ੍ਰਵਾਨ ਹੋਵੇ। ਇਹ ਕਾਰਜ ਮੈਕਾਲਿਫ਼ ਨੇ ਕੀਤਾ ਸੀ। ਸਿੱਖ ਧਰਮ ਦੇ ਵਿਦਵਾਨਾਂ ਦੀ ਸਲਾਹ ਅਤੇ ਸਿੱਖਾਂ ਵਿੱਚ ਪ੍ਰਮਾਣਿਕ ਵਿਆਖਿਆਕਾਰਾਂ ਦੀ ਸਹਾਇਤਾ ਨਾਲ ਉਸ ਦੁਆਰਾ ਤਿਆਰ ਕੀਤਾ ਗਿਆ ਕਾਰਜ ਸਮੂਹ ਸਿੱਖਾਂ ਵੱਲੋਂ ਸਲਾਹਿਆ ਗਿਆ ਸੀ।

ਗੁਰਮਤਿ ਪ੍ਰਚਾਰਕਾਂ ਲਈ ਅਜਿਹੇ ਕੋਰਸਾਂ ਦਾ ਸਿਲਸਿਲਾ ਅਰੰਭ ਕੀਤਾ ਗਿਆ ਜਿਸ ਦੇ ਸਿੱਟੇ ਵਜੋਂ 1965 ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਇੱਕ ਸੱਤ ਰੋਜ਼ਾ ਰਿਫਰੈਸ਼ਰ ਕੋਰਸ ਲਗਾਇਆ ਗਿਆ, ਜਿਸ ਵਿੱਚ ਇਸ ਕੋਰਸ ਦੇ ਉਦੇਸ਼ ਦਾ ਵਰਨਣ ਕਰਦੇ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੰਤ ਚੰਨਣ ਸਿੰਘ ਨੇ ਕਿਹਾ, ਸ਼੍ਰੋ:ਗੁ:ਪ੍ਰ: ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਇਸ ਪ੍ਰਯੋਗ ਨੇ ਜੋ ਧਰਮ ਪ੍ਰਚਾਰ ਸਿਲਸਿਲੇ ਵਿੱਚ ਨਵੀਨ ਵਾਧਾ ਕੀਤਾ ਹੈ ਅਤਿ ਸ਼ਲਾਘਾਯੋਗ ਹੈ। 1969, 1970 ਵਿੱਚ ਵੀ ਅਜਿਹੇ ਕੋਰਸਾਂ ਦਾ ਸਿਲਸਿਲਾ ਦੇਖਣ ਨੂੰ ਮਿਲਦਾ ਹੈ ਪਰ ਸਮੇਂ ਦੇ ਗੇੜ ਨਾਲ ਇਹਨਾਂ ਵਿੱਚ ਖੜੋਤ ਆਉਂਦੀ ਗਈ।

ਨਵੰਬਰ 2016 ਵਿੱਚ ਪ੍ਰੋ. ਕਿਰਪਾਲ ਸਿੰਘ ਬਡੂੰਗਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣੇ ਤਾਂ ਉਹਨਾਂ ਨੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਲਈ ਰਿਫਰੈਸ਼ਰ ਕੋਰਸ ਲਾਜ਼ਮੀ ਕਰ ਦਿੱਤਾ ਸੀ। ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ਼ ਅਡਵਾਂਸਡ ਸਟਡੀਜ਼ ਇਨ ਸਿੱਖਿਜ਼ਮ, ਬਹਾਦਰਗੜ੍ਹ ਵਿਖੇ ਇਹ ਕੋਰਸ ਅਰੰਭ ਕੀਤਾ ਗਿਆ ਸੀ। ਇੱਕ ਮਹੀਨੇ ਦਾ ਇਹ ਕੋਰਸ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਲਈ ਵਿਸ਼ੇਸ਼ ਤੌਰ ’ਤੇ ਅਰੰਭ ਕੀਤਾ ਗਿਆ ਸੀ ਜਿਸ ਵਿੱਚ ਅੰਮ੍ਰਿਤ ਵੇਲੇ ਤੋਂ ਲੈ ਕੇ ਰਹਿਰਾਸ ਤੱਕ ਟਾਈਮ ਟੇਬਲ ਅਨੁਸਾਰ ਨਿਤਨੇਮ ਤੋਂ ਇਲਾਵਾ ਗੁਰਬਾਣੀ, ਗੁਰ-ਇਤਿਹਾਸ, ਮਰਯਾਦਾ, ਮੈਨੇਜਮੈਂਟ ਅਤੇ ਆਦਰਸ਼ ਜੀਵਨਜਾਚ ਆਦਿ ਵਿਸ਼ਿਆਂ ’ਤੇ ਲੈਕਚਰ ਦਿੱਤੇ ਜਾਂਦੇ ਸਨ।

ਇਸ ਕੋਰਸ ਨੂੰ ਅਰੰਭ ਕਰਨ ਸੰਬੰਧੀ ਜਾਣਕਾਰੀ ਦਿੰਦੇ ਹੋਏ ਪ੍ਰੋ. ਕਿਰਪਾਲ ਸਿੰਘ ਬਡੂੰਗਰ ਅਕਸਰ ਕਿਹਾ ਕਰਦੇ ਸਨ ਕਿ ਜਦੋਂ ਕੋਈ ਸ਼ਰਧਾਲੂ ਗੁਰਦੁਆਰਾ ਸਾਹਿਬਾਨ ਵਿਖੇ ਦਰਸ਼ਨ ਕਰਨ ਲਈ ਆਉਂਦਾ ਹੈ ਤਾਂ ਸਾਇਕਲ, ਸਕੂਟਰ, ਕਾਰ ਸਟੈਂਡ ਤੋਂ ਹੁੰਦਾ ਹੋਇਆ ਜੋੜਾ ਘਰ ਪੁੱਜਦਾ ਹੈ। ਫਿਰ ਡਿਉਢੀ ਵਿਖੇ ਖੜ੍ਹੇ ਬਰਛੇ ਵਾਲੇ ਸੇਵਾਦਾਰ ਕੋਲੋਂ ਹੁੰਦਾ ਹੋਇਆ ਦਰਬਾਰ ਸਾਹਿਬ ਵਿਖੇ ਪੁੱਜ ਕੇ ਗ੍ਰੰਥੀ ਸਿੰਘ, ਰਾਗੀ ਸਿੰਘ ਕੋਲੋਂ ਹੁੰਦਾ ਹੋਇਆ ਸਰੋਵਰ ਦੀ ਪਰਿਕਰਮਾ ਕਰਕੇ ਪ੍ਰਸ਼ਾਦ ਲੈਣ ਉਪਰੰਤ ਬਾਹਰ ਆ ਜਾਂਦਾ ਹੈ। ਜੇਕਰ ਸੰਗਤ ਦੇ ਸੰਪਰਕ ਵਿੱਚ ਆਉਣ ਵਾਲੇ ਸੇਵਾਦਾਰਾਂ ਦਾ ਵਿਹਾਰ ਗੁਰਮਤਿ ਅਨੁਸਾਰੀ ਸੇਵਾ, ਨਿਮਰਤਾ ਅਤੇ ਸੰਜਮ ਵਾਲਾ ਹੋ ਜਾਵੇ, ਗ੍ਰੰਥੀ ਸਿੰਘਾਂ ਦਾ ਉਚਾਰਨ ਅਤੇ ਰਾਗੀ ਸਿੰਘਾਂ ਦੀ ਸ਼ਬਦ-ਮੁਖੀ ਸੁਰੀਲੀ ਅਵਾਜ਼ ਭਾਵਪੂਰਤ ਦ੍ਰਿਸ਼ਟੀ ਤੋਂ ਸੰਗਤ ਦੇ ਕੰਨਾਂ ਵਿੱਚ ਪਵੇ ਤਾਂ ਬਹੁਤ ਸਾਰੀਆਂ ਸਮੱਸਿਆਵਾਂ ਆਪਣੇ ਆਪ ਹੱਲ ਹੋ ਸਕਦੀਆਂ ਹਨ। ਦਫ਼ਤਰ ਵਿਖੇ ਕਾਰਜ ਕਰਨ ਵਾਲੇ ਮੁਲਾਜ਼ਮਾਂ ਦਾ ਵਿਹਾਰ ਵੀ ਗੁਰਮਤਿ ਦੀ ਦ੍ਰਿਸ਼ਟੀ ਅਨੁਸਾਰ ਸਾਫ਼ ਅਕਸ ਅਤੇ ਧਰਮ ਦੀ ਕਿਰਤ ਵਾਲਾ ਹੋਣਾ ਚਾਹੀਦਾ ਹੈ ਜਿਸ ਨਾਲ ਸ਼ਰਧਾਲੂਆਂ ਦੇ ਮਨ ਵਿੱਚ ਗੁਰਦੁਆਰਾ ਪ੍ਰਬੰਧ ਪ੍ਰਤੀ ਸਕਾਰਾਤਮਿਕ ਦ੍ਰਿਸ਼ਟੀ ਪੈਦਾ ਹੋ ਸਕਦੀ ਹੈ। ਮੁਲਾਜ਼ਮਾਂ ਵਿੱਚ ਗੁਰਮਤਿ ਅਨੁਸਾਰੀ ਸਕਾਰਾਤਮਿਕ ਰੁਚੀਆਂ ਪ੍ਰਫੁੱਲਿਤ ਕਰਨ ਦੇ ਉਦੇਸ਼ ਨਾਲ ਫਰਵਰੀ 2017 ਵਿੱਚ ਅਰੰਭ ਹੋਇਆ ਇਹ ਕੋਰਸ ਸਤੰਬਰ 2018 ਤੱਕ ਚੱਲਦਾ ਰਿਹਾ ਅਤੇ ਫਿਰ ਇਸ ਨੂੰ ਬੰਦ ਕਰ ਦਿੱਤਾ ਗਿਆ।

ਮੌਜੂਦਾ ਸਮੇਂ ਵਿੱਚ ਜਿਹੜੀਆਂ ਘਟਨਾਵਾਂ ਦੇਖਣ ਨੂੰ ਮਿਲ ਰਹੀਆਂ ਹਨ ਉਹਨਾਂ ਵਿਚੋਂ ਬਹੁਤੀਆਂ ਗੁਰਮਤਿ ਮਰਯਾਦਾ ਅਤੇ ਜੀਵਨਜਾਚ ਦੀ ਸੋਝੀ ਨਾ ਹੋਣ ਕਰਕੇ ਸਾਹਮਣੇ ਆ ਰਹੀਆਂ ਹਨ। ਸੋਸ਼ਲ ਮੀਡੀਆ ਨੇ ਸੇਵਾਦਾਰਾਂ ਅਤੇ ਸ਼ਰਧਾਲੂਆਂ ’ਤੇ ਇਕੋ ਜਿਹਾ ਪ੍ਰਭਾਵ ਪਾਇਆ ਹੈ ਜਿਸ ਕਰਕੇ ਬੇਅਦਬੀਆਂ ਅਤੇ ਗੁਰਧਾਮਾਂ ਦੀ ਮਰਯਾਦਾ ਦੀ ਉਲੰਘਣਾ ਕਰਨ ਦੀਆਂ ਘਟਨਾਵਾਂ ਵੱਧਦੀਆਂ ਜਾ ਰਹੀਆਂ ਹਨ। ਭਾਵੇਂ ਕਿ ਜਾਣ ਬੁੱਝ ਕੇ ਮਰਯਾਦਾ ਦੀ ਉਲੰਘਣਾ ਕਰਨ ਵਾਲੀਆਂ ਘਟਨਾਵਾਂ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ ਪਰ ਫਿਰ ਵੀ ਉਹਨਾਂ ਨੂੰ ਅੱਗੇ ਵੱਧਣ ਤੋਂ ਰੋਕਿਆ ਜਾ ਸਕਦਾ ਹੈ ਜਿਹੜਾ ਕਿ ਗੁਰਮਤਿ ਦੀ ਸਹੀ ਸੋਝੀ ਪ੍ਰਦਾਨ ਕਰਕੇ ਹੀ ਸੰਭਵ ਹੋ ਸਕਦਾ ਹੈ। ਸ਼ਰਧਾਲੂਆਂ ਅਤੇ ਗੁਰਧਾਮਾਂ ਦੇ ਦਰਸ਼ਨ ਕਰਨ ਲਈ ਦੂਜੇ ਧਰਮਾਂ ਨਾਲ ਸੰਬੰਧਿਤ ਆਉਣ ਵਾਲੇ ਵਿਅਕਤੀਆਂ ਨੂੰ ਧਰਮ ਅਸਥਾਨ ਦੇ ਨਿਯਮਾਂ ਅਤੇ ਮਰਯਾਦਾ ਦੀ ਸੋਝੀ ਪ੍ਰਦਾਨ ਕਰਨ ਲਈ ਗੁਰਮਤਿ ਕੈਂਪਾਂ ਅਤੇ ਮੀਡੀਆ ਦਾ ਸਹਾਰਾ ਲਿਆ ਜਾਣਾ ਚਾਹੀਦਾ ਹੈ ਅਤੇ ਸੇਵਾਦਾਰਾਂ ਲਈ ਗੁਰਮਤਿ ਰਿਫਰੈਸ਼ਰ ਕੋਰਸ ਲਗਾਏ ਜਾਣਾ ਸਮੇਂ ਦੀ ਲੋੜ ਬਣਦੀ ਜਾ ਰਹੀ ਹੈ।

# ਗੁਰਬਾਣੀ ਸੰਗੀਤ ਦਾ ਪ੍ਰਸਿੱਧ ਅਵਨਧ ਸਾਜ਼ ਤਬਲਾ

ਜਗਪਿੰਦਰ ਪਾਲ ਸਿੰਘ

ਗੁਰਬਾਣੀ ਸੰਗੀਤ ਵਿੱਚ ਜਿੱਥੇ ਅਵਨਧ ਸਾਜ਼ਾਂ ਦੀ ਇੱਕ ਵਿਸ਼ਾਲ ਅਤੇ ਵਿਲੱਖਣ ਪਰੰਪਰਾ ਵਿਸ਼ਵ ਭਰ ਦੀਆਂ ਸੰਗੀਤ ਪਰੰਪਰਾਵਾਂ ’ਚ ਆਪਣਾ ਵਿਸ਼ੇਸ਼ ਸਥਾਨ ਰੱਖਦੀ ਹੈ, ਉੱਥੇ ਹੀ ਅਵਨਧ ਸਾਜ਼ਾਂ ਦੀ ਵੀ ਮਹੱਤਵਪੂਰਨ ਭੂਮਿਕਾ ਦ੍ਰਿਸ਼ਟੀਗੋਚਰ ਹੁੰਦੀ ਹੈ। ਗੁਰਬਾਣੀ ਸੰਗੀਤ ’ਚ ਅੰਮ੍ਰਿਤ ਸਾਜ਼ ਜੋੜੀ ਮ੍ਰਿਦੰਗ ਤੋਂ ਬਾਅਦ ਇੱਕ ਵਿਸ਼ੇਸ਼ ਸਾਜ਼ ਹੈ। ਭਾਈ ਕ੍ਹਾਨ ਸਿੰਘ ਨਾਭਾ ਨੇ ‘ਜੋੜੀ’ ਸ਼ਬਦ ਦੇ ਅਨੇਕਾਂ ਅਰਥ ਦੱਸੇ ਹਨ, ਜਿਨ੍ਹਾਂ ’ਚ ਸੰਗੀਤਕ ਅਰਥ ਦੋ ਚਨੂ (ਨਰ ਅਤੇ ਮਦੀਨ) ਪਖਾਵਜ, ਧਾਮਾ ਅਤੇ ਤਬਲਾ ਪ੍ਰਮੁੱਖ ਹਨ। ਵੱਖ-ਵੱਖ ਵਿਦਵਾਨਾਂ ਨੇ ਜੋੜੀ ਨੂੰ ਦੋ ਨਗ ਵਾਲੇ ਅਵਨਧ ਸਾਜ਼ ਜਾਂ ਤਬਲੇ ਦੇ ਸਮਾਨ ਹੀ ਮੰਨਿਆ ਹੈ। ਜੋੜੀ ਸਾਜ਼ ਦੇ ਅਵਿਸ਼ਕਾਰ ਬਾਬਤ ਵਿਦਵਾਨਾਂ ਦੇ ਵੱਖ-ਵੱਖ ਮੱਤ ਹਨ। ਕੁਝ ਵਿਦਵਾਨ ਇਸ ਦੇ ਅਵਿਸ਼ਕਾਰਕ ਪੰਜਵੇਂ ਪਾਤਿਸ਼ਾਹ ਗੁਰੂ ਅਰਜਨ ਦੇਵ ਜੀ ਨੂੰ ਮੰਨਦੇ ਹਨ। ਭਾਈ ਬਲਦੀਪ ਸਿੰਘ ਦਿੱਲੀ ਅਤੇ ਪ੍ਰੋਫ਼ੈਸਰ ਸੁਰਿੰਦਰ ਸਿੰਘ ਯੂ.ਕੇ. ਜੋੜੀ ਸਾਜ਼ ਗੁਰੂ ਅਰਜਨ ਦੇਵ ਜੀ ਦੇ ਦਰਬਾਰ ਦੇ ਰਬਾਬੀ ਕੀਰਤਨੀਏ ਭਾਈ ਸੱਤਾ ਅਤੇ ਭਾਈ ਬਲਵੰਡ ਨੂੰ ਇਸ ਦਾ ਨਿਰਮਾਤਾ ਮੰਨਦੇ ਹਨ। ਇਸੇ ਤਰ੍ਹਾਂ ਡਾ. ਗੁਰਨਾਮ ਸਿੰਘ ਅਤੇ ਭਾਈ ਨਿਹਾਲ ਸਿੰਘ ਯੂ.ਐੱਸ.ਏ. ਵੀ ਭਾਈ ਸੱਤਾ ਅਤੇ ਭਾਈ ਬਲਵੰਡ ਨੂੰ ਜੋੜੀ ਸਾਜ਼ ਦਾ ਜਨਮਦਾਤਾ ਮੰਨਦੇ ਹਨ। ਕੁਝ ਵਿਦਵਾਨ ਜੋੜੀ ਸਾਜ਼ ਦੀ ਉਤਪੱਤੀ ਪਖਾਵਜ ਸਾਜ਼ ਨੂੰ ਵਿਚਕਾਰੋਂ ਕੱਟ ਕੇ ਦੋਵਾਂ ਸਿਰਿਆਂ ਨੂੰ ਖੜ੍ਹਾ ਕਰਨ ਨਾਲ ਹੋਈ ਵੀ ਮੰਨਦੇ ਹਨ, ਅਜਿਹਾ ਮੰਨਣ ਦਾ ਇੱਕ ਹੋਰ ਕਾਰਨ ਹੈ ਕਿ ਪਖਾਵਜ ਜਾਂ ਮ੍ਰਿਦੰਗ ਉੱਤੇ ਵਜਾਈਆਂ ਜਾਣ ਵਾਲੀਆਂ ਗੰਭੀਰ ਪ੍ਰਕਿਰਤੀ ਦੀਆਂ ਤਾਲਾਂ ਹੀ ਜੋੜੀ ਸਾਜ਼ ਉੱਤੇ ਵਜਾਈਆਂ ਜਾਂਦੀਆਂ ਹਨ।



ਜੋੜੀ ਸਾਜ਼ ਦੇ ਤਿੰਨ ਪ੍ਰਮੁੱਖ ਘਰਾਣੇ ਹਨ, ਨਾਈਆਂ ਦਾ ਘਰਾਣਾ (ਅੰਮ੍ਰਿਤਸਰੀਆ ਬਾਜ), ਲਾਹੌਰ ਘਰਾਣਾ ਜਾਂ ਪੰਜਾਬ ਘਰਾਣਾ ਅਤੇ ਕਸੂਰ ਘਰਾਣਾ ਵਿਸ਼ੇਸ਼ ਹਨ। ਇਨ੍ਹਾਂ ਦਾ ਜੋੜੀ ਵਾਦਨ ਪਰੰਪਰਾ ’ਚ ਮਹੱਤਵਪੂਰਨ ਯੋਗਦਾਨ ਰਿਹਾ ਹੈ। ਜੋੜੀ ਸਾਜ਼ ਦਾ ਸੱਜਾ ਹਿੱਸਾ ਲੱਕੜ ਦੇ ਟੁਕੜੇ ਨੂੰ ਅੰਦਰੋਂ ਖੋਖਲਾ ਕਰਕੇ ਚਮੜਾ ਮੜਿਆ ਹੁੰਦਾ ਹੈ ਅਤੇ ਇਸ ਦਾ ਧਾਮਾ ਲੱਕੜ ਜਾਂ ਪਿੱਤਲ ਦਾ ਬਣਿਆ ਹੁੰਦਾ ਹੈ। ਦੋਵਾਂ ’ਚ ਗੱਟੇ ਲਗਾਏ ਜਾਂਦੇ ਹਨ। ਮ੍ਰਿਦੰਗ ਵਾਂਗ ਹੀ ਜੋੜੀ ਦੇ ਦੋਵੇਂ ਨਗ ਚਮੜੇ ਨਾਲ ਮੜ੍ਹੇ ਹੁੰਦੇ ਹਨ ਅਤੇ ਸੱਜੇ ਪਾਸੇ ਵਾਲੇ ਹਿੱਸੇ ਉੱਤੇ ਸ਼ਾਹੀ ਲਗਾਈ ਜਾਂਦੀ ਹੈ, ਕਿਸੇ ਤਰ੍ਹਾਂ ਖੱਬੇ ਪਾਸੇ ਵਾਲੇ ਹਿੱਸੇ ਜਿਸ ਨੂੰ ‘ਧਾਮਾ’ ਕਿਹਾ ਜਾਂਦਾ ਹੈ, ਉਸ ਉੱਤੇ ਪਖਾਵਜ ਵਾਂਗ ਗਿੱਲਾ ਆਟਾ ਲਗਾ ਕੇ ਵਜਾਇਆ ਜਾਂਦਾ ਹੈ। ਗੁਰਬਾਣੀ ਸੰਗੀਤ ਤੋਂ ਇਲਾਵਾ ਸ਼ਾਸਤਰੀ ਸੰਗੀਤ ਦੀਆਂ ਧਰੁਪਦ ਅਤੇ ਧਮਾਰ ਗਾਇਨ ਸ਼ੈਲੀ ’ਚ ਜੋੜੀ ਸਾਜ਼ ਦੀ ਵਰਤੋਂ ਹੁੰਦੀ ਹੈ ਪ੍ਰੰਤੂ ਖਿਆਲ ਗਾਇਨ ਸ਼ੈਲੀ, ਟੱਪਾ ਗਾਇਨ ਸ਼ੈਲੀ ਆਦਿ ਨਾਲ ਤਬਲੇ ਦਾ ਰੁਝਾਨ ਵਧਣ ਕਾਰਨ ਜੋੜੀ ਸਾਜ਼ ਦਾ ਪ੍ਰਯੋਗ ਬਹੁਤ ਘੱਟ ਗਿਆ।

ਨਾਮਧਾਰੀ ਸੰਪਰਦਾਇ ਨੇ ਜੋੜੀ ਸਾਜ਼ ਨੂੰ ਅਜੇ ਤੱਕ ਜੀਵੰਤ ਰੱਖਦੇ ਹੋਏ ਸ੍ਰੀ ਭੈਣੀ ਸਾਹਿਬ ਦੇ ਹਜ਼ੂਰੀ ਕੀਰਤਨੀਏ ਰੋਜ਼ਾਨਾ ਦੀ ਕੀਰਤਨ ਚੌਂਕੀਆਂ ’ਚ ਜੋੜੀ ਸਾਜ਼ ਦੀ ਹੀ ਵਰਤੋਂ ਕਰਦੇ ਹਨ। ਇਸੇ ਸੰਪਰਦਾਇ ਦੇ ਉਸਤਾਦ ਸੁਖਵਿੰਦਰ ਸਿੰਘ ਪਿੰਕੀ ਯੂ.ਕੇ. ਵੀ ਵਿਸ਼ਵ ਪ੍ਰਸਿੱਧ ਜੋੜੀਵਾਦਕ ਹਨ। ਜੋ ਵਿਦਿਆਰਥੀਆਂ ਨੂੰ ਇਸ ਸਾਜ਼ ਦੀ ਵਿਧੀਪੂਰਵਕ ਤਾਲੀਮ ਦੇ ਰਹੇ ਹਨ। ਇਨ੍ਹਾਂ ਦੇ ਸ਼ਾਗਿਰਦ ਸ. ਗਿਆਨ ਸਿੰਘ ਚੀਮਾ ਨੇ ਕੌਮੀ ਪੱਧਰ ਉੱਤੇ ਜੋੜੀ ਸਾਜ਼ ’ਚ ਸੋਨ ਤਗਮੇ ਜਿੱਤੇ ਹਨ। ਇਨ੍ਹਾਂ ਤੋਂ ਇਲਾਵਾ ਗੁਰਮਤਿ ਸੰਗੀਤਾਚਾਰਿਆ ਭਾਈ ਬਲਦੀਪ ਸਿੰਘ ਦਿੱਲੀ ਨੇ ਬਹੁਤ ਸੁੰਦਰ ਅਤੇ ਉਮਦਾ ਕਿਸਮ ਦਾ ਜੋੜੀ ਸਾਜ਼ ਆਪ ਤਿਆਰ ਕੀਤਾ, ਜਿਸ ਨੂੰ ਉਹ ਆਪ ਕੀਰਤਨ ’ਚ ਪ੍ਰਯੋਗ ਕਰਦੇ ਹਨ। ਇਨ੍ਹਾਂ ਦੇ ਹੀ ਸ਼ਾਗਿਰਦ ਅਤੇ ਲੇਖਕ ਦੇ ਗੁਰਭਾਈ ਉਸਤਾਦ ਪਰਮਿੰਦਰ ਸਿੰਘ ਭਮਰਾ ਇਟਲੀ ਵਿਖੇ ਮ੍ਰਿਦੰਗ ਅਤੇ ਜੋੜੀ ਸਾਜ਼ ਦੇ ਉੱਤਮ ਕਲਾਕਾਰ ਹਨ। ਇਨ੍ਹਾਂ ਤੋਂ ਇਲਾਵਾ ਸ. ਸੁਦਰਸ਼ਨ ਸਿੰਘ ਚਾਨਾ ਵੀ ਪ੍ਰਸਿੱਧ ਜੋੜੀ ਵਾਦਕ ਹਨ।

**-ਮੁਖੀ ਪੋਸਟ ਗਰੈਜੂਏਟ ਸੰਗੀਤ ਅਤੇ ਗੁਰਮਤਿ ਸੰਗੀਤ ਵਿਭਾਗ।**
**ਸ੍ਰੀ ਗੁਰੂ ਤੇ.ਗ ਬਹਾਦਰ ਖ਼ਾਲਸਾ ਕਾਲਜ, ਸ੍ਰੀ ਅਨੰਦਪੁਰ ਸਾਹਿਬ।**



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ

## (1780-1839)

**ਅੰਤਿਮ ਕਿਸ਼ਤ**

**(ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ)**

ਕਸ਼ਮੀਰ ਦੀ ਜਿੱਤ ਤੋਂ ਬਾਅਦ ਮਹਾਰਾਜਾ ਨੇ ਪਿੰਡ ਭਟੀਆ ਚਨਯੋਟੇ ਮੁਲਤਾਨ ਵਿਖੇ ਖੁੱਲੇ ਦਰਬਾਰ ਲਗਾਏ। ਪਰਜਾ ਦੀਆਂ ਮੁਸ਼ਕਿਲਾਂ ਦਾ ਮੌਕੇ ਤੇ ਹੀ ਨਿਪਟਾਰਾ ਕਰਦੇ ਗਏ। ਜਦੋਂ ਮਹਾਰਾਜਾ ਨੂੰ ਪਤਾ ਲੱਗਿਆ ਕਿ ਮੁਲਤਾਨ ਦਾ ਹਾਕਮ ਸ਼ਾਮ ਸਿੰਘ ਪਿਸ਼ੌਰੀਏ ਦੇ ਹੱਥੋਂ ਪਰਜਾ ਦੁਖੀ ਹੈ ਤਾਂ ਉਸ ਨੂੰ ਤੁਰੰਤ ਪਦਵੀ ਤੋਂ ਲਾਹ ਦਿੱਤਾ । ਜਥੇਦਾਰ ਖੁਸ਼ਹਾਲ ਸਿੰਘ ਨੂੰ ਫ਼ੌਜ ਦੇ ਕੇ ਡੇਰਾ ਗਾਜੀ ਖਾਂ 'ਤੇ ਕਬਜ਼ਾ ਕਰਨ ਲਈ ਭੇਜਿਆ । ਹਾਕਮ ਜਮਾਨ ਖਾਂ ਭੱਜ ਗਿਆ।

ਸੰਨ 1820 ਵਿੱਚ ਸੈਨਾਪਤੀ ਫਤਹਿ ਸਿੰਘ ਆਹਲੂਵਾਲੀਆ, ਸ਼ਾਮ ਸਿੰਘ ਅਟਾਰੀ ਤੇ ਦੀਵਾਨ ਰਾਮ ਦਿਆਲ ਦੇ ਨਾਲ ਫ਼ੌਜ ਹਜਾਰੇ ਭੇਜੀ। ਸੈਨਾਪਤੀ ਰਾਮ ਦਿਆਲ ਪਠਾਣਾਂ ਹੱਥੋਂ ਮਾਰਿਆ ਗਿਆ। ਸਿੰਘਾਂ ਨੇ ਪਠਾਣਾਂ ਦੇ ਆਹੂ ਲਾਹ ਦਿੱਤੇ। ਉਹ ਭੱਜ ਗਏ। ਹਜ਼ਾਰੇ ਦਾ ਇਲਾਕਾ ਫਤਹਿ ਹੋ ਗਿਆ।

ਸੰਨ 1821 ਵਿਚ ਸਿੱਖ ਫ਼ੌਜਾਂ ਨੇ ਮਨਕੇਰਾ ਦਾਖਲ ਹੁੰਦਿਆਂ ਭਖਰ ਦਾ ਕਿਲਾ ਸਰ ਕੀਤਾ। ਫਿਰ ਡੇਹਰਾ ਇਸਮਾਈਲ ਖਾਂ, ਖਾਨਗੜ ਦੇ ਕਿਲੇ ਸਰ ਕੀਤੇ। ਮਨਕੇਰਾਂ ਨਵਾਬ ਅਹਿਮਦ ਖਾਂ ਨੇ ਟਾਕਰਾ ਕੀਤਾ। ਪਰ ਛੇਤੀ ਹੀ ਹਾਰ ਮੰਨ ਗਿਆ ਪਰ ਨਵਾਬ ਅਹਿਮਦ ਖਾਂ ਨੂੰ ਡੇਰਾ ਇਸਮਾਈਲ ਖਾਂ ਜਾਗੀਰ ਵਿਚ ਦੇ ਦਿੱਤਾ। ਇਸ ਮੁਹਿਮ ਵਿੱਚ ਦਸ ਲੱਖ ਰੁਪਏ ਸਲਾਨਾ ਆਮਦਨ ਦਾ ਇਲਾਕਾ ਸਿੱਖ ਰਾਜ ਵਿੱਚ ਆ ਗਿਆ।

ਵਜ਼ੀਰ ਮੁਹੰਮਦ ਖਾਂ ਨੇ 1823 ਵਿੱਚ ਪਿਸ਼ੌਰ 'ਤੇ ਚੜ੍ਹਾਈ ਕੀਤੀ। ਉਸ ਦਾ ਭਰਾ ਮੁਹੰਮਦ ਯਾਰ ਖਾਂ ਪਿਸ਼ੌਰ ਦਾ ਹਾਕਮ ਸੀ। ਪਰ ਉਸ ਦੇ ਨਾਲ ਰਲਿਆ ਹੋਇਆ ਸੀ। ਤਦ ਹੀ ਤਾਂ ਉਹ ਇਲਾਕਾ ਛੱਡ ਕੇ ਭੱਜ ਗਿਆ। ਅਮੀਨ ਖਾਂ ਨੇ ਬਿਨਾਂ ਕਿਸੇ ਟਾਕਰੇ ਦੇ ਪਿਸ਼ੌਰ ਤੇ ਕਬਜ਼ਾ ਕਰ ਲਿਆ। ਉਹਨਾਂ ਜਹਾਦ ਦਾ ਨਾਅਰਾ ਦੇ ਕੇ ਹੋਰ ਪਠਾਣ ਵੀ ਨਾਲ ਰਲਾ ਲਏ। ਉਹਨਾਂ ਨੇ ਨੌਸ਼ਹਿਰਾਂ ਅਤੇ ਹਸਤ ਨਗਰ ਮੁਕਾਬਲੇ ਲਈ ਚੁਣ ਲਏ। ਸ਼ਹਿਜ਼ਾਦਾ ਸ਼ੇਰ ਸਿੰਘ ਦੀ ਅ ਗਵਾਈ ਹੇਠ ਖ਼ਾਲਸਾ ਫ਼ੌਜ ਪਿਸ਼ੌਰ ਵੱਲ ਤੁਰੀ। ਸ੍ਰ. ਹਰੀ ਸਿੰਘ ਨਲੂਆ ਵੀ ਪਹੁੰਚ ਗਿਆ। ਮਹਾਰਾਜਾ ਨਾਲ ਅਕਾਲੀ ਫੂਲਾ ਸਿੰਘ, ਦੇਸਾ ਸਿੰਘ ਅਤੇ ਫਤਹਿ ਸਿੰਘ ਆਹਲੂਵਾਲੀਆਂ ਸਨ। ਅਜੀਮ ਖਾਂ ਦੇ ਭਤੀਜੇ ਮੁਹੰਮਦ ਜਮਾਨ ਨੇ ਜਹਾਂਗੀਰੇ ਦਾ ਕਿਲਾ ਸਰ ਕਰ ਲਿਆ। ਜਦੋਂ ਸਿੱਖ ਫ਼ੌਜਾਂ ਪਹੁੰਚੀਆਂ ਤਾਂ ਉਹਨਾਂ ਨੇ ਜਹਾਗੀਰੇ 'ਤੇ ਕਬਜ਼ਾ ਕਰ ਲਿਆ।



ਦੋਸਤ ਮੁਹੰਮਦ ਖਾਂ ਨੇ ਜਬਾਰ ਖਾਨ ਨਾਲ ਜਹਾਗੀਰੇ ਦੇ ਨੇੜੇ ਖ਼ੂਨੀ ਜੰਗ ਹੋਈ। ਸਿੰਘਾਂ ਨੇ ਦੁਸ਼ਮਣਾਂ ਦੇ ਆਹੂ ਲਾਹ ਦਿੱਤੇ। ਪਠਾਣਾ ਨੇ ਅਟਕ ਪਾਰ ਗਏ ਸਿੰਘਾਂ ਤੇ ਅਟਕ ਦਾ ਪੁਲ ਤੋੜ ਦਿੱਤਾ। ਮਹਾਰਾਜਾ ਨੇ ਆਪਣਾ ਘੋੜਾ ਅਟਕ ਦਰਿਆ ਵਿੱਚ ਠੇਲ੍ਹ ਦਿੱਤਾ, ਨਾਲ ਹੀ ਸੂਰਬੀਰ ਖ਼ਾਲਸਾ ਅਟਕ ਦਰਿਆ ਪਾਰ ਹੋ ਗਿਆ। ਪਾਠਣ ਜਹਾਗੀਰੇ ਤੋਂ ਨੌਸ਼ਹਿਰਾਂ ਵੱਡੀ ਫ਼ੌਜ ਨਾਲ ਇਕੱਠੇ ਹੋ ਗਏ। ਜਹਾਗੀਰ ਵਿਖੇ ਨਾਰਾਜ਼ ਸਰਦਾਰ ਜੈ ਸਿੰਘ ਅਟਾਰੀ, ਨਜੀਮ ਖਾਂ ਤੋਂ ਵੱਖ ਹੋ ਕੇ ਮਹਾਰਾਜਾ ਨਾਲ ਆਣ ਰਲਿਆ। ਮਾਰਚ 14, 1824 ਨੂੰ ਅਕਾਲੀ ਫੂਲਾ ਸਿੰਘ ਵੈਰੀਆਂ ਦੇ ਦਲ ਤੇ ਜਾ ਪਏ। ਮਹਾਰਾਜਾ ਨੇ ਹੋਰ ਫ਼ੌਜ ਭੇਜੀ। ਅਕਾਲੀ ਜੀ ਨੇ ਰਣ ਤੱਤੇ ਵਿੱਚ ਬੜੀ ਬਹਾਦਰੀ ਦੇ ਜੌਹਰ ਵਿਖਾਏ ਅਤੇ ਲੜਦੇ ਲੜਦੇ ਸ਼ਹੀਦ ਹੋ ਗਏ। ਸਿੱਖ ਫ਼ੌਜਾਂ ਨੇ ਰੋਹ ਵਿੱਚ ਆ ਕੇ ਪਠਾਣਾਂ ਦੇ ਪੈਰ ਉਖਾੜ ਦਿੱਤੇ। ਪਠਾਣ ਭੱਜ ਗਏ। ਖ਼ਾਲਸਾ ਫ਼ੌਜ ਦੇ ਹੱਥ ਬਹੁਤ ਸਾਰਾ ਜੰਗੀ ਸਮਾਨ ਆਇਆ। ਇਸ ਜੰਗ ਵਿੱਚ ਖ਼ਾਲਸਾ ਫ਼ੌਜ ਦਾ ਵੀ ਵੱਡਾ ਨੁਕਸਾਨ ਹੋਇਆ ਪਰ ਬਹੁਤ ਸਾਰਾ ਪਠਾਣੀ ਇਲਾਕਾ ਮਹਾਰਾਜਾ ਦੇ ਕਬਜ਼ੇ ਵਿੱਚ ਆ ਗਿਆ। ਮਾਰਚ 17, 1824 ਨੂੰ ਮਹਾਰਾਜਾ ਬੜੀ ਸ਼ਾਨ ਨਾਲ ਪਿਸ਼ੌਰ ਵਿੱਚ ਦਾਖਲ ਹੋਏ। ਯਾਰ ਮੁਹੰਮਦ ਖਾਂ ਤੇ ਦੋਸਤ ਮੁਹੰਮਦ ਖਾਂ ਨੇ 50 ਵਧੀਆ ਘੋੜੇ ਅਤੇ ਹੋਰ ਕੀਮਤੀ ਤੋਹਫ਼ੇ ਮਹਾਰਾਜ ਨੂੰ ਭੇਂਟ ਕੀਤੇ। ਯਾਰ ਮੁਹੰਮਦ ਖਾਂ ਨੂੰ ਪਿਸ਼ੌਰ ਦਾ ਹਾਕਮ ਨਿਯੁਕਤ ਕੀਤਾ।

ਸਯਦ ਅਹਿਮਦ ਨੇ 50 ਹਜਾਰ ਪਠਾਣਾ ਨੂੰ ਜਹਾਦ ਦ ਨਾਉਂ ਹੇਠ ਇਕੱਠਾ ਕਰ ਲਿਆ। ਮਹਾਰਾਜ ਨੇ ਬਗਾਵਤ ਨੂੰ ਦਬਾਉਣ ਲਈ ਸਰਦਾਰ ਬੁੱਧ ਸਿੰਘ ਸੰਧਾਵਾਲੀਆ ਨੂੰ ਪਿਸ਼ੌਰ ਭੇਜਿਆ। ਦੋ ਤਗੜੀਆਂ ਜੰਗਾਂ ਵਿੱਚ ਸਯਦ ਅਹਿਮਦ ਹਾਰ ਗਿਆ। ਉਹ ਫਿਰ ਅਟਕ ਦੇ ਇਲਾਕੇ ਵਿੱਚ ਆ ਨਿਕਲਿਆ। ਮਹਾਰਾਜਾ ਖੜਕ ਸਿੰਘ ਨੂੰ ਭੇਜਿਆ। ਪਠਾਣਾ ਅਤੇ ਸਿੰਘਾਂ ਵਿਚਕਾਰ ਤਗੜਾ ਜੰਗ ਹੋਇਆ। ਪਠਾਣ ਮੈਦਾਨ ਛੱਡ ਕੇ ਭੱਜ ਗਏ। ਮਹਾਰਾਜਾ ਨੇ ਫਿਰ ਵੀ ਤਿਆਰੀ ਨਾਲ ਪਿਸ਼ੌਰ 'ਤੇ ਹਮਲਾ ਕਰ ਕੀਤਾ। ਉਸਨੇ ਔਰਤਾਂ ਨੂੰ ਆਪਣੇ ਜ਼ੁਲਮ ਦਾ ਸ਼ਿਕਾਰ ਬਣਾਇਆ।

ਕੰਵਰ ਸ਼ੇਰ ਸਿੰਘ ਤੇ ਵਨਤੂਰਾ ਦੀ ਅਗਵਾਈ ਹੇਠ ਫ਼ੌਜ ਭੇਜੀ ਗਈ। ਸਯਦ ਅਹਿਮਦ ਦੀ ਹਾਰ ਹੋਈ। ਪਿਸ਼ੌਰ ਤੇ ਮਹਾਰਾਜਾ ਦਾ ਕਬਜ਼ਾ ਹੋ ਗਿਆ। ਸੁਲਤਾਨ ਮੁਹੰਮਦ ਖਾਂ ਨੂੰ ਪਿਸ਼ੌਰ ਦਾ ਹਾਦਮ ਨਿਯੁਕਤ ਕੀਤਾ। ਉਸਨੇ ਪ੍ਰਸਿੱਧ ਘੋੜਾ ਮਹਾਰਾਜਾ ਨੂੰ ਭੇਂਟ ਕੀਤਾ। ਸਯਦ ਅਹਿਮਦ ਨੇ ਸੁਲਤਾਨ ਮੁਹੰਮਦ ਨਾਲ ਕਈ ਵਾਰ ਲੜਾਂਈਆਂ ਲੜੀਆਂ। ਅੰਤ ਵਿੱਚ ਪਠਾਣ ਉਸ ਦਾ ਸਾਥ ਛੱਡ ਗਏ। ਉਹ ਮੁਜਫਰਾਬਾਦ ਚਲਾ ਗਿਆ। ਖ਼ਾਲਸਾ ਫ਼ੌਜ ਨੇ ਮੁਜਫਰਾ ਬਾਦ ਦੇ ਕਿਲੇ ਨੂੰ ਘੇਰਾ ਪਾ ਲਿਆ। ਸਯਦ ਅਹਿਮਦ ਮਾਰਿਆ ਗਿਆ।

ਅੰਗਰੇਜ਼ਾਂ ਨਾਲ ਪ੍ਰਬੰਧਕਾਂ ਦੀਆਂ ਮੁਲਾਕਾਤਾਂ ਹੋਈਆਂ। ਮਹਾਰਾਜਾ ਨਾਲ ਵੀ ਅਕਤੂਬਰ 1831 ਨੂੰ ਮੁਲਾਕਾਤ ਹੋਈ, ਜੋ ਏਕਤਾ ਦ ਸਬੂਤ ਸਨ। ਸੰਨ 1834 ਵਿੱਚ ਮਹਾਰਾਜਾ ਦੇ ਪੋਤਰੇ ਕੰਵਰ ਨੌਨਿਹਾਲ ਸਿੰਘ ਅਤੇ ਹਰੀ ਸਿੰਘ ਨਲੂਆ ਅਧੀਨ ਫ਼ੌਜ ਪਿਸ਼ਾਵਰ ਭੇਜੀ। ਪਠਾਣਾਂ ਨੇ ਸ਼ਹਿਰ ਦੀ ਕਿਲ੍ਹੇਬੰਦੀ ਕਰਕੇ ਖ਼ਾਲਸੇ ਦਾ ਟਾਕਰਾ ਕੀਤਾ ਪਰ ਖ਼ਾਲਸੇ ਦੀ ਜਿੱਤ ਹੋਈ। ਪਿਸ਼ਾਵਰ ਦਾ ਹਾਕਮ ਨੌਂ ਨਿਹਾਲ ਨੂੰ ਨਿਯੁਕਤ ਕੀਤਾ।

ਮਹਾਰਾਜਾ ਨੇ ਹੋਰ ਵੀ ਕਿਲੇ ਬਣਾ ਲਏ। ਕਾਬਲ ਦੇ ਬਾਦਸ਼ਾਹ ਮੁਹੰਮਦ ਖਾਂ ਨੇ 1835 ਵਿਚ ਪਿਸ਼ਾਵਰ 'ਤੇ ਚੜ੍ਹਾਈ ਕਰ ਦਿੱਤੀ ਪਰ ਛੇਤੀ ਹੀ ਜਿੱਤਣ ਦੀ ਉਮੀਦ ਛੱਡ ਦਿੱਤੀ। ਕੰਵਰ ਸ਼ੇਰ ਸਿੰਘ ਕਸ਼ਮੀਰ ਦਾ ਹਾਕਮ ਸੀ। ਉਸਨੇ ਲਦਾਖ ਤੇ ਜ਼ੋਰਾਵਰ ਸਿੰਘ ਹੇਠ 8 ਫੌਜ ਭੇਜੀ। ਪਹਾੜੀਆਂ ਦੀ ਦੋ ਮਹੀਨੇ ਦੀ ਲੜਾਈ ਵਿਚੋਂ ਲਦਾਖੀ ਭੱਜ ਪਏ। ਲਦਾਖ ਸਿੱਖ ਰਾਜ ਵਿੱਚ ਸ਼ਾਮਲ ਹੋ ਗਿਆ।

ਸ੍ਰ. ਹਰੀ ਸਿੰਘ ਨਲੂਆ ਨੇ ਕਾਬਲ ਤੋਂ ਆਉਣ ਵਾਲੇ ਦੁਸ਼ਮਣਾਂ ਦੇ ਵੱਡੇ ਰਾਹ ਦੱਰਾ ਖ਼ੈਬਰ ਨੂੰ ਰੋਕਣ ਦਾ ਫੈਸਲਾ ਕੀਤਾ। ਇਸ ਲਈ ਦੱਰਾ ਖ਼ੈਬਰ ਦੇ ਅੱਗੇ ਜਮਰੋਂਦ ਤੇ ਕਬਜ਼ਾ ਕਰ ਲਿਆ। ਪਿਸ਼ੌਰ ਤੋਂ ਜਮਰੌਦ ਦੇ ਰਾਹ ਬੁਰਜ ਹਰੀ ਸਿੰਘ ਕਿਲਾ ਬਣਵਾਇਆ। ਇਕ ਕਿਲਾ ਬਾੜਾ ਨਦੀ ਦ ਕੰਢੇ ਅਤੇ ਹਸਤਨਗਰ, ਬਿੱਜਰ ਤੇ ਗੰਧਾਰ ਤੇ ਰਾਹ ਰੋਕਣ ਲਈ ਸੰਕਰ ਗੜਾ ਕਿਲਾ ਬਣਾਇਆ। ਉਸ ਪਠਾਣੀ ਇਲਾਕੇ ਵਿੱਚ ਵੱਡੀ ਫ਼ੌਜ ਰਖ ਕੇ ਅਮਨ ਕਾਇਮ ਕੀਤਾ।

ਅਪ੍ਰੈਲ 1837 ਨੂੰ ਦੋਸਤ ਮੁਹੰਮਦ ਖਾਂ ਨੇ ਸਿੱਖ ਰਾਜ ਵਿਰੁਧ ਜਹਾਦ ਦਾ ਐਲਾਨ ਕਰ ਦਿੱਤਾ। ਆਪਣੇ ਪੁੱਤਰ ਮੁਹੰਮਦ ਅਕਬਰ ਦੇ ਹੇਠ ਫ਼ੌਜ ਪਿਸ਼ਾਵਰ ਤੇ ਹਮਲਾ ਕਰਨ ਲਈ ਭੇਜੀ। ਉਸ ਵੇਲੇ ਸ੍ਰ. ਮਹਾ ਸਿੰਘ ਦੇ ਕੋਲ 800 ਫੌਜੀ ਸਨ ਤੇ ਉਹ ਬਿਮਾਰ ਸੀ। ਸ੍ਰ. ਹਰੀ ਸਿੰਘ ਨਲੂਆ ਵੀ ਮੌਜੂਦ ਨਹੀਂ ਸੀ। ਦੁਸ਼ਮਣ ਦੀ ਫ਼ੌਜ ਨੇ ਜਮਰੌਦ ਕਿਲੇ ਦੀਆਂ ਕੰਧਾਂ ਤੇ ਗੋਲੇ ਵਰਸਾਉਣੇ ਸ਼ੁਰੂ ਕਰ ਦਿੱਤੇ। ਸ੍ਰ. ਮਹਾ ਸਿੰਘ ਨੇ ਮੁਕਾਬਲਾ ਕੀਤਾ। ਪਠਾਣਾਂ ਨੇ ਕਿਲੇ ਦੀ ਕੰਧ ਢਾਹ ਲਈ ਪਰ ਡਰਦੇ ਕਿਲੇ ਅੰਦਰ ਨਾ ਵੜੇ। ਸ੍ਰ. ਹਰੀ ਸਿੰਘ ਨਲੂਆ ਵੱਲ ਚਿੱਠੀ ਭੇਜੀ ਗਈ। ਸ੍ਰ. ਨਲੂਆ 10 ਹਜਾਰ ਦੀ ਫ਼ੌਜ ਲੈ ਕੇ ਜਮਰੌਦ ਪੁੱਜਾ। ਸਿੰਘਾਂ ਅਤੇ ਪਠਾਣਾਂ ਦੀ ਭਿਆਨਕ ਲੜਾਈ ਹੋਈ। ਸਿੰਘਾਂ ਨੇ ਪਠਾਣਾਂ ਨੂੰ ਮਾਰ ਢੇਰ ਲਗਾ ਦਿੱਤੇ। ਪਠਾਣੀ ਫ਼ੌਜ ਭੱਜ ਪਈ। ਉਹ 14 ਤੋਪਾਂ ਤੇ ਜੰਗੀ ਸਮਾਨ ਵੀ ਛੱਡ ਗਏ। ਸ੍ਰ. ਨਿਧਾਨ ਸਿੰਘ ਪਿੱਛਾ ਕਰਦਾ ਪਠਾਣੀ ਫ਼ੌਜ ਦੇ ਘੇਰੇ ਵਿੱਚ ਆ ਗਿਆ। ਸ੍ਰ. ਨਲੂਆ ਉਸ ਦੀ ਮਦਦ ਲਈ ਦੌੜੇ। ਪਠਾਣ ਲੁਕੇ ਹੋਏ ਵੀ ਸਨ। ਉਹਨਾਂ ਸ੍ਰ. ਨਲੂਆ ਤੇ ਗੋਲੀਆਂ ਚਲਾ ਦਿੱਤੀਆਂ। ਸਖ਼ਤ ਫੱਟੜ ਖ਼ਾਲਸੇ ਨੇ ਲੁਕ ਹੋਏ ਪਠਾਣਾ ਨੂੰ ਮਾਰ ਮੁਕਾਇਆ। ਸ੍ਰ. ਨਲੂਆ ਜਮਰੌਦ ਦੇ ਕਿਲੇ ਵਿੱਚ ਲਿਜਾਇਆ ਗਿਆ। ਜ਼ਖ਼ਮਾਂ ਦਾ ਇਲਾਜ ਕੀਤਾ ਪਰ ਉਹ ਸ਼ਹੀਦੀ ਪਾ ਗਏ। ਮਹਾਰਾਜ ਆਪ ਪਿਸ਼ੌਰ ਗਏ ਤੇ ਬਹਾਦਰ ਜਰਨੈਲ ਨੂੰ ਸ਼ਰਧਾਂਜਲੀ ਦਿੱਤੀ।

ਅਫ਼ਗਾਨ ਤੇ ਕਬਜ਼ਾ ਕਰਨ ਲਈ ਮਹਾਰਾਜਾ ਨੇ ਕੰਵਰ ਨੌਂ ਨਿਹਾਲ ਸਿੰਘ ਹੇਠ ਫ਼ੌਜ ਭੇਜੀ। ਇਸ ਜੰਗ ਵਿੱਚ ਸਿੱਖ ਅਤੇ ਅੰਗਰੇਜ਼ ਰਲ ਕ ਲੜੇ। ਦੋਸਤ ਮੁਹੰਮਦ ਖਾਂ ਟਾਕਰਾ ਨਾ ਕਰ ਸਕਿਆ। ਸ਼ਾਹ ਸੁਜਾਹ ਨੂੰ ਕਾਬਲ ਦਾ ਹਾਕਮ ਬਣਾਇਆ।

ਮਈ 1839 ਨੂੰ ਮਹਾਰਾਜਾ ਨੂੰ ਅਧਰੰਗ ਦਾ ਸਖ਼ਤ ਦੌਰਾ ਪਿਆ। ਰੋਗ ਵਧਦਾ ਹੀ ਗਿਆ। ਮਹਾਰਾਜਾ ਨੇ ਸਭ ਮੁਹਤਬਰਾਂ ਅਹਿਲਕਾਰਾਂ ਨੂੰ ਬੁਲਾ ਕੇ ਹਜੂਰੀ ਬਾਗ ਵਿੱਚ ਆਖਰੀ ਦਰਬਾਰ ਕੀਤਾ। ਸ਼ਾਹਜਾਦਾ ਖੜਕ ਸਿੰਘ ਨੂੰ ਰਾਜ ਗੱਦੀ ਸੌਂਪਣ ਦੀ ਰਸਮ ਪੂਰੀ ਕੀਤੀ। ਮੁੱਖ ਵਜ਼ੀਰ ਰਾਜਾ ਧਿਆਨ ਸਿੰਘ ਨੂੰ ਬਣਾਇਆ।

ਮਹਾਰਾਜਾ ਦੇ ਬੋਲ ਸਨ ਕਿ ਖ਼ਾਲਸਾ ਜੀ ਸਿੱਖ ਰਜ ਦੀ ਵਾੜੀ ਨੂੰ ਬੜੀ ਮਿਹਨਤ ਅਤੇ ਮੁਸ਼ਕਿਲ ਨਾਲ ਸਤਿਗੁਰੂ ਦੀ ਬਖਸ਼ਿਸ਼ ਨਾਲ ਲਾਇਆ ਹੈ। ਵੇਖਣਾ, ਕੋਈ ਐਸਾ ਕੰਮ ਨਾ ਕਰਨਾ ਕਿ ਖ਼ਾਲਸਾ ਰਾਜ ਨੂੰ ਨੁਕਸਾਨ ਪੁੱਜ। ਖ਼ਾਲਸਾਈ ਨਿਸ਼ਾਨ ਨੂੰ ਉੱਚਾ ਰੱਖਣ ਲਈ ਜੋਰ ਲਾਉਣਾ। ਮਹਾਰਾਜਾ ਦਾ ਅਕਾਲ ਚਲਾਣਾ 27 ਜੂਨ ਨੂੰ ਹੋਇਆ। ਲੋਕ ਮਹਾਰਾਜਾ ਦੇ ਅੰਤਿਮ ਦਰਸ਼ਨਾਂ ਲਈ ਪਹੁੰਚੇ। ਮਹਾਰਾਜਾ ਦਾ ਸਸਕਾਰ ਛੋਟੀ ਰਾਵੀ ਦੇ ਕੰਢੇ ਲਾਹੌਰ ਕਿਲੇ ਦੇ ਬਾਹਰ ਗੁਰਦੁਆਰਾ ਡੇਹਰਾ ਸਾਹਿਬ ਸਾਹਮਣੇ ਕੀਤਾ ਗਿਆ। ਇਸ ਦੀ ਯਾਦਗਾਰ ਪੱਛਮੀ ਪਾਕਿਸਤਾਨ ਵਿੱਚ ਰਹਿ ਗਈ ਹੈ। ਮਹਾਰਾਜਾ ਨੇ ਇਕ ਵਿਸ਼ਾਲ ਖ਼ਾਲਸਾ ਰਾਜ ਸਥਾਪਿਤ ਕੀਤਾ। ਜਿਸ ਦੇ ਚਾਰ ਸੂਬੇ ਲਾਹੌਰ , ਮੁਲਤਾਨ , ਪਿਸ਼ਾਵਰ ਤੇ ਕਸ਼ਮੀਰ ਸਨ।






# ਸਦਾਬਹਾਰ ਹਨ ਪੰਜਾਬੀ ਸਟਾਈਲ ਦੇ ਸਲਵਾਰ-ਸੂਟ





**ਅਨੰਨਿਆ ਮਿਸ਼ਰਾ**

ਫੈਸ਼ਨ ਦੇ ਇਸ ਬਦਲਦੇ ਯੁੱਗ ਵਿੱਚ, ਹਰ ਦਿਨ ਕੋਈ ਨਾ ਕੋਈ ਫੈਸ਼ਨ ਰੁਝਾਨ ਬਦਲਦਾ ਹੁੰਦਾ ਹੈ। ਸਲਵਾਰ-ਸੂਟ ਇੱਕ ਅਜਿਹਾ ਪਹਿਰਾਵਾ ਹੈ ਜੋ ਤੁਸੀਂ ਹਰ ਰੋਜ਼ ਅਤੇ ਹਰ ਪਾਰਟੀ ਅਤੇ ਫੰਕਸ਼ਨ ਵਿੱਚ ਪਹਿਨਦੇ ਹੋ। ਅੱਜ ਕੱਲ੍ਹ, ਤੁਸੀਂ ਬਜ਼ਾਰ ਵਿੱਚ ਰੈਡੀਮੇਡ ਸੂਟ ਫੈਬਰਿਕ ਖਰੀਦ ਸਕਦੇ ਹੋ ਅਤੇ ਆਪਣੇ ਆਪ ਨੂੰ ਇੱਕ ਅਨੁਕੂਲਿਤ ਰੂਪ ਦੇ ਸਕਦੇ ਹੋ। ਅੱਜ ਕੱਲ੍ਹ ਪੰਜਾਬੀ ਸਟਾਈਲ ਸਲਵਾਰ-ਕਮੀਜ਼ ਵਧੇਰੇ ਪ੍ਰਸਿੱਧ ਹੋ ਰਿਹਾ ਹੈ। ਅਜਿਹੇ 'ਚ ਅੱਜ ਇਸ ਆਰਟੀਕਲ ਦੇ ਜ਼ਰੀਏ ਅਸੀਂ ਤੁਹਾਨੂੰ ਪੰਜਾਬੀ ਸਟਾਈਲ ਦੇ ਸਲਵਾਰ-ਸੂਟ ਦੇ ਕੁਝ ਨਵੇਂ ਡਿਜ਼ਾਈਨਾਂ ਬਾਰੇ ਦੱਸਣ ਜਾ ਰਹੇ ਹਾਂ, ਜਿਨ੍ਹਾਂ ਨੂੰ ਤੁਸੀਂ ਆਪਣੀ ਲੁੱਕ ਨੂੰ ਪਰਫੈਕਟ ਬਣਾਉਣ ਲਈ ਸਟਾਈਲ ਕਰ ਸਕਦੇ ਹੋ।

**ਗੋਲ ਘੇਰੇ ਵਾਲਾ ਸੂਟ**

ਤੁਹਾਨੂੰ ਗੋਲ ਚੱਕਰ ਵਿੱਚ ਬਹੁਤ ਸਾਰੇ ਅਨਾਰਕਲੀ ਅਤੇ ਕਾਲੀਦਾਰ ਸੂਟ ਡਿਜ਼ਾਈਨ ਆਸਾਨੀ ਨਾਲ ਮਿਲ ਜਾਣਗੇ। ਗਰਮੀਆਂ ਵਿੱਚ, ਤੁਸੀਂ ਹਲਕੇ ਭਾਰ ਦੇ ਪਲੇਨ ਜਾਂ ਪ੍ਰਿੰਟਿਡ ਫੈਬਰਿਕ ਦੇ ਬਣੇ ਸੂਟ ਪਹਿਨ ਸਕਦੇ ਹੋ। ਇਸ ਸੂਟ ਦੇ ਨਾਲ ਭਾਰੀ ਝੁਮਕੀ ਪਹਿਨ ਕੇ ਆਪਣੀ ਦਿੱਖ ਨੂੰ ਪੂਰਾ ਕਰੋ। ਗੋਲ-ਨੇਕ ਸੂਟ ਦੇ ਨਾਲ ਗੋਟਾ-ਪੱਟੀ ਲੇਸ ਦੁਪੱਟਾ ਸਟਾਈਲ ਕਰੋ।

**ਪਟਿਆਲਾ ਸਟਾਈਲ ਸਲਵਾਰ-ਸੂਟ**

ਇਹ ਸਲਵਾਰ ਸੂਟ ਪੰਜਾਬ ਵਿੱਚ ਸਭ ਤੋਂ ਵੱਧ ਪਸੰਦ ਕੀਤਾ ਜਾਂਦਾ ਹੈ। ਤੁਸੀਂ ਪਟਿਆਲਾ ਸਟਾਈਲ ਦੇ ਸਲਵਾਰ ਸੂਟ ਦੇ ਨਾਲ ਫੁਲਕਾਰੀ ਦੁਪੱਟਾ ਕੈਰੀ ਕਰ ਸਕਦੇ ਹੋ। ਇਸ ਕਿਸਮ ਦੀ ਸਲਵਾਰ ਦੇ ਨਾਲ, ਤੁਸੀਂ ਇੱਕ ਸ਼ਾਰਟ ਸਟਾਈਲ ਸੂਟ ਕਮੀਜ਼ ਪਾ ਸਕਦੇ ਹੋ ਅਤੇ ਹੈਵੀ ਲੁੱਕ ਪ੍ਰਾਪਤ ਕਰਨ ਲਈ, ਤੁਸੀਂ ਹੈਮ 'ਤੇ ਇੱਕ ਚੌੜਾ ਡਿਜ਼ਾਈਨ ਵਾਲਾ ਲੇਸ ਪਾ ਸਕਦੇ ਹੋ। ਇਸ ਕਿਸਮ ਦੇ ਸੂਟ ਦੇ ਨਾਲ, ਤੁਸੀਂ ਗੁਰਕਬੀ ਸ਼ੈਲੀ ਦੀ ਜੁੱਤੀ ਪਹਿਨ ਕੇ ਆਪਣੀ ਦਿੱਖ ਨੂੰ ਪੂਰਾ ਕਰ ਸਕਦੇ ਹੋ।

**ਚੌੜੇ ਘੇਰੇ ਵਾਲਾ ਸੂਟ**

ਆਪਣੀ ਦਿੱਖ ਨੂੰ ਨਿਖਾਰਨ ਲਈ, ਤੁਸੀਂ ਸਲਵਾਰ ਜਾਂ ਪੈਂਟ ਨੂੰ ਚੌੜੇ-ਕੰਡੇ ਵਾਲੇ ਸੂਟ ਦੇ ਨਾਲ ਪਹਿਨ ਸਕਦੇ ਹੋ ਕਿਉਂਕਿ ਕਈ ਵਾਰ ਅਸੀਂ ਛੋਟੀਆਂ ਕਮੀਜ਼ਾਂ ਪਹਿਨਣ ਵਿੱਚ ਅਰਾਮ ਮਹਿਸੂਸ ਨਹੀਂ ਕਰਦੇ। ਅਜਿਹੀ ਸਥਿਤੀ ਵਿੱਚ, ਇਹ ਡਿਜ਼ਾਈਨ ਤੁਹਾਡੇ ਲਈ ਸਭ ਤੋਂ ਵਧੀਆ ਰਹੇਗਾ। ਇਸ ਦੇ ਨਾਲ ਹੀ ਤੁਸੀਂ ਹੈਵੀ ਵਰਕ ਦਾ ਦੁਪੱਟਾ ਵੀ ਕੈਰੀ ਕਰ ਸਕਦੇ ਹੋ। ਤੁਸੀਂ ਇਸ ਤਰ੍ਹਾਂ ਦੇ ਸੂਟ ਦੇ ਨਾਲ ਗਿੱਟੇ ਦੀ ਲੰਬਾਈ ਵਾਲੀ ਪੈਂਟ ਕੈਰੀ ਕਰ ਸਕਦੇ ਹੋ। ਇਹ ਤੁਹਾਨੂੰ ਆਧੁਨਿਕ ਅਹਿਸਾਸ ਦੇਣ ਦਾ ਕੰਮ ਕਰੇਗਾ।

# ਔਰਤਾਂ ਦੀ ਘੱਟ ਆਮਦਨ ਹੈ ਚਿੰਤਾਜਨਕ



ਭਾਰਤ ਕਈ ਤਰ੍ਹਾਂ ਦੀਆਂ ਅਸਮਾਨਤਾਵਾਂ ਨਾਲ ਜੂਝ ਰਿਹਾ ਦੇਸ਼ ਹੈ। ਇਹਨਾਂ ਅਸਮਾਨਤਾਵਾਂ ਵਿੱਚ ਆਰਥਿਕ ਵਿਤਕਰੇ ਤੋਂ ਇਲਾਵਾ ਕੇਵਲ ਜਾਤੀ ਅਸਮਾਨਤਾ ਹੀ ਨਹੀਂ, ਲਿੰਗ ਵਿਤਕਰਾ ਬਹੁਤ ਗੰਭੀਰ ਹੈ। ਘੱਟ ਜਾਂ ਘੱਟ, ਹਰ ਕਿਸਮ ਦੀਆਂ ਔਰਤਾਂ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਇਸ ਦਾ ਸਾਹਮਣਾ ਕਰਨਾ ਪੈਂਦਾ ਹੈ। ਚਾਹੇ ਉਹ ਸ਼ਹਿਰੀ ਹੋਵੇ ਜਾਂ ਪੇਂਡੂ, ਪੜ੍ਹੀ ਲਿਖੀ ਹੋਵੇ ਜਾਂ ਅਨਪੜ੍ਹ ਜਾਂ ਘੱਟ ਪੜ੍ਹੀ-ਲਿਖੀ, ਚਾਹੇ ਉਹ ਅਖੌਤੀ ਉੱਚ ਜਾਤੀ ਦੀ ਹੋਵੇ ਜਾਂ ਨੀਵੀਂ ਜਾਤ ਦੀ - ਹਰ ਔਰਤ ਨੂੰ ਜ਼ਿੰਦਗੀ ਭਰ ਹਰ ਕਦਮ 'ਤੇ ਇੱਕੋ ਜਿਹਾ ਸਾਹਮਣਾ ਕਰਨਾ ਪੈਂਦਾ ਹੈ।

ਮੰਨਿਆ ਜਾਂਦਾ ਹੈ ਕਿ ਸਵੈ-ਨਿਰਭਰਤਾ ਔਰਤਾਂ ਨੂੰ ਮਰਦਾਂ ਦੇ ਬਰਾਬਰ ਲਿਆ ਸਕਦੀ ਹੈ, ਪਰ ਉੱਥੇ ਵੀ ਉਨ੍ਹਾਂ ਦਾ ਰਾਹ ਇੰਨਾ ਆਸਾਨ ਨਹੀਂ ਹੈ। ਅਸਮਾਨਤਾ ਦਾ ਡੰਕਾ ਉੱਥੇ ਵੀ ਮੌਜੂਦ ਹੈ। ਵਰਲਡ ਇਕਨਾਮਿਕ ਫੋਰਮ ਦੀ ਪਿਛਲੇ ਦਿਨੀਂ ਜਾਰੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਭਾਰਤ 'ਚ ਔਰਤਾਂ ਦੀ ਆਮਦਨ ਪੁਰਸ਼ਾਂ ਦੇ ਮੁਕਾਬਲੇ 60 ਫੀਸਦੀ ਘੱਟ ਹੈ। ਇਹ ਅੰਤਰ ਇੰਨਾ ਵੱਡਾ ਹੈ ਕਿ ਕੋਈ ਵੀ ਸੱਭਿਅਕ ਸਮਾਜ ਆਪਣੇ ਬਲ 'ਤੇ ਲਿੰਗ ਸਮਾਨਤਾ ਦਾ ਦਾਅਵਾ ਨਹੀਂ ਕਰ ਸਕਦਾ। ਇਹ ਵੀ ਸ਼ਰਮਨਾਕ ਹੈ। ਸਰਕਾਰ ਨੂੰ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ ਅਤੇ ਉਹ ਸਾਰੇ ਉਪਾਅ ਕਰਨੇ ਚਾਹੀਦੇ ਹਨ, ਜਿਸ ਨਾਲ ਮਰਦਾਂ ਅਤੇ ਔਰਤਾਂ ਵਿਚਕਾਰ ਮਜ਼ਦੂਰੀ ਦੇ ਇਸ ਪਾੜੇ ਨੂੰ ਖਤਮ ਕੀਤਾ ਜਾ ਸਕੇ।

ਹਾਲਾਂਕਿ, ਇਹ ਰਿਪੋਰਟ ਦੇਸ਼ ਵਿੱਚ ਲਿੰਗ ਅਸਮਾਨਤਾ ਦੀ ਸਥਿਤੀ ਨੂੰ ਉਜਾਗਰ ਕਰਦੀ ਹੈ। 146 ਦੇਸ਼ਾਂ ਦੀ ਸੂਚੀ 'ਚ ਭਾਰਤ 129ਵੇਂ ਸਥਾਨ 'ਤੇ ਹੈ। ਪਿਛਲੇ ਸਾਲ ਉਹ 125ਵੇਂ ਸਥਾਨ 'ਤੇ ਸੀ। ਇਸ ਦਾ ਸਿੱਧਾ ਮਤਲਬ ਇਹ ਹੈ ਕਿ ਇਹ ਦੇਸ਼ ਔਰਤਾਂ ਨੂੰ ਦੇਵੀ ਮੰਨਣ ਲਈ ਤਿਆਰ ਹੈ ਪਰ ਉਨ੍ਹਾਂ ਨੂੰ ਮਨੁੱਖ ਵਜੋਂ ਉਨ੍ਹਾਂ ਨੂੰ ਮਿਲੇ ਅਧਿਕਾਰ ਦੇਣ ਲਈ ਤਿਆਰ ਨਹੀਂ ਹੈ, ਜਿਸ ਦੀ ਸ਼ੁਰੂਆਤ ਹਰ ਤਰ੍ਹਾਂ ਦੀ ਬਰਾਬਰੀ ਤੋਂ ਹੁੰਦੀ ਹੈ। ਇਸ ਰਿਪੋਰਟ ਨੇ ਭਾਰਤ ਨੂੰ ਉਨ੍ਹਾਂ ਦੇਸ਼ਾਂ ਦੇ ਸਮੂਹ ਵਿੱਚ ਰੱਖਿਆ ਹੈ ਜਿੱਥੇ ਲਿੰਗ ਅਸਮਾਨਤਾ ਸਭ ਤੋਂ ਵੱਧ ਹੈ। ਉਸ ਨੇ 0.398 ਅੰਕ ਪ੍ਰਾਪਤ ਕੀਤੇ ਹਨ ਜੋ ਕਿ ਬਹੁਤ ਮਾੜੀ ਕਾਰਗੁਜ਼ਾਰੀ ਹੈ। ਕਿਹਾ ਜਾਂਦਾ ਹੈ ਕਿ ਜਿਸ ਕੰਮ ਲਈ ਮਰਦ ਨੂੰ 100 ਰੁਪਏ ਮਿਲਦੇ ਹਨ,



ਔਰਤ ਨੂੰ ਸਿਰਫ਼ 52 ਰੁਪਏ ਮਿਲਦੇ ਹਨ। ਇਸ ਦਾ ਯੋਗਦਾਨ ਵੀ ਸਿਰਫ਼ 40 ਫ਼ੀਸਦੀ ਹੀ ਹੈ। ਇਸ ਖੇਤਰ ਵਿੱਚ ਭਾਰਤ ਦੀ ਸਥਿਤੀ ਪਾਕਿਸਤਾਨ, ਇਰਾਨ, ਸੂਡਾਨ ਅਤੇ ਬੰਗਲਾਦੇਸ਼ ਨਾਲੋਂ ਬਿਹਤਰ ਦੱਸੀ ਜਾਂਦੀ ਹੈ।

ਉਂਝ ਵੀ ਔਰਤਾਂ ਦੀ ਆਰਥਿਕ ਦੁਰਦਸ਼ਾ ਅਤੇ ਉਨ੍ਹਾਂ ਨੂੰ ਮਰਦਾਂ ਤੋਂ ਹੇਠਾਂ ਰੱਖਣ ਦਾ ਮੁੱਖ ਕਾਰਨ ਅਤੇ ਆਧਾਰ ਇਸ ਸਮਾਜ ਦੀ ਪੁਰਖੀ ਸੋਚ ਹੈ। ਸਮੁੱਚਾ ਸਮਾਜਿਕ ਢਾਂਚਾ ਇਨ੍ਹਾਂ ਅਸਮਾਨਤਾਵਾਂ 'ਤੇ ਆਧਾਰਿਤ ਹੈ। ਭਾਰਤੀ ਸਮਾਜ, ਇਹਨਾਂ ਦੋ ਤੱਤਾਂ - ਜਗੀਰੂ ਅਤੇ ਧਾਰਮਿਕ, ਦਾ ਬਣਿਆ ਹੋਇਆ ਹੈ, ਉਪਰੋਕਤ ਤਿੰਨਾਂ ਕਿਸਮਾਂ ਦੀਆਂ ਅਸਮਾਨਤਾਵਾਂ ਨੂੰ ਕਾਇਮ ਰੱਖਣ ਦੇ ਹੱਕ ਵਿੱਚ ਹੈ। ਸਮਾਜ 'ਤੇ ਰਾਜ ਕਰਨ ਵਾਲੇ ਧਰਮ ਅਤੇ ਰਾਜਨੀਤੀ ਵਿੱਚ ਕੰਮ ਕਰਨ ਵਾਲੇ ਲੋਕ ਜਾਣਦੇ ਹਨ ਕਿ ਔਰਤਾਂ ਦੇ ਮਰਦਾਂ ਦੇ ਬਰਾਬਰ ਹੋਣ ਦਾ ਮਤਲਬ ਇਸ ਸ਼ੋਸ਼ਣ 'ਤੇ ਅਧਾਰਤ ਪ੍ਰਣਾਲੀ ਦਾ ਪਤਨ ਹੋਵੇਗਾ। ਇਸ ਲਈ ਉਹ ਸਥਿਤੀ ਨੂੰ ਕਾਇਮ ਰੱਖਦੇ ਹਨ। ਦੱਸੀਆਂ ਗਈਆਂ ਸਾਰੀਆਂ ਧਾਰਮਿਕ ਅਤੇ ਨੈਤਿਕ ਕਹਾਣੀਆਂ ਵਿੱਚ, ਆਪਣੇ ਆਪ ਨੂੰ ਕੁਰਬਾਨ ਕਰਨ ਵਾਲੀਆਂ, ਥੋੜ੍ਹੇ ਜਿਹੇ ਵਿੱਚ ਸੰਤੁਸ਼ਟ ਹੋਣ ਵਾਲੀਆਂ, ਮਰਦਾਂ, ਖਾਸ ਕਰਕੇ ਪਿਤਾ ਅਤੇ ਪਤੀ ਦੀ ਸੇਵਾ ਵਿੱਚ ਆਪਣਾ ਜੀਵਨ ਬਤੀਤ ਕਰਨ ਵਾਲੀਆਂ ਔਰਤਾਂ ਦੀ ਵਡਿਆਈ ਕੀਤੀ ਗਈ ਹੈ। ਉਨ੍ਹਾਂ ਨੂੰ ਸਵੈ-ਨਿਰਭਰਤਾ ਤੋਂ ਇਲਾਵਾ ਸਭ ਕੁਝ ਸਿਖਾਇਆ ਜਾਂਦਾ ਹੈ। ਖਾਣ-ਪੀਣ ਤੋਂ ਲੈ ਕੇ ਪੜ੍ਹਾਈ ਤੱਕ ਘਰ ਵਿੱਚ ਲੜਕੇ-ਲੜਕੀਆਂ ਵਿੱਚ ਹੁੰਦੇ ਵਿਤਕਰੇ ਨੂੰ ਦੇਖ ਕੇ ਉਹ ਕੁੜੀਆਂ ਵੱਡੀਆਂ ਹੋ ਕੇ ਇਸ ਪਰੰਪਰਾ ਨੂੰ ਅੱਗੇ ਵਧਾਉਂਦੀਆਂ ਹਨ। ਕੁੜੀਆਂ ਨੂੰ ਇਹ ਕਹਿ ਕੇ ਪੜ੍ਹਾਈ ਤੋਂ ਨਿਰਾਸ਼ ਕੀਤਾ ਜਾਂਦਾ ਹੈ ਕਿ 'ਉਹ ਕੁੜੀ ਹੈ', 'ਇੰਨੀ ਪੜ੍ਹ ਕੇ ਕੀ ਕਰੇਗੀ' ਜਾਂ 'ਉਸ ਨੂੰ ਕੀ ਨੌਕਰੀ ਕਰਨੀ ਚਾਹੀਦੀ ਹੈ'... ਆਦਿ। ਕੁੜੀਆਂ ਨੂੰ ਨੌਕਰੀਆਂ ਕਰਨ ਦੇ ਕਾਬਲ ਨਹੀਂ ਬਣਾਇਆ ਜਾਂਦਾ।

ਕਾਨੂੰਨਾਂ ਕਾਰਨ ਸੰਗਠਿਤ ਖੇਤਰਾਂ ਵਿੱਚ ਤਨਖਾਹਾਂ, ਭੱਤਿਆਂ ਅਤੇ ਸਹੂਲਤਾਂ ਵਿੱਚ ਬਰਾਬਰਤਾ ਦੇਖੀ ਜਾ ਸਕਦੀ ਹੈ, ਪਰ ਉੱਥੇ ਇਨ੍ਹਾਂ ਦੀ ਪ੍ਰਤੀਸ਼ਤਤਾ ਬਹੁਤ ਘੱਟ ਹੈ। ਵੱਡੀਆਂ ਕੰਪਨੀਆਂ ਵਿੱਚ ਲਿੰਗ ਅਨੁਪਾਤ ਦੀ ਸਥਿਤੀ ਬਹੁਤ ਖਰਾਬ ਹੈ। ਉਨ੍ਹਾਂ ਲਈ ਤਰੱਕੀ ਦੇ ਮੌਕੇ ਮਰਦਾਂ ਦੇ ਮੁਕਾਬਲੇ ਘੱਟ ਹਨ। ਉਨ੍ਹਾਂ ਨੂੰ ਅਹਿਮ ਅਹੁਦੇ ਅਤੇ ਜ਼ਿੰਮੇਵਾਰੀਆਂ ਨਹੀਂ ਮਿਲਦੀਆਂ। ਕੰਪਨੀਆਂ ਦੇ ਬੋਰਡਾਂ 'ਤੇ ਵੀ ਉਦਯੋਗਪਤੀਆਂ ਦੇ ਪਰਿਵਾਰਾਂ ਦੀਆਂ ਔਰਤਾਂ ਹੀ ਹੋਣਗੀਆਂ। ਸਰਕਾਰੀ ਕੰਪਨੀਆਂ ਵਿੱਚ ਵੀ ਇਹੋ ਸਥਿਤੀ ਹੈ। ਅਸੰਗਠਿਤ ਖੇਤਰਾਂ ਵਿੱਚ ਸਥਿਤੀ ਬਦਤਰ ਹੈ। ਨਾ ਸਿਰਫ਼ ਉਨ੍ਹਾਂ ਨੂੰ ਮਰਦਾਂ ਦੇ ਮੁਕਾਬਲੇ ਘੱਟ ਰੁਜ਼ਗਾਰ ਮਿਲਦਾ ਹੈ, ਸਗੋਂ ਤਨਖ਼ਾਹਾਂ ਅਤੇ ਉਜਰਤਾਂ ਵਿੱਚ ਵੀ ਵਿਆਪਕ ਅਸਮਾਨਤਾ ਹੈ, ਜੋ ਨਾ ਸਿਰਫ਼ ਉਨ੍ਹਾਂ ਦੇ ਜੀਵਨ ਪੱਧਰ 'ਤੇ ਅਸਰ ਪਾਉਂਦੀ ਹੈ ਸਗੋਂ ਹੋਰ ਅਸਮਾਨਤਾਵਾਂ ਵਿਰੁੱਧ ਉਨ੍ਹਾਂ ਦੀ ਲੜਾਈ ਨੂੰ ਵੀ ਕਮਜ਼ੋਰ ਕਰਦੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਔਰਤਾਂ ਨਾਲ ਇਹ ਵਿਤਕਰਾ ਸਿਰਫ਼ ਭਾਰਤ ਵਿੱਚ ਹੀ ਨਹੀਂ ਸਗੋਂ ਪੂਰੀ ਦੁਨੀਆ ਵਿੱਚ ਹੈ। ਭਾਵੇਂ ਚੰਗੀ ਸਿੱਖਿਆ ਅਤੇ ਨਾਗਰਿਕ ਅਧਿਕਾਰਾਂ ਪ੍ਰਤੀ ਸੁਚੇਤ, ਆਪਣੇ ਲਈ ਵੱਡੇ ਪੱਧਰ 'ਤੇ ਬਰਾਬਰੀ ਵਾਲਾ ਸਮਾਜ ਸਿਰਜਣ ਵਾਲੇ ਦੇਸ਼ਾਂ ਵਿੱਚ ਔਰਤਾਂ ਲਈ ਰਾਹ ਮੁਕਾਬਲਤਨ ਆਸਾਨ ਹੋ ਗਿਆ ਹੈ, ਪਰ ਤੀਜੀ ਦੁਨੀਆਂ ਕਹੇ ਜਾਣ ਵਾਲੇ ਏਸ਼ੀਆਈ, ਅਫਰੀਕੀ ਅਤੇ ਲਾਤੀਨੀ ਅਮਰੀਕੀ ਦੇਸ਼ਾਂ ਵਿੱਚ ਔਰਤਾਂ ਬਹੁਤ ਪਿੱਛੇ ਹਨ। ਰਿਪੋਰਟ ਮੁਤਾਬਕ ਅਸਮਾਨਤਾ ਦਾ ਇਹ ਰਾਹ ਇੰਨਾ ਲੰਬਾ ਹੈ ਕਿ ਇਸ ਨੂੰ ਪਾਰ ਕਰਨ ਲਈ ਯੂਰਪ ਨੂੰ 67 ਸਾਲ, ਉੱਤਰੀ ਅਮਰੀਕਾ ਨੂੰ 95 ਸਾਲ ਅਤੇ ਲਾਤੀਨੀ ਅਮਰੀਕਾ ਅਤੇ ਕੈਰੇਬੀਅਨ ਦੇਸ਼ਾਂ ਨੂੰ 53 ਸਾਲ ਲੱਗਣਗੇ। ਦੱਖਣੀ ਏਸ਼ੀਆਈ ਦੇਸ਼ਾਂ ਦੀ ਸਥਿਤੀ ਗੰਭੀਰ ਹੈ, ਜਿਸ ਵਿੱਚ ਭਾਰਤ ਵੀ ਸ਼ਾਮਲ ਹੈ। ਇਸ ਲਿੰਗ ਅਸਮਾਨਤਾ ਨੂੰ ਦੂਰ ਕਰਨ ਲਈ 149 ਸਾਲ ਲੱਗਣਗੇ। ਸਭ ਤੋਂ ਮਾੜੀ ਸਥਿਤੀ ਪੂਰਬੀ ਏਸ਼ੀਆ ਦੇ ਉਨ੍ਹਾਂ ਦੇਸ਼ਾਂ ਦੀ ਹੈ ਜਿਨ੍ਹਾਂ ਲਈ ਇਹ ਸਮਾਂ 189 ਸਾਲ ਦਾ ਅਨੁਮਾਨ ਲਗਾਇਆ ਗਿਆ ਹੈ। ਰਿਪੋਰਟ ਦਰਸਾਉਂਦੀ ਹੈ ਕਿ ਜ਼ਿਆਦਾਤਰ ਦੇਸ਼ਾਂ ਵਿੱਚ ਲੋਕਤੰਤਰ ਦੀ ਸਥਾਪਨਾ ਅਤੇ ਵਿਗਿਆਨਕ-ਤਕਨੀਕੀ ਤਰੱਕੀ ਦੇ ਬਾਅਦ ਵੀ ਲਿੰਗ ਅਸਮਾਨਤਾ ਪੂਰੀ ਦੁਨੀਆਂ ਲਈ ਚਿੰਤਾ ਦਾ ਮੁੱਖ ਮੁੱਦਾ ਬਣੀ ਹੋਈ ਹੈ। ਸੰਵਿਧਾਨ ਵਿੱਚ ਹਰ ਇੱਕ ਨੂੰ ਇੱਕ ਤੋਂ ਵੱਧ ਅਧਿਕਾਰ ਦਿੱਤੇ ਗਏ ਹਨ, ਪਰ ਪੁਰਸ਼ ਪ੍ਰਧਾਨ ਸੋਚ ਕਾਰਨ ਔਰਤਾਂ ਉਹ ਸਭ ਕੁਝ ਹਾਸਲ ਨਹੀਂ ਕਰ ਪਾ ਰਹੀਆਂ ਹਨ, ਜਿਸ ਦੀ ਉਹ ਮਨੁੱਖ ਵਜੋਂ ਹੱਕਦਾਰ ਹਨ। ਪੁਰਸ਼ਾਂ ਨੂੰ ਅਜੇ ਵੀ ਵਿਕਾਸ ਦੀ ਕਰੀਮ ਦਾ ਵੱਡਾ ਹਿੱਸਾ ਮਿਲਦਾ ਹੈ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ਵਹੁਟੀ

ਰਚਨਾ ਸ਼ਰਮਾ



ਚੜ੍ਹਦੇ ਅੱਸੂ ਵਿੱਚ ਅਕਸਰ ਬੈਂਡ ਵਾਜਿਆਂ ਤੇ ਸਪੀਕਰਾਂ ਦੀਆਂ ਆਵਾਜ਼ਾਂ ਗੂੰਜਣੀਆਂ ਸ਼ੁਰੂ ਹੋ ਜਾਂਦੀਆਂ। ਵਿਆਹਾਂ ਦੀਆਂ ਰੌਣਕਾਂ ਤੇ ਖ਼ੁਸ਼ੀਆਂ ਪਿੰਡ ਵਿੱਚ ਫੈਲ ਜਾਂਦੀਆਂ ਜਿਵੇਂ ਵਿਆਹ ਇੱਕ ਘਰ ਵਿੱਚ ਨਾ ਹੋ ਕੇ ਪੂਰੇ ਇਲਾਕੇ ਵਿੱਚ ਹੋ ਰਿਹਾ ਹੋਵੇ। ਛੋਟੀਆਂ ਬੱਚੀਆਂ ਤੇ ਅੱਲ੍ਹੜ ਮੁਟਿਆਰਾਂ ਵਹੁਟੀ ਦੇ ਚੂੜੇ, ਕਲੀਰਿਆਂ ਤੇ ਸ਼ਿੰਗਾਰ ਤੋਂ ਖ਼ਾਸੀਆਂ ਪ੍ਰਭਾਵਿਤ ਹੁੰਦੀਆਂ। ਇਸੇ ਤਰ੍ਹਾਂ ਨਵੀਂ ਵਿਆਹੀ ਦੀ ਫੁੱਲਾਂ ਨਾਲ ਸ਼ਿੰਗਾਰੀ ਕਾਰ ਨੂੰ ਨਿਹਾਰਨਾ ਤੇ ਉਸ ਦੇ ਘੁੰਡ ਵਿੱਚੋਂ ਇੱਕ ਵਾਰ ਉਸ ਦੀ ਝਾਤ ਪਾ ਲੈਣਾ ਮੇਰੀ ਵੀ ਖ਼ਾਹਿਸ਼ ਹੁੰਦੀ। ਲਾਲ ਜੋੜਾ, ਗੇਂਦੇ ਦੇ ਫੁੱਲਾਂ ਦੀ ਖ਼ੁਸ਼ਬੂ ਤੇ ਖੜ ਖੜ ਕਰਦੇ ਕਲੀਰਿਆਂ ਦੀਆਂ ਚਮਕਦੀਆਂ ਤਾਰਾਂ ਨੂੰ ਚੁੱਕਣਾ ਬੜਾ ਸੋਹਣਾ ਲੱਗਦਾ। ਇਸੇ ਤਰ੍ਹਾਂ ਜਦੋਂ ਪਿੰਡ ਵਿੱਚ ਕਾਕੇ ਦਾ ਵਿਆਹ ਧਰਿਆ ਗਿਆ ਤਾਂ ਨਵੀਂ ਵਹੁਟੀ ਨੂੰ ਵੇਖਣ ਦਾ ਚਾਅ ਉਛਾਲੇ ਮਾਰਨ ਲੱਗਾ। ਖ਼ੁਸ਼ੀ-ਖ਼ੁਸ਼ੀ ਦੌੜਦੀ ਪਿੰਡ ਦੀ ਕਮਲੀ ਤਾਈ ਕੋਲ ਪਹੁੰਚੀ। "ਤਾਈ, ਤੈਨੂੰ ਪਤਾ ਲੱਭੂ ਕੇ ਕਾਕੇ ਕਾ ਵਿਆਹ ਧਰਿਆ ਗਿਆ। ਹੁਣ ਤਾਂ ਗੁਆਂਢ 'ਚ ਵਹੁਟੀ ਆਊ ਵਹੁਟੀ।" ਤਾਈ ਹੱਸੀ, ਬਹੁਤ ਹੱਸੀ, ਖਿੜ ਖਿੜ ਹੱਸੀ ਤੇ ਮੈਂ ਇੱਕ ਟਕ ਉਹਦੇ ਵੱਲ ਬੇਬਾਕ ਦੇਖਦੀ ਰਹੀ ਜਿਵੇਂ ਉਹ ਮੇਰੀ ਖਿੱਲੀ ਉਡਾ ਰਹੀ ਹੋਵੇ। ਉਹ ਬੋਲੀ, "ਵਹੁਟੀ ਵਹੁਟੀ!"

ਉਸ ਵੱਲੋਂ ਦੁਹਰਾਏ ਇਹ ਸ਼ਬਦ ਮੈਨੂੰ ਆਪਣੇ ਆਪ 'ਤੇ ਹੈਰਾਨ ਹੋਣ ਲਈ ਮਜਬੂਰ ਕਰ ਰਹੇ ਸਨ। ਕਮਲੀ ਤਾਈ ਨੇ ਸ਼ਾਇਦ ਕੋਈ ਡੂੰਘੀ ਸੱਟ ਖਾਧੀ ਸੀ। ਇਸ ਸ਼ਬਦ ਨੂੰ ਜਿਸ ਲਹਿਜੇ ਵਿੱਚ ਉਹ ਰਟ ਰਹੀ ਸੀ ਉਸ ਦੇ ਦਿਲ ਦਾ ਬਿਆਨ ਹਾਲ ਬਿਆਨ ਕਰ ਰਹੇ ਸਨ।

ਮੈਂ ਫਿਰ ਆਪਣੇ ਮੱਥੇ ਤੋਂ ਸਵਾਲੀਆ ਤਿਊੜੀਆਂ ਸਿੱਧਿਆਂ ਕਰਦਿਆਂ ਕਿਹਾ, "ਹਾਂ ਤਾਈ, ਨਵੀਂ ਵਹੁਟੀ ਆਊਗੀ ਪਿੰਡ 'ਚ।"

ਤਾਈ ਨੇ ਲਹਿਜਾ ਥੋੜ੍ਹਾ ਬਦਲਦਿਆਂ ਕਿਹਾ, "ਭੋਲੀਏ ਧੀਏ! ਵਹੁਟੀ ਨਹੀਂ ਰੋਟੀ ਆਊਗੀ, ਹਾਂ ਰੋਟੀ ਆਊਗੀ।"

"ਰੋਟੀ ਕਿਉਂ?" ਹੁਣ ਮੇਰੇ ਮਨ 'ਚ ਫਿਰ ਸਵਾਲ ਉੱਭਰਿਆ ਤੇ ਮੈਂ ਕਿਹਾ, "ਤਾਈ, ਤੂੰ ਸੱਚੀਂ ਕਮਲੀ ਏਂ ਤਾਂ ਹੀ ਤੈਨੂੰ ਸਾਰਾ ਪਿੰਡ ਕਮਲੀ ਤਾਈ ਕਹਿੰਦਾ ਏ।"

ਮੈਂ ਜਿਵੇਂ ਦੁੜੰਗੇ ਲਾਏ ਤੇ ਉੱਥੋਂ ਵਿਆਹ ਵਾਲੇ ਘਰ ਵੱਲ ਕੰਧਾਂ ਤੋਂ ਝਾਤੀਆਂ ਮਾਰਨ ਲੱਗੀ। ਬਦਾਣੇ ਤੇ ਲੱਡੂਆਂ ਨੇ ਜਿਵੇਂ ਸੰਝ ਵੇਲੇ ਖ਼ੁਸ਼ਬੂਆਂ ਦੀ ਮਹਿਫ਼ਲ ਲਗਾਈ ਹੋਵੇ।

ਜੰਞ ਚੜ੍ਹੀ, ਵਹੁਟੀ ਆਈ, ਪਾਣੀ ਵਾਰਿਆ ਗਿਆ।

ਮੈਂ ਵਹੁਟੀ ਨੂੰ ਵੇਖਣ ਲਈ ਰੋਜ਼ ਸ਼ਾਮ ਨੂੰ ਸਕੂਲ ਦਾ ਕੰਮ ਨਿਪਟਾ ਕੇ ਉਸ ਘਰ ਜਾਣਾ ਸ਼ੁਰੂ ਕਰ ਦਿੱਤਾ। ਵਹੁਟੀ ਨੇ ਵੀ ਮੇਰੇ ਵੱਲ ਤੱਕਣਾ ਤੇ ਨਿੰਮੀ ਜਿਹੀ ਹਾਸੀ ਹੱਸਣੀ। ਉਹ ਦਿਨ ਵੀ ਆਇਆ ਜਦੋਂ ਵਹੁਟੀ ਚੁੱਲ੍ਹੇ ਚੜ੍ਹੀ। ਨਵੀਂ ਵਹੁਟੀ ਨੇ ਆਟੇ ਦਾ ਕੜਾਹ ਬਣਾਇਆ ਤੇ ਨਾਲ ਰੋਟੀ ਬਣਾਈ। ਸਾਰਾ ਟੱਬਰ ਖਾਣ ਬੈਠਿਆ। ਉਨ੍ਹਾਂ ਦੇ ਮਨਾਂ ਵਿੱਚ ਰੋਟੀ ਪਰਖਣ ਦੀ ਕਸੌਟੀ ਹੋਵੇਗੀ, ਮੈਂ ਇਸ ਗੱਲ ਤੋਂ ਅਣਜਾਣ ਸੀ।

"ਰੋਟੀ ਥੋੜ੍ਹੀ ਮੋਟੀ ਲਾਹੁੰਦੀ ਏ," ਸੱਸ ਦੀ ਪ੍ਰਤੀਕਿਰਿਆ ਸੀ।

"ਹਾਂ, ਥੋੜ੍ਹੀ ਟੇਢੀ ਵੀ।"

"ਸੁਣ ਵਹੁਟੀਏ, ਰੋਟੀ ਗੋਲ ਤੇ ਥੋੜ੍ਹੀ ਪਤਲੀ ਵੇਲਿਆ ਕਰ ਵੇਲਣੇ 'ਤੇ ਥੋੜ੍ਹਾ ਵਜ਼ਨ ਦੇ ਕੇ, ਆਖ਼ਰ ਰੋਟੀ ਤੋਂ ਹੀ ਪਤਾ ਚੱਲਦਾ ਖਲਣੇ-ਘਰਾਣੇ ਦਾ।" ਵਹੁਟੀ ਦੀ ਜਿਵੇਂ ਜਿੰਦ ਹੀ ਨਿਕਲ ਗਈ ਹੋਵੇ। ਉਸ ਨੇ ਸ਼ਾਇਦ ਕੁਝ ਹੋਰ ਸੋਚ ਰੱਖਿਆ ਸੀ, ਪਰ ਕਲਪਨਾ ਤਾਂ ਕੋਰੀ ਕਲਪਨਾ ਹੁੰਦੀ ਹੈ। ਇਹ ਸੋਚ ਕੇ ਹਿੰਮਤ ਕੀਤੀ ਕਿ ਸਹੁਰਿਆਂ ਦਾ ਮਨ ਤਾਂ ਜਿੱਤਣਾ ਹੈ, ਅਗਲੀ ਸ਼ਾਮ ਫਿਰ ਰੋਟੀ ਬਣਾਈ। ਇਸ ਵਾਰ ਰੋਟੀ ਗੋਲ ਤੇ ਪਤਲੀ ਸੀ, ਪਰ ਇੱਕ ਪਾਸੇ ਸੇਕ ਲੱਗਣ ਕਾਰਨ ਜ਼ਿਆਦਾ ਹੀ ਰੜ੍ਹ ਗਈ ਸੀ।

"ਰੋਟੀ ਸੜੀ ਹੋਈ ਹੈ।"

"ਹਾਂ ਬੇਬੇ, ਇਹਨੇ ਘਿਓ ਵੀ ਉਲਟੇ ਪਾਸੇ ਲਾਇਐ। ਸਾਡੇ ਘਰ 'ਚ ਤਾਂ ਘਿਓ ਦੂਜੇ ਪਾਸੇ ਲੱਗਦਾ। ਇਹਦੇ ਪੇਕਿਆਂ ਦੇ ਇਧਰ ਘਿਓ ਲੱਗਦਾ ਹੋਣਾ।" ਸੱਸ ਤੇ ਨਨਾਣ ਦੀ ਘੁਸਰ-ਮੁਸਰ ਵਹੁਟੀ ਦੇ ਕੰਨੀ ਪਈ ਪਰ ਉਸ ਨੇ ਅਗਲੇ ਦਿਨ ਦੇ ਸੁਧਾਰ ਬਾਰੇ ਸੋਚਿਆ ਤੇ ਸ਼ਾਂਤ ਰਹੀ। ਤੀਜੀ ਸ਼ਾਮ ਫਿਰ ਰੋਟੀ ਬਣਾਈ।

"ਬੇਬੇ, ਲੱਗਦੈ ਇਹਨੂੰ ਰੋਟੀ ਬਣਾਉਣੀ ਸਿਖਾਈ ਨਹੀਂ ਕਿਸੇ ਨੇ। ਆਟਾ ਦੇਖ ਕਿੰਨਾ ਡੋਲ੍ਹਿਆ ਚਕਲੇ ਦੁਆਲੇ। ਰੋਟੀ ਵੀ ਕੱਚੀ-ਪੱਕੀ ਜਿਹੀ ਹੀ ਲਾਹੁੰਦੀ ਹੈ। ਤੂੰ ਸਿਖਾ ਆਪਣੇ ਵਰਗੀ।" ਇਹ ਸ਼ਬਦ ਵਹੁਟੀ ਦੇ ਕੰਨਾਂ ਵਿੱਚ ਕੱਚ ਵਾਂਗ ਚੁੱਭੇ ਜਿਵੇਂ ਕਿਸੇ ਨੇ ਟੁੱਟੀ ਬੋਤਲ ਨੂੰ ਗਲਮੇ ਤੋਂ ਫੜ ਕੇ ਉਸ ਦੀਆਂ ਨੁਕੀਲੀਆਂ ਚੁੰਝਾਂ ਨੂੰ ਵਹੁਟੀ ਦੇ ਕੰਨਾਂ ਵਿੱਚ ਧੱਕ ਦਿੱਤਾ ਹੋਵੇ। ਇਸ ਵਾਰ ਉਹ ਸੁੰਨ ਹੋ ਗਈ ਕਿਉਂਕਿ ਇਹ ਸ਼ਬਦ ਉਸ ਦੇ ਪਤੀ ਕਾਕੇ ਦੇ ਸਨ। ਉਸ ਦਾ ਹਿਰਦਾ ਵਲੂੰਧਰਿਆ ਗਿਆ, ਪਰ ਸੀ ਨਾ ਕੀਤੀ ਤੇ ਰੋਟੀ ਬਣਾਉਂਦੀ ਰਹੀ ਤੇ ਖੁਆਉਂਦੀ ਰਹੀ।

ਅੰਦਰੂਨੀ ਸੱਟਾਂ ਕਈ ਵਾਰ ਜੀਵਨ ਜਿਊਣ ਦੀ ਖ਼ਾਹਿਸ਼ ਨੂੰ ਖ਼ਤਮ ਕਰ ਦਿੰਦੀਆਂ ਹਨ। ਇਸੇ ਪ੍ਰਕਾਰ ਇਸੇ ਮਾਨਸਿਕ ਸਥਿਤੀ ਵਿੱਚ ਉਸ ਵਹੁਟੀ ਨੇ ਬੱਚੇ ਨੂੰ ਜਨਮ ਦੇਣ ਉਪਰੰਤ ਇਸ ਦੁਨੀਆ ਨੂੰ ਅਲਵਿਦਾ ਕਹਿ ਦਿੱਤਾ। ਵਿਰਲਾਪ ਹੋਇਆ, ਪਿੱਟ ਸਿਆਪਾ ਹੋਇਆ ਤੇ ਮੂੰਹਾਂ 'ਤੇ ਪੱਲੇ ਲਈ ਪਿੰਡ ਦੀਆਂ ਤ੍ਰੀਮਤਾਂ ਵਿੱਚੋਂ ਇੱਕ ਬੋਲੀ, "ਹੁਣ ਕਾਕੇ ਦੀ ਰੋਟੀ ਦਾ ਕੀ ਬਣੂੰਗਾ? ਬੜਾ ਔਖਾ ਏ।"

ਮੈਨੂੰ ਕਮਲੀ ਤਾਈ ਦੇ ਹਾਸੇ ਦਾ ਮਤਲਬ ਹੁਣ ਸਮਝ ਲੱਗਾ ਸੀ। ਵਹੁਟੀ ਭਾਵ ਰੋਟੀ।

ਕਿਰਿਆ-ਕਰਮ ਦੌਰਾਨ ਹੀ ਕਾਕੇ ਲਈ ਰੋਟੀ ਦੇ ਇੰਤਜ਼ਾਮ ਦਾ ਵਿਚਾਰ-ਵਟਾਂਦਰਾ ਹੋਣ ਲੱਗਾ ਤੇ ਰਿਸ਼ਤਿਆਂ ਦੀ ਦੱਸ ਪੈਣੀ ਸ਼ੁਰੂ ਹੋ ਗਈ ਸੀ।

# ਪੱਥਰ ਦਿਲ

ਰਵਿੰਦਰ ਸਿੰਘ ਧਾਲੀਵਾਲ



ਬਚਿੰਤ ਕੌਰ ਮਿਲਾਪੜੀ, ਸੁੱਘੜ ਸਿਆਣੀ ਤੇ ਦਿਆਲੂ ਸੁਭਾਅ ਦੀ ਔਰਤ ਸੀ। ਪੇਕੇ ਅਤੇ ਸਹੁਰੇ ਘਰ ਅਤਿ ਦੀ ਗ਼ਰੀਬੀ ਹੰਢਾਈ, ਪਰ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿ ਕੇ ਅੱਗਾ ਸੰਵਾਰਨ ਲਈ ਤਤਪਰ ਰਹਿੰਦੀ। ਪਤੀ ਸੂਰਤ ਸਿੰਘ ਨਾਲ ਪਾਠੀ ਦੇ ਬੋਲਾਂ ਨਾਲ ਉੱਠਣ ਤੋਂ ਕਦੇ ਨਾਗਾ ਨਾ ਪਾਇਆ। ਗੁਰੂ ਘਰ ਮੱਥਾ ਟੇਕ ਕੇ ਦਿਨ ਦੀ ਸ਼ੁਰੂਆਤ ਕਰਦੇ। ਮੱਝਾਂ ਨੂੰ ਪੱਠੇ ਪਾ, ਹਾਜਰੀ ਰੋਟੀ ਪਕਾ ਕੇ ਦੋਵੇਂ ਮੁੰਡਿਆਂ ਤੇ ਕੁੜੀ ਨੂੰ ਸਕੂਲ ਜਾਣ ਲਈ ਤਿਆਰ ਕਰ ਦਿੰਦੀ। ਬੱਚਿਆਂ ਨੂੰ ਸਾਰੇ ਕੰਮ ਨਿਮਰਤਾ, ਠਰੰਮੇ ਤੇ ਸਮਝ ਕੇ ਕਰਨ ਲਈ ਆਖਦੀ, ਕਾਹਲੀ ਦੇ ਕੰਮ ਨੂੰ ਸ਼ੈਤਾਨ ਦਾ ਕੰਮ ਆਖ ਭੰਡਦੀ। ਬਾਪੂ ਨੇ ਬਚਿੰਤ ਕੁਰ ਨਾਮ ਦੋ ਭਰਾਵਾਂ ਦੀ ਇਕੱਲੀ ਭੈਣ ਹੋਣ ਕਰਕੇ ਰੱਖਿਆ ਸੀ, ਪਰ ਆਂਢਣਾਂ-ਗੁਆਂਢਣਾਂ ਨੇ ਉਸ ਨੂੰ ਚਿੰਤ ਕੌਰ ਆਖ ਕੇ ਨਾਮ ਹੀ ਪਲਟ ਦਿੱਤਾ। ਮਨੋ-ਮਨ ਸੋਚਦੀ ਕਿ ਸਮੇਂ ਦੀ ਕਰਵਟ ਦਾ ਕੀ ਭਰੋਸਾ ਕਿਤੇ ਇਹ ਚਿੰਤ ਕੁਰ ਨਾਮ ਸਿੱਧ ਹੀ ਨਾ ਹੋ ਜਾਵੇ। ਸੂਰਤ ਸਿੰਘ ਪੂਰਾ ਦਿਨ ਮਿੱਟੀ ਨਾਲ ਮਿੱਟੀ ਹੁੰਦਾ ਤੇ ਆਪ ਡੰਗਰਾਂ ਦੇ ਕੰਮਕਾਰਾਂ ਵਿੱਚ ਉਲਝੀ ਰਹਿੰਦੀ। ਬੱਚਿਆਂ ਦੀ ਪੜ੍ਹਾਈ ਨੂੰ ਪਹਿਲ ਦਿੰਦਿਆਂ ਉਨ੍ਹਾਂ ਦੀਆਂ ਜ਼ਰੂਰਤਾਂ ਤੇ ਅਧਿਆਪਕ ਮਿਲਣੀ ਨੂੰ ਕਦੇ ਅਣਗੌਲਿਆਂ ਨਾ ਕਰਦੇ। ਅੱਜ ਮਿਹਨਤ ਰੰਗ ਲਿਆਈ। ਕੁੜੀ ਪਿੰਡ ਵਾਲੇ ਸਕੂਲ ਵਿੱਚ ਬਾਰ੍ਹਵੀਂ ਦੇ ਅਤੇ ਲੜਕੇ ਸ਼ਹਿਰ ਦੇ ਕਾਲਜ ਵਿੱਚ ਪੇਪਰ ਦੇ ਰਹੇ ਸਨ। ਸਮੇਂ ਨਾਲ ਬੱਚਿਆਂ ਦੀ ਪੜ੍ਹਾਈ ਪੂਰੀ ਹੋ ਗਈ। ਬਚਿੰਤ ਕੌਰ ਕੁੜੀ ਦੇ ਹੱਥ ਪੀਲੇ ਕਰਨ ਲਈ ਕਾਹਲੀ ਸੀ ਪਰ ਸੂਰਤ ਸਿੰਘ ਨੇ ਕੁੜੀ ਦੀ ਮਰਜ਼ੀ ਮੁਤਾਬਿਕ ਬੀ.ਐੱਡ ਦਾ ਕੋਰਸ ਕਰਵਾ ਦਿੱਤਾ। ਪਹਿਲਾਂ ਪ੍ਰਾਈਵੇਟ ਤੇ ਫਿਰ ਜਲਦ ਹੀ ਸਰਕਾਰੀ ਨੌਕਰੀ ਮਿਲ ਗਈ। ਦੋਵੇਂ ਮੁੰਡੇ ਇਨਕਮ ਟੈਕਸ ਇੰਸਪੈਕਟਰ ਦਾ ਟੈਸਟ ਪਾਸ ਕਰ ਸਰਕਾਰੀ ਅਫਸਰ ਬਣ ਗਏ। ਹੁਣ ਬੇਬੇ ਬਾਪੂ ਨੂੰ ਕੰਮ ਕਰਨ ਤੋਂ ਰੋਕਦੇ, ਪਰ ਉਨ੍ਹਾਂ ਰੱਬ ਦੀ ਰਜ਼ਾ ਨੂੰ ਮੰਨਦਿਆਂ ਆਪਣੀ ਰੂਟੀਨ ਨਾ ਛੱਡੀ। ਇਹ ਦੇਖ ਕੇ ਪੂਰਾ ਪਿੰਡ ਸਿਫ਼ਤਾਂ ਕਰਦਾ। ਮੁੰਡਿਆਂ ਨੇ ਮਿਲ ਕੇ ਕੁਝ ਜ਼ਮੀਨ ਹੋਰ ਖਰੀਦੀ। ਹੁਣ ਖੇਤੀ ਤੇ ਮੱਝਾਂ ਲਈ ਕਾਮੇ ਰੱਖ ਲਏ। ਕੁੜੀ ਮਗਰੋਂ ਦੋਵੇਂ ਮੁੰਡੇ ਵਿਆਹ ਲਏ ਤੇ ਨੂੰਹਾਂ ਵੀ ਸਰਕਾਰੀ ਨੌਕਰੀ ਵਾਲੀਆਂ ਮਿਲੀਆਂ। ਘਰ ਵਿੱਚ ਚੰਗੀਆਂ ਰੌਣਕਾਂ ਲੱਗ ਗਈਆਂ ਸਨ। ਸਾਲ ਕੁ ਬੀਤਣ ਮਗਰੋਂ ਦੋਵੇਂ ਲੜਕਿਆਂ ਦੇ ਪਰਿਵਾਰ ਵਿੱਚ ਬੱਚਿਆਂ ਦੀਆਂ ਕਿਲਕਾਰੀਆਂ ਗੂੰਜਣ ਲੱਗੀਆਂ। ਦਾਦਾ-ਦਾਦੀ ਬੱਚਿਆਂ ਵਿੱਚ ਮਸ਼ਰੂਫ ਰਹਿੰਦੇ। ਖੇਤੀਬਾੜੀ ਕਾਮੇ ਦੇਖ ਲੈਂਦੇ ਤੇ ਡੰਗਰਾਂ ਦਾ ਕੰਮ ਲਗਭਗ ਖ਼ਤਮ ਹੋ ਚੁੱਕਾ ਸੀ।

ਬੱਚੇ ਵੱਡੇ ਹੋਣ ਕਰਕੇ ਭਰਾਵਾਂ ਨੂੰ ਚੰਗੇ ਸਕੂਲ ਵਿੱਚ ਦਾਖਲੇ ਦੀ ਚਿੰਤਾ ਸਤਾਉਣ ਲੱਗੀ ਭਾਵੇਂ ਪੈਸੇ ਦੀ ਕਮੀ ਨਹੀਂ ਸੀ। ਉਂਝ ਸਟੇਟਸ ਦੇ ਮੁਤਾਬਿਕ ਸਕੂਲ ਨੇੜੇ ਨਾ ਹੋਣ ਕਰਕੇ ਵੱਡੀ ਮੁਸ਼ਕਿਲ ਸੀ। ਅਖੀਰ ਦੋਵਾਂ ਨੇ ਸ਼ਹਿਰ ਜਾਣ ਦਾ ਫ਼ੈਸਲਾ ਕਰ ਲਿਆ। ਹੁਣ ਪਿੰਡ ਵਾਲੀ ਕੋਠੀ ਕਾਮਿਆਂ ਦੇ ਹਵਾਲੇ ਹੋ ਗਈ। ਢਲਦੀ ਉਮਰੇ ਜੱਦੀ ਘਰ ਛੱਡ ਓਪਰੀ ਜਗ੍ਹਾ ਵਸਣਾ ਸੌਖਾ ਨਹੀਂ ਸੀ, ਪਰ ਬੱਚਿਆਂ ਦੇ ਸੁਨਹਿਰੀ ਭਵਿੱਖ ਦੇ ਮੱਦੇਨਜ਼ਰ ਮੂੰਹ ਨਾ ਮੋੜਿਆ। ਬਚਿੰਤ ਕੌਰ ਦੇ ਦਿਮਾਗ ਵਿੱਚ ਕੱਚੇ ਘਰ ਤੋਂ ਲੈ ਕੇ ਲਹਿਰਾਉਂਦੀਆਂ ਫ਼ਸਲਾਂ ਵਾਲੇ ਖੇਤ ਘੁੰਮਣ ਲੱਗੇ।

ਕੁਝ ਮਹੀਨੇ ਬਾਅਦ ਦੋਵੇਂ ਭਰਾਵਾਂ ਨੇ ਕੋਠੀਆਂ ਖਰੀਦ ਲਈਆਂ। ਸਭ ਰਿਸ਼ਤੇਦਾਰਾਂ ਨੂੰ ਬੁਲਾ ਕੇ ਵੱਡਾ ਸਮਾਗਮ ਕੀਤਾ ਗਿਆ। ਦੁਨੀਆਂ ਭਰ ਦੇ ਪਕਵਾਨਾਂ ਵਿੱਚ ਅੱਜ ਬਚਿੰਤ ਕੌਰ ਦੀ ਪਿੰਡ ਵਾਲੀ ਮਹਿਕ ਰੁਲਦੀ ਨਜ਼ਰ ਆ ਰਹੀ ਸੀ। ਜਦੋਂ ਸੂਰਤ ਸਿੰਘ ਬਿਮਾਰ ਹੋਇਆ ਤਾਂ ਬਚਿੰਤ ਕੌਰ ਨੂੰ ਆਖਦਾ ਕਿ ਕਾਮੇ ਬੰਦੇ ਲਈ ਵਿਹਲ ਰੋਗ ਤੋਂ ਘੱਟ ਨਹੀਂ। ਬੱਚਿਆਂ ਦੇ ਸਕੂਲ ਜਾਣ ਮਗਰੋਂ ਘਰ ਵਿੱਚ ਨੌਕਰਾਂ ਸਹਾਰੇ ਵੇਲਾ ਲੰਘਾਉਂਦੇ। ਪੁੱਤਰ ਨੂੰਹ ਦਫ਼ਤਰੋਂ ਆ ਕੇ ਆਰਾਮ ਕਰਨ ਲਈ ਕਮਰਿਆਂ ਵਿੱਚ ਚਲੇ ਜਾਂਦੇ। ਆਥਣ ਵੇਲੇ ਬੱਚੇ ਦਾਦਾ-ਦਾਦੀ ਤੇ ਨੌਕਰ ਨਾਲ ਪਾਰਕ ਵਿੱਚ ਖੇਡ ਆਉਂਦੇ। ਉੱਥੇ ਵੀ ਆਪਸ ਵਿੱਚ ਕੋਈ ਬਹੁਤੀ ਗੱਲਬਾਤ ਨਾ ਕਰਦਾ। ਅਣਸਰਦੇ ਨੂੰ ਦੁਆ ਸਲਾਮ ਜ਼ਰੂਰ ਹੋ ਜਾਂਦੀ। ਘਰ ਵਿਦੇਸ਼ੀ ਮਾਰਬਲ ਤੇ ਬਰਾਂਡਿਡ ਟਾਈਲਾਂ ਨਾਲ ਲਿਸ਼ਕਦੇ ਸਨ। ਬਗੀਚੇ ਤੇ ਫੁੱਲ ਵਾਲੀ ਕੱਚੀ ਜਗ੍ਹਾ ਵੀ ਲੈਂਡਸਕੇਪ ਕਰਵਾ ਰੌਸ਼ਨੀ ਵਾਲੇ ਫੁਹਾਰਿਆਂ ਨਾਲ ਵਧੀਆ ਸਜਾਵਟ ਕੀਤੀ ਹੋਈ ਸੀ। ਇਸ ਦੀ ਖ਼ੂਬਸੂਰਤੀ ਖਰਾਬ ਹੋਣ ਦੇ ਡਰੋਂ ਨੌਕਰ ਹੀ ਬੱਚਿਆਂ ਨੂੰ ਖਿਡਾਉਂਦੇ ਸਨ।

ਪਾਰਕ ਵਿੱਚ ਵੀ ਮਿੱਟੀ ਫੁੱਲਾਂ ਵਾਲੀਆਂ ਕਿਆਰੀਆਂ ਵਿੱਚ ਦਿਸਦੀ। ਸਭ ਪਾਸੇ ਇੱਟਾਂ ਦੇ ਬਣੇ ਰਸਤੇ ਹੀ ਸਨ। ਪਿੰਡ ਦੀ ਭਾਈਚਾਰਕ ਸਾਂਝ ਤੇ ਮਿਲਵਰਤਣ ਵਾਲੇ ਮਾਹੌਲ 'ਚ ਵਿਚਰਨ ਅਤੇ ਖੁੱਲ੍ਹੇ ਖੇਤਾਂ 'ਚ ਘੁੰਮਣ ਵਾਲੇ ਵਿਅਕਤੀ ਲਈ ਇਹ ਦਿਮਾਗ਼ੀ ਪੀੜਾ ਤੋਂ ਘੱਟ ਨਹੀਂ ਸੀ। ਇੱਥੇ ਮਾਨਸਿਕ ਸੰਤੁਸ਼ਟੀ ਲਈ ਗੱਲ ਕਰਨ ਲਈ ਵੀ ਕੋਈ ਨਾ ਮਿਲਦਾ। ਸੂਰਤ ਸਿੰਘ ਦੂਜੇ ਸਵੇਰੇ ਬਚਿੰਤ ਕੌਰ ਨੂੰ ਦੱਸਦਾ, ਕੱਲ੍ਹ ਰਾਤ ਉਹ ਬੁੜਬੁੜਾਉਂਦੀ ਹੋਈ ਕਹਿ ਰਹੀ ਸੀ ਕਿ ਮਿੱਟੀ ਦੇ ਬਣੇ ਇਨਸਾਨਾਂ ਨੂੰ ਜੇ ਜਿਉਂਦੇ ਜੀ ਮਿੱਟੀ ਤੋਂ ਇੰਨਾ ਦੂਰ ਕਰ ਦਿੱਤਾ ਤਾਂ ਪੱਥਰ ਦਿਲ ਹੋਣਾ ਕੋਈ ਜੱਗੋ ਤੇਰ੍ਹਵੀਂ ਗੱਲ ਨਹੀਂ। ਮੈਨੂੰ ਤਾਂ ਲੱਗਦਾ ਹੈ ਕਿ ਇੱਥੇ ਮਰਨ ਤੋਂ ਬਾਅਦ ਵੀ ਮਿੱਟੀ ਨਸੀਬ ਨਹੀਂ ਹੋਣੀ। ਇਹ ਤਾਂ ਆਹ ਸ਼ਮਸ਼ਾਨਘਾਟ ਵਿੱਚ ਗੈਸ ਵਾਲੀ ਮਸ਼ੀਨ ਨਾਲ ਹੀ ਆਖ਼ਰੀ ਯਾਤਰਾ ਕਰਵਾ ਦੇਣਗੇ ਜਿੱਥੇ ਹੱਡੀਆਂ ਹੀ ਮਿਲਦੀਆਂ ਹਨ। ਕੀ ਪੈਸੇ ਤੇ ਰੁਤਬੇ ਨੇ ਇਨਸਾਨ ਨੂੰ ਇੰਨਾ ਪੱਥਰ ਦਿਲ ਬਣਾ ਦਿੱਤਾ ਕਿ ਆਖ਼ਰੀ ਸਾਹ 'ਤੇ ਵੀ ਆਪਣਿਆਂ ਨੂੰ ਆਪਣੀ ਮਿੱਟੀ ਨਸੀਬ ਹੋਣ ਦਾ ਫ਼ਿਕਰ ਨਾ ਹੋਵੇ। ਬਚਿੰਤ ਕੌਰ ਦੀ ਮਾਨਸਿਕ ਸਥਿਤੀ ਨੂੰ ਭਾਂਪਦਿਆਂ ਪਿੰਡ ਜਾਣ ਦਾ ਫ਼ੈਸਲਾ ਕਰ ਲਿਆ ਜਿਸ ਨਾਲ ਬੱਚਿਆਂ ਨੂੰ ਛੱਡ ਕੇ ਨੂੰਹਾਂ ਪੁੱਤਰਾਂ 'ਤੇ ਕੋਈ ਅਸਰ ਦਿਖਾਈ ਨਾ ਦਿੱਤਾ ਸਗੋਂ ਪੁੱਤਰਾਂ ਨੇ ਨੌਕਰਾਂ ਨੂੰ ਸਾਮਾਨ ਬੰਨ੍ਹਣ ਤੇ ਡਰਾਈਵਰ ਨੂੰ ਪਿੰਡ ਛੱਡ ਆਉਣ ਦਾ ਹੁਕਮ ਦੇ ਦਿੱਤਾ। ਅੱਜ ਬਚਿੰਤ ਕੌਰ ਦੇ ਨਾਲੋ ਨਾਲ ਸੂਰਤ ਸਿੰਘ ਨੇ ਵੀ ਅਜੋਕੀ ਪੀੜ੍ਹੀ ਦੀ ਭਾਵਨਾਤਮਕ ਦਸ਼ਾ ਨੂੰ ਬਾਖ਼ੂਬੀ ਦੇਖ ਲਿਆ। ਦੂਜੇ ਦਿਨ ਸਵੇਰੇ ਚਾਰ ਵਜੇ ਆਪਣਾ ਸਾਮਾਨ ਚੁੱਕ ਕੇ ਬਿਨਾਂ ਕਿਸੇ ਨੂੰ ਦੱਸੇ ਜ਼ਿੰਦਗੀ ਦੇ ਆਖ਼ਰੀ ਬਸੰਤ ਪਿੰਡ ਦੀਆਂ ਰੁਮਕਦੀਆਂ ਪੌਣਾਂ ਤੇ ਮਿੱਟੀ ਦੀ ਖ਼ੁਸ਼ਬੂ ਵਿੱਚ ਮਾਣਨ ਲਈ ਚੁੱਪਚਾਪ ਪਿੰਡ ਦੇ ਰਾਹ ਪੈ ਗਏ।

ਮਿੰਨੀ ਕਹਾਣੀਆਂ

ਸੁਖਮਿੰਦਰ ਸੇਖੋਂ

# ਮੇਰਾ ਕੀ ਕਸੂਰ?

ਬੇਹੋਸ਼ੀ ਦੀ ਹਾਲਤ ਵਿੱਚੋਂ ਉਹ ਹੋਸ਼ ਵਿੱਚ ਪਰਤੀ। ਆਪਣੇ ਆਪ ਨੂੰ ਸੰਭਾਲਿਆ। ਆਪਣੇ ਵਾਲਾਂ ਵਿੱਚ ਹੱਥ ਫੇਰਿਆ, ਕੱਪੜੇ ਠੀਕ ਕੀਤੇ।

"ਹੁਣ ਮੇਰੇ ਲਈ ਆਤਮ ਹੱਤਿਆ ਕਰਨ ਤੋਂ ਬਿਨਾ ਹੋਰ ਕੋਈ ਰਸਤਾ ਨਹੀਂ ਬਚਿਆ।" ਉਸ ਆਪੇ ਨਾਲ ਸੰਵਾਦ ਰਚਾਇਆ।

ਠੋਸ ਇਰਾਦਾ ਕਰਦਿਆਂ ਉਹ ਆਤਮ ਹੱਤਿਆ ਕਰਨ ਲਈ ਸ਼ਹਿਰ ਦੇ ਲਾਗਲੀ ਨਹਿਰ ਵੱਲ ਦੌੜੀ ਗਈ। ਪਰ ਜਦੋਂ ਨਹਿਰ ਵਿੱਚ ਛਾਲ ਮਾਰਨ ਲੱਗੀ ਤਾਂ ਇਕਦਮ ਉਸ ਦੇ ਅੰਦਰੋਂ ਇੱਕ ਸਵਾਲ ਉੱਠਿਆ 'ਪਰ ਕਿਉਂ? ਮੈਂ ਆਪਣੀ ਜ਼ਿੰਦਗੀ ਨੂੰ ਬੇਮਤਲਬ ਕਿਉਂ ਖਤਮ ਕਰਾਂ?'

ਉਹ ਸੋਚਣ ਲੱਗੀ, 'ਜੇ ਦਰਿੰਦਿਆਂ ਨੇ ਮੇਰੇ ਨਾਲ ਰੇਪ ਕੀਤੈ ਤਾਂ ਇਸ ਵਿੱਚ ਮੇਰਾ ਕੀ ਕਸੂਰ? ਮੇਰੇ ਆਤਮ ਹੱਤਿਆ ਕਰਨ ਨਾਲ ਮਸਲਾ ਹੱਲ ਨਹੀਂ ਹੋਣਾ। ਇਸ ਲਈ ਮੈਂ ਜੀਆਂਗੀ। ਹਾਲਾਤ ਦਾ ਸ਼ਿਕਾਰ ਹੋਈ ਇੱਕ ਪੀੜਤ ਔਰਤ ਹੁਣ ਹਾਲਾਤ ਬਦਲਣ ਬਾਰੇ ਗਹਿਰਾਈ ਨਾਲ ਸੋਚਦਿਆਂ ਘਰ ਪਰਤ ਆਈ ਸੀ।

* * *

# ਦਹਿਸ਼ਤ

ਰਣਜੀਤ ਆਜ਼ਾਦ ਕਾਂਝਲਾ

ਲੋਕ ਸਭਾ ਦੀ ਚੋਣ ਲਈ ਵੋਟਾਂ ਪੈਣ ਵਿੱਚ ਕੁਝ ਦਿਨ ਬਾਕੀ ਸਨ। ਸੰਬੰਧਤ ਉਮੀਦਵਾਰ ਦਾ ਚੋਣ ਪ੍ਰਚਾਰ ਪੂਰੇ ਸਿਖਰ 'ਤੇ ਪੁੱਜ ਗਿਆ ਸੀ। ਉਂਝ ਹਰ ਵੋਟਰ ਦੇ ਮਨ ਵਿੱਚ ਅਕਹਿ ਤੇ ਅਸਹਿ ਡਰ ਦਾ ਪਰਛਾਵਾਂ ਪਿਆ ਜਾਪਦਾ ਸੀ ਪਰ ਖੁੱਲ੍ਹ ਕੇ ਕੋਈ ਕੁਝ ਨਹੀਂ ਸੀ ਦੱਸ ਰਿਹਾ।

ਹਰੇਕ ਹਲਕੇ ਵਿੱਚ ਖੜ੍ਹੇ ਉਮੀਦਵਾਰ ਨੂੰ ਘੱਟੋ ਘੱਟ ਪੰਜ-ਛੇ ਬਾਡੀਗਾਰਡ ਉਸ ਦੀ ਸੁਰੱਖਿਆ ਲਈ ਸਰਕਾਰ ਵੱਲੋਂ ਤਾਇਨਾਤ ਕੀਤੇ ਗਏ ਸਨ ਤੇ ਹੋਰ ਸੁਰੱਖਿਆ ਲਈ ਨਿੱਜੀ ਅਮਲਾ ਉਮੀਦਵਾਰ ਦਾ ਆਪਣਾ ਵੱਖਰਾ ਸੀ। ਕੁੱਲ ਮਿਲਾ ਕੇ ਇਨ੍ਹਾਂ ਬੰਦੂਕਧਾਰੀ ਸੱਜਣਾਂ ਦੀ ਗਿਣਤੀ ਦਸ-ਬਾਰਾਂ ਦੇ ਕਰੀਬ ਪੁੱਜ ਜਾਂਦੀ। ਉਮੀਦਵਾਰ ਜਿੱਧਰ ਵੀ ਜਾਂਦਾ, ਉਹ ਉਸ ਨਾਲ ਪਰਛਾਵੇਂ ਵਾਂਗ ਰਹਿੰਦੇ ਸਨ, ਸਰਕਾਰ ਦੀ ਹਦਾਇਤ ਵੀ ਇਹੋ ਸੀ।

ਇੱਕ ਦਿਨ ਇੱਕ ਆਜ਼ਾਦ ਉਮੀਦਵਾਰ, ਜੋ ਮੈਨੂੰ ਘੱਟ ਜਾਣਦਾ ਸੀ ਪਰ ਉਹ ਅੱਗੋਂ ਮੇਰੇ ਇੱਕ ਰਿਸ਼ਤੇਦਾਰ ਦਾ ਚੰਗਾ ਵਾਕਿਫ਼ ਸੀ। ਮੇਰੇ ਉਸ ਰਿਸ਼ਤੇਦਾਰ ਦੇ ਕਹਿਣ 'ਤੇ ਉਹ ਆਜ਼ਾਦ ਉਮੀਦਵਾਰ ਵਜੋਂ ਚੋਣ-ਪ੍ਰਚਾਰ ਲਈ ਆਣ ਟਪਕਿਆ। ਜਿਉਂ ਹੀ ਉਹ ਉਮੀਦਵਾਰ ਤੇ ਦਸ-ਬਾਰਾਂ ਬੰਦੂਕਧਾਰੀ ਅੰਗ-ਰੱਖਿਅਕ ਪਿੰਡ ਵਿੱਚ ਦਾਖਲ ਹੋਏ ਤਾਂ ਘਰਾਂ ਵਿੱਚ ਮੌਜੂਦ ਬੁੜੀਆਂ-ਕੁੜੀਆਂ ਨੇ ਕਿਸੇ ਅਣਜਾਣੇ ਜਿਹੇ ਭੈਅ ਨਾਲ ਦੇਖਿਆ ਕਿ ਅੱਜ ਇਹ ਕੀਹਦਾ 'ਕਲਿਆਣ' ਕਰਨ ਆਏ ਹਨ।

ਮੇਰੇ ਘਰ ਦੇ ਦੱਸੇ ਪਤੇ ਅਨੁਸਾਰ ਜਦ ਉਹ ਮੇਰੇ ਘਰ ਤੋਂ ਚਾਰ ਕੁ ਘਰ ਪਿੱਛੇ ਰਹਿ ਗਏ। ਆਪਣੇ ਘਰ ਅੱਗੇ ਖੜ੍ਹੀ ਇੱਕ ਬਿਰਧ ਮਾਈ ਨੂੰ ਪੁੱਛਣ ਲੱਗੇ, "ਮਾਤਾ ਜੀ, ਮਾਸਟਰ ਉਜਾਗਰ ਸਿੰਘ ਦਾ ਘਰ ਕਿਹੜੈ?"

"ਮੈਂ ਤਾਂ ਭਾਈ ਬਾਹਰੋਂ ਆਈ ਹੋਈ ਆਂ ਮੈਨੂੰ ਤਾਂ ਪਤਾ ਨ੍ਹੀਂ।" ਇਨ੍ਹਾਂ ਬੋਲਾਂ ਤੋਂ ਬਾਡੀਗਾਰਡ ਭਾਂਪ ਗਏ ਕਿ ਮਾਈ ਨੇ ਡਰਦਿਆਂ ਘਰ ਨਹੀਂ ਦੱਸਿਆ। ਉਨ੍ਹਾਂ ਵਿੱਚੋਂ ਇੱਕ ਨੇ ਅੱਗੇ ਹੋ ਕੇ ਕਿਹਾ, "ਮਾਤਾ ਜੀ ਘਬਰਾਉ ਨਾ, ਅਸੀਂ ਤਾਂ ਵੋਟਾਂ ਖਾਤਰ ਆਹ ਸਰਦਾਰ ਜੀ ਨਾਲ ਸੁਰੱਖਿਆ ਲਈ ਹਾਂ।"

"ਅੱਛਾ ਭਾਈ, ਮੈਂ ਤਾਂ ਸਮਝਿਆ ਕਿਤੇ ਉਹ।" ਮਾਈ ਹੁਣ ਕੁਝ ਝਿਜਕਦੀ ਹੋਈ ਬੋਲੀ, "ਅਹੁ ਹਰੇ ਰੰਗ ਦੇ ਦਰਵਾਜ਼ੇ ਵਾਲਾ ਚੌਥਾ ਘਰ ਮਾਸਟਰਾਂ ਦਾ ਈ ਐ।" ਮਾਈ ਨੇ ਹੌਸਲਾ ਜਿਹਾ ਕਰ ਇਸ਼ਾਰੇ ਨਾਲ ਸਮਝਾਉਂਦਿਆਂ ਕਿਹਾ।

* * *

# ਮੇਰੀ ਕਲਮ

## ਕਵਿਤਾ

ਸਿਵਨਾਥ ਦਰਦੀ ਫ਼ਰੀਦਕੋਟ



ਨਾ ਬੱਦਲਾ ਵੇ ਚੰਨ ਲਕੋਈ,
ਦੋ ਘੜੀਆਂ ਮੈਨੂੰ ਦੇਖਣ ਦੇ ,
ਚੰਨ ਦੇ ਵਿੱਚ ਮਾਹੀ ਦਿਸਦਾ ,
ਹੁਸਨ ਉਹਦੇ ਨੂੰ ਸੇਕਣ ਦੇ ।
ਟੁੱਟੀ ਮੰਜੀ ਵਾਣ ਵੇ ਚੁਭਦਾ,
ਨੀਂਦ ਨਾ ਨੈਣੀਂ ਪੈਂਦੀ ,
ਅੱਕਦੀ ਹਾਂ ਨਾ ਥੱਕਦੀ ਹਾਂ ,
ਮੇਰੀ ਝਾਕ ਰਾਹਾਂ ਵੱਲ ਰਹਿੰਦੀ ,
ਗੁਰੂ ਘਰ ਵੱਲ ਪੈਰ ਨਾ ਮੁੜਦੇ ,
ਮੇਰੇ ਰੱਬ ਨੂੰ ਮੱਥਾ ਟੇਕਣ ਦੇ ।
ਨਾ ਬੱਦਲਾ .................
ਹੁਸਨ ਉਹਦੇ ਦਾ ਜਾਦੂ ,
ਹੈ ਦਿਲ ਮੇਰੇ ਛਾਇਆ,
ਪਾਗਲਾਂ ਵਾਗੂ ਤੁਰੀ ਫਿਰਾਂ ,
ਜਿਵੇਂ ਨਸ਼ਾ ਕਿਸੇ ਖਵਾਇਆ,
ਮੇਰੇ ਨਾਲ ਤਕਦੀਰ ਜੁੜੀ,
ਇਸ਼ਕ ਨੂੰ ਅੱਜ ਮਹਿਕਣ ਦੇ ।
ਨਾ ਬੱਦਲਾ.................
ਖਿਲਰਿਆ ਜੋ ਚਾਨਣ ਅੱਜ,
ਕਰ ਕੱਠਾ ਬੰਨ ਪੰਡ ਲਵਾਂ ,
ਹੋਵੇ ਮਿਠਾਸ ਜਿੰਦਗੀ 'ਚ,
ਥੋੜੀ ਉਸ ਤੇ ਖੰਡ ਲਵਾਂ ,
'ਸਿਵ' ਮਰੇ ਨਾ ਕਿਤਾਬਾਂ 'ਚ ,
ਮੇਰੇ ਸ਼ਬਦਾਂ ਨੂੰ ਟਹਿਕਣ ਦੇ ।
ਨਾ ਬੱਦਲਾ ........... .......

## ਸਬਕ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਸਬਕ ਰੋਜ਼ ਨੇ ਮਿਲਦੇ ਰਹਿੰਦੇ, ਅਨੋਖੇ ਅਤੇ ਨਵੀਨ ਸਦਾ,
ਮਤਲਬ ਜਿਨ੍ਹਾਂ ਦੇ ਨਿਕਲਣ ਹਮੇਸ਼ਾ, ਡੂੰਘੇ ਅਤੇ ਮਹੀਨ ਸਦਾ।
ਕੁੱਝ ਤਾਂ ਪੱਲੇ ਪੈ ਜਾਂਦੇ ਨੇ, ਪਰ ਕੁੱਝ ਸਮਝ ਤੋਂ ਬਾਹਰ,
ਕਈਆਂ ਨੂੰ ਤਾਂ ਮੰਨਣ ਤੋਂ, ਹੋ ਜਾਂਦੇ ਹਾਂ ਅਸੀਂ ਨਾਬਰ।
ਸਫਲਤਾ ਦੀ ਟੀਸੀ 'ਤੇ ਚੜ੍ਹਨਾ, ਖ਼ਤਰਿਆਂ ਤੋਂ ਨਹੀਂ ਖਾਲੀ,
ਗਲਤੀਆਂ ਹੀ ਪਰਪੱਕ ਕਰਦੀਆਂ, ਅਨਾੜੀਆਂ ਨੂੰ ਹਰ ਹਾਲੀ।
ਮਰਹਲੇ ਖੜ੍ਹੇ ਨੇ ਪੈਰ ਪੈਰ 'ਤੇ, ਜ਼ੰਜੀਰਾਂ ਵਾਂਗੂੰ ਜਾਪਣ,
ਧਿੰਗੋਜ਼ੋਰੀ ਰਾਹ ਰੋਕ ਕੇ, ਸਾਡੀਆਂ ਸ਼ਕਤੀਆਂ ਨਾਪਣ।
ਹਰ ਇੱਕ ਦੇ ਨਾਲ ਵਾਹ ਪੈਣ ਦਾ, ਅਹਿਸਾਸ ਹਮੇਸ਼ਾਂ ਵੱਖਰਾ,
ਠੁੱਠ ਕਈ ਵਾਰ ਦਿਖਾ ਜਾਂਦਾ ਹੈ, ਬੰਦਾ ਕੋਈ ਕੋਈ ਚਤਰਾ।
ਦੂਸਰਿਆਂ ਨੂੰ ਸਬਕ ਸਿਖਾਉਣ ਲਈ, ਹਰ ਕੋਈ ਹੈ ਕਾਹਲ਼ਾ,
ਭਾਵੇਂ ਉਸ ਦੀ ਅਪਣੀ ਅਕਲ ਦਾ, ਨਿਕਲਿਆ ਹੋਵੇ ਦੀਵਾਲ਼ਾ।

## ਲੋਕਾਂ ਦੀਆਂ ਗੱਲਾਂ

ਅਜੀਤ ਖੰਨਾ

ਲੋਕਾਂ ਦੀਆਂ ਗੱਲਾਂ ਨੇ
ਝੂਠੀਆਂ ਤੇ ਕੁਝ ਸੱਚੀਆਂ
ਬਸ ! ਦਿਖਾਵੇ ਦੀਆਂ ਛੱਲਾਂ ਨੇ
ਗੱਲਾਂ ਹੀ ਗੱਲਾਂ ਨੇ
ਸ਼ੇਖੀ ਮਾਰ ਲੋਕੀਂ ਆਖਣ
ਮਾਰੀਆਂ ਖੂਬ ਅਸਾਂ ਮੱਲਾਂ ਨੇ
ਹੋਰਾਂ ਦੀ ਤਾਂ ਗੱਲ ਹੀ ਛੱਡੋ
ਸਾਡੀਆਂ ਹੀ ਹਰ ਪਾਸੇ ਗੱਲਾਂ ਨੇ
ਸੱਚ ਦਾ ਪਾ ਨਕਾਬ ਏਥੇ
ਲੋਕੀਂ ਜੋੜਨ ਝੂਠੇ ਰਿਸ਼ਤੇ ਬਈ
ਦੂਜੇ ਨੂੰ ਤਾਂ ਸਮਝਣ ਝੱਲਾ
ਆਖਣ ਸਾਡੇ ਹੀ ਹੈ ਸਭ ਪੱਲੇ ਬਈ
ਸੱਚ ਫਿਰੇ ਇੱਥੇ ਜਾਨ ਬਚਾਉਂਦਾ
ਝੂਠੇ ਦੇ ਸਿਰ ਤਾਜ ਨੇ
ਜੁਮਲੇਬਾਜ਼ ਰਾਜ ਨੇ ਕਰਦੇ
ਵੋਟਰ ਫਿਰਦੇ ਅਵਾਜ਼ਾਰ ਨੇ
ਕਲਮ ਰੋਂਦੀ ਸੱਚ ਲਿਖਣ ਨੂੰ
ਪਰ ਝੂਠਾਂ ਮਾਰੀਆਂ ਮੱਲਾਂ ਨੇ
ਅਜੀਤ ਖੰਨਾ ਜੇ ਤੂੰ ਸੱਚਾ ਹੈਂ
ਤਾਂ ਹੁੰਦੀਆਂ ਤੇਰੀਆਂ ਗੱਲਾਂ ਨੇ

## ਅਜੋਕੀ ਪੀੜ੍ਹੀ

ਕੁਲਵਿੰਦਰ ਵਿਰਕ

ਸੰਘਰਸ਼ਾਂ ਤੋਂ ਸੱਖਣੀ
ਟੀਚਿਆਂ ਤੋਂ ਭਟਕੀ
ਅਜੋਕੀ ਪੀੜ੍ਹੀ
ਨਕਲੀ ਪਰਛਾਵਿਆਂ ਪਿੱਛੇ
ਦੌੜਦੀ ਜਾ ਰਹੀ ਹੈ
ਪਰਛਾਵੇਂ
ਜੋ ਮਹਿਜ਼ ਛਲਾਵਾ ਹਨ
ਨਾਲ ਤੁਰਨ ਦਾ
ਕੇਵਲ ਦਿਖਾਵਾ ਹਨ
ਤੇ ਜਦ ਵਕਤ ਦੀ ਵੁੱਕਤ ਨੂੰ
ਇਹ ਪੀੜ੍ਹੀ ਪਛਾਣੇਗੀ
ਬਹੁਤ ਦੂਰ ਲੰਘ ਚੁੱਕੇ ਹੋਣਗੇ ਉਦੋਂ
ਇਨ੍ਹਾਂ ਦਰਿਆਵਾਂ ਦੇ ਪਾਣੀ
ਸੰਘਰਸ਼ਾਂ ਤੋਂ ਸੱਖਣੀ
ਕਦਰਾਂ-ਕੀਮਤਾਂ ਤੋਂ ਮਨਫ਼ੀ
ਤੇ ਨਕਲੀ ਪਰਛਾਵਿਆਂ ਪਿੱਛੇ ਦੌੜਦੀ
ਅਜੋਕੀ ਪੀੜ੍ਹੀ ਨੂੰ
ਟੀਚੇ ਵਿਖਾ ਕੇ
ਸੰਭਾਲਣ ਦਾ ਸਮਾਂ ਹੈ।

## ਅੱਧ ਅਧੂਰਾ ਬੰਦਾ

ਮਨਜੀਤ ਕੌਰ ਧੀਮਾਨ

ਮੈਂ ਅੱਧ ਅਧੂਰਾ ਬੰਦਾ,
ਮੈਨੂੰ ਮੁਕੰਮਲ ਕਰ ਦੇ ਤੂੰ।
ਸਭ ਜਿੱਤਾਂ ਪਾਸੇ ਕਰਕੇ
ਮੇਰੇ 'ਤੇ ਦਿਲ ਹਰ ਦੇ ਤੂੰ।
ਮੈਂ ਅੱਧ ਅਧੂਰਾ
ਮੈਂ ਤੈਥੋਂ ਮੰਗਦਾ ਤੈਨੂੰ,
ਮੇਰੀ ਝੋਲ਼ੀ ਖ਼ੈਰ ਪਾਵੀਂ।
ਤੇਰੇ ਰਾਹਾਂ ਵਿੱਚ ਜਿਹੜਾ,
ਸਾਗਰ ਵੀ ਤੈਰ ਜਾਵੀਂ।
ਮੇਰੇ ਅੰਦਰੋਂ ਖ਼ਾਲੀ ਗਾਗਰ,
ਹਾਸਿਆਂ ਨਾਲ ਭਰ ਦੇ ਤੂੰ।
ਮੈਂ ਅੱਧ ਅਧੂਰਾ
ਕੁਝ ਨਖ਼ਰੇ ਕਰ ਵੇਖੀਂ,
ਹੱਸ ਹੱਸ ਕੇ ਚੁੱਕਾਂਗਾ।
ਜੇ ਤੂੰ ਨਾ ਆਈ ਤਾਂ,
'ਕੱਲਿਆਂ ਹੀ ਮੁੱਕਾਂਗਾ।
ਮੈਂ ਬੇਫ਼ਿਕਰਾ ਜਿਹਾ ਹਾਂ,
ਮੈਨੂੰ ਕੋਈ ਡਰ ਦੇ ਤੂੰ।
ਮੈਂ ਅੱਧ ਅਧੂਰਾ
ਮੇਰੀ ਦੁਨੀਆ ਤੂੰ ਹੀ ਐਂ,
ਤੇਰਾ ਜਗ ਮੈਂ ਬਣ ਜਾਵਾਂ।
ਤੇਰੇ ਅੱਗੇ ਵਧਣੇ ਲਈ,
ਮੈਂ ਪੁਲ ਬਣ ਖੜ੍ਹ ਜਾਵਾਂ।
ਮੇਰਾ ਸੁੰਨਾ ਜਿਹਾ ਹੈ ਮਨ,
ਇਹਨੂੰ ਭਰਨ ਦਾ ਵਰ ਦੇ ਤੂੰ।
ਮੈਂ ਅੱਧ ਅਧੂਰਾ
ਤੇਰੇ ਸਾਰੇ ਸ਼ੌਕ ਪੁਗਾਵਾਂ,
ਤੂੰ ਮੇਰੇ ਸਾਹਾਂ ਨਾਲ ਜੀਵੀਂ।
ਮੇਰੇ ਪਾਟੇ ਸੁਪਨਿਆਂ ਨੂੰ,
ਸਬਰਾਂ ਦੇ ਧਾਗੇ ਨਾਲ ਸੀਵੀਂ।
ਜਿੱਥੇ ਪੂਜਾ ਕਰ ਲਾਂ, 'ਮਨਜੀਤ'
ਮੈਨੂੰ ਐਹੋ ਜਿਹਾ ਦਰ ਦੇ ਤੂੰ।
ਮੈਂ ਅੱਧ ਅਧੂਰਾ

## ਗ਼ਰੀਬ ਨਹੀਂ ਰਹਿਣਾ ਕੋਈ

ਰਾਜਿੰਦਰ ਜੈਦਕਾ ਅਮਰਗੜ੍ਹ

ਗ਼ਰੀਬ ਨਹੀਂ ਰਹਿਣਾ ਕੋਈ
ਸਰਕਾਰ ਨੇ 'ਗ਼ਰੀਬ' ਖਤਮ ਕਰ ਦਿੱਤਾ
ਰਹਿ ਗਈ ਹੁਣ ਗ਼ਰੀਬੀ ਪੱਲੇ
ਰਾਜੇ ਦਾ ਫ਼ਰਮਾਨ ਹੈ ਆਇਆ
ਕੋਈ 'ਗ਼ਰੀਬ' ਨਾ ਹੋਵੇ ਇੱਥੇ
ਭਾਵੇਂ ਝੌਂਪੜੀਆਂ ਦੇ ਵਿੱਚ ਰਹਿਣ
ਭਾਵੇਂ ਪੈਣ ਸੜਕਾਂ ਕੰਢੇ
ਭਾਵੇਂ ਸੌਣ ਦਰੱਖ਼ਤਾਂ ਥੱਲੇ
ਪਰ ਕੋਈ ਕਹੇ ਨਾ 'ਗ਼ਰੀਬ'
ਚੀਜ਼ਾਂ ਦੇ ਜਿੰਨੇ ਮਰਜ਼ੀ ਭਾਅ ਵਧ ਜਾਣ
ਆਟਾ ਹੋ ਜਾਵੇ ਪਹੁੰਚ ਤੋਂ ਪਰ੍ਹੇ
ਧਰਨੇ ਜਿਹੜਾ ਲਾਊ ਇੱਥੇ
ਜੇਲ੍ਹ ਜਾਵੇਗਾ ਪੈਣਗੇ ਪੰਗੇ
ਅਸੀਂ ਆਜ਼ਾਦ ਦੇਸ਼ ਦੇ ਵਾਸੀ
ਗੁਲਾਮ ਕਹਿਣ ਦਾ ਹੱਕ ਨਹੀਂ ਕੋਈ
ਜੇਕਰ ਕਿਸੇ ਦੇ ਖ਼ਿਲਾਫ਼ ਬੋਲਿਆ
ਪੈ ਜਾਊ ਪੰਗਾ, ਸੁਲਝ ਨਹੀਂ ਹੋਣਾ
ਭਾਵੇਂ ਆ ਜਾਵੇ ਨਵੀਂ ਸਰਕਾਰ
ਜਨਤਾ ਨੇ ਤਾਂ ਪਿਸਦੇ ਰਹਿਣਾ
ਦੁਖੀ ਹੋ ਕੇ ਖ਼ੁਸ਼ ਦਿਸਣਾ ਪੈਣਾ
ਨਹੀਂ ਤਾਂ ਪੰਗਾ ਪੈ ਹੈ ਜਾਣਾ
ਭਾਵੇਂ ਰੋਵੇ ਸਿਖ਼ਰ ਦੁਪਹਿਰ
ਕਿਸੇ ਨੇ 'ਗ਼ਰੀਬ' ਨ੍ਹੀਂ ਕਹਿਣਾ

## ਪੰਜਾਬ ਖਾਲੀ ਹੋ ਰਿਹਾ

ਡਾ. ਡੀ.ਸੀ. ਵਾਤਿਸ਼
ਸੰਪਰਕ: 88376-79186




ਕੇਹੀ ਅਜੋਕੀ ਸਦੀ ਹੈ, ਪੰਜਾਬ ਖਾਲੀ ਹੋ ਰਿਹਾ।
ਮਾਝਾ ਮਾਲਵਾ ਦੁਆਬ ਖਾਲੀ ਹੋ ਰਿਹਾ।
ਰੋਜ਼ ਪਰਵਾਸ ਕਰਦੇ ਨੇ ਢਾਈ ਸੌ ਜਵਾਨ
ਅਰਥਚਾਰੇ 'ਚੋਂ ਹਿਸਾਬ, ਖਾਲੀ ਹੋ ਰਿਹਾ।
ਖੜ੍ਹੇ ਹੋ ਰਹੇ ਨੇ ਸਵਾਲਾਂ ਦੇ ਸਵਾਲ
ਉੱਤਰ ਪੱਤਰੀ 'ਚੋਂ ਇਸਦਾ ਜਵਾਬ, ਖਾਲੀ ਹੋ ਰਿਹਾ।
ਕਾਗਜ਼ੀ ਫੁੱਲਾਂ ਦੀ ਆਮਦ ਹੋ ਗਈ
ਮਹਿਕੋਂ ਅਸਲੀ ਗੁਲਾਬ, ਖਾਲੀ ਹੋ ਰਿਹਾ।
ਚਿਹਰਿਆਂ ਤੇ ਪਿਲੱਤਣ ਛਾ ਗਈ
ਪਹਿਲਾਂ ਜੇਹਾ ਸ਼ਬਾਬ, ਖਾਲੀ ਹੋ ਰਿਹਾ।
ਸੋਚਦੇ ਸਾਂ ਬਣੇਗਾ ਰੰਗਲਾ ਪੰਜਾਬ
ਲਿਆ ਸੀ ਜੋ ਖ਼ੁਆਬ, ਖਾਲੀ ਹੋ ਰਿਹਾ।
ਝੱਲ ਨਹੀਂ ਹੋਣੀ ਕਿਵੇਂ ਵੀ ਦੋਸਤੋ
ਕਰਜ਼ਿਆਂ ਦੀ ਤਾਬ, ਖਾਲੀ ਹੋ ਰਿਹਾ।
ਦੇਖਦੇ ਹਾਂ ਕਿਵੇਂ ਉੱਥੇ ਹੋਵੇਗਾ ਖ਼ੁਸ਼ਹਾਲ
ਪੁੱਤ ਜੋ ਬਣਿਆ ਉਕਾਬ, ਖਾਲੀ ਹੋ ਰਿਹਾ।
ਕੇਹੀ ਅਜੋਕੀ ਸਦੀ ਹੈ ਪੰਜਾਬ, ਖਾਲੀ ਹੋ ਰਿਹਾ।
ਮਾਝਾ ਮਾਲਵਾ ਦੁਆਬ, ਖਾਲੀ ਹੋ ਰਿਹਾ।

## ਇਹ ਪੰਜਾਬੀ ਨੇ

ਗੁਰਤੇਜ ਸਿੰਘ ਖੁਡਾਲ

ਹਿੱਕਾਂ ਤਾਣ ਕੇ ਖੜ੍ਹ ਜਾਂਦੇ ਨੇ,
ਹੱਕਾਂ ਦੇ ਲਈ ਲੜ ਜਾਂਦੇ ਨੇ,
ਧਰਮ ਦੇਸ਼ ਲਈ ਮਰ ਜਾਂਦੇ ਨੇ,
ਇਹ ਪੰਜਾਬੀ ਨੇ, ਇਹ ਪੰਜਾਬੀ ਨੇ
ਨਾ ਕਿਸੇ ਕੋਲੋਂ ਇਹ ਡਰਦੇ ਨੇ,
ਨਾ ਕਿਸੇ ਨੂੰ ਇਹ ਡਰਾਉਂਦੇ ਨੇ,
ਮਜ਼ਲੂਮਾਂ ਨਾਲ ਇਹ ਖੜ੍ਹਦੇ ਨੇ,
ਇਹ ਪੰਜਾਬੀ ਨੇ, ਇਹ ਪੰਜਾਬੀ ਨੇ
ਦੁਸ਼ਮਣ ਨੂੰ ਸਬਕ ਸਿਖਾਉਂਦੇ ਨੇ,
ਪਾਪੀਆਂ ਤਾਈਂ ਸੋਧਾ ਲਾਉਂਦੇ ਨੇ,
ਚੁੰਮ ਫਾਸੀਆਂ ਗਲਾਂ ਵਿੱਚ ਪਾਉਂਦੇ ਨੇ,
ਇਹ ਪੰਜਾਬੀ ਨੇ, ਇਹ ਪੰਜਾਬੀ ਨੇ
ਇਹ ਅੰਨਦਾਤਾ ਅਖਵਾਉਂਦੇ ਨੇ,
ਸਾਰੇ ਦੇਸ਼ ਲਈ ਅੰਨ ਉਗਾਉਂਦੇ ਨੇ,
ਅੰਨ ਭੰਡਾਰ ਦੇਸ਼ ਦਾ ਭਰਦੇ ਨੇ,
ਇਹ ਪੰਜਾਬੀ ਨੇ, ਇਹ ਪੰਜਾਬੀ ਨੇ
ਬਹੁਤ ਅਣਖੀ ਅਤੇ ਬਹਾਦਰ ਨੇ,
ਸਾਰੇ ਦੇਸ਼ ਦੇ ਸੰਭਾਲੇ ਬਾਰਡਰ ਨੇ,
ਪੂਰੇ ਦੇਸ਼ ਦੀ ਇਹ ਜਿੰਦ ਜਾਨ ਨੇ,
ਇਹ ਪੰਜਾਬੀ ਨੇ, ਇਹ ਪੰਜਾਬੀ ਨੇ
ਨਾ ਪਹਿਲਾਂ ਇਹ ਕੁਝ ਕਹਿੰਦੇ ਨੇ,
ਨਾ ਜ਼ੁਲਮ ਕਿਸੇ ਦਾ ਸਹਿੰਦੇ ਨੇ,
ਖੁਡਾਲ ਦੇਸ਼ ਨੂੰ ਇਹੀ ਬਚਾਉਂਦੇ ਨੇ
ਇਹ ਪੰਜਾਬੀ ਨੇ, ਇਹ ਪੰਜਾਬੀ ਨੇ

## ਗ਼ਜ਼ਲ

ਪ੍ਰੋ. ਨਵ ਸੰਗੀਤ ਸਿੰਘ

ਸੁਖਾਵੇਂ ਵਕਤ ਵਿੱਚ ਜੇ ਵਿਚਰਿਆ ਹੁੰਦਾ।
ਅਸਾਡਾ ਆਲ੍ਹਣਾ ਨਾ ਬਿਖਰਿਆ ਹੁੰਦਾ।
ਨਜ਼ਾਰਾ ਹੋਰ ਹੀ ਹੁੰਦਾ ਲੜਾਈ ਦਾ,
ਜ਼ਰ੍ਹਾ-ਬਖ਼ਤਰ ਜੇ ਪਾ ਕੇ ਨਿੱਤਰਿਆ ਹੁੰਦਾ।
ਤਾਂ ਚਿਹਰਾ ਸਾਰਿਆਂ ਨੂੰ ਦਿਲਕਸ਼ੀ ਲੱਗਦਾ,
ਕਿਸੇ ਲੇਖਕ ਨੇ ਜੇਕਰ ਚਿੱਤਰਿਆ ਹੁੰਦਾ।
ਨਿਭਾਇਆ ਹੋਂਵਦਾ ਮਿਲਣੇ ਦਾ ਵਾਅਦਾ ਤਾਂ,
ਮਿਰਾ ਦਿਲਬਰ ਨਾ ਐਵੇਂ ਬਿਫ਼ਰਿਆ ਹੁੰਦਾ।
ਜੇ ਤੀਲ੍ਹੇ ਸਾਂਭ ਕੇ ਰੱਖਦੇ ਉਹ ਝਾੜੂ ਦੇ,
ਕਦੇ ਵੀ ਇਸ ਤਰ੍ਹਾਂ ਨਾ ਖਿੱਲਰਿਆ ਹੁੰਦਾ।
ਜੇ ਰੱਖਦਾ ਨਾਲ 'ਨਵ ਸੰਗੀਤ' ਦੇ ਯਾਰੀ,
ਕਦਾਚਿਤ ਇਸ ਕਦਰ ਨਾ ਨਿੱਘਰਿਆ ਹੁੰਦਾ।

# ਟੀ-20: ਭਾਰਤ 17 ਸਾਲਾਂ ਬਾਅਦ ਮੁੜ ਬਣਿਆ ਵਿਸ਼ਵ ਚੈਂਪੀਅਨ

## ਖ਼ਿਤਾਬੀ ਮੁਕਾਬਲੇ ’ਚ ਦੱਖਣੀ ਅਫ਼ਰੀਕਾ ਨੂੰ 7 ਦੌੜਾਂ ਨਾਲ ਹਰਾਇਆ



ਬ੍ਰਿਜਟਾਊਨ (ਬਾਰਬਾਡੋਸ)/ ਏ.ਟੀ.ਨਿਊਜ਼ : ਭਾਰਤ ਨੇ ਇੱਥੇ ਵਿਰਾਟ ਕੋਹਲੀ (76 ਦੌੜਾਂ) ਦੇ ਨੀਮ ਸੈਂਕੜੇ ਮਗਰੋਂ ਤੇਜ਼ ਗੇਂਦਬਾਜ਼ਾਂ ਅਰਸ਼ਦੀਪ ਸਿੰਘ, ਜਸਪ੍ਰੀਤ ਬੁਮਰਾਹ ਤੇ ਹਾਰਦਿਕ ਪਾਂਡਿਆ ਦੀ ਸ਼ਾਨਦਾਰ ਗੇਂਦਬਾਜ਼ੀ ਸਦਕਾ 17 ਸਾਲਾਂ ਬਾਅਦ ਇੱਕ ਵਾਰ ਫਿਰ ਟੀ-20 ਕ੍ਰਿਕਟ ਵਿਸ਼ਵ ਕੱਪ ਖ਼ਿਤਾਬ ਆਪਣੇ ਨਾਂ ਕਰ ਲਿਆ। ਭਾਰਤੀ ਕ੍ਰਿਕਟ ਟੀਮ ਨੇ ਪਹਿਲੀ ਵਾਰ ਫਾਈਨਲ ’ਚ ਪਹੁੰਚੇ ਦੱਖਣੀ ਅਫਰੀਕਾ ਨੂੰ 7 ਦੌੜਾਂ ਨਾਲ ਹਰਾ ਕੇ ਖਿਤਾਬੀ ਜਿੱਤ ਹਾਸਲ ਕੀਤੀ। ਭਾਰਤ ਨੇ ਪਹਿਲਾਂ ਬੱਲਬਾਜ਼ੀ ਕਰਦਿਆਂ ਵਿਰਾਟ ਕੋਹਲੀ ਦੀਆਂ 76 ਦੌੜਾਂ, ਅਕਸ਼ਰ ਪਟੇਲ ਦੀਆਂ 47 ਅਤੇ ਸ਼ਿਵਮ ਦੂਬੇ ਦੀਆਂ 27 ਦੌੜਾਂ ਸਦਕਾ 20 ਓਵਰਾਂ ’ਚ 7 ਵਿਕਟਾਂ ’ਤੇ 176 ਦੌੜਾਂ ਬਣਾਈਆਂ ਅਤੇ ਫਿਰ ਦੱਖਣੀ ਅਫਰੀਕਾ ਨੂੰ 169/8 ਸਕੋਰ ’ਤੇ ਹੀ ਰੋਕ ਦਿੱਤਾ। ਭਾਰਤੀ ਟੀਮ ਨੇ ਪਹਿਲਾਂ ਸਾਲ 2007 ਵਿੱਚ ਮਹਿੰਦਰ ਸਿੰਘ ਧੋਨੀ ਦੀ ਅਗਵਾਈ ’ਚ ਪਹਿਲੀ ਵਾਰ ਟੀ-20 ਕ੍ਰਿਕਟ ਵਿਸ਼ਵ ਕੱਪ ਜਿੱਤਿਆ ਸੀ। ਉਂਝ ਸਾਲ 2013 ਵਿੱਚ ਚੈਂਪੀਅਨ ਟਰਾਫੀ ਜਿੱਤਣ ਮਗਰੋਂ 11 ਸਾਲਾਂ ਬਾਅਦ ਭਾਰਤੀ ਟੀਮ ਦਾ ਇਹ ਪਹਿਲਾ ਆਈ.ਸੀ.ਸੀ. ਖ਼ਿਤਾਬ ਹੈ। ਇਸ ਦੇ ਨਾਲ ਹੀ ਭਾਰਤ ਦੋ ਵਾਰ ਟੀ-20 ਕ੍ਰਿਕਟ ਵਿਸ਼ਵ ਕੱਪ ਜਿੱਤਣ ਵਾਲਾ ਤੀਜਾ ਮੁਲਕ ਬਣ ਗਿਆ ਹੈ। ਇਸ ਤੋਂ ਪਹਿਲਾਂ ਵੈਸਟ ਇੰਡੀਜ਼ (2012 ਤੇ 2016) ਅਤੇ ਇੰਗਲੈਂਡ (2010 ਤੇ 2022) ਅਜਿਹਾ ਕਰ ਚੁੱਕੇ ਹਨ। ਇਸ ਤੋਂ ਪਹਿਲਾਂ 177 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ ਦੱਖਣੀ ਅਫਰੀਕਾ ਟੀਮ ਇੱਕ ਵਾਰ ਜਿੱਤਦੀ ਦਿਖਾਈ ਦਿੱਤੀ ਪਰ ਭਾਰਤੀ ਤੇਜ਼ ਗੇਂਦਬਾਜ਼ਾਂ ਦੀ ਕੱਸਵੀਂ ਗੇਂਦਬਾਜ਼ੀ ਅੱਗੇ ਵਿਰੋਧੀ ਬੱਲੇਬਾਜ਼ ਕਾਮਯਾਬ ਨਾ ਹੋ ਸਕੀ। ਦੱਖਣੀ ਅਫਰੀਕਾ ਵੱਲੋਂ ਹੈਨਰਿਕ ਕਲਾਸਨ ਨੇ ਸਭ ਤੋਂ ਵੱਧ 52 ਦੌੜਾਂ ਬਣਾਈਆਂ ਜਦਕਿ ਕੁਇੰਟਨ ਡੀ ਕਾਕ 39 ਦੌੜਾਂ, ਟ੍ਰਿਸਟਨ ਸਟੱਬਸ 31 ਅਤੇ ਡੇਵਿਡ ਮਿੱਲਰ 21 ਦੌੜਾਂ ਬਣਾ ਕੇ ਆਊਟ ਹੋਏ। ਭਾਰਤ ਵੱਲੋਂ ਹਾਰਦਿਕ ਪਾਂਡਿਆ ਤਿੰਨ ਵਿਕਟਾਂ ਜਦਕਿ ਅਰਸ਼ਦੀਪ ਸਿੰਘ ਤੇ ਜਸਪ੍ਰੀਤ ਬੁਮਰਾਹ ਨੇ ਦੋ ਵਿਕਟਾਂ ਲਈਆਂ। ਇੱਕ ਵਿਕਟ ਅਕਸ਼ਰ ਪਟੇਲ ਨੇ ਲਈ। ਇਸ ਤੋਂ ਪਹਿਲਾਂ ਕਪਤਾਨ ਰੋਹਿਤ ਸ਼ਰਮਾ, ਰਿਸ਼ਭ ਪੰਤ ਅਤੇ ਸੂਰਿਆਕੁਮਾਰ ਯਾਦਵ ਵਧੀਆ ਪ੍ਰਦਰਸ਼ਨ ਕਰਨ ’ਚ ਨਾਕਾਮ ਰਹੇ।

**ਬੁਮਰਾਹ ‘ਮੈਨ ਆਫ ਦਿ ਟੂਰਨਾਮੈਂਟ’ ਬਣਿਆ**

ਗੇਂਦਬਾਜ਼ ਜਸਪ੍ਰੀਤ ਬੁਮਰਾਹ ਨੂੰ ‘ਮੈਨ ਆਫ ਦਿ ਟੂਰਨਾਮੈਂਟ’ ਚੁਣਿਆ ਗਿਆ। ਟੂਰਨਾਮੈਂਟ ਵਿੱਚ ਅੱਠ ਮੈਚਾਂ ਵਿੱਚ ਉਸ ਨੇ 8.27 ਦੀ ਔਸਤ ਨਾਲ 15 ਵਿਕਟਾਂ ਲਈਆਂ। ਫਾਈਨਲ ਵਿੱਚ ਉਸ ਨੇ 18 ਦੌੜਾਂ ਦੇ ਕੇ ਦੋ ਵਿਕਟਾਂ ਲਈਆਂ। ਇਸੇ ਤਰ੍ਹਾਂ ਭਾਰਤ ਦੇ ਬੱਲੇਬਾਜ਼ ਵਿਰਾਟ ਕੋਹਲੀ ਨੂੰ ਮੈਨ ਆਫ ਦਿ ਮੈਚ ਚੁਣਿਆ ਗਿਆ। ਭਾਵੇਂ ਕੁੱਝ ਮਾਹਿਰਾਂ ਵੱਲੋਂ ਉਸ ਦੀ ਧੀਮੀ ਬੱਲੇਬਾਜ਼ੀ ਦੀ ਆਲੋਚਨਾ ਕੀਤੀ ਜਾ ਰਹੀ ਹੈ ਪਰ ਉਸ ਨੇ ਦੱਖਣੀ ਅਫਰੀਕਾ ਨੂੰ 177 ਦੌੜਾਂ ਦਾ ਟੀਚਾ ਦੇਣ ਵਿੱਚ ਅਹਿਮ ਭੂਮਿਕਾ ਨਿਭਾਈ।

## ਭਾਰਤੀ ਟੀਮ ਲਈ 125 ਕਰੋੜ ਰੁਪਏ ਇਨਾਮੀ ਰਾਸ਼ੀ ਦਾ ਐਲਾਨ

### ਕੋਹਲੀ, ਰੋਹਿਤ ਤੇ ਜਡੇਜਾ ਦੇ ਸੰਨਿਆਸ ਨਾਲ ਕ੍ਰਿਕਟ ਦੇ ਇੱਕ ਯੁੱਗ ਦਾ ਅੰਤ



ਨਵੀਂ ਦਿੱਲੀ/ਏ.ਟੀ.ਨਿਊਜ਼ : ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਦੇ ਸਕੱਤਰ ਜੈ ਸ਼ਾਹ ਨੇ ਟੀ-20 ਵਿਸ਼ਵ ਕੱਪ ’ਚ ਭਾਰਤ ਦੀ ਇਤਿਹਾਸਕ ਖਿਤਾਬੀ ਜਿੱਤ ਦੀ ਸ਼ਲਾਘਾ ਕਰਦਿਆਂ ਟੀਮ ਨੂੰ 125 ਕਰੋੜ ਰੁਪਏ ਦੀ ਇਨਾਮੀ ਰਾਸ਼ੀ ਦੇਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਨਾਲ ਆਲੋਚਕਾਂ ਨੂੰ ਚੁੱਪ ਕਰਵਾ ਦਿੱਤਾ ਹੈ। ਭਾਰਤ ਨੇ ਫਾਈਨਲ ਵਿੱਚ ਦੱਖਣੀ ਅਫਰੀਕਾ ਨੂੰ ਸੱਤ ਦੌੜਾਂ ਨਾਲ ਹਰਾ ਕੇ ਆਪਣਾ ਦੂਜਾ ਟੀ-20 ਵਿਸ਼ਵ ਕੱਪ ਖ਼ਿਤਾਬ ਜਿੱਤਿਆ ਹੈ। ਵਿਰਾਟ ਕੋਹਲੀ, ਰੋਹਿਤ ਸ਼ਰਮਾ ਤੇ ਰਵਿੰਦਰ ਜਡੇਜਾ ਵੱਲੋਂ ਟੀ-20 ਕ੍ਰਿਕਟ ਤੋਂ ਸੰਨਿਆਸ ਲੈਣ ਦੇ ਕੀਤੇ ਐਲਾਨ ਨਾਲ ਭਾਰਤੀ ਕ੍ਰਿਕਟ ਦੇ ਇਕ ਯੁੱਗ ਦਾ ਅੰਤ ਹੋ ਗਿਆ ਹੈ। ਭਾਰਤੀ ਟੀਮ ਦੇ ਇਨ੍ਹਾਂ ਸਟਾਰ ਖਿਡਾਰੀਆਂ ਨੇ ਟੀ-20 ਕ੍ਰਿਕਟ ਨੂੰ ਅਲਵਿਦਾ ਆਖਣ ਦਾ ਐਲਾਨ ਸਹੀ ਸਮੇਂ ’ਤੇ ਕੀਤਾ ਹੈ, ਜਿਸ ਨਾਲ ਭਾਰਤੀ ਟੀਮ ਮੈਨੇਜਮੈਂਟ ਨੂੰ 2026 ਵਿੱਚ ਭਾਰਤ ’ਚ ਖੇਡੇ ਜਾਣ ਵਾਲੇ ਟੀ-20 ਵਿਸ਼ਵ ਕੱਪ ਤੋਂ ਪਹਿਲਾਂ ਨੌਜਵਾਨ ਤੇ ਉਭਰਦੇ ਖਿਡਾਰੀਆਂ ਨਾਲ ਲੈਸ ਟੀਮ ਬਣਾਉਣ ਵਾਸਤੇ ਯੋਜਨਾਬੰਦੀ ਲਈ ਚੋਖਾ ਸਮਾਂ ਮਿਲ ਜਾਵੇਗਾ। ਬੀ.ਸੀ.ਸੀ.ਆਈ. ਦੇ ਪ੍ਰਧਾਨ ਰੌਜਰ ਬਿਨੀ ਨੇ ਕਿਹਾ, “ਸਮਾਂ ਲੱਗੇਗਾ, ਪਰ ਅਗਲੇ ਦੋ ਤਿੰਨ ਸਾਲਾਂ ਵਿੱਚ ਅਸੀਂ ਇਨ੍ਹਾਂ ਸਟਾਰ ਖਿਡਾਰੀਆਂ ਤੋਂ ਬਗੈਰ ਟੀਮ ਤਿਆਰ ਕਰ ਲਵਾਂਗੇ।”

ਉਧਰ ਟੀ-20 ਵਿਸ਼ਵ ਕੱਪ ਖ਼ਤਮ ਹੋਣ ਦੇ ਨਾਲ ਹੀ ਮੁੱਖ ਕੋਚ ਰਾਹੁਲ ਦਰਾਵਿੜ ਦਾ ਬੋਰਡ ਨਾਲ ਕਰਾਰ ਖ਼ਤਮ ਹੋ ਗਿਆ ਹੈ। ਬੀ.ਸੀ.ਸੀ.ਆਈ. ਨੇ ਦਰਾਵਿੜ ਦੇ ਬਦਲ ਲਈ ਭਾਲ ਆਰੰਭ ਦਿੱਤੀ ਹੈ ਤੇ ਦਰਾਵਿੜ ਦਾ ਜਾਨਸ਼ੀਨ ਬਣਨ ਦੀ ਦੌੜ ਵਿੱਚ ਕ੍ਰਿਕਟਰ ਤੇ ਸਾਬਕਾ ਭਾਜਪਾ ਐੱਮ.ਪੀ. ਗੌਤਮ ਗੰਭੀਰ ਸਭ ਤੋਂ ਅੱਗੇ ਹੈ। ਬੀ.ਸੀ.ਸੀ.ਆਈ. ਪ੍ਰਧਾਨ ਰੌਜਰ ਬਿਨੀ ਨੇ ਹਾਲ ਹੀ ਵਿੱਚ ਗੰਭੀਰ ਦੀ ਤਾਰੀਫ਼ ਕਰਦਿਆਂ ਕਿਹਾ ਸੀ ਕਿ ਖੱਬੇ ਹੱਥ ਦੇ ਇਸ ਸਾਬਕਾ ਬੱਲੇਬਾਜ਼ ਕੋਲ ਵੱਡਾ ਤਜਰਬਾ ਹੈ ਤੇ ਜੇ ਉਹ ਕੋਚ ਬਣਦਾ ਹੈ ਤਾਂ ਇਹ ਭਾਰਤੀ ਕ੍ਰਿਕਟ ਲਈ ਚੰਗਾ ਹੋਵੇਗਾ। ਬੋਰਡ ਦੇ ਸਕੱਤਰ ਜੈ ਸ਼ਾਹ ਨੇ ਇੱਕ ਬਿਆਨ ਵਿੱਚ ਕਿਹਾ ਕਿ ਰੋਹਿਤ ਸ਼ਰਮਾ ਦੀ ਅਗਵਾਈ ਹੇਠ ਇਸ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਭਾਰਤ ਨੇ ਇਸ ਵਿਸ਼ਵ ਕੱਪ ਵਿੱਚ ਇੱਕ ਵੀ ਮੈਚ ਨਹੀਂ ਹਾਰਿਆ। ਭਾਰਤੀ ਟੀਮ ਆਈਸੀਸੀ ਟੀ-20 ਵਿਸ਼ਵ ਕੱਪ ਦੇ ਇਤਿਹਾਸ ਵਿੱਚ ਅਜਿਹਾ ਕਰਨ ਵਾਲੀ ਪਹਿਲੀ ਟੀਮ ਬਣ ਗਈ ਹੈ। (ਬਾਕੀ ਸਫ਼ਾ 31 ’ਤੇ)

# ਉਲੰਪਿਕ ਲਈ ਭਾਰਤੀ ਹਾਕੀ ਟੀਮ ਦਾ ਐਲਾਨ

## ਹਰਮਨਪ੍ਰੀਤ ਸਿੰਘ ਕਪਤਾਨ ਤੇ ਹਾਰਦਿਕ ਉਪ ਕਪਤਾਨ





ਨਵੀਂ ਦਿੱਲੀ/ਏ.ਟੀ.ਨਿਊਜ਼ : ਹਾਕੀ ਇੰਡੀਆ ਨੇ ਅਗਲੇ ਮਹੀਨੇ ਹੋਣ ਵਾਲੀਆਂ ਪੈਰਿਸ ਉਲੰਪਿਕਸ ਖੇਡਾਂ ਲਈ 16 ਮੈਂਬਰੀ ਟੀਮ ਦਾ ਐਲਾਨ ਕੀਤਾ ਹੈ ਜਿਸ ਵਿੱਚ ਹਰਮਨਪ੍ਰੀਤ ਸਿੰਘ ਨੂੰ ਕਪਤਾਨ ਅਤੇ ਹਾਰਦਿਕ ਸਿੰਘ ਨੂੰ ਉਪ ਕਪਤਾਨ ਬਣਾਇਆ ਗਿਆ ਹੈ। ਭਾਰਤੀ ਟੀਮ ਦੇ ਪੰਜ ਖਿਡਾਰੀ ਪਹਿਲੀ ਵਾਰ ਉਲੰਪਿਕ ’ਚ ਖੇਡਣਗੇ। ਇਨ੍ਹਾਂ ਤੋਂ ਇਲਾਵਾ ਟੀਮ ਵਿੱਚ ਪਿਛਲੇ ਉਲੰਪਿਕ ਵਿੱਚ ਹਿੱਸਾ ਲੈਣ ਵਾਲੇ ਖਿਡਾਰੀ ਵੀ ਸ਼ਾਮਲ ਹਨ।

ਟੋਕੀਓ ਉਲੰਪਿਕ 2020 ਵਿੱਚ ਕਾਂਸੇ ਦਾ ਤਗ਼ਮਾ ਜਿੱਤਣ ਵਾਲੀ ਭਾਰਤੀ ਟੀਮ ਨੂੰ ਮੌਜੂਦਾ ਚੈਂਪੀਅਨ ਬੈਲਜੀਅਮ, ਆਸਟਰੇਲੀਆ, ਅਰਜਨਟੀਨਾ, ਨਿਊਜ਼ੀਲੈਂਡ ਅਤੇ ਆਇਰਲੈਂਡ ਦੇ ਨਾਲ ਪੂਲ ਬੀ ਵਿੱਚ ਰੱਖਿਆ ਗਿਆ ਹੈ। ਤਜਰਬੇਕਾਰ ਗੋਲਕੀਪਰ ਪੀਆਰ ਸ੍ਰੀਜੇਸ਼ ਅਤੇ ਮਿਡਫੀਲਡਰ ਮਨਪ੍ਰੀਤ ਸਿੰਘ ਚੌਥੀ ਵਾਰ ਉਲੰਪਿਕ ਵਿੱਚ ਹਿੱਸਾ ਲੈਣਗੇ ਜਦਕਿ ਕਪਤਾਨ ਹਰਮਨਪ੍ਰੀਤ ਲਈ ਇਹ ਤੀਜਾ ਉਲੰਪਿਕ ਹੋਵੇਗਾ। ਇਸੇ ਤਰ੍ਹਾਂ ਜਰਮਨਪ੍ਰੀਤ ਸਿੰਘ, ਸੰਜੈ, ਰਾਜ ਕੁਮਾਰ ਪਾਲ, ਅਭਿਸ਼ੇਕ ਅਤੇ ਸੁਖਜੀਤ ਸਿੰਘ ਪਹਿਲੀ ਵਾਰ ਉਲੰਪਿਕ ’ਚ ਖੇਡਣਗੇ।

ਟੋਕੀਓ ਵਿੱਚ ਮੁੱਖ ਟੀਮ ਦਾ ਹਿੱਸਾ ਰਿਹਾ ਨੀਲਕਾਂਤ ਸ਼ਰਮਾ ਨੂੰ ਬਦਲਵੇਂ ਖਿਡਾਰੀਆਂ ਵਿੱਚ ਰੱਖਿਆ ਗਿਆ ਹੈ ਅਤੇ ਦਿਲਪ੍ਰੀਤ ਸਿੰਘ ਨੂੰ ਮੌਕਾ ਨਹੀਂ ਮਿਲਿਆ। ਡਿਫੈਂਸ ਵਿੱਚ ਹਰਮਨਪ੍ਰੀਤ ਸਿੰਘ, ਜਰਮਨਪ੍ਰੀਤ, ਅਮਿਤ ਰੋਹੀਦਾਸ, ਸੁਮਿਤ ਅਤੇ ਸੰਜੈ ਸ਼ਾਮਲ ਹਨ ਜਦਕਿ ਮਿਡਫੀਲਡ ਵਿੱਚ ਪਾਲ, ਸ਼ਮਸ਼ੇਰ ਸਿੰਘ, ਮਨਪ੍ਰੀਤ ਸਿੰਘ, ਹਾਰਦਿਕ ਸਿੰਘ ਅਤੇ ਵਿਵੇਕ ਸਾਗਰ ਪ੍ਰਸਾਦ ਨੂੰ ਸ਼ਾਮਲ ਕੀਤਾ ਗਿਆ। ਇਸੇ ਤਰ੍ਹਾਂ ਫਾਰਵਰਡਾਂ ਵਿੱਚ ਅਭਿਸ਼ੇਕ, ਸੁਖਜੀਤ, ਲਲਿਤ ਕੁਮਾਰ ਉਪਾਧਿਆਏ, ਮਨਦੀਪ ਸਿੰਘ ਅਤੇ ਗੁਰਜੰਟ ਸਿੰਘ ਨੂੰ ਰੱਖਿਆ ਗਿਆ ਹੈ।

ਪੈਰਿਸ ਉਲੰਪਿਕ ਦੌਰਾਨ ਭਾਰਤੀ ਟੀਮ 27 ਜੁਲਾਈ ਨੂੰ ਨਿਊਜ਼ੀਲੈਂਡ ਖ਼ਿਲਾਫ਼ ਆਪਣੀ ਮੁਹਿੰਮ ਦੀ ਸ਼ੁਰੂਆਤ ਕਰੇਗੀ। ਇਸ ਤੋਂ ਬਾਅਦ ਟੀਮ ਦਾ ਸਾਹਮਣਾ 29 ਜੁਲਾਈ ਨੂੰ ਅਰਜਨਟੀਨਾ ਨਾਲ, 30 ਜੁਲਾਈ ਨੂੰ ਆਇਰਲੈਂਡ, 1 ਅਗਸਤ ਨੂੰ ਬੈਲਜੀਅਮ ਅਤੇ 2 ਅਗਸਤ ਨੂੰ ਆਸਟਰੇਲੀਆ ਨਾਲ ਹੋਵੇਗਾ। ਉਲੰਪਿਕ ਖੇਡਾਂ ਵਿੱਚ ਭਾਰਤ ਨੇ ਹੁਣ ਤੱਕ ਅੱਠ ਸੋਨ, ਇੱਕ ਚਾਂਦੀ ਅਤੇ ਤਿੰਨ ਕਾਂਸੇ ਦੇ ਤਗ਼ਮੇ ਜਿੱਤੇ ਹਨ।

### ਭਾਰਤੀ ਹਾਕੀ ਟੀਮ ਵਿੱਚ ਪੰਜਾਬ ਦੇ 10 ਖਿਡਾਰੀਆਂ ਦੀ ਹੋਈ ਚੋਣ

ਪੈਰਿਸ ਉਲੰਪਿਕ ਵਿੱਚ ਚੁਣੀ ਗਈ ਭਾਰਤੀ ਹਾਕੀ ਟੀਮ ਵਿੱਚ ਪੰਜਾਬ ਦੇ 10 ਖਿਡਾਰੀਆਂ ਦੀ ਚੋਣ ਕੀਤੀ ਗਈ ਹੈ, ਜਿਨ੍ਹਾਂ ਵਿਚੋਂ 4 ਜਲੰਧਰ ਦੇ ਹਨ। ਹਾਕੀ ਪੰਜਾਬ ਦੇ ਪ੍ਰਧਾਨ ਨਿਤਿਨ ਕੋਹਲੀ ਅਤੇ ਜਨਰਲ ਸਕੱਤਰ ਅਮਰੀਕ ਸਿੰਘ ਨੇ ਦੱਸਿਆ ਕਿ ਭਾਰਤੀ ਹਾਕੀ ਵਿੱਚ ਪੰਜਾਬ ਦਾ ਵੱਡਾ ਯੋਗਦਾਨ ਹੈ। ਸਾਲ 2020 ਟੋਕੀਓ ਉਲੰਪਿਕ ਖੇਡਾਂ ਵਿੱਚ 11 ਪੰਜਾਬੀਆਂ ਨੇ ਭਾਰਤੀ ਹਾਕੀ ਟੀਮ ਦੀ ਅਗਵਾਈ ਕੀਤੀ ਸੀ ਅਤੇ ਕਾਂਸੇ ਦਾ ਤਗਮ ਜਿੱਤਿਆ ਸੀ। ਉਹਨਾਂ ਕਿਹਾ ਕਿ ਭਾਰਤੀ ਹਾਕੀ ਪ੍ਰੇਮੀਆਂ ਨੂੰ ਉਮੀਦ ਹੈ ਕਿ ਭਾਰਤੀ ਹਾਕੀ ਟੀਮ ਇਸ ਵਾਰ ਵੀ ਉਲੰਪਿਕ ਵਿੱਚ ਤਗਮਾ ਜ਼ਰੂਰ ਜਿੱਤੇਗੀ। ਉਹਨਾਂ ਦੱਸਿਆ ਕਿ ਭਾਰਤੀ ਹਾਕੀ ਟੀਮ ਵਿੱਚ ਪੰਜਾਬ ਦੇ ਚੁਣੇ ਗਏ ਖਿਡਾਰੀਆਂ ਵਿੱਚ ਹਰਮਨਪ੍ਰੀਤ ਸਿੰਘ ਕਪਤਾਨ, ਹਾਰਦਿਕ ਸਿੰਘ ਉਪ ਕਪਤਾਨ, ਮਨਪ੍ਰੀਤ ਸਿੰਘ ਸਾਬਕਾ ਕਪਤਾਨ, ਜਰਮਨਪ੍ਰੀਤ ਸਿੰਘ, ਸ਼ਮਸ਼ੇਰ ਸਿੰਘ, ਸੁਖਜੀਤ ਸਿੰਘ, ਮਨਦੀਪ ਸਿੰਘ, ਗੁਰਜੰਟ ਸਿੰਘ, ਕ੍ਰਿਸ਼ਨ ਬਹਾਦਰ ਪਾਠਕ, ਜੁਗਰਾਜ ਸਿੰਘ ਸ਼ਾਮਿਲ ਹਨ। ਉਪ ਕਪਤਾਨ ਹਾਰਦਿਕ ਸਿੰਘ ਪਿੰਡ ਖੁਸਰੋਪੁਰ, ਮਨਦੀਪ ਸਿੰਘ ਅਤੇ ਮਨਪ੍ਰੀਤ ਸਿੰਘ ਪਿੰਡ ਮਿੱਠਾਪੁਰ, ਸੁਖਜੀਤ ਸਿੰਘ ਰਾਮਾਂ ਮੰਡੀ ਦੇ ਰਹਿਣ ਵਾਲੇ ਹਨ।

## ਮਹਿਲਾ ਕ੍ਰਿਕਟ ਦਰਜਾਬੰਦੀ: ਹਰਮਨਪ੍ਰੀਤ ਤੇ ਮੰਧਾਨਾ ਸਿਖਰਲੇ ਦਸਾਂ ’ਚ ਸ਼ਾਮਲ



ਦੁਬਈ/ਏ.ਟੀ.ਨਿਊਜ਼ : ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ ਆਈ.ਸੀ.ਸੀ. ਮਹਿਲਾ ਇੱਕ ਰੋਜ਼ਾ ਬੱਲੇਬਾਜ਼ੀ ਦਰਜਾਬੰਦੀ ਵਿੱਚ ਦੋ ਸਥਾਨ ਉਪਰ ਚੜ੍ਹ ਕੇ ਨੌਵੇਂ ਸਥਾਨ, ਜਦਕਿ ਉਪ ਕਪਤਾਨ ਸਮ੍ਰਿਤੀ ਮੰਧਾਨਾ ਇੱਕ ਸਥਾਨ ਖਿਸਕ ਕੇ ਚੌਥੇ ਸਥਾਨ ’ਤੇ ਪਹੁੰਚ ਗਈ ਹੈ। ਮੰਧਾਨਾ ਦੇ 738 ਜਦਕਿ ਹਰਮਨਪ੍ਰੀਤ ਦੇ 648 ਰੇਟਿੰਗ ਅੰਕ ਹਨ। ਇਸੇ ਤਰ੍ਹਾਂ ਦੱਖਣੀ ਅਫਰੀਕਾ ਦੀ ਕਪਤਾਨ ਲੌਰਾ ਵੋਲਵਾਰਟ ਦੂਜੇ ਸਥਾਨ ’ਤੇ ਪਹੁੰਚ ਗਈ ਹੈ। ਉਹ ਇੰਗਲੈਂਡ ਦੀ ਬੱਲੇਬਾਜ਼ ਨੈੱਟ ਸਾਈਵਰ-ਬਰੰਟ ਤੋਂ ਸਿਰਫ 16 ਅੰਕ ਪਿੱਛੇ ਹੈ। ਗੇਂਦਬਾਜ਼ੀ ’ਚ ਭਾਰਤੀ ਸਪਿੰਨਰ ਦੀਪਤੀ ਸ਼ਰਮਾ ਚੌਥੇ ਸਥਾਨ ’ਤੇ ਕਾਇਮ ਹੈ। ਉਸ ਦੇ 671 ਰੇਟਿੰਗ ਅੰਕ ਹਨ।

## ਕਪਿਲ ਦੇਵ ਨੇ ਗੋਲਫ ਇੰਡੀਆ ਦੇ ਪ੍ਰਧਾਨ ਵਜੋਂ ਅਹੁਦਾ ਸੰਭਾਲਿਆ



ਨਵੀਂ ਦਿੱਲੀ/ਏ.ਟੀ.ਨਿਊਜ਼ : ਭਾਰਤ ਦੀ 1983 ਕ੍ਰਿਕਟ ਵਿਸ਼ਵ ਕੱਪ ਜੇਤੂ ਟੀਮ ਦੇ ਕਪਤਾਨ ਰਹੇ ਕਪਿਲ ਦੇਵ ਨੇ ਪ੍ਰੋਫੈਸ਼ਨਲ ਗੋਲਫ ਟੂਰ ਆਫ ਇੰਡੀਆ (ਪੀ.ਜੀ.ਟੀ.ਆਈ.) ਦੇ ਨਵੇਂ ਪ੍ਰਧਾਨ ਵਜੋਂ ਅਹੁਦਾ ਸੰਭਾਲ ਲਿਆ ਹੈ। 65 ਸਾਲਾ ਕਪਿਲ ਮੀਤ ਪ੍ਰਧਾਨ ਵਜੋਂ ਪਹਿਲਾਂ ਹੀ ਪੀਜੀਟੀਆਈ ਬੋਰਡ ਦੇ ਮੈਂਬਰ ਸਨ। ਉਨ੍ਹਾਂ ਦੀ ਚੋਣ ਸਰਬਸੰਮਤੀ ਨਾਲ ਹੋਈ ਹੈ।

ਉਹ ਐੱਚ.ਆਰ. ਸ੍ਰੀਨਿਵਾਸਨ ਦੀ ਥਾਂ ਲੈਣਗੇ ਜਿਨ੍ਹਾਂ ਦਾ ਕਾਰਜਕਾਲ ਖ਼ਤਮ ਹੋ ਗਿਆ ਹੈ। ਕਪਿਲ ਨੂੰ ਇੱਕ ਚੰਗੇ ਗੋਲਫ ਖਿਡਾਰੀ ਵਜੋਂ ਵੀ ਜਾਣਿਆ ਜਾਂਦਾ ਹੈ। ਉਨ੍ਹਾਂ ਆਪਣੇ ਨਵੇਂ ਅਹੁਦੇ ਬਾਰੇ ਕਿਹਾ, ਪੀ.ਜੀ.ਟੀ.ਆਈ. ਦਾ ਪ੍ਰਧਾਨ (ਬਾਕੀ ਸਫ਼ਾ 31 ’ਤੇ)

# ਬਹੁਮੁਖੀ ਪ੍ਰਤਿਭਾ ਦੀ ਧਨੀ ਹੈ ਨਿਸ਼ਾ ਬਾਨੋ





ਨਿਸ਼ਾ ਬਾਨੋ ਇੱਕ ਅਜਿਹੀ ਕਲਾਕਾਰ ਹੈ, ਜੋ ਬਹੁਮੁਖੀ ਪ੍ਰਤਿਭਾ ਦੀ ਧਨੀ ਹੈ। ਨਿਸ਼ਾ ਬਾਨੋ ਮਾਨਸਾ ਦੀ ਰਹਿਣ ਵਾਲੀ ਹੈ ਅਤੇ ਇੱਕ ਵਧੀਆ ਅਦਾਕਾਰਾ ਹੋਣ ਦੇ ਨਾਲ-ਨਾਲ ਉਨ੍ਹਾਂ ਨੂੰ ਗਾਉਣ ਦਾ ਵੀ ਸ਼ੌਂਕ ਹੈ। ਮਾਨਸਾ ਦੀ ਰਹਿਣ ਵਾਲੀ ਨਿਸ਼ਾ ਬਾਨੋ ਨੇ ਵੱਖ-ਵੱਖ ਫ਼ਿਲਮਾਂ 'ਚ ਵੱਖ-ਵੱਖ ਤਰ੍ਹਾਂ ਦੇ ਕਿਰਦਾਰ ਨਿਭਾਏ ਹਨ। ਹੁਣ ਤੱਕ ਉਨ੍ਹਾਂ ਦੀਆਂ ਕਈ ਫ਼ਿਲਮਾਂ ਆ ਚੁੱਕੀਆਂ ਹਨ, ਜਿਨ੍ਹਾਂ 'ਚ ਉਨ੍ਹਾਂ ਦੀ ਅਦਾਕਾਰੀ ਨੂੰ ਦਰਸ਼ਕਾਂ ਵੱਲੋਂ ਖ਼ੂਬ ਸਰਾਹਿਆ ਗਿਆ ਹੈ।

**ਕਰਮਜੀਤ ਅਨਮੋਲ ਦਾ ਹੈ ਕਾਮਯਾਬੀ ਪਿੱਛੇ ਹੱਥ**

ਜੇ ਗੱਲ ਕਰੀਏ ਨਿਸ਼ਾ ਬਾਨੋ ਦੀ ਕਾਮਯਾਬੀ ਦੀ ਤਾਂ ਕਰਮਜੀਤ ਅਨਮੋਲ ਦਾ ਵੀ ਉਨ੍ਹਾਂ ਦੀ ਕਾਮਯਾਬੀ 'ਚ ਵੱਡਾ ਹੱਥ ਰਿਹਾ ਹੈ। ਦੱਸ ਦਈਏ ਕਿ ਨਿਸ਼ਾ ਬਾਨੋ ਪਾਲੀਵੁੱਡ ਫ਼ਿਲਮ ਉਦਯੋਗ ਦੀ ਅਜਿਹੀ ਅਦਾਕਾਰਾ ਹੈ, ਜਿਨ੍ਹਾਂ ਨੇ ਵੱਖ-ਵੱਖ ਤਰ੍ਹਾਂ ਦੇ ਚੁਣੌਤੀਪੂਰਨ ਕਿਰਦਾਰ ਨਿਭਾਅ ਕੇ ਫ਼ਿਲਮ ਉਦਯੋਗ 'ਚ ਸ਼ੌਹਰਤ ਹਾਸਲ ਕੀਤੀ ਹੈ।

**ਬੀਨੂੰ ਢਿੱਲੋਂ ਕਮੇਡੀ ਗਰੁੱਪ ਨਾਲ ਜੁੜੀ ਹੈ ਨਿਸ਼ਾ ਬਾਨੋ**

ਨਿਸ਼ਾ ਬਾਨੋ ਨੂੰ ਸਿਰਫ਼ ਅਦਾਕਾਰੀ ਦਾ ਹੀ ਸ਼ੌਕ ਨਹੀਂ ਹੈ ਸਗੋਂ ਉਨ੍ਹਾਂ ਨੂੰ ਗਾਇਕੀ 'ਚ ਵੀ ਬੇਹੱਦ ਦਿਲਚਸਪੀ ਹੈ। ਨਿਸ਼ਾ ਬਾਨੋ ਬੀਨੂੰ ਢਿੱਲੋਂ ਕਮੇਡੀ ਗਰੁੱਪ ਨਾਲ ਵੀ ਜੁੜੇ ਹੋਏ ਹਨ। ਉਨ੍ਹਾਂ ਨੇ ਬੀਨੂੰ ਢਿੱਲੋਂ ਨਾਲ ਦੇਸ਼ ਹੀ ਨਹੀਂ ਵਿਦੇਸ਼ਾਂ 'ਚ ਵੀ ਸਟੇਜ 'ਤੇ ਪਰਫਾਰਮ ਕੀਤਾ ਹੈ। ਉਨ੍ਹਾਂ ਨੇ ਆਸਟ੍ਰੇਲੀਆ ਨਿਊਜ਼ੀਲੈਂਡ ਸਮੇਤ ਕਈ ਦੇਸ਼ਾਂ 'ਚ ਬੀਨੂੰ ਢਿੱਲੋਂ ਨਾਲ ਪਰਫਾਰਮ ਕੀਤਾ ਅਤੇ ਕਈ ਫ਼ਿਲਮਾਂ 'ਚ ਕਿਰਦਾਰ ਨਿਭਾਏ।

**ਸ਼ੁਰੂ ਤੋਂ ਹੀ ਸੱਭਿਆਚਾਰਕ ਗਤੀਵਿਧੀਆਂ 'ਚ ਸਨ ਸਰਗਰਮ**

ਨਿਸ਼ਾ ਬਾਨੋ ਨੇ ਆਪਣੀ ਸਕੂਲੀ ਪੜ੍ਹਾਈ ਯੋਗੇਸ਼ ਮੈਮੋਮੀਰਅਲ ਪਬਲਿਕ ਸਕੂਲ ਮਾਨਸਾ ਤੋਂ ਪੂਰੀ ਕੀਤੀ। ਨਿਸ਼ਾ ਬਾਨੋ ਸ਼ੁਰੂ ਤੋਂ ਹੀ ਸੱਭਿਆਚਾਰਕ ਗਤੀਵਿਧੀਆਂ 'ਚ ਭਾਗ ਲੈਂਦੇ ਹੁੰਦੇ ਸਨ ਅਤੇ ਸਕੂਲ ਸਮੇਂ ਦੌਰਾਨ ਹੀ ਗਿੱਧਾ ਅਤੇ ਹੋਰ ਸਰਗਰਮੀਆਂ 'ਚ ਭਾਗ ਲੈ ਕੇ ਆਪਣੇ ਹੁਨਰ ਦਾ ਪ੍ਰਗਟਾਵਾ ਕਰਦੇ ਰਹਿੰਦੇ ਸਨ।

ਸਕੂਲ ਦੀ ਪੜ੍ਹਾਈ ਕਰਨ ਤੋਂ ਬਾਅਦ ਉਨ੍ਹਾਂ ਨੇ ਐੱਸ. ਡੀ. ਕਾਲਜ ਮਾਨਸਾ 'ਚ ਦਾਖਲਾ ਲਿਆ। ਕਾਲਜ ਦੇ ਸਮੇਂ 'ਚ ਹੀ ਉਨ੍ਹਾਂ ਨੇ ਗਿੱਧੇ 'ਚ ਕਈ ਇਨਾਮ ਆਪਣੇ ਕਾਲਜ ਨੂੰ ਦਿਵਾਏ ਇਸ ਤੋਂ ਇਲਾਵਾ ਉਨ੍ਹਾਂ ਨੇ ਕਈ ਯੁਵਕ ਮੇਲਿਆਂ 'ਚ ਵੀ ਭਾਗ ਲਿਆ।

**ਨਿੱਜੀ ਚੈਨਲ ਤੋਂ ਕੀਤੀ ਐਕਟਿੰਗ ਕੈਰੀਅਰ ਦੀ ਸ਼ੁਰੂਆਤ**

ਨਿਸ਼ਾ ਬਾਨੋ ਨੇ ਆਪਣੇ ਐਕਟਿੰਗ ਕੈਰੀਅਰ ਦੀ ਸ਼ੁਰੂਆਤ ਇੱਕ ਨਿੱਜੀ ਚੈਨਲ 'ਤੇ ਆਉਣ ਵਾਲੇ ਸ਼ੋਅ 'ਹੱਸਦੇ ਹਸਾਉਂਦੇ ਰਹੋ' ਤੋਂ ਕੀਤੀ ਸੀ। ਨਿਸ਼ਾ ਬਾਨੋ ਨੇ ਗਾਇਕੀ ਦੇ ਗੁਰ ਕਰਮਜੀਤ ਅਨਮੋਲ ਤੋਂ ਹੀ ਸਿੱਖੇ ਸਨ। ਐਕਟਿੰਗ 'ਚ ਵੀ ਕਰਮਜੀਤ ਅਨਮੋਲ ਨੇ ਕਾਫ਼ੀ ਮਦਦ ਕੀਤੀ।

**ਪਹਿਲਾ ਸ਼ੋਅ**

ਦੂਰਦਰਸ਼ਨ 'ਤੇ ਕਰਮਜੀਤ ਅਨਮੋਲ ਅਤੇ ਨਿਸ਼ਾ ਬਾਨੋ ਨੇ ਪਰਫਾਰਮ ਕੀਤਾ ਸੀ, ਜੋ ਕਿ ਸੁਦੇਸ਼ ਕੁਮਾਰੀ ਨੇ ਗਾਇਆ ਸੀ। ਆਪਣਾ ਗੀਤ 'ਹਾੜੀ ਸਾਉਣੀ' ਨਿਸ਼ਾ ਬਾਨੋ ਨੂੰ ਬਹੁਤ ਪਿਆਰਾ ਲੱਗਦਾ ਹੈ।

**ਕਈ ਹਿੱਟ ਫਿਲਮਾਂ 'ਚ ਕਰ ਚੁੱਕੇ ਨੇ ਕੰਮ**

ਨਿਸ਼ਾ ਬਾਨੋ ਜੱਟ ਐਂਡ ਜੂਲੀਅਟ, ਜੱਟ ਏਅਰਵੇਜ਼, ਨਿੱਕਾ ਜ਼ੈਲਦਾਰ, ਮੈਂ ਤੇਰੀ ਤੂੰ ਮੇਰਾ, ਬਾਜ਼, ਸੁਰਖ਼ੀ ਬਿੰਦੀ ਅਤੇ ਫਤਿਹ ਫ਼ਿਲਮਾਂ 'ਚ ਆਪਣੀ ਅਦਾਕਾਰੀ ਦਾ ਲੋਹਾ ਮਨਵਾ ਚੁੱਕੇ ਹਨ। ਨਿੱਕਾ ਜ਼ੈਲਦਾਰ 'ਚ ਉਨ੍ਹਾਂ ਵੱਲੋਂ ਨਿਭਾਏ ਗਏ ਸ਼ਾਂਤੀ ਦੇ ਕਿਰਦਾਰ ਨੂੰ ਕਾਫ਼ੀ ਸਰਾਹਿਆ ਗਿਆ ਸੀ। ਇਸ ਫਿਲਮ 'ਚ ਐਮੀ ਵਿਰਕ ਤੇ ਸੋਨਮ ਬਾਜਵਾ ਨੇ ਮੁੱਖ ਭੂਮਿਕਾ ਨਿਭਾਈ ਸੀ।

**ਸੰਗੀਤ ਜਗਤ ਨੂੰ ਦਿੱਤੇ ਕਈ ਹਿੱਟ ਗੀਤ**

ਜੇ ਗੱਲ ਨਿਸ਼ਾ ਬਾਨੋ ਦੇ ਵਰਕ ਫਰੰਟ ਦੀ ਤਾਂ ਉਹ ਪੰਜਾਬੀ ਸੰਗੀਤ ਜਗਤ ਨੂੰ ਕਈ ਹਿੱਟ ਗੀਤ ਜਿਵੇਂ ਆਫ਼ ਲਿਮਟ, ਦਿਲ ਅਰਮਾਨੀ, ਅੜਬ ਜੱਟੀ, ਓਹੀ ਬੋਲਦੀ, ਤੇਰੇ ਕਰਕੇ ਵਰਗੇ ਹਿੱਟ ਗੀਤਾਂ ਦੇ ਚੁੱਕੇ ਹਨ। ਗਾਇਕੀ ਤੋਂ ਇਲਾਵਾ ਉਹ ਅਦਾਕਾਰੀ 'ਚ ਕਾਫੀ ਸਰਗਰਮ ਹਨ।

# ਪੰਜਾਬੀ ਫ਼ਿਲਮ 'ਉੱਚਾ ਦਰ ਬਾਬੇ ਨਾਨਕ ਦਾ' ਦਾ ਟਰੇਲਰ ਜਾਰੀ




ਵਿਨੀਪੈਗ/ਏ.ਟੀ.ਨਿਊਜ਼ : ਦਾਵਤ ਰੈਸਟੋਰੈਂਟ ਐਂਡ ਤਨਵੀਰ ਜਗਪਾਲ ਦੇ ਉਦਮ ਨਵੀਂ ਬਣੀ ਪੰਜਾਬੀ ਫ਼ਿਲਮ 'ਉੱਚਾ ਦਰ ਬਾਬੇ ਨਾਨਕ ਦਾ' ਦਾ ਪਹਿਲਾ ਮੂਵੀ ਟਰੇਲਰ ਇੱਥੇ ਫੇਅਰ ਮਾਊਂਟ ਹੋਟਲ ਵਿੱਚ ਜਾਰੀ ਕੀਤਾ ਗਿਆ।

ਇਸ ਮੌਕੇ ਫ਼ਿਲਮ ਵਿੱਚ ਮੁੱਖ ਭੂਮਿਕਾ ਨਿਭਾਉਣ ਵਾਲੇ ਯੋਗਰਾਜ ਸਿੰਘ ਤੇ ਹੋਰ ਕਲਾਕਾਰਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਉਨ੍ਹਾਂ ਲੋਕਾਂ ਨੂੰ ਪਰਿਵਾਰਾਂ ਸਣੇ ਫ਼ਿਲਮ ਵੇਖਣ ਦੀ ਅਪੀਲ ਕੀਤੀ। ਇਹ ਫ਼ਿਲਮ 12 ਜੁਲਾਈ ਨੂੰ ਸਿਨੇਮਾਘਰਾਂ ਵਿੱਚ ਰਿਲੀਜ਼ ਹੋਵੇਗੀ। ਰਿਦਮ ਬੁਆਇਜ਼ ਵੱਲੋਂ ਕੈਨੇਡਾ ਵਿੱਚ ਡਿਸਟਰੀਬਿਊਟ ਕੀਤੀ ਜਾਣ ਵਾਲੀ ਇਸ ਫ਼ਿਲਮ ਦੇ ਲੇਖਕ, ਨਿਰਦੇਸ਼ਕ ਤੇ ਪ੍ਰੋਡਿਊਸਰ ਤਰਨਵੀਰ ਸਿੰਘ ਜਗਪਾਲ ਹਨ। ਫ਼ਿਲਮ ਵਿੱਚ ਮੁੱਖ ਭੂਮਿਕਾ ਯੋਗਰਾਜ ਸਿੰਘ, ਸਰਬਜੀਤ ਚੀਮਾ, ਮੋਨਿਕਾ ਗਿੱਲ, ਕਿੱਮੀ ਵਰਮਾ, ਈਸ਼ਾ ਰਿੱਕੀ, ਹਰਜ ਨਾਗਰੀ, ਗੁਰਨਾਜ ਕੌਰ, ਹਾਰਵੀ ਸੰਘਾ, ਕਮਲਜੀਤ ਨੀਰੂ ਤੇ ਬਲਜਿੰਦਰ ਅਟਵਾਲ ਨੇ ਨਿਭਾਈ ਹੈ। ਫ਼ਿਲਮ ਦੇ ਗੀਤ ਵੀਤ ਬਲਜੀਤ ਨੇ ਲਿਖੇ ਹਨ। ਮਿਊਜ਼ਿਕ ਜਸਕੀਰਤ ਸਿੰਘ ਦਾ ਹੈ। ਫ਼ਿਲਮ ਦਾ ਟਰੇਲਰ ਜਾਰੀ ਕਰਨ ਮੌਕੇ ਹਾਜ਼ਰ ਲੋਕਾਂ ਦਾ ਸੁਨੀਲ ਸ਼ਰਮਾ ਵੱਲੋਂ ਧੰਨਵਾਦ ਕੀਤਾ ਗਿਆ।

# ਕੈਂਸਰ ਦਾ ਡਟ ਕੇ ਮੁਕਾਬਲਾ ਕਰਾਂਗੀ: ਹਿਨਾ ਖ਼ਾਨ



ਅਦਾਕਾਰਾ ਹਿਨਾ ਖਾਨ ਨੇ ਖੁਲਾਸਾ ਕੀਤਾ ਹੈ ਕਿ ਉਸ ਨੂੰ ਸਟੇਜ-3 'ਤੇ ਪੁੱਜ ਚੁੱਕਾ ਛਾਤੀ ਦਾ ਕੈਂਸਰ ਹੈ। 'ਯੇ ਰਿਸ਼ਤਾ ਕਿਆ ਕਹਿਲਾਤਾ ਹੈ' ਨਾਟਕ ਨਾਲ ਮਸ਼ਹੂਰ ਅਦਾਕਾਰਾ ਹਿਨਾ ਖਾਨ ਨੇ ਇਹ ਜਾਣਕਾਰੀ ਇੰਸਟਾਗ੍ਰਾਮ 'ਤੇ ਸਾਂਝੀ ਕੀਤੀ ਹੈ। ਉਸ ਨੇ ਕਿਹਾ, "ਮੈਂ ਆਪਣੇ ਚਾਹੁਣ ਵਾਲਿਆਂ ਨੂੰ ਦੱਸਣਾ ਚਾਹੁੰਦੀ ਹਾਂ ਕਿ ਮੈਨੂੰ ਤੀਜੀ ਸਟੇਜ ਦਾ ਛਾਤੀ ਦਾ ਕੈਂਸਰ ਹੈ, ਮੈਂ ਮਜ਼ਬੂਤੀ ਨਾਲ ਇਸ ਬਿਮਾਰੀ ਦਾ ਸਾਹਮਣਾ ਕਰ ਰਹੀ ਹਾਂ, ਮੇਰਾ ਇਲਾਜ ਸ਼ੁਰੂ ਹੋ ਚੁੱਕਿਆ ਹੈ। ਇਸ ਨਾਮੁਰਾਦ ਬਿਮਾਰੀ 'ਚੋਂ ਬਾਹਰ ਆਉਣ ਲਈ ਮੈਂ ਆਪਣਾ ਮਨ ਪੱਕਾ ਕਰ ਲਿਆ ਹੈ ਅਤੇ ਇਲਾਜ ਦੀ ਹਰ ਚੁਣੌਤੀ ਦਾ ਮੈਂ ਡਟ ਕੇ ਸਾਹਮਣਾ ਕਰਾਂਗੀ ।" ਹਿਨਾ ਖਾਨ ਨੇ ਆਪਣੇ ਪ੍ਰਸ਼ੰਸਕਾਂ ਨੂੰ ਇਹ ਵੀ ਕਿਹਾ, "ਮੈਂ ਤੁਹਾਨੂੰ ਸਾਰਿਆਂ ਨੂੰ ਅਪੀਲ ਕਰਦੀ ਹਾਂ ਕਿ ਇਸ ਸਮੇਂ ਦੌਰਾਨ ਮੇਰੀ ਨਿੱਜਤਾ ਦਾ ਧਿਆਨ ਰੱਖਿਆ ਜਾਵੇ, ਤੁਹਾਡਾ ਪਿਆਰ ਤੇ ਦੁਆਵਾਂ ਮੇਰੇ ਲਈ ਬਹੁਤ ਵਡਮੁੱਲੀਆਂ ਹਨ। ਤੁਹਾਡੇ ਵਿਅਕਤੀਗਤ ਅਨੁਭਵ ਮੇਰੇ ਲਈ ਇਸ ਸਫਰ ਦੌਰਾਨ ਬਹੁਤ ਲਾਹੇਵੰਦ ਹੋਣਗੇ।" ਜੰਮੂ ਦੀ ਰਹਿਣ ਵਾਲੀ ਹਿਨਾ ਖਾਨ 'ਫੀਅਰ ਫੈਕਟਰ: ਖਤਰੋਂ ਕੇ ਖਿਲਾੜੀ-8' ਵਰਗੇ ਰਿਆਲਟੀ ਸ਼ੋਅ 'ਚ ਵੀ ਨਜ਼ਰ ਆ ਚੁੱਕੀ ਹੈ।

# ਅਸੀਂ ਪੇਂਡੂ ਨ੍ਹੀਂ ਦਿਲਾਂ ਦੇ ਮਾੜੇ . . .

ਕੁਲਦੀਪ ਸਿੰਘ ਸਾਹਿਲ



ਅੱਜ ਤੋਂ 40-50 ਸਾਲ ਪਹਿਲਾਂ ਨਰਿੰਦਰ ਬੀਬਾ ਦਾ ਗਾਇਆ ਦੋਗਾਣਾ 'ਅਸੀਂ ਪੇਂਡੂ ਨ੍ਹੀਂ ਦਿਲਾਂ ਦੇ ਮਾੜੇ, ਚੰਡੀਗੜ੍ਹ ਰਹਿਣ ਵਾਲੀਏ' ਰੇਡੀਓ ਤੋਂ ਆਮ ਹੀ ਸੁਣਿਆ ਜਾਂਦਾ ਸੀ। ਇਹੋ ਜਿਹੇ ਸੈਂਕੜੇ ਸਦਾਬਹਾਰ ਪੰਜਾਬੀ ਲੋਕ ਗੀਤ ਪੰਜਾਬੀ ਬੋਲੀ ਦੀ ਝੋਲੀ ਪਾਉਣ ਵਾਲੀ ਨਰਿੰਦਰ ਬੀਬਾ ਨੇ ਪੰਜਾਬੀ ਲੋਕ ਗੀਤਾਂ ਤੇ ਪੰਜਾਬੀ ਮਾਂ-ਬੋਲੀ ਨੂੰ ਉਸ ਵੇਲੇ ਸਿਖ਼ਰਾਂ 'ਤੇ ਪਹੁੰਚਾਇਆ ਜਦੋਂ ਕੁੜੀਆਂ ਵਾਸਤੇ ਗਾਣਾ ਤਾਂ ਦੂਰ ਦੀ ਗੱਲ, ਘਰ ਦੀ ਦਹਿਲੀਜ਼ ਲੰਘਣਾ ਵੀ ਮੁਸ਼ਕਲ ਸੀ।

ਉਨ੍ਹਾਂ ਦੀ ਖੁੱਲ੍ਹਦਿਲੀ, ਦਲੇਰੀ ਅਤੇ ਗਾਇਕੀ ਦੇ ਸ਼ੌਕ ਦਾ ਅੰਦਾਜ਼ਾ ਸਹਿਜੇ ਹੀ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਔਰਤ ਦੀ ਗ਼ੁਲਾਮੀ ਵਾਲੇ ਸਮਿਆਂ ਵਿਚ ਵੀ ਇਸ ਗਾਇਕਾ ਨੇ ਮਰਦ ਗਾਇਕਾਂ ਵਾਂਗ ਅਲਗੋਜ਼ਿਆਂ ਨਾਲ ਲੰਮੀ ਹੇਕ ਵਾਲੇ ਲੋਕ ਗੀਤ ਗਾ ਕੇ ਨਾਮਣਾ ਖੱਟਿਆ। ਨਰਿੰਦਰ ਬੀਬਾ ਦਾ ਜਨਮ ਪਾਕਿਸਤਾਨ ਦੇ ਸਰਗੋਧਾ ਜ਼ਿਲ੍ਹੇ ਦੇ ਚੱਕ 120 ਵਿਖੇ ਪਿਤਾ ਫ਼ਤਹਿ ਸਿੰਘ ਦੇ ਗ੍ਰਹਿ ਵਿਖੇ 1941 ਨੂੰ ਹੋਇਆ ਸੀ।

ਬਚਪਨ ਤੋਂ ਹੀ ਗਾਇਕੀ ਦਾ ਸ਼ੌਕ ਰੱਖਣ ਵਾਲੀ ਨਰਿੰਦਰ ਬੀਬਾ ਨੂੰ ਗਾਇਕੀ ਵਿਰਸੇ ਵਿੱਚੋਂ ਨਹੀਂ ਮਿਲੀ ਸੀ ਸਗੋਂ ਉਨ੍ਹਾਂ ਆਪਣੀ ਮਿਹਨਤ ਤੇ ਰਿਆਜ਼ ਨਾਲ ਇਹ ਮੁਕਾਮ ਹਾਸਲ ਕੀਤਾ ਸੀ। ਲਾਲ ਚੰਦ ਯਮਲਾ ਜੱਟ ਉਨ੍ਹਾਂ ਦੇ ਉਸਤਾਦ ਸਨ। ਨਰਿੰਦਰ ਬੀਬਾ ਨੇ ਲੋਕ ਗਾਇਕੀ ਦੀ ਤਾਲੀਮ ਉਨ੍ਹਾਂ ਤੋਂ ਲਈ ਅਤੇ ਕਲਾਸੀਕਲ ਸੰਗੀਤ ਦੀ ਸਿੱਖਿਆ ਮਾਸਟਰ ਹਰੀ ਦੇਵ ਤੋਂ ਹਾਸਲ ਕੀਤੀ। ਉਨ੍ਹਾਂ ਨੇ ਹਰ ਕਿਸਮ ਦੇ ਗੀਤ ਗਾ ਕੇ ਆਪਣੀ ਮੁਹਾਰਤ ਦਾ ਸਬੂਤ ਦਿੱਤਾ, ਫਿਰ ਭਾਵੇਂ ਉਹ ਦਰਦ ਤੇ ਵਿਛੋੜੇ ਦੇ ਗੀਤ ਹੋਣ, ਵਿਆਹ ਮੌਕੇ ਗਾਈਆਂ ਜਾਣ ਵਾਲੀਆਂ ਘੋੜੀਆਂ ਜਾਂ ਧਮਾਲਾਂ ਹੋਣ। ਗਾਇਕੀ ਦੇ ਪਾਰਖੂਆਂ ਦੇ ਦੱਸਣ ਮੁਤਾਬਕ ਸਾਢੇ ਤਿੰਨ ਮਿੰਟ ਲੰਮੀ ਹੇਕ ਦਾ ਰਿਕਾਰਡ ਬੀਬਾ ਨੇ ਬਣਾਇਆ ਸੀ।

ਨਰਿੰਦਰ ਬੀਬਾ ਨੇ ਆਪਣੀ ਸਭ ਤੋਂ ਪਹਿਲੀ ਜੋੜੀ ਗਾਇਕ ਜਗਤ ਸਿੰਘ ਜੱਗਾ ਨਾਲ ਬਣਾਈ ਅਤੇ ਫਿਰ ਹੋਰ ਗਾਇਕਾਂ ਨਾਲ ਰਲ ਕੇ ਦੋਗਾਣੇ ਗਾਏ। ਕਈ ਗਾਇਕਾਂ ਨੇ ਉਨ੍ਹਾਂ ਨਾਲ ਗਾ ਕੇ ਆਪਣੀ ਪਛਾਣ ਬਣਾਈ। ਉਨ੍ਹਾਂ ਕਈ ਗੀਤਕਾਰਾਂ ਦੇ ਗੀਤ ਗਾ ਕੇ ਉਨ੍ਹਾਂ ਨੂੰ ਲੋਕ ਗੀਤਾਂ ਦਾ ਦਰਜਾ ਦਿਵਾਇਆ। ਇਕ ਅੰਦਾਜ਼ੇ ਮੁਤਾਬਕ ਨਰਿੰਦਰ ਬੀਬਾ ਨੇ 5500 ਤੋਂ ਵੱਧ ਗੀਤਾਂ ਨੂੰ ਆਵਾਜ਼ ਦਿੱਤੀ। ਸਭ ਤੋਂ ਪਹਿਲਾਂ ਉਨ੍ਹਾਂ ਦੇ ਗੀਤ ਐੱਚ.ਐੱਮ.ਵੀ. ਨੇ ਰਿਕਾਰਡ ਕੀਤੇ ਜਿਨ੍ਹਾਂ 'ਚੋਂ ਗੁਰਦੇਵ ਸਿੰਘ ਮਾਨ ਦਾ ਲਿਖਿਆ ਗੀਤ 'ਰਾਤੀਂ ਸੀ ਉਡੀਕਾਂ ਤੇਰੀਆਂ', 'ਸੁੱਤੇ ਪਲ ਨਾ ਹਿਜਰ ਦੇ ਮਾਰੇ' ਕਾਫ਼ੀ ਚਰਚਿਤ ਹੋਏ ਤੇ ਧਾਰਮਿਕ ਗੀਤ ਚੰਨ ਮਾਤਾ ਗੁਜਰੀ ਦਾ, ਸੁੱਤਾ ਕੰਡਿਆਂ ਦੀ ਸੇਜ ਵਿਛਾਈ ਵੀ ਬਹੁਤ ਚਰਚਿਤ ਰਿਹਾ। ਉਸ ਤੋਂ ਬਾਅਦ ਤਾਂ ਹਰ ਗੀਤ ਮਸ਼ਹੂਰ ਬਣਦਾ ਗਿਆ। ਉਨ੍ਹਾਂ ਦੇ ਗੀਤਾਂ ਵਿੱਚੋਂ 'ਆਹ ਲੈ ਮਾਏ ਸਾਂਭ ਕੁੰਜੀਆਂ', 'ਗੜਵਾ ਲੈ ਦੇ ਚਾਂਦੀ ਦਾ', 'ਹੱਥੀਂ ਤੋਰੇ ਸੱਜਣਾਂ ਨੂੰ', 'ਮੈਨੂੰ ਰੇਸ਼ਮੀ ਰੁਮਾਲ ਵਾਂਗੂ ਰੱਖ ਮੁੰਡਿਆ', 'ਕਿੱਕਰ 'ਤੇ ਕਾਟੋ ਰਹਿੰਦੀ', 'ਛੰਨਾ ਵੇਚ ਕੇ ਲਿਆ ਦੇ ਗਹਿਣੇ ਮੁੰਡਿਆ' ਨੇ ਮਕਬੂਲੀਅਤ ਦੀਆਂ ਸਿਖ਼ਰਾਂ ਨੂੰ ਛੂਹਿਆ।

ਇਸ ਤੋਂ ਇਲਾਵਾ ਉਨ੍ਹਾਂ ਨੇ ਚਰਨ ਸਿੰਘ ਸਫ਼ਰੀ ਦੇ ਧਾਰਮਿਕ ਗੀਤਾਂ ਨੂੰ ਗਾ ਕੇ ਵੀ ਬੜੀ ਵਾਹਵਾ ਖੱਟੀ। ਉਨ੍ਹਾਂ ਨੇ ਆਪਣੇ ਰਵਾਇਤੀ ਲੋਕ ਸਾਜ਼ਾਂ ਦਾ ਸਾਥ ਨਹੀਂ ਛੱਡਿਆ। 'ਅਲਗੋਜ਼ਾ' ਉਨ੍ਹਾਂ ਦੇ ਸੰਗੀਤ 'ਚ ਇੱਕ ਖ਼ਾਸ ਸਾਜ਼ ਸੀ। ਅਲਗੋਜ਼ਾ ਮਾਸਟਰ ਬੇਲੀ ਰਾਮ ਨੇ ਉਨ੍ਹਾਂ ਨਾਲ 30 ਸਾਲ ਸੰਗਤ ਕੀਤੀ। ਉਨ੍ਹਾਂ ਪੰਜਾਬੀ ਫਿਲਮਾਂ 'ਤੇਰੀ ਮੇਰੀ ਇੱਕ ਜਿੰਦੜੀ', 'ਦਾਜ' ਅਤੇ 'ਪੁੱਤ ਜੱਟਾਂ ਦੇ' ਵਿੱਚ ਵੀ ਗਾਇਆ। ਨਰਿੰਦਰ ਬੀਬਾ ਨੇ ਜਗਤ ਸਿੰਘ ਜੱਗਾ, ਫਕੀਰ ਸਿੰਘ ਫਕੀਰ, ਕਰਨੈਲ ਸਿੰਘ ਗਿੱਲ, ਦੀਦਾਰ ਸੰਧੂ, ਹਰਚਰਨ ਗਰੇਵਾਲ, ਵੀਰ ਚੰਦ ਗੋਪੀ, ਰਮੇਸ਼ ਰੰਗੀਲਾ, ਗੁਰਦਿਆਲ ਨਿਰਮਾਣ, ਮੁਹੰਮਦ ਸਦੀਕ, ਹਿੰਦੀ ਫਿਲਮ ਜਗਤ ਦੇ ਪ੍ਰਸਿੱਧ ਗਾਇਕ ਮੁਹੰਮਦ ਰਫ਼ੀ ਤੇ ਮਹਿੰਦਰ ਕਪੂਰ ਨਾਲ ਵੀ ਦੋਗਾਣੇ ਗਾਏ ਤੇ ਪ੍ਰਸਿੱਧ ਗੀਤਕਾਰਾਂ ਚਰਨ ਸਿੰਘ ਸਫਰੀ, ਗੁਰਦੇਵ ਮਾਨ, ਮਾਨ ਮਰਾੜ੍ਹਾਂ ਵਾਲਾ, ਚੰਨ ਗੁਰਾਇਆਂ ਵਾਲਾ, ਦੀਪਕ ਜੈਤੋਈ ਤੇ ਹੋਰ ਗੀਤਕਾਰਾਂ ਦੇ ਗੀਤਾਂ ਨੂੰ ਗਾਇਆ। ਨਰਿੰਦਰ ਬੀਬਾ ਨੇ ਆਪਣੀ ਜ਼ਿੰਦਗੀ ਵਿੱਚ ਕਈ ਮੁਸ਼ਕਲਾਂ ਅਤੇ ਦੁਸ਼ਵਾਰੀਆਂ ਦਾ ਖਿੜੇ ਮੱਥੇ ਸਾਹਮਣਾ ਕੀਤਾ। ਉਨ੍ਹਾਂ ਦੇ ਪਤੀ ਜਸਪਾਲ ਸਿੰਘ ਪਾਲੀ ਜੋ ਖ਼ੁਦ ਇੱਕ ਚੰਗੇ ਕਲਾਕਾਰ ਤੇ ਸਟੇਜ ਅਨਾਊਂਸਰ ਸਨ, ਇਨ੍ਹਾਂ ਨੂੰ ਬੇਵਕਤ ਵਿਛੋੜਾ ਦੇ ਗਏ ਸਨ ਜਿਸ ਨੇ ਨਰਿੰਦਰ ਬੀਬਾ ਨੂੰ ਝੰਜੋੜ ਕੇ ਰੱਖ ਦਿੱਤਾ ਸੀ ਪਰ ਉਨ੍ਹਾਂ ਹੌਸਲਾ ਨਾ ਹਾਰਿਆ। ਬੀਬਾ ਜੀ ਨੇ ਆਪਣੇ ਪਤੀ ਪਾਲੀ ਦੀ ਮੌਤ ਤੋਂ ਪਹਿਲਾਂ ਉਨ੍ਹਾਂ ਲਈ ਵੀ ਇਕ ਗੀਤ ਗਾਇਆ ਸੀ : 'ਕਾਹਨੂੰ ਮਾਰਦੈ ਚੰਦਰਿਆ ਛਮਕਾਂ, ਮੈਂ ਕੱਚ ਦੇ ਗਲਾਸ ਵਰਗੀ। ਫੇਰ ਰੋਏਂਗਾ ਢਿੱਲੇ ਜਿਹੇ ਬੁੱਲ੍ਹ ਕਰਕੇ ਪਾਲੀ ਜਦੋਂ ਬੀਬਾ ਮਰਗੀ।' ਪਰ ਉਨ੍ਹਾਂ ਨੂੰ ਪਤਾ ਨਹੀਂ ਸੀ ਕਿ ਉਨ੍ਹਾਂ ਦੇ ਪਤੀ ਪਾਲੀ ਨੇ ਉਨ੍ਹਾਂ ਤੋਂ ਪਹਿਲਾਂ ਤੁਰ ਜਾਣਾ। ਸਤਾਈ ਜੂਨ 1997 ਨੂੰ ਨਰਿੰਦਰ ਬੀਬਾ ਲੁਧਿਆਣਾ ਵਿਖੇ ਆਪਣੇ ਪਰਿਵਾਰ ਤੇ ਸਰੋਤਿਆਂ ਨੂੰ ਹਮੇਸ਼ਾ ਲਈ ਅਲਵਿਦਾ ਆਖ ਗਏ ਸਨ।

## ਸਮਾਗਮਾਂ ਦੌਰਾਨ ਭਾਜੜ

ਧਾਰਮਿਕ ਤੇ ਸਮਾਜਿਕ ਸਮਾਗਮਾਂ ਦੌਰਾਨ ਭਾਜੜ ਪੈਣ ਅਤੇ ਅਨੇਕਾਂ ਲੋਕਾਂ ਦੀ ਮੌਤ ਹੋਣ ਜਾਣ ਦਾ ਇਹ ਪਹਿਲਾ ਮਾਮਲਾ ਨਹੀਂ ਹੈ, ਸਗੋਂ ਇਸ ਤੋਂ ਪਹਿਲਾਂ ਵੀ ਭਾਰਤ ਦੇ ਵੱਖ- ਵੱਖ ਇਲਾਕਿਆਂ ਵਿੱਚ ਧਾਰਮਿਕ ਅਤੇ ਸਮਾਜਿਕ ਸਮਾਗਮਾਂ ਦੌਰਾਨ ਭਾਜੜ ਪੈ ਚੁੱਕੀ ਹੈ, ਜਿਸ ਵਿੱਚ ਅਨੇਕਾਂ ਲੋਕ ਮਾਰੇ ਜਾ ਚੁੱਕੇ ਹਨ ਪਰ ਇਸ ਦੇ ਬਾਵਜੂਦ ਸਰਕਾਰ, ਪ੍ਰਸ਼ਾਸਨ ਅਤੇ ਸਮਾਗਮ ਕਰਵਾਉਣ ਵਾਲੇ ਪ੍ਰਬੰਧਕਾਂ ਨੇ ਕੋਈ ਸਬਕ ਨਹੀਂ ਸਿਖਿਆ, ਜਿਸ ਕਾਰਨ ਕੁਝ ਸਮੇਂ ਬਾਅਦ ਅਜਿਹੀਆਂ ਦਿਲ ਦਹਿਲਾ ਦੇਣ ਵਾਲੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ।ਅਜਿਹੀਆਂ ਘਟਨਾਵਾਂ ਅਕਸਰ ਸਮਾਗਮਾਂ ਦੌਰਾਨ ਕੀਤੇ ਜਾਂਦੇ ਨਾਕਸ ਪ੍ਰਬੰਧਾਂ ਕਾਰਨ ਵਾਪਰਦੀਆਂ ਹਨ। ਇਹ ਘਟਨਾਂਵਾਂ ਸਿਰਫ਼ ਜਾਨੀ ਨੁਕਸਾਨ ਦਾ ਕਾਰਨ ਹੀ ਨਹੀਂ ਬਣਦੀਆਂ ਸਗੋਂ ਦੇਸ਼ ਦੀ ਬਦਨਾਮੀ ਵੀ ਕਰਵਾਉਂਦੀਆਂ ਹਨ।

ਭਾਰਤ ਨੂੰ ਜਿਥੇ ਇਸ ਸਮੇਂ ਕੇਂਦਰ ਸਰਕਾਰ ਵੱਲੋਂ ਵਿਸ਼ਵ ਸ਼ਕਤੀ ਬਣਾਉਣ ਦੇ ਯਤਨ ਹੋ ਰਹੇ ਹਨ, ਉਥੇ ਅਜਿਹੀਆਂ ਘਟਨਾਵਾਂ ਕਾਰਨ ਧਾਰਮਿਕ ਤੇ ਸਮਾਜਿਕ ਸਮਾਗਮਾਂ ਦੌਰਾਨ ਢਿੱਲੇ ਸੁਰੱਖਿਆ ਪ੍ਰਬੰਧਾਂ ਦੀ ਪੋਲ ਖੋਲ ਦਿੰਦੀਆਂ ਹਨ। ਹਾਥਰਸ ਜ਼ਿਲ੍ਹੇ ਵਿੱਚ ਵਾਪਰੀ ਇਹ ਘਟਨਾ ਏਨੀ ਸੰਗੀਨ ਹੈ ਕਿ ਇਸ ਦੀ ਜਾਣਕਾਰੀ ਖੁਦ ਪ੍ਰਧਾਨ ਮੰਤਰੀ ਨੇ ਲੋਕ ਸਭਾ ਵਿੱਚ ਆਪਣੇ ਸੰਬੋਧਨ ਦੌਰਾਨ ਦਿੱਤੀ।ਭਾਂਵੇਂ ਕਿ ਹੁਣ ਸਰਕਾਰ ਨੇ ਇਸ ਘਟਨਾ ਦੀ ਜਾਂਚ ਦੇ ਹੁਕਮ ਦੇ ਦਿੱਤੇ ਹਨ ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਇਸ ਤਰ੍ਹਾਂ ਦੀਆਂ ਜਿਹੜੀਆਂ ਘਟਨਾਂਵਾਂ ਪਹਿਲਾਂ ਵਾਪਰ ਚੁੱਕੀਆਂ ਹਨ, ਉਹਨਾਂ ਦੀ ਜਾਂਚ ਦਾ ਕੀ ਬਣਿਆ ਤੇ ਇਹਨਾਂ ਘਟਨਾਵਾਂ ਲਈ ਜ਼ਿੰਮੇਵਾਰ ਕਿੰਨੇ ਲੋਕਾਂ ਨੂੰ ਸਜ਼ਾ ਦਿੱਤੀ ਗਈ।

ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਧਾਰਮਿਕ ਸਮਾਗਮਾਂ ਦੌਰਾਨ ਧਰਮ-ਕਰਮ ਦਾ ਉਪਦੇਸ਼ ਦੇਣ ਵਾਲੇ ਧਾਰਮਿਕ ਆਗੂ ਜਾਂ ਬਾਬੇ ਸਮਾਗਮ ਵਿੱਚ ਸ਼ਾਮਲ ਲੋਕਾਂ ਨੂੰ ਸੰਜਮ ਅਤੇ ਅਨੁਸ਼ਾਸਨ ਦਾ ਸਬਕ ਕਿਉਂ ਨਹੀਂ ਦੇ ਪਾਉਂਦੇ।ਕਿਹਾ ਜਾਂਦਾ ਹੈ ਕਿ ਅਜਿਹੇ ਸਮਾਗਮਾਂ ਵਿੱਚ ਭਾਜੜ ਪੈਣ ਦਾ ਇੱਕ ਵੱਡਾ ਕਾਰਨ ਸਮਾਗਮ ਵਿੱਚ ਸ਼ਾਮਲ ਲੋਕਾਂ ਦਾ ਗ਼ੈਰ-ਸੰਜਮੀ ਵਿਵਹਾਰ ਵੀ ਬਣਦਾ ਹੈ।ਜੇ ਲੋਕ ਸੰਜਮ ਵਿੱਚ ਰਹਿਣ ਤਾਂ ਅਜਿਹੀਆਂ ਘਟਨਾਂਵਾਂ ਦੇ ਵਾਪਰਣ ਤੋਂ ਬਚਿਆ ਜਾ ਸਕਦਾ ਹੈ।ਹਾਥਰਸ ਦੀ ਘਟਨਾ ਬਾਰੇ ਇਹ ਜਾਣਕਾਰੀ ਵੀ ਸਾਹਮਣੇ ਆਈ ਹੈ ਕਿ ਪ੍ਰਬੰਧਕਾਂ ਨੇ ਸਿਰਫ ਨਿਜੀ ਸਮਾਗਮ ਦੀ ਪ੍ਰਸ਼ਾਸਨ ਤੋਂ ਆਗਿਆ ਲਈ ਸੀ ਤੇ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਵੀ ਅੱਖਾਂ ਬੰਦ ਕਰਕੇ ਸਮਾਗਮ ਕਰਨ ਦੀ ਮਨਜ਼ੂਰੀ ਦੇ ਦਿੱਤੀ। ਇਸ ਨਿੱਜੀ ਸਮਾਗਮ ਵਿੱਚ 80 ਹਜ਼ਾਰ ਤੋਂ ਵੱਧ ਲੋਕ ਸ਼ਾਮਲ ਹੋ ਗਏ, ਜਿਸ ਕਾਰਨ ਉਹਨਾਂ ਲਈ ਕੀਤੇ ਗਏ ਪ੍ਰਬੰਧ ਢਿੱਲੇ ਪੈ ਗਏ।ਅਜਿਹੇ ਨਾਕਸ ਪ੍ਰਬੰਧਾਂ ਕਾਰਨ ਹੀ ਭਾਜੜ ਪੈਣ ਦਾ ਦੁਖਾਂਤ ਵਾਪਰਿਆ। ਜੇ ਸ਼ਰਧਾਲੂਆਂ ਦੇ ਸਮਾਗਮ ਸਥਾਨ ਤੋਂ ਬਾਹਰ ਆਉਣ ਅਤੇ ਉਹਨਾਂ ਦੀ ਸੁਰੱਖਿਆ ਲਈ ਪੂਰੇ ਪ੍ਰਬੰਧ ਕੀਤੇ ਗਏ ਹੁੰਦੇ ਤਾਂ ਸ਼ਾਇਦ ਇਹ ਦੁਖਾਂਤ ਨਾ ਵਾਪਰਦਾ।

ਹਾਥਰਸ ਦੀ ਘਟਨਾ ਤੋਂ ਬਾਅਦ ਭਾਵੇਂ ਕਿ ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਜਾਂਚ ਦੇ ਹੁਕਮ ਦੇ ਦਿੱਤੇ ਗਏ ਹਨ ਪਰ ਇਹ ਆਉਣ ਵਾਲਾ ਸਮਾਂ ਦੱਸੇਗਾ ਕਿ ਜਾਂਚ ਦਾ ਸਿਰਫ਼ ਢਕਵੰਜ ਹੀ ਕੀਤਾ ਜਾਵੇਗਾ ਜਾਂ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਵੀ ਹੋਵੇਗੀ।ਇਥੇ ਇਹ ਵੀ ਚੇਤੇ ਰੱਖਣ ਵਾਲੀ ਗੱਲ ਹੈ ਕਿ ਇਸ ਤੋਂ ਪਹਿਲਾਂ ਭਾਰਤ ਵਿੱਚ ਵਾਪਰੀਆਂ ਅਜਿਹੀਆਂ ਘਟਨਾਂਵਾਂ ਦੀ ਜਾਂਚ ਦਾ ਕੀ ਬਣਿਆ ? ਕੀ ਉਹਨਾਂ ਘਟਨਾਂਵਾਂ ਦੇ ਦੋਸ਼ੀਆਂ ਨੂੰ ਹੁਣ ਤੱਕ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ ਹਨ ਜਾਂ ਇਹ ਮਾਮਲੇ ਰਫਾ ਦਫਾ ਹੋ ਗਏ ਹਨ ?ਅਜਿਹੀਆਂ ਘਟਨਾਵਾਂ ਰੋਕਣ ਲਈ ਸਮਾਗਮਾਂ ਦੇ ਪ੍ਰਬੰਧਕਾਂ ਦੇ ਨਾਲ ਆਮ ਲੋਕਾਂ ਨੂੰ ਵੀ ਸੁਚੇਤ ਹੋਣ ਦੀ ਲੋੜ ਹੈ ਕਿ ਸਮਾਗਮ ਵਿੱਚ ਸ਼ਾਮਲ ਲੋਕ ਸੰਜਮ ਵਿੱਚ ਰਹਿਣ ਅਤੇ ਅਨੁਸ਼ਾਸਨ ਦੀ ਪਾਲਣਾ ਕਰਨ ਤਾਂ ਕਿ ਅਜਿਹੇ ਦੁਖਾਂਤ ਮੁੜ ਨਾ ਹੋਣ।

****

## ਜਾਣੋ ਕੌਣ ਹੈ ਭੌਲੇ ਬਾਬਾ ?

ਖੁਫ਼ੀਆ ਵਿੰਗ ਵਿਚ ਕੰਮ ਕਰ ਚੁੱਕਾ ਹੈ। ਉਸਨੇ ਪ੍ਰਚਾਰਕ ਵਜੋਂ ਅਧਿਕਾਤਮਕ ਯਾਤਰਾ ਸ਼ੁਰੂ ਕਰਨ ਲਈ 17 ਸਾਲਾਂ ਦੀ ਸੇਵਾ ਤੋਂ ਬਾਅਦ ਨੌਕਰੀ ਛੱਡ ਦਿੱਤੀ ਸੀ। ਮੀਡੀਆ ਅਤੇ ਸੋਸ਼ਲ ਮੀਡੀਆ ਤੋਂ ਦੂਰੀ ਰੱਖਣ ਵਾਲੇ ਇਸ ਪ੍ਰਚਾਰਕ (ਭੋਲੇ ਬਾਬਾ) ਦੇ ਵੱਡੀ ਗਿਣਤੀ 'ਚ ਪੈਰੋਕਾਰ ਹਨ ਜੋ ਆਪਣੇ ਆਪ ਨੂੰ ਬਾਬੇ ਦੀ ਫ਼ੌਜ ਦੱਸਦੇ ਹਨ। ਭੋਲੇ ਬਾਬਾ ਦੇ ਪੈਰੋਕਾਰ ਉੱਤਰ ਪ੍ਰਦੇਸ ਤੋਂ ਇਲਾਵਾ ਮੱਧ ਪ੍ਰਦੇਸ ਅਤੇ ਰਾਜਸਥਾਨ ਵਿਚ ਵੀ ਹਨ। ਇੱਕ ਸ਼ਰਧਾਲੂ ਦਾ ਕਹਿਣਾ ਹੈ ਕਿ ਬਾਬੇ ਦਾ ਕੋਈ ਧਾਰਮਿਕ ਗੁਰੂ ਨਹੀਂ ਹੈ, ਨੌਕਰੀ ਤੋਂ ਸਵੈ ਇੱਛਾ ਸੇਵਾਮੁਕਤੀ ਲੈਣ ਤੋਂ ਬਾਅਦ ਉਹ ਅਧਿਆਤਮਕ ਸੇਵਾਵਾਂ ਵੱਲ ਹੋ ਗਏ ਸਨ। ਜਾਣਕਾਰੀ ਅਨੁਸਾਰ ਭੋਲੇ ਬਾਬਾ ਵੱਲੋਂ ਹਰ ਮੰਗਲਵਾਰ ਵੱਖ-ਵੱਖ ਥਾਵਾਂ 'ਤੇ ਸਤਸੰਗ ਕਰਦਾ ਹੈ। ਬਾਬੇ ਦਾ ਇਕ ਆਸ਼ਰਮ ਮੈਨਪੁਰੀ ਵਿਚ ਵੀ ਮੌਜੂਦ ਹੈ।

ਜ਼ਿਕਰਯੋਗ ਹੈ ਕਿ ਭੋਲੇ ਬਾਬਾ ਪਹਿਲਾਂ ਕੋਵਿਡ ਮਹਾਂਮਾਰੀ ਦੌਰਾਨ ਵੀ ਚਰਚਾ ਵਿਚ ਆ ਚੁੱਕਾ ਹੈ, ਜਦੋ ਉਸਨੇ ਮਈ 2022 ਦੌਰਾਨ ਫਾਰੁਖ਼ਾਬਾਦ ਵਿਚ 50 ਲੋਕਾਂ ਦੀ ਹਾਜਰੀ ਵਿਚ ਸਤਸੰਗ ਕਰਨ ਲਈ ਪ੍ਰਵਾਨਗੀ ਲਈ ਸੀ। ਹਾਲਾਂਕਿ ਸਤਸੰਗ ਮੌਕੇ 50,000 ਦੇ ਕਰੀਬ ਇਕੱਠ ਹੋਣ ਨਾਲ ਪ੍ਰਸ਼ਾਸਨ ਲਈ ਵੱਡੀ ਸਮੱਸਿਆ ਪੈਦਾ ਹੋ ਗਈ ਸੀ। -

## ਬਾਗ਼ੀ ਅਕਾਲੀਆਂ ਦੇ ਕਬੂਲਨਾਮੇ ਕਾਰਨ

ਕਰਦੇ ਰਹੇ ਹਨ। ਦਲਜੀਤ ਸਿੰਘ ਚੀਮਾ ਦਾ ਕਹਿਣਾ ਹੈ ਕਿ ਇਥੇ ਸੁਖਬੀਰ ਬਾਦਲ ਨੂੰ ਤਾਂ ਕਿਸੇ ਨੇ ਸੰਮਨ ਹੀ ਨਹੀਂ ਕੀਤਾ, ਇਹ ਉਨ੍ਹਾਂ ਦੇ ਮਨ ਦੀ ਗੱਲ ਸੀ ਕਿ ਮੇਰੇ ਕੋਲੋਂ ਗਲਤੀ ਹੋਈ ਹੈ ਤਾਂ ਉਨ੍ਹਾਂ ਨੇ ਸੰਗਤ ਤੋਂ ਮੁਆਫ਼ੀ ਮੰਗ ਲਈ।ਜੇ ਕਿਸੇ ਨੇ ਸ੍ਰੀ ਅਕਾਲ ਤਖਤ ਸਾਹਿਬ ਵਿੱਚ ਲਿਖ ਕੇ ਦੇਣਾ ਹੈ ਉਹ ਦੇਵੇ, ਜੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਨੂੰ ਸੁਨੇਹਾ ਭਿਜਵਾਉਂਦੇ ਹਨ ਤਾਂ ਅਸੀਂ ਨੰਗੇ ਪੈਰ ਉਥੇ ਪੇਸ਼ ਹੋਵਾਂਗੇ।ਇਸ ਦੇ ਸਾਫ ਅਰਥ ਹਨ ਕਿ ਬਾਦਲ ਅਕਾਲੀ ਲੀਡਰਸ਼ਿਪ ਗਲਤੀ ਮੰਨਣ ਨੂੰ ਤਿਆਰ ਨਹੀਂ। ਇਥੋਂ ਤੱਕ ਝੂੰਦਾ ਰਿਪੋਰਟ ਅਨੁਸਾਰ ਅਕਾਲ ਤਖਤ ਸਾਹਿਬ ਅੱਗੇ ਗਲਤੀਆਂ ਮੰਨਣ ਲਈ ਬਾਦਲ ਅਕਾਲੀ ਲੀਡਰਸ਼ਿਪ ਪੇਸ਼ ਨਹੀਂ ਹੋਈ। ਇਸ ਦੇ ਸਾਫ ਅਰਥ ਹਨ ਕਿ ਬਾਦਲ ਅਕਾਲੀ ਦਲ ਨੇ ਹੁਣ ਤੱਕ ਇਹਨਾਂ ਗਲਤੀਆਂ ਨੂੰ ਪ੍ਰਵਾਨ ਨਹੀਂ ਕੀਤਾ। ਜਦ ਕਿ ਹੁਣ ਸੁਖਬੀਰ ਸਿੰਘ ਬਾਦਲ ਦੇ ਬਾਗੀ ਸਾਥੀਆਂ ਨੇ ਗਲਤੀਆਂ ਕਬੂਲ ਲਈਆਂ ਹਨ ਤਾਂ ਬਾਦਲ ਦਲ ਲਈ ਹੁਣ ਸਿਆਸੀ ਸੰਕਟ ਖੜ੍ਹਾ ਹੋ ਗਿਆ ਹੈ।

ਚਿੰਤਕ ਤੇ ਪੱਤਰਕਾਰ ਹਮੀਰ ਸਿੰਘ ਦਾ ਕਹਿਣਾ ਹੈ ਕਿ ਅਕਾਲ ਤਖਤ ਸਾਹਿਬ ਦੀ ਪੇਸ਼ੀ ਤੋਂ ਬਿਨਾਂ ਬਾਦਲ ਅਕਾਲੀ ਦਲ ਦਾ ਛੁਟਕਾਰਾ ਨਹੀਂ ਹੋਣਾ। ਬਾਦਲ ਦਲ ਦੀ ਲੀਡਰਸ਼ਿਪ ਇਹਨਾਂ ਗਲਤੀਆਂ ਤੋਂ ਕਿੰਨਾ ਚਿਰ ਕਿਨਾਰਾ ਕਰੇਗੀ ? ਪ੍ਰਸਿੱਧ ਲੇਖਕ ਤੇ ਬੁੱਧੀਜੀਵੀ ਗੁਰਮੀਤ ਸਿੰਘ ਪਲਾਹੀ ਆਖਦੇ ਹਨ ਕਿ ਜੇਕਰ ਸੁਖਬੀਰ ਸਿੰਘ ਬਾਦਲ ਤੋਂ ਬਾਗੀ ਅਸਤੀਫ਼ਾ ਲੈ ਵੀ ਲੈਂਦੇ ਹਨ, ਤਾਂ ਕੀ ਸ਼੍ਰੋਮਣੀ ਅਕਾਲੀ ਦਲ ਫਿਰ ਵੀ ਬਚ ਜਾਏਗਾ ? ਕੀ ਪੰਜਾਬ ਦੇ ਬਾਗੀ ਆਪਣੀਆਂ ਗਲਤੀਆਂ ਦੀ ਮੁਆਫ਼ੀ ਲਈ ਅਕਾਲ ਤਖ਼ਤ ਪੇਸ਼ ਹੋਕੇ ਸਜ਼ਾਵਾਂ ਲਗਵਾ ਕੇ ਆਪ ਦੁੱਧ ਧੋਤੇ ਹੋ ਜਾਣਗੇ ? ਕੀ ਸੁਖਬੀਰ ਸਿੰਘ ਬਾਦਲ ਪਿਛਲੀਆਂ ਕੀਤੀਆਂ ਭੁਲਾ ਬਖ਼ਸ਼ਾ ਕੇ ਸਾਫ਼ ਸੁਥਰਾ ਹੋ ਜਾਵੇਗਾ ? ਕੀ ਇਸ ਨਾਲ ਪੰਜਾਬ ਦੇ ਲੋਕਾਂ ਨੂੰ ਕੋਈ ਫਾਇਦਾ ਹੋਏਗਾ।

ਉਨ੍ਹਾਂ ਕਿਹਾ ਕਿ ਕਦੇ ਪੰਜਾਬੀਆਂ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਇੱਕ ਤਾਕਤਵਰ ਇਲਾਕਾਈ ਪਾਰਟੀ ਵਜੋਂ ਚਿਤਵਿਆ ਸੀ, ਜਿਹੜੀ ਇਸ ਇਲਾਕੇ ਦੇ ਲੋਕਾਂ ਦੇ ਦੁੱਖਾਂ, ਦਰਦਾਂ ਦੀ ਭਾਈਵਾਲ ਬਣੇ, ਦੇਸ਼ ਦੇ ਸੰਘਵਾਦ ਢਾਂਚੇ ਵਿੱਚ ਰਾਜਾਂ ਲਈ ਵੱਧ ਅਧਿਕਾਰ ਲੈ ਕੇ ਸੂਬੇ ਦਾ ਕੁਝ ਸੁਆਰ ਸਕੇ।ਇਸ ਧਿਰ ਨੇ ਬਹੁਤ ਕੁਝ ਸਾਰਥਿਕ ਕੀਤਾ, ਪਰ ਹਿੰਦੂ ਰਾਸ਼ਟਰ ਦੀ ਮੁਦਈ ਭਾਜਪਾ ਨਾਲ ਸਾਂਝ ਭਿਆਲੀ ਪਾਕੇ, ਆਪਣੇ ਆਪ ਨੂੰ ਰਾਸ਼ਟਰੀ ਪਾਰਟੀ ਬਨਾਉਣ ਦੇ ਚੱਕਰ ਵਿੱਚ ਸਭ ਕੁਝ ਗੁਆ ਲਿਆ। ਹੁਣ ਸਥਿਤੀ ਇਹ ਬਣੀ ਹੋਈ ਹੈ ਕਿ 100 ਸਾਲ ਪੁਰਾਣੀ ਪਾਰਟੀ ਦੀ ਹੋਂਦ ਉੱਤੇ ਸਵਾਲ ਖੜੇ ਹੋ ਗਏ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਇਸ ਵੇਲੇ ਵੱਡਾ ਸਿਆਸੀ ਖਿਲਾਅ ਹੈ, ਜੋ ਵਧਦਾ ਜਾ ਰਿਹਾ ਹੈ। ਵੱਡੀ ਗਿਣਤੀ ਪੰਜਾਬੀ ਸੂਬੇ ਦੇ ਹਾਲਤਾਂ ਅਤੇ ਮੌਜੂਦਾ ਹਾਕਮਾਂ ਤੇ ਸਿਆਸੀ ਪਾਰਟੀਆਂ ਤੋਂ ਨਿਰਾਸ਼ ਹੋ ਚੁੱਕੇ ਹਨ। ਪੰਜਾਬੀਆਂ ਦੇ ਮਨਾਂ ਨੂੰ ਕੋਈ ਸਿਆਸੀ ਪਾਰਟੀ ਪੜ੍ਹ ਹੀ ਨਹੀਂ ਰਹੀ ਅਤੇ ਪੰਜਾਬੀ ਜਿਧਰੋਂ ਵੀ ਰਤਾ ਕੁ ਆਸ ਦੀ ਕਿਰਨ ਉਹਨਾਂ ਨੂੰ ਦਿਖਦੀ ਹੈ, ਉਧਰ ਹੀ ਤੁਰ ਪੈਂਦੇ ਦਿਖਦੇ ਹਨ।

ਕੀ ਅਕਾਲ ਤਖਤ ਦੇ ਜਥੇਦਾਰ ਸੁਖਬੀਰ ਧੜੇ ਨੂੰ ਸੱਦਣਗੇ ?

ਪੰਥਕ ਹਲਕਿਆਂ ਦਾ ਮੰਨਣਾ ਹੈ ਜੇ ਜਥੇਦਾਰ ਅਕਾਲ ਤਖਤ ਬਾਦਲ ਦਲ ਦੀ ਲੀਡਰਸ਼ਿਪ ਨੂੰ ਅਕਾਲ ਤਖਤ ਸਾਹਿਬ ਉੱਪਰ ਨਹੀਂ ਸੱਦਦੇ ਤਾਂ ਉਨ੍ਹਾਂ ਨੂੰ ਪੰਥ ਦੇ ਰੋਸ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਵੇਂ ਸੌਦਾ ਸਾਧ ਨੂੰ ਮਾਫ਼ ਕਰਨ ਵੇਲੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਸਾਹਮਣਾ ਕਰਨਾ ਪਿਆ ਸੀ।ਉਹ ਉਸ ਤੋਂ ਬਾਅਦ ਕਦੇ ਸੰਗਤੀ ਪ੍ਰੋਗਰਾਮ ਵਿੱਚ ਸ਼ਾਮਲ ਨਹੀਂ ਹੋ ਸਕੇ।ਇਸ ਲਈ ਇਹ ਮੁੱਦਾ ਜਥੇਦਾਰ ਰਘਬੀਰ ਸਿੰਘ ਲਈ ਧਰਮ ਸੰਕਟ ਦਾ ਮੁੱਦਾ ਬਣਿਆ ਹੋਇਆ ਹੈ।ਉਹ ਕੁਝ ਸਮੇਂ ਲਈ ਇਹ ਮੁੱਦਾ ਜ਼ਰੂਰ ਟਾਲ ਸਕਦੇ ਹਨ, ਪਰ ਇਸ ਨੂੰ ਅੱਖੋਂ ਪਰੋਖੇ ਨਹੀਂ ਕਰ ਸਕਦੇ। ਬਾਗੀਆਂ ਦਾ ਕਬੂਲ ਨਾਮਾ ਬਾਦਲ ਅਕਾਲੀ ਲੀਡਰਸ਼ਿਪ ਲਈ ਗਲੇ ਦੀ ਹੱਡੀ ਬਣ ਗਿਆ ਹੈ।

ਬਾਗ਼ੀ ਧੜੇ ਨੇ ਅਕਾਲ ਤਖ਼ਤ ਨੂੰ ਸੌਂਪੇ ਮੁਆਫ਼ੀ ਨਾਮੇ ਵਿੱਚ 4 ਗ਼ਲਤੀਆਂ ਮੰਨੀਆਂ...

1. ਡੇਰਾ ਸਿਰਸਾ ਖ਼ਿਲਾਫ਼ ਸ਼ਿਕਾਇਤ ਵਾਪਸ ਲੈ ਲਈ

2007 ਵਿੱਚ ਸਲਾਬਤਪੁਰਾ ਵਿੱਚ ਡੇਰਾ ਸਿਰਸਾ ਦੇ ਮੁਖੀ ਰਾਮ ਰਹੀਮ ਨੇ 10ਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮਰਿਆਦਾ ਦੀ ਨਕਲ ਕਰਦੇ ਹੋਏ ਉਹੋ ਜਿਹਾ ਬਾਣਾ ਪਹਿਨ ਕੇ ਅੰਮ੍ਰਿਤ ਛਕਣ ਦਾ ਬਹਾਨਾ ਲਾਇਆ ਸੀ। ਉਸ ਸਮੇਂ ਉਸ ਖ਼ਿਲਾਫ਼ ਪੁਲਿਸ ਕੇਸ ਵੀ ਦਰਜ ਕੀਤਾ ਗਿਆ ਪਰ ਬਾਅਦ ਵਿੱਚ ਅਕਾਲੀ ਸਰਕਾਰ ਨੇ ਸਜ਼ਾ ਦੇਣ ਦੀ ਬਜਾਏ ਕੇਸ ਵਾਪਸ ਲੈ ਲਿਆ।

2. ਸੁਖਬੀਰ ਬਾਦਲ ਨੇ ਡੇਰਾ ਮੁਖੀ ਨੂੰ ਮੁਆਫ਼ੀ ਦਿੱਤੀ

ਸ੍ਰੀ ਅਕਾਲ ਤਖ਼ਤ ਸਾਹਿਬ ਨੇ ਕਾਰਵਾਈ ਕਰਦਿਆਂ ਡੇਰਾ ਮੁਖੀ ਨੂੰ ਸਿੱਖ ਪੰਥ ਵਿੱਚੋਂ ਛੇਕ ਦਿੱਤਾ।ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਡੇਰਾ ਮੁਖੀ ਨੂੰ ਮੁਆਫ਼ੀ ਦਿਵਾਉਣ ਲਈ ਆਪਣਾ ਪ੍ਰਭਾਵ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਉੱਪਰ ਵਰਤਿਆ। ਇਸ ਤੋਂ ਬਾਅਦ ਸਿੱਖ ਪੰਥ ਦੇ ਰੋਹ ਤੇ ਰੋਸ ਨੂੰ ਦੇਖਦੇ ਹੋਏ ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦੀ ਲੀਡਰਸ਼ਿਪ ਨੂੰ ਇਸ ਫੈਸਲੇ ਤੋਂ ਪਿੱਛੇ ਹਟਣਾ ਪਿਆ।

3. ਬੇਅਦਬੀ ਦੀਆਂ ਘਟਨਾਵਾਂ ਦੀ ਸਹੀ ਢੰਗ ਨਾਲ ਜਾਂਚ ਨਹੀਂ ਕੀਤੀ

1 ਜੂਨ, 2015 ਨੂੰ ਬੁਰਜ ਜਵਾਹਰ ਸਿੰਘ ਵਾਲਾ (ਫਰੀਦਕੋਟ) ਦੇ ਗੁਰਦੁਆਰਾ ਸਾਹਿਬ ਤੋਂ ਕੁਝ ਅਨਸਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਚੋਰੀ ਕਰ ਲਈ।ਫਿਰ 12 ਅਕਤੂਬਰ, 2015 ਨੂੰ ਬਰਗਾੜੀ (ਫਰੀਦਕੋਟ) ਦੇ ਗੁਰਦੁਆਰਾ ਸਾਹਿਬ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 110 ਅੰਗ ਚੋਰੀ ਕਰਕੇ ਬਾਹਰ ਸੁੱਟ ਦਿੱਤੇ ਗਏ।ਇਸ ਕਾਰਨ ਸਿੱਖ ਕੌਮ ਵਿੱਚ ਭਾਰੀ ਰੋਸ ਹੈ।ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਤੇ ਤਤਕਾਲੀ ਗ੍ਰਹਿ ਮੰਤਰੀ ਸੁਖਬੀਰ ਬਾਦਲ ਨੇ ਸਮੇਂ ਸਿਰ ਇਸ ਮਾਮਲੇ ਦੀ ਜਾਂਚ ਨਹੀਂ ਕੀਤੀ।ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਿੱਚ ਕਾਮਯਾਬ ਨਹੀਂ ਹੋ ਸਕੇ। ਇਸ ਨਾਲ ਪੰਜਾਬ ਦੇ ਹਾਲਾਤ ਵਿਗੜ ਗਏ ਤੇ ਕੋਟਕਪੂਰਾ ਤੇ ਬਹਿਬਲ ਕਲਾਂ ਵਿੱਚ ਦੁਖਦਾਈ ਘਟਨਾਵਾਂ ਵਾਪਰੀਆਂ।

4. ਝੂਠੇ ਕੇਸਾਂ ਵਿੱਚ ਮਾਰੇ ਸਿੱਖਾਂ ਨੂੰ ਇਨਸਾਫ਼ ਨਹੀਂ ਦੇ ਸਕੇ

ਅਕਾਲੀ ਸਰਕਾਰ ਨੇ ਸੁਮੇਧ ਸੈਣੀ ਨੂੰ ਪੰਜਾਬ ਦਾ ਡੀ.ਜੀ.ਪੀ. ਨਿਯੁਕਤ ਕੀਤਾ।ਉਹ ਸੂਬੇ ਵਿੱਚ ਝੂਠੇ ਪੁਲਿਸ ਮੁਕਾਬਲੇ ਕਰਵਾ ਕੇ ਸਿੱਖ ਨੌਜਵਾਨਾਂ ਨੂੰ ਮਾਰਨ ਲਈ ਜਾਣਿਆ ਜਾਂਦਾ ਸੀ।ਆਲਮ ਸੈਨਾ ਬਣਾਉਣ ਵਾਲੇ ਪੁਲਿਸ ਮੁਲਾਜ਼ਮ ਇਜ਼ਹਾਰ ਆਲਮ ਨੇ ਆਪਣੀ ਪਤਨੀ ਨੂੰ ਟਿਕਟ ਦੇ ਕੇ ਮੁੱਖ ਸੰਸਦੀ ਸਕੱਤਰ ਬਣਾ ਦਿੱਤਾ।

2012 ਵਿੱਚ ਬਣੀ ਅਕਾਲੀ ਦਲ ਦੀ ਸਰਕਾਰ ਤੇ ਪਿਛਲੀਆਂ ਅਕਾਲੀ ਸਰਕਾਰਾਂ ਵੀ ਸੂਬੇ ਵਿੱਚ ਝੂਠੇ ਪੁਲਿਸ ਮੁਕਾਬਲਿਆਂ ਦੀ ਨਿਰਪੱਖ ਜਾਂਚ ਕਰਨ ਤੇ ਪੀੜਤਾਂ ਨੂੰ ਰਾਹਤ ਦੇਣ ਲਈ ਕਮਿਸ਼ਨ ਬਣਾ ਕੇ ਲੋਕਾਂ ਨਾਲ ਕੀਤੇ ਆਪਣੇ ਵਾਅਦਿਆਂ ਵਿੱਚ ਨਾਕਾਮ ਰਹੀਆਂ।

***

## ਬਾਗ਼ੀ ਅਕਾਲੀ ਗਿ. ਹਰਪ੍ਰੀਤ ਸਿੰਘ ਜਾਂ ਅੰਮ੍ਰਿਤਪਾਲ

ਪਾਰਟੀ ਦੀ ਅਗਵਾਈ ਦੀ ਜ਼ਿੰਮੇਵਾਰੀ ਸੌਂਪੀ ਜਾ ਸਕਦੀ ਹੈ ?

ਦਰਅਸਲ 70 ਤੋਂ ਲੈ ਕੇ 90 ਦੇ ਦਹਾਕੇ ਤੱਕ ਅਕਾਲੀ ਦਲ ਵਿੱਚ ਕਈ ਵੱਡੇ ਚਿਹਰੇ ਸਨ। ਇਸ ਦੌਰਾਨ ਪ੍ਰਕਾਸ਼ ਸਿੰਘ ਬਾਦਲ ਕਿੰਗ ਬਣਨ ਦੀ ਥਾਂ ਕਿੰਗ ਮੇਕਰ ਦੀ ਭੂਮਿਕਾ ਵਿੱਚ ਨਜ਼ਰ ਆਏ।ਪਾਰਟੀ ਦੇ ਹਰ ਇੱਕ ਫੈਸਲੇ ਪਿੱਛੇ ਉਨ੍ਹਾਂ ਦਾ ਦਿਮਾਗ਼ ਅਤੇ ਅਸਰ ਵਿਖਾਈ ਦਿੰਦਾ ਸੀ। ਉਸ ਵੇਲੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ ਨਾਂ ਪ੍ਰਕਾਸ਼ ਸਿੰਘ ਬਾਦਲ ਨੇ ਇਸ ਲਈ ਅੱਗੇ ਕੀਤਾ, ਕਿਉਂਕਿ ਉਹ ਉਨ੍ਹਾਂ ਦੇ ਭਰੋਸੇਮੰਦ ਸਨ। ਪਰ ਗਿਆਨੀ ਹਰਪ੍ਰੀਤ ਸਿੰਘ ਨਾਲ ਅਜਿਹਾ ਨਹੀਂ ਹੈ। ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਰਹਿੰਦੇ ਹੋਏ ਉਨ੍ਹਾਂ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਅਕਾਲੀ ਦਲ ਨੂੰ ਕਈ ਵਾਰ ਨਸੀਹਤਾਂ ਦਿੱਤੀਆਂ ਸਨ। ਪਾਰਟੀ ਦੇ ਅੰਦਰ ਇਹ ਆਵਾਜ਼ ਵੀ ਦਬੀ ਜ਼ਬਾਨ ਵਿੱਚ ਉੱਠਦੀ ਰਹੀ ਕਿ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀਆਂ ਬੀਜੇਪੀ ਨਾਲ ਨਜ਼ਦੀਕੀਆਂ ਹਨ।

ਹਾਲਾਂ ਕਿ ਜਥੇਦਾਰ ਹਰਪ੍ਰੀਤ ਸਿੰਘ ਖ਼ਿਲਾਫ਼ ਅਸਿੱਧੇ ਤੌਰ 'ਤੇ ਕਾਰਵਾਈ ਦਾ ਮੌਕਾ ਪਾਰਟੀ ਨੂੰ ਉਸ ਵੇਲੇ ਮਿਲਿਆ ਜਦੋਂ ਉਹ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਾਘਵ ਚੱਢਾ ਦੀ ਮੰਗਣੀ 'ਤੇ ਪਹੁੰਚ ਗਏ।ਜਥੇਦਾਰ ਹਰਪ੍ਰੀਤ ਸਿੰਘ ਦੀ ਮੌਜੂਦਗੀ ਨੂੰ ਲੈ ਕੇ ਅਕਾਲੀ ਦਲ ਦੇ ਆਗੂ ਵਿਰਸਾ ਸਿੰਘ ਵਲਟੋਹਾ ਨੂੰ ਅੱਗੇ ਕੀਤਾ ਗਿਆ ਉਨ੍ਹਾਂ ਨੇ ਇੱਕ ਤੋਂ ਬਾਅਦ ਇੱਕ ਨਿਸ਼ਾਨਾ ਲਗਾਇਆ, ਇਸ 'ਤੇ ਨਾ ਤਾਂ ਸ਼੍ਰੋਮਣੀ ਕਮੇਟੀ ਬੋਲੀ, ਨਾ ਹੀ ਅਕਾਲੀ ਦਲ ਦੇ ਅੰਦਰੋਂ ਕੁਝ ਅਵਾਜ਼ ਉੱਠੀ। ਮੌਕਾ ਵੇਖ ਦੇ ਹੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਜਦੋਂ ਵਿਦੇਸ਼ੀ ਦੌਰੇ 'ਤੇ ਗਏ ਤਾਂ ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਦੀ ਮੀਟਿੰਗ ਸੱਦੀ ਅਤੇ ਗਿਆਨੀ ਹਰਪ੍ਰੀਤ ਸਿੰਘ ਨੂੰ ਤਖਤ ਦਮਦਮਾ ਸਾਹਿਬ ਦੀ ਜ਼ਿੰਮੇਵਾਰੀ ਸੌਂਪ ਕੇ ਗਿਆਨੀ ਰਘੁਬੀਰ ਸਿੰਘ ਨੂੰ ਸ੍ਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਬਣਾ ਦਿੱਤਾ ਗਿਆ। ਸਾਫ ਹੈ ਗਿਆਨੀ ਹਰਪ੍ਰੀਤ ਸਿੰਘ ਦੇ ਨਾਂ 'ਤੇ ਸੁਖਬੀਰ ਸਿੰਘ ਬਾਦਲ ਦਾ ਧੜਾ ਕਿਸੇ ਵੀ ਕੀਮਤ 'ਤੇ ਤਿਆਰ ਨਹੀਂ ਹੋਵੇਗਾ।ਸੂਤਰਾਂ ਤੋਂ ਪਤਾ ਲਗਾ ਹੈ ਕਿ ਬਾਦਲ ਲੀਡਰਸ਼ਿਪ ਜਥੇਦਾਰ ਹਰਪ੍ਰੀਤ ਸਿੰਘ ਨੂੰ ਤਖਤ ਦਮਦਮਾ ਸਾਹਿਬ ਤੋਂ ਹਟਾਉਣ ਦੀਆਂ ਤਿਆਰੀਆਂ ਕਰ ਰਹੀ ਹੈ, ਕਿਉਂਕਿ ਇਸ ਬਗਾਵਤ ਪਿੱਛੇ ਗਿਆਨੀ ਹਰਪ੍ਰੀਤ ਸਿੰਘ ਦਾ ਹੱਥ ਸਮਝਿਆ ਜਾ ਰਿਹਾ ਹੈ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ ਸਾਡੀ ਈ.ਮੇਲ : asrnewwriters@gmail.com 'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।

ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Email: asrnewwriters@gmail.com www.amritsartimes.com Ph.: (510) 240-5949

## ਦੁਨੀਆਂ ਦੀ ਪੰਜਵੀਂ ਤੋਂ ਤੀਜੀ ਵੱਡੀ ਆਰਥਿਕਤਾ

ਕੀ ਇਸ ਨਾਲ ਭਾਰਤ ਜ਼ਿਆਦਾ ਅਮੀਰ ਹੋ ਜਾਵੇਗਾ ਅਤੇ ਹਾਲਾਤ ਬਦਲ ਜਾਣਗੇ? ਇਹ ਸਿਰਫ਼ ਅੰਕੜਿਆਂ ਦੀ ਪੇਸ਼ਕਾਰੀ ਦੀ ਖੇਡ ਤੋਂ ਵੱਧ ਕੁਝ ਨਹੀਂ ਹੈ। ਅੱਜ ਭਾਰਤ ਦੀ ਆਰਥਿਕਤਾ ਲਗਭਗ 3.94 ਟ੍ਰਿਲੀਅਨ ਡਾਲਰ ਦੀ ਹੈ, ਜਦਕਿ ਜਾਪਾਨ ਦੀ 4.11 ਟ੍ਰਿਲੀਅਨ ਡਾਲਰ ਤੇ ਜਰਮਨੀ ਦੀ 4.59 ਟ੍ਰਿਲੀਅਨ ਡਾਲਰ ਹੈ, ਜਿਨ੍ਹਾਂ ਨੂੰ ਨੇੜ ਭਵਿੱਖ ਵਿਚ ਭਾਰਤ ਪਛਾੜੇਗਾ, ਪਰ ਇਸ ਪ੍ਰਾਪਤੀ ਦਾ ਦੂਜਾ ਪੱਖ ਵੀ ਹੈ, ਉਹ ਇਹ ਕਿ ਜਾਪਾਨ ਦੀ ਆਬਾਦੀ ਅੱਜ ਸਿਰਫ 12.5 ਕਰੋੜ ਹੈ ਅਤੇ ਜਰਮਨੀ ਦੀ 8.32 ਕਰੋੜ ਤੇ ਦੋਵੇਂ ਆਕਾਰ ਪੱਖੋਂ ਭਾਰਤ ਤੋਂ ਬਹੁਤ ਛੋਟੇ ਵੀ ਹਨ, ਭਾਰਤ ਦੀ ਆਬਾਦੀ ਅੱਜ 142.86 ਕਰੋੜ ਹੈ, ਜੋ ਚੀਨ ਤੋਂ ਵੀ ਟੱਪ ਚੁੱਕੀ ਹੈ। ਭਾਵ 142 ਕਰੋੜ ਵਸੋਂ ਵਾਲਾ ਦੇਸ਼ 10-12 ਕਰੋੜ ਵਸੋਂ ਵਾਲੇ ਦੇਸ਼ਾਂ ਦੀ ਆਰਥਿਕਤਾ ਨੂੰ ਟੱਪ ਕੇ ਖ਼ੁਸ਼ ਹੋ ਜਾਵੇਗਾ। ਜੇਕਰ ਆਕਾਰ ਤੇ ਆਬਾਦੀ ਦੇ ਹਿਸਾਬ ਨਾਲ ਵੇਖੀਏ ਤਾਂ ਅਸਲ ਮੁਕਾਬਲਾ ਚੀਨ ਨਾਲ ਬਣਦਾ ਹੈ। ਦੋਵਾਂ ਦੀ ਆਬਾਦੀ ਵੀ ਲਗਭਗ ਬਰਾਬਰ ਹੈ, ਆਕਾਰ ਵੀ ਵੱਡੇ ਹਨ ਅਤੇ ਲਗਭਗ ਇਕੋ ਦਹਾਕੇ 'ਚ ਦੋਵੇਂ ਆਜ਼ਾਦ ਹੋਏ ਸਨ, ਪਰ ਭਾਰਤ ਦੀ 3.94 ਟ੍ਰਿਲੀਅਨ ਡਾਲਰ ਦੀ ਆਰਥਿਕਤਾ ਮੁਕਾਬਲੇ ਚੀਨ ਦੀ ਆਰਥਿਕਤਾ 18.53 ਟ੍ਰਿਲੀਅਨ ਡਾਲਰ ਦੀ ਹੈ ਪਰ ਚੀਨ ਨੂੰ ਪਛਾੜਨ ਦੀ ਗੱਲ ਸਾਡੀ ਸਰਕਾਰ ਕਈ ਦਹਾਕੇ ਸੋਚ ਵੀ ਨਹੀਂ ਸਕਦੀ। ਅਮਰੀਕਾ ਦੀ ਆਬਾਦੀ ਲਗਭਗ 33.99 ਕਰੋੜ ਹੈ ਪਰ ਆਰਥਿਕਤਾ 28.78 ਟ੍ਰਿਲੀਅਨ ਡਾਲਰ ਦੀ ਹੈ। ਸੋ ਭਾਵੇਂ ਅੰਕੜਿਆਂ ਮੁਤਾਬਿਕ ਭਾਰਤ 2028 ਤੱਕ ਦੁਨੀਆ ਦੀ ਤੀਜੀ ਵੱਡੀ ਆਰਥਿਕਤਾ ਬਣ ਵੀ ਕਿਉਂ ਨਾ ਜਾਵੇ ਪਰ ਜ਼ਮੀਨੀ ਪੱਧਰ 'ਤੇ ਭਾਰਤ ਦੀ ਵੱਡੀ ਆਬਾਦੀ ਹਾਲੇ ਵੀ ਮੁਢਲੀਆਂ ਜ਼ਰੂਰਤਾਂ ਲਈ ਹੀ ਸੰਘਰਸ਼ ਕਰ ਰਹੀ ਹੈ। ਹਾਲੇ ਵੀ ਭਾਰਤ ਦੇ ਲਗਭਗ 81 ਕਰੋੜ ਲੋਕ ਆਪਣਾ ਢਿੱਡ ਭਰਨ ਲਈ ਹਰ ਮਹੀਨੇ ਕੇਂਦਰ ਸਰਕਾਰ ਵਲੋਂ ਵੰਡੇ ਜਾ ਰਹੇ ਮੁਫ਼ਤ 5 ਕਿਲੋ ਅਨਾਜ 'ਤੇ ਨਿਰਭਰ ਕਰਦੇ ਹਨ, ਇਹ ਸੰਖਿਆ ਭਾਰਤ ਦੀ ਆਬਾਦੀ ਦਾ 60 ਫ਼ੀਸਦੀ ਹੈ, ਭਾਵ ਸਰਕਾਰ ਖ਼ੁਦ ਮੰਨਦੀ ਹੈ ਕਿ ਐਨੀ ਵੱਡੀ ਆਬਾਦੀ ਅਤਿ ਗ਼ਰੀਬ ਹੈ। ਇਸ ਸਭ ਦਾ ਅਰਥ ਇਹੀ ਨਿਕਲਦਾ ਹੈ ਕਿ ਭਾਰਤ ਅੰਦਰ ਵੀ ਦੋ ਭਾਰਤ ਵਸਦੇ ਹਨ ਇਕ ਘੱਟ ਵਸੋਂ ਵਾਲਾ ਅਮੀਰ ਭਾਰਤ ਤੇ ਦੂਜਾ ਵੱਧ ਵਸੋਂ ਵਾਲਾ ਗ਼ਰੀਬ ਭਾਰਤ। ਇਹ ਵਧ ਰਹੀ ਜੀ.ਡੀ.ਪੀ., ਤੀਜੀ ਵੱਡੀ ਅਰਥਵਿਵਸਥਾ, 5 ਟ੍ਰਿਲੀਅਨ ਦੀ ਅਰਥਵਿਵਸਥਾ ਦਾ ਸੁਪਨਾ ਸਭ ਅਮੀਰ ਭਾਰਤ ਦੀਆਂ ਗੱਲਾਂ ਹਨ, ਗ਼ਰੀਬ ਭਾਰਤ ਜਾਂ ਤਾਂ ਮੁਢਲੀਆਂ ਲੋੜਾਂ ਲਈ ਸੰਘਰਸ਼ ਕਰ ਰਿਹਾ ਹੈ ਜਾਂ ਪੰਜ ਕਿੱਲੋ ਆਨਾਜ ਲਈ ਹੱਥ ਅੱਡਣ ਨੂੰ ਮਜਬੂਰ ਹੈ। ਅਸਲ ਵਿੱਚ ਭਾਰਤ ਦੀ ਅਰਥਵਿਵਸਥਾ ਦੋ ਭਾਗਾਂ ਵਿੱਚ ਵੰਡ ਚੁੱਕੀ ਹੈ ਅਤੇ ਇੱਕ ਦੇ ਸੁਪਨੇ ਦੂਜੇ ਤੋਂ ਵੱਖ ਹੋ ਚੁੱਕੇ ਹਨ। ਭਾਰਤ ਦੀ ਤਰੱਕੀ ਜੋ ਕੁਝ ਰਾਜਾਂ ਤੇ ਕੁਝ ਲੋਕਾਂ ਨਾਲ ਜੁੜ ਚੁੱਕੀ ਹੈ, ਉਸ ਨੂੰ ਸਭ ਰਾਜਾਂ ਤੇ ਸਭ ਲੋਕਾਂ ਨਾਲ ਕਿਵੇਂ ਜੋੜਨਾ ਹੈ, ਇਹ ਮੋਦੀ ਜੀ ਦੀ ਅਗਵਾਈ ਵਿੱਚ ਨਵੀਂ ਬਣੀ ਐਨ.ਡੀ.ਏ. ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਹੋਣੀ ਚਾਹੀਦੀ ਹੈ। ਤਰੱਕੀ ਤੇ ਪ੍ਰਾਪਤੀ ਅਜਿਹੀ ਹੋਣੀ ਚਾਹੀਦੀ ਹੈ, ਜਿਸ ਦੇ ਲਾਭ ਤੇ ਖ਼ੁਸ਼ੀ ਵਿੱਚ ਹਰ ਇਕ ਦਾ ਹਿੱਸਾ ਹੋਵੇ ਨਾ ਕਿ ਅਜਿਹੀ ਹੋਵੇ ਜੋ ਸਮਾਜ ਤੇ ਦੇਸ਼ ਨੂੰ ਹੀ ਵੰਡ ਦੇਵੇ। ਗੁਰੂ ਸਾਹਿਬਾਨ ਦਾ ਵੰਡ ਕੇ ਛਕਣ ਦਾ ਉਪਦੇਸ਼ ਅਜਿਹੇ ਹੀ ਰਾਜ ਤੇ ਸਮਾਜ ਦੀ ਮੰਗ ਕਰਦਾ ਹੈ, ਜਿੱਥੇ ਹਰ ਇੱਕ ਸੁਖੀ ਵਸੇ ਤੇ ਵਸਣ ਦੇਵੇ।

***

## ਕਲਿਆਣਕਾਰੀ ਰਾਜ ਸਿਰਜਣ ਵਾਲਾ

1849 ਈ. ਤੋਂ 1920 ਈ. ਦਰਮਿਆਨ ਬਾਬਾ ਬਿਕਰਮ ਸਿੰਘ ਬੇਦੀ, ਬਾਬਾ ਮਹਾਰਾਜ ਸਿੰਘ, ਠਾਕੁਰ ਸਿੰਘ ਸੰਧਾਵਾਲੀਆ ਆਦਿ ਨੇ ਕੁਝ ਵਿਅਕਤੀਗਤ ਯਤਨ ਕੀਤੇ, ਪਰ ਅੰਗਰੇਜ਼ ਤੇ ਉਸ ਦੇ ਖ਼ੁਫ਼ੀਆ ਤੰਤਰ ਨੇ ਉਨ੍ਹਾਂ ਨੂੰ ਕਾਮਯਾਬ ਨਹੀਂ ਹੋਣ ਦਿੱਤਾ। ਗੁਰਦੁਆਰਾ ਸੁਧਾਰ ਲਹਿਰ ਦੇ ਸਿੱਖ ਆਗੂ ਕਾਂਗਰਸ ਨਾਲ ਇਕਮਿਕ ਸਨ ਤੇ ਅੰਗਰੇਜ਼ ਨੇ ਵੀ ਆਪਣੇ ਹਮਾਇਤੀ ਸਿੱਖ ਆਗੂਆਂ ਦੀ ਵੱਡੀ ਜਮਾਤ ਤਿਆਰ ਕਰ ਲਈ ਸੀ, ਜਿੰਨਾਂ ਰਾਜਨੀਤੀ ਵਿੱਚ ਦੂਜੇ ਸਿੱਖਾਂ ਨੂੰ ਅੱਗੇ ਨਹੀਂ ਆਉਣ ਦਿੱਤਾ। ਅਜ਼ਾਦੀ ਤੋਂ ਬਾਅਦ ਵੀ ਉਹੀ ਅੰਗਰੇਜ਼ ਪ੍ਰਸਤ ਫੇਰ ਅੱਗੇ ਹੋ ਗਏ, ਗੁਰਦੁਆਰਾ ਪ੍ਰਬੰਧਕ ਕਮੇਟੀ ਜੋ ਬਹੁਤਾ ਸਮਾਂ ਇੱਕ ਹੀ ਰਾਜਨੀਤਿਕ ਪਾਰਟੀ ਦੇ ਪ੍ਰਭਾਵ ਹੇਠ ਪਿਛਲੇ ਸੌ ਸਾਲ ਤੋਂ ਵੱਧ ਸਮੇਂ ਤੋਂ ਹੈ, ਕੇਵਲ ਉਸ ਧੜੇ ਦੀ ਰਾਜਨੀਤੀ ਨੂੰ ਅੱਗੇ ਵਧਾਉਣ ਤੱਕ ਹੀ ਸੀਮਿਤ ਲੱਗਦੀ ਹੈ। ਹੋਰ ਮੁਕਾਮੀ ਤੇ ਉਸ ਦਾ ਖੇਤਰ ਵੀ ਪੁਰਾਣੇ ਪੰਜਾਬ ਤੱਕ ਹੀ ਸੀਮਿਤ ਰਿਹਾ ਹੈ। ਇਸ ਤਰ੍ਹਾਂ ਇੱਕ ਪਿੰਡ ਤੇ ਸ਼ਹਿਰ ਵਿੱਚ ਹੀ ਗੁਰਦੁਆਰਿਆਂ ਦੇ ਪ੍ਰਬੰਧ ਕਾਰਨ ਸਿੱਖ ਵੰਡੇ ਨਜ਼ਰ ਆਉਂਦੇ ਹਨ ਅਤੇ ਇੱਕ ਮਰਿਯਾਦਾ ਜਾਂ ਨੀਤੀ ਨਾਲ ਬੱਝੇ ਨਾ ਹੋਣ ਕਾਰਨ, ਨਿੱਤਨੇਮ ਦਾ ਪ੍ਰਬੰਧ ਕਰਨ ਤੱਕ ਹੀ ਸੀਮਿਤ ਹਨ।

ਮਨੁੱਖਤਾ ਦੀ ਸੇਵਾ ਦੇ ਧਾਰਨੀ ਹੋਣ ਕਾਰਨ ਉਹ ਸਮਾਜ ਵਿੱਚ ਇੱਜ਼ਤ ਤਾਂ ਕਮਾਉਂਦੇ ਹਨ, ਪਰ ਆਪਣੇ ਧਰਮ ਦੇ ਬੱਚਿਆਂ ਨੂੰ ਉੱਤਮ ਸਿੱਖਿਆ ਤੇ ਆਪਣੇ ਧਰਮ ਉਪਰ ਦ੍ਰਿੜ੍ਹ ਪੁਰਖਿਆਂ ਵਾਲੀ ਜੀਵਨ ਜਾਚ ਸਥਾਪਿਤ ਕਰਨ ਵਿੱਚ ਅਸਮਰਥ ਨਜ਼ਰ ਆਉਂਦੇ ਹਨ। ਪੰਜਾਬ ਤੋਂ ਬਾਹਰ ਤਾਂ ਸਿੱਖ ਰਾਜਨੀਤੀ ਵਿੱਚ ਬਹੁਤ ਕਮਜ਼ੋਰ ਹਨ, ਇਨ੍ਹਾਂ ਕਾਰਨਾਂ ਕਰਕੇ ਸਿੱਖ ਧਰਮ ਦਿਸ਼ਾ ਹੀਣ ਹੋ ਗਿਆ ਹੈ।

ਮਹਾਰਾਜਾ ਰਣਜੀਤ ਸਿੰਘ ਜੇ ਕਰ ਅੱਜ ਫੇਰੀ ਪਾਵੇ ਤਾਂ ਉਸ ਦੀ ਤੜਫਦੀ ਆਤਮਾ ਸਾਨੂੰ ਕੋਸੇਗੀ, ਪਰ ਅੱਜ ਉਸ ਦੀ ਲੋੜ ਕੌਮ ਨੂੰ ਹੈ, ਕਿਉਂਕਿ ਉਹ ਆਵੇ ਤੇ ਵੇਖੇ ਕਿ, ਜੋ ਹੰਨੇ ਹੰਨੇ ਦੇ ਮਣਕੇ ਜੋੜ ਕੇ ਉਸ ਨੇ ਮਾਲਾ ਪਰੋਈ ਸੀ, ਉਹ ਟੁੱਟ ਕੇ ਖਿੱਲਰ ਗਈ ਹੈ। ਸਿੱਖ, ਖੰਡੇ ਬਾਟੇ ਦੇ ਪਾਹੁਲ ਪਿੱਛੇ ਛੁਪੀ ਗੁਰੂ ਫਿਲਾਸਫ਼ੀ ਭੁੱਲ, ਆਪਸ ਵਿੱਚ ਹੀ ਖੰਡਾ ਖੜਕਾ ਰਹੇ ਹਨ। ਦੁਨੀਆਂ ਭਰ ਵਿੱਚ ਅੱਜ ਲੋਕ ਰਾਜ ਪ੍ਰਧਾਨ ਹੈ, ਮੁੜ ਸਰਕਾਰ ਖ਼ਾਲਸਾ ਵਰਗਾ ਪ੍ਰਭਾਵ ਲੋਕ ਰਾਜ ਵਿੱਚ, ਕਿਵੇਂ ਬਣੇ ਇਸ ਬਾਰੇ ਵੀ ਰਾਹ ਦੱਸੇ ਅਤੇ ਨਿਮਾਣੇ ਸਿੱਖ ਵਾਂਗ ਜੀਵਨ ਜਿਉਣ ਦੀ ਜਾਚ ਫੇਰ ਪ੍ਰਗਟ ਕਰੇ। ਜੇਕਰ ਅਸੀਂ ਮਹਾਰਾਜਾ ਰਣਜੀਤ ਸਿੰਘ ਜੀ ਦੇ ਜੀਵਨ ਤੋਂ ਸੇਧ ਲਈਏ ਤੇ ਆਪਣੀਆਂ ਗਲਤੀਆਂ ਤੋਂ ਸਿੱਖਣ ਦਾ ਯਤਨ ਕਰੀਏ।

***

## ਵਿਦੇਸ਼ਾਂ ਵਿੱਚ ਗਏ ਪੰਜਾਬੀ ਨੌਜਵਾਨਾਂ ਦੀਆਂ

ਤੇਰਾਂ ਜੂਨ ਦੇ ਅਖ਼ਬਾਰਾਂ ਵਿੱਚ ਇਹ ਖ਼ਬਰ ਛਪੀ ਸੀ ਕਿ ਫਿਰੋਜ਼ਪੁਰ ਜ਼ਿਲ੍ਹੇ ਦੇ ਮੱਲਾਂਵਾਲਾ ਦੇ ਕਮਲਾ ਬੋਦਲਾਂ ਦਾ 35 ਸਾਲ ਨੌਜਵਾਨ ਮਨਜੀਤ ਸਿੰਘ ਬਹਿਰੀਨ ਵਿੱਚ ਲੱਕੜ ਦੀ ਫੈਕਟਰੀ 'ਚ ਕੰਮ ਕਰਦਾ ਸੀ। ਉਹ ਕਾਰ 'ਚੋਂ ਉਤਰ ਕੇ ਸੜਕ ਪਾਰ ਕਰ ਕੇ ਫੈਕਟਰੀ ਵੱਲ ਜਾਣ ਲੱਗਾ ਤਾਂ ਅਚਾਨਕ ਤੇਜ਼ ਰਫ਼ਤਾਰ ਬੱਸ ਹੇਠ ਆ ਕੇ ਕੁਚਲਿਆ ਗਿਆ। ਖੰਨਾ ਦੇ ਨਜ਼ਦੀਕੀ ਪਿੰਡ ਗੱਗਣ ਮਾਜਰਾ ਦੇ ਨੌਜਵਾਨ ਕੁਲਵੰਤ ਸਿੰਘ ਦੀ ਇਟਲੀ 'ਚ ਇੱਕ ਸੜਕ ਹਾਦਸੇ ਦੌਰਾਨ 14 ਜੂਨ ਨੂੰ ਮੌਤ ਹੋ ਗਈ।

ਕੁਲਵੰਤ ਸਿੰਘ ਤੇ ਫ਼ਤਿਹਗੜ੍ਹ ਸਾਹਿਬ ਦਾ ਜਸਪ੍ਰੀਤ ਸਿੰਘ ਆਪਣੇ ਘਰ ਨੂੰ ਵਾਪਸ ਪਰਤ ਰਹੇ ਸਨ ਕਿ ਉਨ੍ਹਾਂ ਦੀ ਕਾਰ ਬੇਕਾਬੂ ਹੋ ਕੇ ਸੜਕ ਦੇ ਇੱਕ ਪੋਲ ਨਾਲ ਜਾ ਟਕਰਾਈ। ਕੁਲਵੰਤ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਬਾਰਾਂ ਜੂਨ ਨੂੰ ਇਹ ਵੀ ਖ਼ਬਰ ਛਪੀ ਕਿ 26 ਸਾਲਾ ਨੌਜਵਾਨ ਦੀ ਕੈਲਗਰੀ (ਕੈਨੇਡਾ) 'ਚ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਪੁਨੀਤ ਸ਼ਰਮਾ ਕੈਲਗਰੀ ਵਿੱਚ ਆਪਣੇ ਭਰਾ ਸਾਹਿਲ ਸ਼ਰਮਾ ਕੋਲ ਗਿਆ ਹੋਇਆ ਸੀ। ਪੁਨੀਤ ਘਰ ਦੇ ਬਾਥਰੂਮ ਵਿੱਚ ਡਿੱਗ ਗਿਆ ਅਤੇ ਉਸ ਦੀ ਮੌਤ ਹੋ ਗਈ। ਫ਼ਤਹਿਗੜ੍ਹ ਚੂੜੀਆਂ ਰੋਡ 'ਤੇ ਪਾਲ ਵਿਹਾਰ ਦੇ ਰਹਿਣ ਵਾਲੇ ਤੇਜਪਾਲ ਸਿੰਘ ਦੀ ਯੂਕਰੇਨ ਵਿੱਚ ਗੋਲ਼ੀ ਲੱਗਣ ਨਾਲ ਮੌਤ ਹੋ ਗਈ। ਪੀੜਤ ਪਰਿਵਾਰ ਦਾ ਦੋਸ਼ ਹੈ ਕਿ ਉਸ ਨੂੰ ਜ਼ਬਰਦਸਤੀ ਰੂਸ ਦੀ ਫ਼ੌਜ ਵਿੱਚ ਭਰਤੀ ਕੀਤਾ ਗਿਆ ਅਤੇ ਫਿਰ ਜੰਗ ਦੇ ਮੈਦਾਨ ਵਿੱਚ ਭੇਜ ਦਿੱਤਾ ਗਿਆ। ਮੈਂ 12 ਜੂਨ ਸਵੇਰੇ ਡਿਓਢੀ 'ਚ ਬੈਠਾ ਇਸ ਲੇਖ ਨੂੰ ਅੰਤਿਮ ਰੂਪ ਦੇਣ ਦੀ ਗੱਲ ਸੋਚ ਹੀ ਰਿਹਾ ਸੀ ਕਿ ਉਦੋਂ ਹੀ ਅਖ਼ਬਾਰਾਂ ਵਾਲਾ ਅਖ਼ਬਾਰ ਸੁੱਟ ਗਿਆ। ਜਦੋਂ ਮੈਂ ਅਖ਼ਬਾਰ ਦੇ ਪਹਿਲੇ ਸਫ਼ੇ 'ਤੇ ਦੋ ਪੰਜਾਬੀ ਨੌਜਵਾਨਾਂ ਦੀਆਂ ਵਿਦੇਸ਼ਾਂ ਵਿੱਚ ਹੋਈਆਂ ਮੌਤਾਂ ਬਾਰੇ ਖ਼ਬਰ ਪੜ੍ਹੀ ਤਾਂ ਦਿਲ ਦਹਿਲ ਗਿਆ। ਇਨ੍ਹਾਂ ਦੇ ਮਾਂ-ਬਾਪ ਤੇ ਹੋਰ ਪਰਿਵਾਰਕ ਮੈਂਬਰਾਂ 'ਤੇ ਕੀ ਬੀਤਦੀ ਹੋਵੇਗੀ ਜਿਨ੍ਹਾਂ ਨੇ ਨੌਜਵਾਨ ਪੁੱਤਰ ਵਿਦੇਸ਼ਾਂ ਵਿੱਚ ਕਮਾਈ ਕਰਨ ਲਈ ਭੇਜੇ ਸਨ ਪਰ ਉੱਥੋਂ ਉਨ੍ਹਾਂ ਦੀਆਂ ਲਾਸ਼ਾਂ ਆ ਰਹੀਆਂ ਹਨ।

***

## ਦਹਿਸ਼ਤ ਦਾ ਸੰਤਾਪ ਭੋਗ ਰਿਹਾ

ਅਮਰੀਕਾ ਨੂੰ ਇਸ ਜੰਗ ਲਈ 2.3 ਟ੍ਰਲੀਅਨ ਡਾਲਰ ਖ਼ਰਚਣੇ ਪਏ। ਆਖ਼ਰ 29 ਫਰਵਰੀ 2020 ਨੂੰ ਤਾਲਿਬਾਨ ਲੜਾਕੂਆਂ ਨਾਲ ਸੰਧੀ ਕਰ ਕੇ ਸ਼ਰਮਨਾਕ ਢੰਗ ਨਾਲ ਫ਼ੌਜਾਂ ਵਾਪਸ ਬੁਲਾਉਣੀਆਂ ਪਈਆਂ ਜਿਵੇਂ ਵੀਅਤਨਾਮ ਵਿੱਚੋਂ 30 ਅਪ੍ਰੈਲ 1975 ਨੂੰ ਸਾਈ ਗਾਓਂ 'ਤੇ ਕਮਿਊਨਿਸਟ ਫ਼ੌਜਾਂ ਦੇ ਕਬਜ਼ੇ ਤੋਂ ਬਾਅਦ ਅਮਰੀਕੀਆਂ ਨੂੰ ਭੱਜਣਾ ਪਿਆ ਸੀ।

ਇਸ ਖ਼ੂਨੀ 20 ਸਾਲਾ ਜੰਗ ਵਿੱਚ ਅਮਰੀਕਾ ਨੂੰ 58220 ਕੁ ਫ਼ੌਜੀ ਗੁਆਉਣੇ ਪਏ। ਅਫ਼ਗਾਨਿਸਤਾਨ ਦੀ ਰਾਜਨੀਤਕ ਲੀਡਰਸ਼ਿਪ ਵਿੱਚ ਰਾਜਨੀਤਕ ਇੱਛਾ ਸ਼ਕਤੀ ਦੀ ਲਗਾਤਾਰ ਘਾਟ, ਲੋਕਤੰਤਰੀ ਵਿਵਸਥਾ ਦੀ ਸਥਾਪਤੀ ਲਈ ਕੌਮਾਂਤਰੀ ਭਾਈਚਾਰੇ ਅਤੇ ਅਫ਼ਗਾਨ ਸਰਕਾਰਾਂ ਵੱਲੋਂ ਕੋਈ ਮਜ਼ਬੂਤ ਦੀਰਘਕਾਲੀ ਯੋਜਨਾ ਦੀ ਅਣਹੋਂਦ, ਅਫ਼ਗਾਨੀ ਇਤਿਹਾਸ, ਸੱਭਿਆਚਾਰ, ਜਿਰਗਾ ਰੀਤੀ-ਰਿਵਾਜਾਂ ਦੀ ਸਮਝ ਦੀ ਘਾਟ ਅਤੇ ਸਭ ਤੋਂ ਵੱਧ ਬੇਭਰੋਸਗੀ ਅਤੇ ਭ੍ਰਿਸ਼ਟਾਚਾਰ ਦੇ ਬੋਲਬਾਲੇ ਕਰਕੇ ਸਫ਼ਲਤਾ ਹਾਸਲ ਨਾ ਹੋ ਸਕੀ। ਅਫ਼ਗਾਨਿਸਤਾਨ ਦੇ ਨਵ-ਨਿਰਮਾਣ ਦੇ ਲਗਪਗ ਸਾਰੇ ਪ੍ਰਾਜੈਕਟ ਅਮਰੀਕਨ, ਪੱਛਮੀ ਅਤੇ ਮਿੱਤਰ ਦੇਸ਼ਾਂ ਦੀਆਂ ਕੰਪਨੀਆਂ ਨੂੰ ਹੀ ਦਿੱਤੇ ਗਏ। ਉਨ੍ਹਾਂ ਅੱਗੋਂ ਆਪਣੀ ਸੁਵਿਧਾ ਅਤੇ ਲੁੱਟ-ਖਸੁੱਟ ਲਈ ਅਫ਼ਗਾਨੀ ਠੇਕੇਦਾਰਾਂ ਨੂੰ ਕੰਮ ਦਿੱਤੇ। ਜੋ ਧਨ ਕਾਰੋਬਾਰਾਂ ਅਤੇ ਕਿਰਤ ਦਾ ਲਾਭਾਂ ਦੇ ਰੂਪ 'ਚ ਅਫ਼ਗਾਨੀ ਲੋਕਾਂ ਦੀਆਂ ਜੇਬਾਂ ਵਿੱਚ ਜਾਣਾ ਚਾਹੀਦਾ ਸੀ ਉਹ ਬਹੁ-ਰਾਸ਼ਟਰੀ ਕੰਪਨੀਆਂ, ਫ਼ੌਜੀ ਕਮਾਂਡਰਾਂ, ਵੱਡੇ ਰਾਜਨੀਤੀਵਾਨਾਂ ਅਤੇ ਅਫ਼ਸਰਸ਼ਾਹਾਂ ਨੇ ਚੱਟ ਲਿਆ। ਇਸ ਲਈ ਅਫ਼ਗਾਨ ਜਨਤਾ ਕਦੇ ਵੀ ਤਾਲਿਬਾਨ ਵਿਰੁੱਧ ਸ਼ਿੱਦਤ ਨਾਲ ਜੰਗ ਤੇ ਵਿਰੋਧ 'ਚ ਨਹੀਂ ਕੁੱਦੀ। ਤਾਲਿਬਾਨ ਨੇ ਧਾਰਮਿਕ ਕੱਟੜਵਾਦ, ਇਸਲਾਮਿਕ ਕਾਨੂੰਨ, ਨਫ਼ਰਤੀ ਫੁਰਮਾਨ, ਔਰਤਾਂ ਵਿਰੁੱਧ ਸਖ਼ਤ ਰਵੱਈਆ, ਘੱਟ ਗਿਣਤੀਆਂ ਵਿਰੁੱਧ ਜ਼ਾਲਮਾਨਾ ਵਤੀਰਾ ਜਾਰੀ ਰੱਖਿਆ। ਜੰਗ ਜਾਰੀ ਰੱਖੀ। ਅਫ਼ਗਾਨੀ ਮਾਨਵ ਅਧਿਕਾਰ ਕਮਿਸ਼ਨ ਨੂੰ ਨਿਸ਼ਾਨੇ 'ਤੇ ਰੱਖਿਆ। ਅੰਦਰਖਾਤੇ ਐਸੇ ਸਥਾਪਤ ਨਿਜ਼ਾਮ ਨੂੰ ਸਦੀਆਂ ਤੋਂ ਮਿਲ ਰਹੀ ਜਨਤਕ ਹਮਾਇਤ ਨੇ ਉਨ੍ਹਾਂ ਦਾ ਪਾਸਾ ਭਾਰਾ ਕਰ ਦਿੱਤਾ। ਸ਼ਾਂਤੀ ਸੰਧੀ ਤੋਂ ਬਾਅਦ ਗੁਆਂਢੀ ਦੇਸ਼ਾਂ ਜਿਵੇਂ ਚੀਨ, ਰੂਸ, ਪਾਕਿਸਤਾਨ, ਈਰਾਨ, ਕਤਰ, ਸਾਊਦੀ ਅਰਬ, ਤੁਰਕੀ, ਯੂਏਈ ਦੀ ਘੁਸਪੈਠ ਵਧ ਗਈ।

ਅਮਰੀਕੀ ਪਿੱਠੂ ਸ਼ਾਸਨ ਢਹਿ-ਢੇਰੀ ਹੋ ਗਿਆ। ਪੰਦਰਾਂ ਅਗਸਤ 2021 ਨੂੰ ਤਾਲਿਬਾਨ ਨੇ ਮੁੜ ਕਾਬੁਲ 'ਤੇ ਕਬਜ਼ਾ ਕਰ ਲਿਆ। ਸੱਤਾ ਸੰਭਾਲਦੇ ਹੀ ਔਰਤਾਂ ਦੀ ਭਲਾਈ ਸਬੰਧੀ ਮੰਤਰਾਲੇ, ਮਨੁੱਖੀ ਅਧਿਕਾਰ ਕਮਿਸ਼ਨ, ਮੁੱਢਲੇ ਅਧਿਕਾਰਾਂ, ਭਲਾਈ ਸਕੀਮਾਂ ਦਾ ਭੋਗ ਪਾ ਦਿੱਤਾ। ਇਸਲਾਮਿਕ ਕੱਟੜਵਾਦੀ ਕਾਨੂੰਨ ਨਾਫਜ਼ ਕਰ ਦਿੱਤੇ ਗਏ। ਔਰਤਾਂ, ਲੜਕੀਆਂ ਨੂੰ ਘਰਾਂ ਵਿੱਚ ਬੰਦ ਕਰ ਦਿੱਤਾ। ਉਨ੍ਹਾਂ ਦੇ ਸਕੂਲ, ਬਾਹਰ ਜਾਣ ਅਤੇ ਦਫ਼ਤਰਾਂ 'ਚ ਕੰਮ ਕਰਨ ਜਾਂ ਹੋਰ ਕੰਮਕਾਜ ਕਰਨ 'ਤੇ ਪਾਬੰਦੀ ਲਗਾ ਦਿੱਤੀ। ਬਾਲ ਵਿਆਹ, ਜਬਰੀ ਸ਼ਾਦੀ ਅਤੇ ਘਰੇਲੂ ਹਿੰਸਾ ਮੁੜ ਬੇਰੋਕ-ਟੋਕ ਚਾਲੂ ਹੈ। ਅਫ਼ਗਾਨ ਲੋਕਾਂ ਦੀ ਗ਼ੁਰਬਤ, ਬੇਰੁਜ਼ਗਾਰੀ, ਲਾਚਾਰੀ ਤਾਲਿਬਾਨ ਲਈ ਕੋਈ ਮਾਅਨਾ ਨਹੀਂ ਰੱਖਦੀ। ਲਗਪਗ 17 ਦੇਸ਼ਾਂ ਨਾਲ ਉਨ੍ਹਾਂ ਦੇ ਰਾਜਦੂਤ ਤੱਕ ਸਬੰਧ ਵੀ ਹਨ ਪਰ ਕੌਮਾਂਤਰੀ ਬਰਾਦਰੀ, ਯੂ. ਐੱਨ. ਜਾਂ ਹੋਰ ਕੌਮਾਂਤਰੀ ਭਲਾਈ ਸੰਸਥਾਵਾਂ ਅਫ਼ਗਾਨੀ ਨਾਗਰਿਕਾਂ ਦੇ ਮੁੱਢਲੇ ਮਾਨਵ ਅਧਿਕਾਰਾਂ ਪ੍ਰਤੀ ਚੁੱਪ ਹਨ। ਸਭ ਤੋਂ ਵੱਡਾ ਸਵਾਲ ਇਹੀ ਹੈ ਕਿ ਆਪਣੇ ਦੇਸ਼ਾਂ ਨੂੰ ਖੁੱਲ੍ਹੀਆਂ ਜੇਲ੍ਹਾਂ ਵਿੱਚ ਤਬਦੀਲ ਕਰਕੇ ਬਾਸ਼ਿੰਦਿਆਂ 'ਤੇ ਅਣ-ਮਨੁੱਖੀ ਜ਼ੁਲਮ ਕਰਨ ਵਾਲੇ ਅਫ਼ਗਾਨ, ਪਾਕਿਸਤਾਨ ਤੇ ਇਰਾਨ ਆਦਿ ਦੇ ਸ਼ਾਸਕਾਂ ਵਿਰੁੱਧ ਕੀ ਕੌਮਾਂਤਰੀ ਭਾਈਚਾਰਾ ਚੁੱਪ ਧਾਰਨ ਕਰੀ ਰੱਖੇਗਾ?

***

## ਕਪਿਲ ਦੇਵ ਨੇ ਗੋਲਫ ਇੰਡੀਆ ਦੇ

ਬਣਨਾ ਮੇਰੇ ਲਈ ਮਾਣ ਵਾਲੀ ਗੱਲ ਹੈ। ਮੈਂ ਪਿਛਲੇ ਕੁਝ ਸਾਲਾਂ ਤੋਂ ਇਸ ਸੰਸਥਾ ਨਾਲ ਜੁੜਿਆ ਹੋਇਆ ਹਾਂ। ਇਹ ਖਿਡਾਰੀਆਂ ਦੀ ਜਥੇਬੰਦੀ ਹੈ। ਇਹ ਸਾਰੇ ਮੇਰੇ ਚੰਗੇ ਦੋਸਤ ਹਨ। ਮੈਂ ਅਕਸਰ ਇਨ੍ਹਾਂ ਨਾਲ ਖੇਡਦਾ ਹਾਂ।'' ਕਪਿਲ ਨੇ ਕਿਹਾ ਕਿ ਗੋਲਫ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਤੋਂ ਉਨ੍ਹਾਂ ਦਾ ਜਨੂੰਨ ਰਿਹਾ ਹੈ।

***

## ਭਾਰਤੀ ਟੀਮ ਲਈ 125 ਕਰੋੜ

ਉਨ੍ਹਾਂ ਭਾਰਤ ਦੀ ਖਿਤਾਬੀ ਦੌੜ ਨੂੰ 'ਪ੍ਰੇਰਨਾ ਸਰੋਤ' ਕਰਾਰ ਦਿੱਤਾ। ਇਸ ਮਗਰੋਂ ਸ਼ਾਹ ਨੇ ਸੋਸ਼ਲ ਮੀਡੀਆ 'ਤੇ ਟੀਮ ਲਈ 125 ਕਰੋੜ ਰੁਪਏ ਦੇ ਇਨਾਮ ਦਾ ਐਲਾਨ ਕੀਤਾ। ਸ਼ਾਹ ਨੇ 'ਐਕਸ' 'ਤੇ ਲਿਖਿਆ, ''ਮੈਂ ਭਾਰਤੀ ਟੀਮ ਲਈ ਆਈ.ਸੀ.ਸੀ. ਪੁਰਸ਼ ਟੀ-20 ਵਿਸ਼ਵ ਕੱਪ 2024 ਜਿੱਤਣ 'ਤੇ 125 ਕਰੋੜ ਰੁਪਏ ਦੀ ਇਨਾਮੀ ਰਾਸ਼ੀ ਦਾ ਐਲਾਨ ਕਰਦਿਆਂ ਬਹੁਤ ਖ਼ੁਸ਼ੀ ਮਹਿਸੂਸ ਕਰ ਰਿਹਾ ਹਾਂ। ਉਨ੍ਹਾਂ ਨੇ ਟੀਮ ਦੀ ਸਖ਼ਤ ਮਿਹਨਤ ਦੀ ਵੀ ਸ਼ਲਾਘਾ ਕੀਤੀ।

***

## ਭਾਰਤ 'ਚ ਘੱਟ ਗਿਣਤੀਆਂ ਖ਼ਿਲਾਫ਼ ਨਫਰਤੀ

ਅਮਰੀਕਾ ਵੱਲੋਂ ਇਹ ਤਿੱਖੀ ਆਲੋਚਨਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਐੱਨ.ਡੀ.ਏ. ਸਰਕਾਰ ਵੱਲੋਂ ਤੀਜਾ ਕਾਰਜਕਾਲ ਸ਼ੁਰੂ ਕਰਨ ਤੋਂ ਕੁਝ ਹਫ਼ਤੇ ਬਾਅਦ ਸਾਹਮਣੇ ਆਈ ਹੈ। ਇਸ ਦਾ ਪਰਛਾਵਾਂ ਭਾਰਤ-ਅਮਰੀਕਾ ਦੇ ਰਿਸ਼ਤਿਆਂ ਉੱਤੇ ਪੈਣ ਦਾ ਖ਼ਦਸ਼ਾ ਹੈ, ਜਿਹੜੇ ਹਾਲ ਦੇ ਸਾਲਾਂ ਵਿੱਚ ਰਣਨੀਤਕ ਤੇ ਰੱਖਿਆ ਖੇਤਰਾਂ ਵਿੱਚ ਕਾਫ਼ੀ ਤੇਜ਼ੀ ਨਾਲ ਅੱਗੇ ਵਧੇ ਹਨ।

ਦੋ ਸਾਲ ਪਹਿਲਾਂ ਵੀ ਕੌਮਾਂਤਰੀ ਧਾਰਮਿਕ ਸੁਤੰਤਰਤਾ 'ਤੇ 2021 ਦੀ ਰਿਪੋਰਟ ਰਿਲੀਜ਼ ਕਰਨ ਮੌਕੇ ਆਪਣੀਆਂ ਟਿੱਪਣੀਆਂ ਵਿੱਚ ਬਲਿੰਕਨ ਨੇ ਭਾਰਤ ਦਾ ਜ਼ਿਕਰ ਕੀਤਾ ਸੀ ਤੇ ਦੇਸ਼ ਵਿੱਚ ਲੋਕਾਂ ਤੇ ਇਬਾਦਤ ਵਾਲੀਆਂ ਥਾਵਾਂ 'ਤੇ ਵਧੇ ਹਮਲਿਆਂ 'ਤੇ ਚਿੰਤਾ ਜ਼ਾਹਿਰ ਕੀਤੀ ਸੀ। ਭਾਰਤ ਸਰਕਾਰ ਨੂੰ ਘੱਟਗਿਣਤੀ ਮੋਰਚੇ 'ਤੇ ਸਥਿਤੀ ਵਿੱਚ ਸੁਧਾਰ ਦੀ ਲੋੜ ਹੈ। ਅਮਰੀਕਾ ਨੂੰ ਨਾਰਾਜ਼ ਕਰਨਾ ਭਾਰਤ ਲਈ ਮਹਿੰਗਾ ਪੈ ਸਕਦਾ ਹੈ, ਕਿਉਂਕਿ ਚੀਨ ਭਾਰਤ ਨਾਲ ਲਗਾਤਾਰ ਸਰਹੱਦੀ ਛੇੜਖਾਨੀਆਂ ਕਰ ਰਿਹਾ ਹੈ। ਖ਼ਾਸ ਕਰ ਕੇ ਉਦੋਂ ਜਦੋਂ ਗੁਰਪਤਵੰਤ ਸਿੰਘ ਪੰਨੂ ਕੇਸ ਪਹਿਲਾਂ ਹੀ ਦੁਵੱਲੇ ਰਿਸ਼ਤਿਆਂ ਦੀ ਮਜ਼ਬੂਤੀ ਅੱਗੇ ਅੜਿਕਾ ਬਣਿਆ ਹੋਇਆ ਹੈ। ਉਂਝ, ਪਿਛਲੇ ਸਮੇਂ ਦੌਰਾਨ ਜਿਹੜੀ ਹਕੀਕਤ ਉਭਰੀ ਹੈ, ਉਹ ਇਹੀ ਹੈ ਕਿ ਕਈ ਮੁਲਕਾਂ ਵਿੱਚ ਸੱਜੇ ਪੱਖੀ ਸਿਆਸਤ ਮੁਕਾਬਲਤਨ ਵਧ-ਫੁੱਲ ਰਹੀ ਹੈ। ਇਸ ਦੇ ਬਹੁਤ ਸਾਰੇ ਕਾਰਨ ਹਨ ਪਰ ਇੱਕ ਵੱਡਾ ਕਾਰਨ ਸਿਆਸਤ ਵਿੱਚ ਕਾਰਪੋਰੇਟਾਂ ਦਾ ਵਧ ਰਿਹਾ ਦਖ਼ਲ ਹੈ। ਕਾਰਪੋਰੇਟੀ ਨੀਤੀਆਂ ਕਾਰਨ ਆਰਥਿਕ ਪਾੜਾ ਵਧ ਰਿਹਾ ਹੈ ਅਤੇ ਇਸ ਦੇ ਨਾਲ-ਨਾਲ ਵੱਖ-ਵੱਖ ਸਮਾਜਾਂ ਦੇ ਧਾਰਮਿਕ ਅਤੇ ਹੋਰ ਅਜਿਹੇ ਪੱਖਾਂ 'ਤੇ ਵੀ ਅਸਰ ਪੈ ਰਿਹਾ ਹੈ। ਭਾਰਤ ਵਿੱਚ ਵੀ ਅਜਿਹਾ ਫਾਸ਼ੀਵਾਦ ਹਿੰਦੂ ਰਾਸ਼ਟਰਵਾਦ ਦੇ ਰੂਪ ਵਿੱਚ ਵਧ ਰਿਹਾ ਹੈ। ਇਸ ਰਿਪੋਰਟ ਵਿੱਚ ਦੁਨੀਆਂ ਦੇ ਲਗਭਗ 200 ਦੇਸ਼ਾਂ ਵਿੱਚ ਧਾਰਮਿਕ ਸਥਿਤੀ ਦਾ ਸਰਵੇ ਹੈ।

****

## ਵਿਦਰੋਹੀ ਲਫ਼ਜ਼ਾਂ ਦੀ

ਉਸ ਨੇ ਸਮਾਨਾਂਤਰ ਸਿਨਮਾ ਦੀ 'ਮੈਸੀ ਸਾਹਿਬ' ਵਰਗੀ ਫਿਲਮ ਵਿੱਚ ਵੀ ਕੰਮ ਕੀਤਾ ਅਤੇ ਹੋਰ ਚੀਜ਼ਾਂ ਦੇ ਨਾਲ ਅਨੁਵਾਦ ਦੇ ਖੇਤਰ ਵਿੱਚ ਵੀ ਹੱਥ ਅਜ਼ਮਾਇਆ। ਫਿਲਮਸਾਜ਼ ਪ੍ਰਦੀਪ ਕ੍ਰਿਸ਼ਨ ਨਾਲ ਵਿਆਹ ਤੋਂ ਬਾਅਦ ਉਹ ਹਮੇਸ਼ਾ ਚਰਚਾ ਵਿੱਚ ਰਹੀ ਹੈ। ਇੱਕ ਮੁਲਾਕਾਤ ਵਿੱਚ ਉਸ ਨੇ ਜ਼ੋਰ ਕੇ ਇਹ ਗੱਲ ਆਖੀ ਕਿ ਭਾਰਤ ਦੇ ਪੁਰਾਣੇ ਰੂੜੀਵਾਦੀ ਨੇਤਾ ਵੀ ਆਪਣੇ ਆਪ ਨੂੰ ਸੁਪਰਸਟਾਰ ਸਮਝਦੇ ਰਹੇ ਅਤੇ ਝੁੱਗੀਆਂ ਝੌਂਪੜੀਆਂ ਦੀ ਹਾਲਤ ਬਦ ਤੋਂ ਬਦਤਰ ਹੋ ਗਈ।

ਉਹ ਤਿੱਖੇ ਸਵਾਲਾਂ ਦੇ ਜਵਾਬ ਵਿੱਚ ਹਮੇਸ਼ਾ ਇਹ ਕਹਿੰਦੀ ਰਹੀ ਹੈ ਕਿ ਅੱਜ ਵੀ ਗ਼ਰੀਬਾਂ ਦੀ ਕੋਈ ਸੁਣਨ ਵਾਲਾ ਨਹੀਂ ਹੈ। ਆਪਣੇ ਨਿੱਜੀ ਜੀਵਨ ਬਾਰੇ ਵੀ ਉਹ ਖੁੱਲ੍ਹ ਕੇ ਬਿਆਨ ਕਰਦੀ ਹੈ। ਮੌਜੂਦਾ ਭਾਰਤੀ ਸਾਹਿਤ ਵਿੱਚ ਉਸ ਦੀਆਂ ਗੱਲਾਂ-ਬਾਤਾਂ ਨੂੰ ਸ਼ੱਕ ਦੀ ਨਿਗ੍ਹਾ ਨਾਲ ਵੀ ਦੇਖਿਆ ਗਿਆ ਹੈ।

ਉਸ ਨੂੰ ਇਹ ਪੁਰਸਕਾਰ ਮਿਲਣਾ ਪ੍ਰਗਟਾਵੇ ਦੀ ਆਜ਼ਾਦੀ ਦੇ ਮੁੱਦੇ ਨੂੰ ਚਰਚਾ ਵਿੱਚ ਲਿਆਉਣ ਦਾ ਜ਼ਰੀਆ ਬਣਿਆ ਹੈ।

ਪੈੱਨ ਪਿੰਟਰ ਪੁਰਸਕਾਰ ਦਾ ਐਲਾਨ ਹੋਣ ਮਗਰੋਂ ਉਹ ਅੱਜ ਵੀ ਇਹ ਮੰਨਦੀ ਹੈ ਕਿ ਆਜ਼ਾਦੀ ਤੋਂ ਬਾਅਦ ਬਹੁਤ ਕੁਝ ਬਦਲਿਆ ਹੈ ਪਰ ਨਿਆਂ ਅਤੇ ਨਕਸਲਬਾੜੀ ਲਹਿਰ ਤੋਂ ਲੈ ਕੇ ਆਜ਼ਾਦੀ ਦੇ ਰੌਲੇ ਵਿੱਚ ਆਮ ਲੋਕ ਕੁਚਲੇ ਗਏ ਹਨ ਅਤੇ ਇਸੇ ਕਰਕੇ ਹੀ ਉਸ ਨੇ ਕਸ਼ਮੀਰ ਬਾਰੇ ਅਜਿਹਾ ਬਿਆਨ ਦਿੱਤਾ। ਗਾਜ਼ਾ ਅਤੇ ਰੂਸ-ਯੂਕਰੇਨ ਯੁੱਧ ਜਿਹੇ ਮਸਲਿਆਂ ਦੇ ਦੌਰ ਵਿੱਚ ਅਰੁੰਧਤੀ ਰਾਏ ਨੂੰ ਪੈੱਨ ਪਿੰਟਰ ਪੁਰਸਕਾਰ ਮਿਲਣਾ ਧਰਵਾਸ ਦੀ ਗੱਲ ਵੀ ਹੈ।

***

## ਜੰਗ ਦੇ ਮੈਦਾਨ ਤੋਂ ਲੈ ਕੇ ਖੇਡ ਦੇ ਮੈਦਾਨ

ਕੇਂਦਰੀ ਏਜੰਸੀਆਂ ਰਾਹੀਂ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ, ਹੇਮੰਤ ਸੋਰੇਨ ਸਮੇਤ ਵਿਰੋਧੀ ਧਿਰ ਦੇ ਲੀਡਰਾਂ ਨੂੰ ਤੰਗ ਕਰਨ ਦਾ ਮੁੱਦਾ ਵੀ ਚੁੱਕਿਆ।

ਉਨ੍ਹਾਂ ਕਿਹਾ ਕਿ ਅਗਨੀਵੀਰ ਸਕੀਮ ਦਾ ਪਹਿਲਾ ਸ਼ਹੀਦ ਪੰਜਾਬੀ ਅੰਮ੍ਰਿਤਪਾਲ ਸਿੰਘ ਸੀ। ਉਨ੍ਹਾਂ ਨੇ ਮੁਲਾਜ਼ਮਾਂ ਦੇ ਹੱਕ 'ਚ ਬੋਲਦਿਆਂ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦੀ ਮੰਗ ਰੱਖੀ। ਉਨ੍ਹਾਂ ਕਿਹਾ ਕਿ ਪੰਜਾਬੀ ਸਵੈਮਾਣ ਵਾਲੀ ਕੌਮ ਹੈ। ਉਹ ਭੀਖ ਨਹੀਂ ਮੰਗਦੇ ਪਰ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕਰਦੇ ਹਨ। ਸਾਡੇ ਕਿਸਾਨਾਂ ਨੂੰ ਹਰਿਆਣਾ ਤੋਂ ਅੱਗੇ ਨਹੀਂ ਜਾਣ ਦਿੱਤਾ।

ਇਸ ਤੋਂ ਬਾਅਦ ਉਨ੍ਹਾਂ ਅਰਵਿੰਦ ਕੇਜਰੀਵਾਲ ਬਾਰੇ ਬੋਲਦੇ ਹੋਏ ਕਿਹਾ ਕਿ ਕੇਂਦਰ ਸਰਕਾਰ ਨੇ ਬਿਨਾਂ ਕਿਸੇ ਸਬੂਤ ਦੇ ਅਰਵਿੰਦ ਕੇਜਰੀਵਾਲ ਤੇ ਮਨੀਸ਼ ਸਿਸੋਦੀਆ ਨੂੰ ਜੇਲ੍ਹ 'ਚ ਡੱਕਿਆ ਹੋਇਆ ਹੈ। ਹਾਲੇ ਤੱਕ ਉਨ੍ਹਾਂ ਖ਼ਿਲਾਫ਼ ਕੋਈ ਵੀ ਸਬੂਤ ਨਹੀਂ ਮਿਲ ਸਕਿਆ ਹੈ। ਇਸ ਦੌਰਾਨ ਜਦੋਂ ਅਦਾਲਤ ਉਨ੍ਹਾਂ ਨੂੰ ਬਾਇੱਜ਼ਤ ਬਰੀ ਕਰੇਗੀ ਤੇ ਉਹ ਜੇਲ੍ਹ 'ਚੋਂ ਬਾਹਰ ਆਉਣਗੇ ਤਾਂ ਕੀ ਕੇਂਦਰ ਸਰਕਾਰ ਉਨ੍ਹਾਂ ਕੋਲੋਂ ਮੁਆਫ਼ੀ ਮੰਗੇਗੀ?


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com